*Published in Punjabi & English*
**Distributed in Toronto, Calgary, Vancouver and Online Worldwide.**

Sarokaran Di Awaz

Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ-10, ਅੰਕ-7, ਜੁਲਾਈ 2020 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

## ਇਸ ਅੰਕ 'ਚ

ਕਮਿਊਨਿਸਟ ਲਹਿਰ ਦਾ ਆਪਾ ਪੜਚੋਲ/2
ਸੱਤਾ ਨੂੰ ਚਿੰਬੜੇ ਰਹਿਣ ਲਈ ਟਰੰਪ ਦੀ ਨੀਤੀ: 'ਮੰਤ ਦੀ ਜੈ ! ਬੌਧਿਕਤਾ ਮੁਰਦਾਬਾਦ'/4
ਜਮਹੂਰੀ ਹੱਕਾਂ ਦੀ ਰਾਖੀ-ਇੱਕ ਵੱਡੀ ਚੁਣੌਤੀ/6
ਕੀ 'ਬਲੈਕ ਲਾਈਵਜ਼ ਮੈਟਰ' ਮੂਵਮੈਂਟ ਦੁਨੀਆਂ 'ਚ ਰੰਗ, ਨਸਲ, ਜਾਤ, ਧਰਮ, ਲਿੰਗ ਅਧਾਰਿਤ ਵਿਤਕਰੇ ਖਤਮ ਕਰ ਸਕੇਗੀ ?/11
ਭਾਰਤ ਚੀਨ ਜੰਗ ਤੇ ਅਮਰੀਕੀ ਹਿੱਤ/13
ਕੋਰੋਨਾ ਕਾਲ 'ਚ ਦਲਿਤ ਅੱਤਿਆਚਾਰ/14
ਭਾਰਤੀ ਚੋਣਾਂ ਦਾ ਲੋਕਤੰਤਰ ਜਾਂ ਛੜਿਅੰਤਰ/16
ਤੇਲ ਦੇਖੋ ਤੇਲ ਦੀ ਧਾਰ ਦੇਖੋ.../20
'ਕੋਰੋਨਾ ਤਾਲਾਬੰਦੀ' ਤੋਂ ਬਾਅਦ ਸਕੂਲ ਖੋਲ੍ਹਣ ਲਈ, ਕੀ ਕਰਨਾ ਲੋੜੀਏ/26
ਹਿੰਦੂਤਵ ਦਾ ਦਹਿਸ਼ਤੀ ਰਾਜ, ਨੰਗੀ ਚਿੱਟੀ ਹਿਟਲਰਸ਼ਾਹੀ/29
ਸਾਂਝੀ ਖੇਤੀ ਦੇ ਰੁਝਾਨ ਵੱਲ ਵਧਣ ਦੀ ਲੋੜ/33

# ਕੈਨੇਡਾ ਡੇਅ, ਇਸ ਦੇਸ਼ ਦਾ ਜਨਮ ਦਿਨ

**-ਡਾ. ਹਰਦੀਪ ਸਿੰਘ, ਟੋਰਾਂਟੋ**




ਹਰ ਸਾਲ, ਇੱਕ ਜੁਲਾਈ ਵਾਲੇ ਦਿਨ ਕੈਨੇਡਾ ਡੇਅ ਦਿਵਸ ਦੀ ਖ਼ੁਸ਼ੀ ਨਾਲ ਮਨਾਇਆ ਜਾਂਦਾ ਹੈ, ਪਰ ਇਸ ਵਾਰ ਇਨ੍ਹਾਂ ਜਸ਼ਨਾਂ ਉਪਰ ਕਰੋਨਾ ਮਹਾਂਮਾਰੀ ਪਾਬੰਦੀਆਂ ਦਾ ਪਰਛਾਵਾਂ ਸਾਫ ਵਿਖਾਈ ਦੇਵੇਗਾ। ਇਸ ਸਾਲ ਕੈਨੇਡੀਅਨਾਂ ਦੇ ਮਨਾਂ ਵਿੱਚ ਕਰੋਨਾ ਮਹਾਂਮਾਰੀ ਦੀ ਦਹਿਸ਼ਤ, ਪਾਬੰਦੀਆਂ ਅਤੇ ਡਾਂਵਾਡੋਲ ਅਰਥ-ਵਿਵਸਥਾ ਦੀ ਮਾਨਸਿਕ ਪ੍ਰੇਸ਼ਾਨੀ ਹੈ। ਬਹੁਤੇ ਪਰੋਵਿੰਸਾਂ ਅੰਦਰ ਇੱਕਠ ਦੀਆਂ ਰੋਕਾਂ ਕਾਰਣ ਵੀ ਲੋਕ ਵੱਡ-ਵੱਡੇ ਪ੍ਰੋਗਰਾਮਾਂ ਦਾ ਆਨੰਦ ਨਹੀਂ ਮਾਣ ਸਕਣਗੇ। ਸੰਸਾਰ ਵਿੱਚ ਦੂਸਰੇ ਵੱਡੇ ਇਸ ਦੇਸ਼ ਦਾ ਇਹ 153ਵਾਂ ਜਨਮ ਦਿਨ ਹੈ। ਅੱਜ ਤੋਂ 152 ਸਾਲ ਪਹਿਲਾਂ, ਇਸ ਦਿਨ ਵੱਖ-ਵੱਖ ਰਿਆਸਤੀ ਬਸਤੀਆਂ ਨੇ ਏਕਾ ਕਰਕੇ ਇੱਕਜੁੱਟ 'ਕੈਨੇਡਾ' ਦੇਸ਼ ਹੋਂਦ ਵਿੱਚ ਆਇਆ। ਇੱਕ ਕਰੋੜ ਵਰਗ ਕਿਲੋਮੀਟਰ ਖੇਤਰਫਲ ਵਾਲੇ ਇਸ ਦੇਸ਼ ਵਿੱਚ ਕੁੱਲ ਦਸ ਪਰੋਵਿੰਸ (ਸੂਬੇ) ਅਤੇ ਤਿੰਨ ਟੈਰੇਟਰੀਸ ਹਨ। ਚਾਹੇ ਅਮਰੀਕਾ ਮਹਾਂਦੀਪ ਦੇ ਇਸ ਖਿਤੇ ਦੇ ਨੇਟਿਵ ਲੋਕਾਂ ਦੀ ਸੱਭਿਅਤਾ ਹਜ਼ਾਰਾਂ ਸਾਲ ਪੁਰਾਣੀ ਹੈ ਪਰ ਯੂਰੋਪੀਅਨ ਬਸਤੀਵਾਦੀਆਂ ਦੇ ਆਉਣ ਤੋਂ ਬਾਅਦ ਦੇ ਪਿਛਲੇ 500 ਸਾਲਾਂ ਦੀ ਦਾਬੇ ਅਤੇ ਖ਼ੂਨੀ ਸਿਆਸੀ ਉਥਲ-ਪੁਥਲ ਪਾਰ ਕਰਕੇ, ਮੌਜੂਦਾ ਕੈਨੇਡਾ ਅਤੇ ਯੂ. ਐਸ. ਏ. ਸੰਸਾਰ ਦੇ ਸਿਆਸੀ ਨਕਸ਼ੇ 'ਤੇ ਦਿਖੇ।

**ਯੂਰੋਪੀਅਨ ਵਪਾਰੀਆਂ ਦੀ ਆਮਦ:** ਸੰਨ 1500 ਈ. ਦੇ ਦੌਰ ਵਿੱਚ ਕੁਝ ਯੂਰੋਪੀਅਨ ਖੋਜੀ ਵਪਾਰੀ ਅਮਰੀਕਾ ਮਹਾਂਦੀਪ ਦੇ ਉਤਰੀ ਖੇਤਰ ਵਿੱਚ ਦਾਖਲ ਹੋਏ। ਉਨ੍ਹਾਂ ਨੂੰ ਧਰਤੀ ਦੇ ਇਸ ਹਿੱਸੇ ਦੇ ਅਮੀਰ ਸੋਮਿਆਂ ਬਾਰੇ ਅਹਿਸਾਸ ਹੋਇਆ। ਇਸ ਤੋਂ ਬਾਅਦ, ਨਵੇਂ ਮੌਕੇ ਅਤੇ ਉਮੀਦਾਂ ਲੈ ਕੇ ਹੋਰ ਲੋਕ ਵੀ ਨਵੇਂ ਲੱਭੇ ਸੰਸਾਰ ਵੱਲ ਆਉਣੇ ਸ਼ੁਰੂ ਹੋਏ ਜਿਹੜੇ ਜ਼ਿਆਦਾਤਰ ਬ੍ਰਿਟਿਸ਼ਰ ਅਤੇ ਫਰਾਂਸੀਸੀ ਸਨ ਅਤੇ ਇਹ ਸਿਲਸਿਲਾ ਨਿਰੰਤਰ ਚਲਦਾ ਰਿਹਾ। ਇਨ੍ਹਾਂ ਦਾ ਟਾਕਰਾ, ਇਥੋਂ ਦੇ ਨੇਟਿਵ ਲੋਕਾਂ ਨਾਲ ਹੋਇਆ ਜਿਹੜੇ ਇਸ ਧਰਤੀ ਦੇ ਹਜ਼ਾਰਾਂ ਸਾਲਾਂ ਦੇ ਮੂਲਨਿਵਾਸੀ ਸਨ। ਬ੍ਰਿਟਿਸ਼ਰ, ਫਰਾਂਸੀਸੀ ਮੂਲ ਦੇ ਪ੍ਰਵਾਸੀਆਂ ਅਤੇ ਨੇਟਿਵ ਕੌਮਾਂ ਵਿਚਕਾਰ ਲੰਬਾਂ ਸਮਾਂ ਜਬਰਦਸਤ ਹਿੰਸਕ ਟਾਕਰਾ ਚਲਦਾ ਰਿਹਾ। ਹੌਲੀ ਹੌਲੀ ਸਮਝੌਤਿਆਂ ਨਾਲ ਹੋਏ ਕਬਜ਼ੇ ਤੋਂ ਬਾਅਦ ਸ਼ਾਂਤੀ ਅਤੇ ਮਿੱਤਰਤਾ ਦੇ ਦੌਰ ਦਾ ਆਰੰਭ ਹੋਇਆ। ਹੌਲੀ-ਹੌਲੀ ਧਰਤੀ ਦੇ ਬਹੁਤੇ ਖੇਤਰਾਂ 'ਤੇ ਯੂਰੋਪੀਅਨ ਵੱਸੋਂ ਦਾ ਕਬਜ਼ਾ ਹੋ ਗਿਆ ਅਤੇ ਕਈ ਟਰੀਟੀ ਸਮਝੌਤਿਆਂ ਨਾਲ ਮੂਲਨੀਵਾਸੀ ਨੇਟਿਵ ਲੋਕ ਸਮੂਹਾਂ ਨੂੰ ਸੀਮਤ ਜਿਹੇ ਖੇਤਰਫਲ ਵਾਲੇ ਛੋਟੇ-ਛੋਟੇ ਰਿਜ਼ਰਵਾਂ ਵਿੱਚ ਧੱਕ ਦਿੱਤਾ ਗਿਆ। ਇਨ੍ਹਾਂ ਦੀ ਆਪਣੇ ਨੇਟਿਵ ਸਭਿਆਚਾਰ ਪਹਿਚਾਣ ਪ੍ਰਤੀ ਹਮਲਾਵਰ ਪਹੁੰਚ ਨਾਲ ਯੂਰੋਪੀਅਨ ਸਭਿਆਚਾਰ ਅਪਣਾਉਣ ਲਈ ਮਜ਼ਬੂਰ ਕੀਤਾ ਗਿਆ। ਸਰਕਾਰੀ ਸਰਪ੍ਰਸਤੀ ਵਾਲੇ ਇਸਾਈ ਮਿਸ਼ਨਰੀਆਂ ਵੱਲੋਂ ਮੂਲਨਿਵਾਸੀ ਬੱਚਿਆਂ ਨੂੰ ਜ਼ਬਰੀ ਮਾਂ-ਬਾਪ ਤੋਂ ਖੋਹਕੇ ਇਸਾਈ ਧਰਮ ਅਤੇ ਜੀਵਨ-ਜਾਚ ਸਿਖਾਉਣ ਲਈ ਵੱਖ ਕੀਤਾ ਜਾਂਦਾ ਰਿਹਾ। ਇਸ ਤੋਂ ਇਲਾਵਾ ਆਪਸੀ ਵਪਾਰਕ ਮੁਕਾਬਲੇ ਅਤੇ ਕਬਜ਼ੇ ਦੀ ਲੜਾਈ ਕਰਕੇ ਬ੍ਰਿਟਿਸ਼ ਅਤੇ ਫਰਾਂਸੀਸੀ ਬਸਤੀਵਾਦੀਆਂ ਦੇ ਆਪਸੀ ਸਬੰਧ ਵੀ ਕੋਈ ਬਹੁਤੇ ਸੁਖਾਲੇ ਨਹੀਂ ਸਨ। ਇਹ ਦੋਵੇਂ ਬਸਤੀਵਾਦੀ ਆਪਸ ਵਿੱਚ ਵੀ ਸੱਤ ਸਾਲ ਜੰਗੀ ਲੜਾਈ ਲੜਦੇ ਰਹੇ। ਅੰਤ ਸੰਨ 1763 ਵਿੱਚ ਫਰਾਂਸ ਨੇ ਹਾਰ ਮੰਨਕੇ, ਉਤਰੀ ਅਮਰੀਕਨ ਮਹਾਂਦੀਪ ਦੇ ਸਾਰੇ ਖੇਤਰ ਬ੍ਰਿਟਿਸ਼ ਦੇ ਹਵਾਲੇ ਕਰ ਦਿੱਤੇ। ਇਸ ਤਰ੍ਹਾਂ ਤਕਰੀਬਨ ਸਾਰੇ ਇਲਾਕੇ ਬ੍ਰਿਟਿਸ਼ ਸਾਮਰਾਜ ਦੇ ਕੰਟਰੋਲ ਅਧੀਨ ਹੋ ਗਏ।

**'ਯੂ. ਐਸ. ਏ.' ਅਤੇ 'ਬ੍ਰਿਟਿਸ਼ ਨਾਰਥ ਅਮਰੀਕਾ' ਦਾ ਬਣਨਾ:** ਬ੍ਰਿਟਿਸ਼ ਅਤੇ ਫਰਾਂਸ ਬਸਤੀਵਾਦ ਦੇ ਜੰਗੀ ਅਰਸੇ ਦੌਰਾਨ ਵੀ ਕੁੱਲ ਉਤਰੀ ਅਮਰੀਕਨ ਮਹਾਂਦੀਪ ਵਿੱਚ ਬਹੁਤੀਆਂ ਬਸਤੀਆਂ ਬ੍ਰਿਟਿਸ਼ ਹਕੂਮਤ ਦੀਆਂ ਸਨ। ਹੁਣ ਦੇ 'ਯੂ. ਐਸ. ਏ.' ਅਮਰੀਕਾ ਵਾਲੇ ਖਿੱਤੇ ਦੀਆਂ ਇਨ੍ਹਾਂ 13 ਬਸਤੀਆਂ ਦੀਆਂ ਰਿਆਸਤੀ ਸਰਕਾਰਾਂ ਵੀ ਲੰਡਨ ਦੀ ਬ੍ਰਿਟਿਸ਼ ਹਕੂਮਤ ਦੇ ਕੰਟਰੋਲ ਤੋਂ ਨਾਰਾਜ਼ ਸਨ, ਸੋ ਸੰਨ 1775 ਇਸਵੀ ਵਿੱਚ ਇਨ੍ਹਾਂ ਨੇ ਆਜ਼ਾਦ ਹੋਣ ਲਈ ਸੰਘਰਸ਼ ਸ਼ੁਰੂ ਕਰ ਦਿੱਤਾ। ਅੰਤ ਅਮਰੀਕਨ ਰਿਆਸਤਾਂ ਆਜ਼ਾਦ ਹੋ ਗਈਆਂ ਅਤੇ

**(ਬਾਕੀ ਸਫ਼ਾ 12 'ਤੇ)**

















ਲੇਖਕ: ਦੇਵਾ ਸਿੰਘ ਮਾਹਲਾ
ਅਨੁਵਾਦ- ਹਰੀਪਾਲ
403-714-4816

# ਕਮਿਊਨਿਸਟ ਲਹਿਰ ਦਾ ਆਪਾ ਪੜਚੋਲ

*(ਦੇਵਾ ਸਿੰਘ ਮਾਹਲਾ ਦੀ ਬੇਟੀ ਸਤਵੰਤ ਕੌਰ ਬਰਾੜ ਨੇ ਮਾਹਲਾ ਸਾਹਿਬ ਦੀਆਂ ਕੁੱਝ ਕਿਤਾਬਾਂ ਪੜਨ ਲਈ ਦਿੱਤੀਆਂ। ਸਾਰੀਆਂ ਕਿਤਾਬਾਂ ਬਹੁਤ ਹੀ ਜਾਣਕਾਰੀ ਭਰਪੂਰ ਸਨ। ਇੱਥੇ ਉਹਨਾਂ ਦੀ ਇੱਕ ਇੰਗਲਿਸ਼ ਦੀ ਕਿਤਾਬ ''ਅਵਰ ਡਿਫਰੈਂਸਜ'' ਦਾ ਪੰਜਾਬੀ ਵਿੱਚ ਅਨੁਵਾਦ ਕਰ ਰਹੇ ਹਾਂ ਤਾਂ ਕਿ ਪਾਠਕ ਉਸ ਮਹਾਨ ਸ਼ਖਸੀਅਤ ਦੇ ਵਿਚਾਰ ਭਾਰਤੀ ਕਮਿਊਨਿਸਟ ਲਹਿਰ ਵਾਰੇ ਜਾਣ ਸਕਣ)*

ਭਾਰਤੀ ਕਮਿਊਨਿਸਟ ਪਾਰਟੀ ਦੀ ਉਪਰਲੀ ਲੀਡਰਸ਼ਿਪ, ਸਟੂਡੈਂਟਸ, ਪ੍ਰੋਫੈਸਰਜ, ਵਕੀਲਾਂ ਅਤੇ ਦਫਤਰੀ ਬਾਬੂਆਂ ਤੇ ਮਿਡਲ ਕਲਾਸੀ ਲੋਕਾਂ ਵਿੱਚੋਂ ਆਈ। ਇਹ ਉਹ ਲੋਕ ਸਨ ਜਿਹਨਾਂ ਨੇ ਕਦੇ ਵੀ ਲੋਕ ਘੋਲਾਂ, ਮੁਜ਼ਾਹਰਿਆ, ਸੰਘਰਸ਼ਾਂ ਵਿੱਚ ਹਿੱਸਾ ਨਹੀਂ ਸੀ ਲਿਆ ਅਤੇ ਨਾ ਹੀ ਇਹਨਾਂ ਲੋਕਾਂ ਦੀ ਕੋਈ ਪਰੋਲੇਤਾਰੀ ਸੋਚਾਂ ਸੀ। ਉਨ੍ਹਾਂ ਦਾ ਮਾਰਕਸਵਾਦ ਬਾਰੇ ਗਿਆਨ ਸਿਰਫ ਕਿਤਾਬੀ ਸੀ। ਇਹ ਲੋਕ ਮਜ਼ਦੂਰਾਂ ਕਿਸਾਨਾਂ ਦੀ ਬਜਾਏ, ਬੁਰਜਵਾ ਜਾਂ ਪੈਟੀ ਬੁਰਜਵਾ ਲੋਕਾਂ ਦੇ ਜ਼ਿਆਦਾ ਨੇੜੇ ਹੁੰਦੇ ਹਨ। ਇਸਦਾ ਮਤਲਬ ਇਹ ਨਹੀਂ ਕਿ ਪਾਰਟੀ ਵਿੱਚ ਲੋਕ ਘੋਲ਼ਾਂ ਨੂੰ ਪਰਣਾਏ ਹੋਏ ਲੋਕ ਨਹੀਂ ਸਨ, ਲੋਕ ਸਨ ਪਰ ਉਹਨਾਂ ਦੀ ਗਿਣਤੀ ਬਹੁਤ ਥੋੜੀ ਸੀ, ਦੂਜੇ ਪਾਸੇ ਲੀਡਰਸ਼ਿੱਪ ਵੀ ਇਹਨਾਂ ਲੋਕਾਂ ਨੂੰ ਪਾਰਟੀ ਦੇ ਅਹੁਦਿਆਂ ਤੋਂ ਪਰੇ ਹੀ ਰੱਖਦੀ ਸੀ। ਲੀਡਰਸ਼ਿੱਪ ਚਾਹੁੰਦੀ ਸੀ ਕਿ ਇਹ ਲੋਕ, ਸਿਰਫ ਮਜ਼ਦੂਰਾਂ ਕਿਸਾਨਾਂ ਵਿੱਚ ਕੰਮ ਕਰਨ ਅਤੇ ਪਾਰਟੀ ਦੀ ਬੁਰਜੂਆ ਲੀਡਰਸ਼ਿਪ ਨੂੰ ਪੱਠੇ ਪਾਉਂਦੇ ਰਹਿਣ। ਅਜਿਹੇ ਕਿਤਾਬੀ ਗਿਆਨ ਵਾਲ਼ੇ ਲੋਕ, ਜਿਹਨਾਂ ਨੂੰ ਲੋਕ ਘੋਲ਼ਾਂ ਦਾ ਸੇਕ ਨਹੀਂ ਲੱਗਿਆ ਹੁੰਦਾ ਕਈ ਵਾਰ ਪਾਰਟੀ ਲਈ ਬੜੇ ਖਤਰਨਾਕ ਸਿੱਧ ਹੁੰਦੇ ਹਨ। ਇਹ ਮੱਧਵਰਗੀ ਸੋਚ ਵਾਲ਼ੇ ਲੀਡਰ ਹਮੇਸ਼ਾਂ ਹੀ ਆਪਦੇ ਗਿਆਨ ਦਾ ਵਿਖਾਲ਼ਾ ਕਰਨ ਲਈ ਤਿਆਰ ਰਹਿੰਦੇ ਹਨ। ਉਹ ਆਪਦੀਆਂ ਦਲੀਲਾਂ ਨਾਲ਼ ਕਿਸੇ ਵੀ ਬਹਿਸ ਨੂੰ ਡੌਮੀਨੇਟ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਹ ਲੋਕ ਕੰਮ ਕਰਕੇ ਬਿਲਕੁਲ ਵੀ ਰਾਜੀ ਨਹੀਂ ਹੁੰਦੇ ਬਲਕਿ ਕਿਸੇ ਵੀ ਤਰੀਕੇ ਨਾਲ਼ ਪਾਰਟੀ ਦੇ ਅਹੁਦਿਆਂ ਤੇ ਪਹੁੰਚਣ ਤੱਕ ਕਾਮਯਾਬ ਹੋ ਜਾਂਦੇ ਹਨ। ਇਹ ਮਿੱਡਲ ਕਲਾਸੀ ਲੀਡਰਸ਼ਿੱਪ ਸੋਚ ਵਾਲ਼ੇ ਲੀਡਰ ਲੈਕਚਰ ਕਰਨ ਵਿੱਚ ਅਤੇ ਨਿੱਕੀਆਂ ਨਿੱਕੀਆਂ ਸਮੱਸਿਆਵਾਂ ਨੂੰ ਗੁੰਝਲ਼ਦਾਰ ਬਣਾ ਕੇ ਪੇਸ਼ ਕਰਨ ਵਿੱਚ ਮਾਹਰ ਹੁੰਦੇ ਹਨ। ਪਰ ਕਈ ਵਾਰ ਇਹ ਬਹੁਤ ਵੱਡੀਆਂ ਗਲਤੀਆਂ ਕਰਦੇ ਹਨ ਕਿਉਂਕਿ ਇਹਨਾਂ ਦਾ ਕਿਤਾਬੀ ਮਾਰਕਸਵਾਦੀ ਗਿਆਨ ਜਮਾਤੀ ਘੋਲ਼ਾਂ ਦੇ ਪੈਂਤੜਿਆਂ ਦੇ ਫਿੱਟ ਨਹੀਂ ਬੈਠਦਾ। ਇਹ ਸੋਚਦੇ ਨੇ ਕਿ ਇਹ ਬਹੁਤ ਕੁੱਝ ਜਾਣਦੇ ਨੇ ਇਸੇ ਕਰਕੇ ਇਹ ਜ਼ਮੀਨੀ ਪੱਧਰ ਤੇ ਕੰਮ ਕਰਨ ਵਾਲ਼ੇ ਕੇਡਰ ਦੀਆਂ ਦਲੀਲਾਂ ਜਾਂ ਸੁਝਾਵਾਂ ਦੀ ਪਰਵਾਹ ਨਹੀਂ ਕਰਦੇ। ਇਹੋ ਜਿਹੇ ਲੋਕਾਂ ਦੀਆਂ ਘੜੀਆਂ ਹੋਈਆਂ ਪੌਲੀਸੀਆਂ ਅਣ-ਮਾਰਕਸਵਾਦੀ, ਆਪਾ-ਵਿਰੋਧੀ ਅਤੇ ਬੇਸਲੈਸ ਹੁੰਦੀਆਂ ਹਨ। ਇਹੋ ਜਿਹੀ ਲੀਡਰਸ਼ਿਪ ਹਮੇਸ਼ਾਂ ਖੱਬੇ ਅਤੇ ਸੱਜੇ ਦੋ ਵਿਰੋਧੀ ਵਿਚਾਰਾਂ ਵਿੱਚ ਪੈਂਡੂਲਮ ਦੀ ਤਰ੍ਹਾਂ ਲਟਕਦੀ ਰਹਿੰਦੀ ਹੈ। ਜਦੋਂ ਵੀ ਇਹਨਾਂ ਦੀਆਂ ਨੀਤੀਆਂ ਦੇ ਗਲਤ ਨਤੀਜੇ ਨਿਕਲ਼ਦੇ ਹਨ ਤਦ ਇਹ ਆਪਦੀ ਗਲਤੀ ਮੰਨਣ ਦੀ ਬਜਾਏ ਆਪਦੇ ਵਿਰੋਧੀਆਂ ਨੂੰ ਹੀ ਪਾਰਟੀ ਚੋਂ ਕੱਢਣ ਲਈ ਜੋਰ ਲਾਉਂਦੇ ਹਨ। ਇਹ ਕਦੇ ਵੀ ਆਪਦੀਆਂ ਗਲਤੀਆਂ ਨੂੰ ਨਾ ਮੰਨਦੇ ਹਨ ਤੇ ਨਾ ਹੀ ਆਪਦੀਆਂ ਗਲਤੀਆਂ ਦਾ ਮੂਲਅੰਕਣ ਕਰਦੇ ਹਨ। ਇਹ ਸਾਰਾ ਕੁੱਝ ਆਪਦੇ ਆਪ ਨੂੰ ਸਹੀ ਸਿੱਧ ਕਰਨ ਲਈ ਕਰਦੇ ਹਨ।






ਕਾਮਰੇਡ ਦੇਵਾ ਸਿੰਘ ਮਾਹਲਾ ਤੇ ਉਨ੍ਹਾਂ ਦਾ ਸਪੁੱਤਰ ਸਵ. ਜਸਵੰਤ ਸਿੰਘ

> ...ਇਸ ਵਾਸਤੇ ਪੂਰਨ ਅਜ਼ਾਦੀ ਤੇ ਜਮਹੂਰੀਅਤ (ਲੋਕ ਰਾਜ) ਤਾਂ ਅਜੇ ਅਸੀਂ ਹਾਸਲ ਕਰਨੀ ਹੈ। ਸਾਨੂੰ ਮੁਲਕ ਦੇ ਅੰਦਰੂਨੀ ਵੈਰੀਆਂ ਰਜਵਾੜਿਆਂ, ਨਵਾਬਾਂ ਤੇ ਪਿਛਾਂਹਖਿੱਚੂ ਜਾਗੀਰਦਾਰਾਂ, ਸਰਮਾਏਦਾਰਾਂ ਤੇ ਮੁਫ਼ਤਖੋਰਿਆਂ ਦੀ ਤਾਕਤ ਨੂੰ ਖਤਮ ਕਰਨਾ ਹੋਵੇਗਾ। ਜਿਨ੍ਹਾਂ ਨੇ ਮੁਲਕ ਦੇ ਅੰਦਰੂਨੀ ਅਮਨ ਤੇ ਆਰਾਮ ਨੂੰ ਤਬਾਹ ਤੇ ਬਰਬਾਦ ਕਰ ਦਿੱਤਾ ਹੈ ਅਤੇ ਦੇਸ਼ ਵਿਚ ਖ਼ਾਨਾ-ਜੰਗੀ ਦੀ ਹਾਲਤ ਪੈਦਾ ਕਰ ਦਿੱਤੀ ਹੈ। ਪਾਕਿਸਤਾਨ ਡੋਮੀਨੀਅਨ (ਨੌਅਬਾਦੀ) ਤੇ ਹਿੰਦੁਸਤਾਨ ਡੋਮੀਨੀਅਨ ਅੰਗਰੇਜ਼ ਦੀ ਪੈਦਾਇਸ਼ ਹਨ। ਅਜ਼ਾਦੀ ਪ੍ਰਾਪਤ ਕਰਨ ਤੋਂ ਪਿਛੋਂ ਇਸ ਅਨੋਖੀ ਵੰਡ ਤੇ ਵਿਤਕਰੇ ਨੂੰ ਖ਼ਤਮ ਕਰਨਾ ਹੋਵੇਗਾ। ਇਸ ਦੇ ਨਾਲ ਹੀ ਪੈਦਾ ਕੀਤੀਆਂ ਗਈਆਂ ਤਮਾਮ ਲਾਹਨਤਾਂ ਫਿਰਕਾਪ੍ਰਸਤੀ, ਨਫ਼ਤਰ, ਫੁੱਟ, ਬੇਪ੍ਰਤੀਤੀ, ਖ਼ੂਨ-ਖ਼ਰਾਬਾ, ਕਤਲ, ਲੁੱਟਮਾਰ ਆਦਿ ਜੋ ਕਸ਼ਮੀਰ, ਹੈਦਰਾਬਾਦ ਤੇ ਸਾਰੇ ਹਿੰਦੁਸਤਾਨ ਵਿਚ ਜਾਰੀ ਹੈ, ਇਸਨੂੰ ਖ਼ਤਮ ਕਰਨਾ ਪਵੇਗਾ। ਨਹੀਂ ਤਾਂ ਇਹ ਸਮਾਜ ਦੇ ਦੁਸ਼ਮਣ ਅਨਸਰ ਦੇਸ਼ ਵਿਚ ਖ਼ਾਨਾ-ਜੰਗੀ ਦੀ ਅੱਗ ਨੂੰ ਮਘਾਈ ਰੱਖਣਗੇ ਅਤੇ ਕਦੇ ਵੀ ਅਮਨ ਨਹੀਂ ਹੋਣ ਦੇਣਗੇ।
>
> **-ਕਾਮਰੇਡ ਦੇਵਾ ਸਿੰਘ ਮਾਹਲਾ ਕਲਾਂ**

ਪਰ ਇਸ ਤਰ੍ਹਾਂ ਕਦੇ ਵੀ ਲੀਡਰਸ਼ਿੱਪ ਆਪਦਾ ਬਚਾਅ ਨਹੀਂ ਕਰ ਸਕਦੀ, ਉਹ ਇੱਕ ਨਾ ਇੱਕ ਦਿਨ ਨੰਗੀ ਹੋ ਹੀ ਜਾਂਦੀ ਹੈ। ਇਹਨਾਂ ਦੀਆਂ ਗਲਤੀਆਂ ਦੀ ਸਜਾ ਹਮੇਸ਼ਾਂ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲ਼ੇ ਵਰਕਰਾਂ ਨੂੰ ਝੱਲਣੀ ਪੈਂਦੀ ਹੈ। ਤੰਗ ਆਏ ਵਰਕਰ ਵੀ ਲੋਕਾਂ ਦੇ ਮੂੰਹ-ਮੱਥੇ ਲੱਗਣੋਂ ਟਲ਼ਦੇ ਹਨ ਅਤੇ ਇਸ ਤਰ੍ਹਾਂ ਪਾਰਟੀ ਆਮ ਲੋਕਾਂ ਤੋਂ ਦੂਰ ਹੁੰਦੀ ਚਲੀ ਜਾਂਦੀ ਹੈ। ਪਾਰਟੀ ਆਪਦੀਆਂ ਇਨਕਲਾਬੀ ਰਵਾਇਤਾਂ ਕਾਇਮ ਨਹੀਂ ਰੱਖ ਸਕਦੀ, ਬੱਸ ਸਿਰਫ ਇੱਕ ਅਖ਼ਬਾਰ ਦੀ ਮਾਲਕ ਜਾਂ ਇੱਕ ਨਕਾਰਾ ਜਿਹਾ ਸੇਵਾ ਦਲ ਬਣ ਕੇ ਰਹਿ ਜਾਂਦੀ ਹੈ। ਹੁਣ ਜੇਕਰ ਆਪਾਂ ਦੂਜੀ ਸੰਸਾਰ ਜੰਗ ਵੇਲ਼ੇ ਭਾਰਤੀ ਕਮਿਊਨਿਸਟ ਪਾਰਟੀ ਦੀਆਂ ਗਲਤੀ ਵੱਲ ਝਾਤ ਮਾਰੀਏ :-

1. ਜਦੋਂ ਹਿਟਲਰ ਦੀਆਂ ਫੌਜਾਂ ਮਾਰੋ ਮਾਰ ਕਰਦੀਆਂ ਰੂਸ ਵਿੱਚ ਅੱਗੇ ਵਧ ਰਹੀਆਂ ਸਨ ਅਤੇ ਓਧਰ ਜਪਾਨ ਹਿੰਦ ਚੀਨ ਵੱਲ ਅੱਗੇ ਵਧ ਰਿਹਾ ਸੀ, ਜਦ ਦੁਨੀਆਂ ਭਰ ਦੀਆਂ ਕਮਿਊਨਿਸਟ ਪਾਰਟੀਆਂ ਲੋਕਾਂ ਦੀ ਫਾਸਿਜਮ ਵਿਰੋਧੀ ਜੰਗ ਦਾ ਪੈਂਤੜਾ ਲੈ ਰਹੀਆਂ ਸਨ ਤਾਂ ਠੀਕ ਉਸ ਤੋਂ ਛੇ ਮਹੀਨੇ ਬਾਅਦ ਭਾਰਤੀ ਕਮਿਊਨਿਸਟ ਪਾਰਟੀ ਆਪਦੀ ਨੀਂਦ ਤੋਂ ਜਾਗੀ। ਫਿਰ ਵੀ ਲੋਕਾਂ ਦੀ ਜੰਗ ਅਤੇ ਅਜਾਦੀ ਦੀ ਜੰਗ ਵਿਚਾਲ਼ੇ ਰੋਲ-ਘਚੋਲ਼ੇ ਵਿੱਚ ਹੀ ਰੁਲ਼ ਗਈ। ਇਸ ਤੋਂ ਵੀ ਅੱਗੇ ਜਦੋਂ ਕੈਂਬਲਪੁਰ ਜੇਲ਼ ਵਿਚਲੇ ਸਾਥੀਆਂ ਨੇ ਪਾਰਟੀ ਨੂੰ ਆਪਦੀਆਂ ਨੀਤੀਆਂ ਦਰੁਸਤ ਕਰਨ ਲਈ ਲਿਖਿਆ ਤਾਂ ਪਾਰਟੀ ਲੀਡਰਸ਼ਿਪ ਨੇ ਉਹਨਾਂ ਦੀਆਂ ਸਲਾਹਾਂ ਨੂੰ ਬੁਰੀ ਤਰ੍ਹਾਂ ਰਿਜੈਕਟ ਕਰ ਦਿੱਤਾ। ਅਕਤੂਬਰ 1941 ਵਿੱਚ ਤੇਜਾ ਸਿੰਘ ਸੁਤੰਤਰ ਦਾ ਪਾਰਟੀ ਪਾਲਿਸੀ ਬਾਰੇ ਲੇਖ ਜਿਹੜਾ ਕਿ ''ਲਾਲ ਝੰਡਾ'' (ਪਾਰਟੀ ਦਾ ਅੰਡਰਗਰਾਊਂਡ ਪੇਪਰ) ਵਿੱਚ ਛਪਿਆ ਸੀ ਅਤੇ ਜਿਸਨੂੰ ਪਾਰਟੀ ਦੇ ਬਹੁਸੰਮਤੀ ਵਰਕਰਾਂ ਦੀ ਵੀ ਸਪੋਰਟ ਸੀ, ਨੂੰ ਪਾਰਟੀ ਦੀ ਉਪਰਲੀ ਲੀਡਰਸ਼ਿੱਪ ਵੱਲੋਂ ਰੱਦ ਕਰ ਦਿੱਤਾ ਗਿਆ। ਪਰ ਜਦ ਬਾਅਦ ਵਿੱਚ ਪਾਰਟੀ ਪਾਲਿਸੀ ਤੇ ਬਹਿਸ ਹੋਈ ਤਾਂ ਸੁਤੰਤਰ ਦੇ ਆਰਟੀਕਲ ਨਾਲ਼ ਸਹਿਮਤੀ ਪਰਗਟ ਕੀਤੀ ਗਈ, ਪਰ ਹੁਣ ਹਾਲਾਤ ਬਦਲ ਗਏ ਸਨ ਕਿਉਂਕਿ ਕੋਈ ਪਾਲਿਸੀ ਸਮੇਂ ਅਤੇ ਹਾਲਾਤ ਦੇ ਹਿਸਾਬ ਦਾ ਪੈਂਤੜਾ ਹੁੰਦੀ ਹੈ। ਜਦੋਂ ਪਾਰਟੀ ਵਿੱਚ ਇਹ ਸੁਆਲ ਉਠਾਇਆ ਗਿਆ ਕੇ, ਉਸ ਠੀਕ ਸਮੇਂ "ਲੋਕਾਂ ਦੀ ਜੰਗ" ਦੀ ਨੀਤੀ ਕਿਉਂ ਨਹੀਂ ਅਪਣਾਈ ਗਈ ਤਾਂ ਜਵਾਬ ਇਹ ਦਿੱਤਾ ਗਿਆ ਕਿ ਪਾਰਟੀ ਦੇ ਮੁੱਖ ਲੀਡਰ ਐਮ. ਐਨ. ਰਾਓ. ਇਸ ਨਾਲ਼ ਸਹਿਮਤ ਨਹੀ ਸਨ। ਅਜੇ ਵੀ ''ਲਾਲ ਝੰਡਾ'' ਦੀਆਂ ਪੁਰਾਣੀਆਂ ਫਾਈਲਾਂ ਫੋਲ ਕੇ ਪਤਾ ਲੱਗ ਸਕਦਾ ਹੈ ਕਿ ਇਹ ਆਰਟੀਕਲ ਠੀਕ ਸੀ ਜਾਂ ਗਲਤ ਸੀ।

2. ਲੋਕਾਂ ਦੀ ਲੜਾਈ ਜਾਂ ਲੋਕ-ਪੱਖੀ ਯੁੱਧ ਬਾਰੇ ਵੀ ਸੀ.ਪੀ.ਆਈ.ਦੀ ਨੀਤੀ ਡਾਂਵਾਂ ਡੋਲ ਹੀ ਸੀ। ਅੰਗਰੇਜ਼ੀ ਸਰਕਾਰ, ਫਾਸ਼ਿਜਮ ਵਿਰੋਧੀ ਲੋਕ-ਗਰੁੱਪ ਨੂੰ ਹਥਿਆਰਬੰਦ ਕਰਨ ਦੇ ਵਿਰੁੱਧ ਸੀ ਇਸਦੀ ਜਗਾਹ ਅੰਗਰੇਜ਼ ਪਾਰਟੀ ਨੂੰ, ਲੋਕਾਂ ਨੂੰ ਫੌਜ ਵਿੱਚ ਭਰਤੀ ਹੋਣ ਲਈ ਪ੍ਰੇਰਣ ਅਤੇ ਸ਼ਾਂਤੀ ਬਣਾਈ ਰੱਖਣ ਲਈ ਵਰਤਣਾ ਚਾਹੁੰਦੇ ਸੀ। ਪਾਰਟੀ ਦਾ ਅੰਗਰੇਜ਼ੀ ਸਰਕਾਰ ਨਾਲ਼ ਮਿਲਵਰਤਣ ਲੋਕਾਂ ਨੂੰ ਪਾਰਟੀ ਤੋਂ ਬਹੁਤ ਦੂਰ ਲੈ ਗਿਆ।

ਪਾਰਟੀ ਨੇ ਜਮਾਤੀ ਘੋਲ਼ ਨੂੰ ਤਿਲਾਂਜਲੀ ਦੇ ਕੇ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਕਾਰਖਾਨੇਦਾਰਾਂ ਅਤੇ ਜਗੀਰਦਾਰਾਂ ਨਾਲ ਮਿਲਕੇ ਚੱਲਣ ਲਈ ਮਜ਼ਬੂਰ ਕੀਤਾ। ਵੱਡੇ ਵੱਡੇ ਜ਼ਿਮੀਂਦਾਰਾਂ ਨੇ ਇਸ ਦਾ ਫਾਇਦਾ ਉਠਾ ਕੇ ਬੇਹੱਦ ਧਨ ਕਮਾਇਆ ਅਤੇ ਮੁਜਾਰਿਆਂ ਤੋਂ ਜ਼ਮੀਨਾਂ ਤੱਕ ਵੀ ਖੋਹ ਲਈਆਂ। ਮਿੱਲ ਮਾਲਕਾਂ ਨੇ ਵਧੀ ਹੋਈ ਮਹਿੰਗਾਈ ਦਾ ਫਾਇਦਾ ਉਠਾਇਆ ਪਰ ਵਰਕਰਾਂ ਦੀ ਉਜਰਤਾਂ ਵਧਣ ਨਹੀਂ ਦਿੱਤੀਆਂ। ਮਿੱਲ ਮਾਲਕਾਂ ਨੇ ਕੰਮ ਦੇ ਘੰਟੇ ਵਧਾ ਦਿੱਤੇ ਤੇ, ਜਗੀਰਦਾਰਾਂ ਨੇ ਸਿਰਫ ਰੋਟੀ ਬਦਲੇ ਲੋਕਾਂ ਤੋਂ ਕੰਮ ਕਰਾਇਆ। ਲੋਕਾਂ ਤੇ ਇੰਨੇ ਧੱਕੇ ਦੇ ਬਾਵਜੂਦ ਪਾਰਟੀ ਨੇ ਵਰਕਰਾਂ ਨੂੰ ਕੋਈ ਵੀ ਇਤਰਾਜ਼ ਕਰਨ ਤੋਂ ਰੋਕੀ ਰੱਖਿਆ। ਕੀ ਪਾਰਟੀ ਦੀ ਇਹ ਲਾਈਨ ਨਹੀਂ ਹੋਣੀ ਚਾਹੀਦੀ ਸੀ ਕਿ ਮਿੱਲ ਮਾਲਕਾਂ ਤੇ ਜਗੀਰਦਾਰਾਂ ਨੂੰ ਜੇਲ਼ਾਂ ਵਿੱਚ ਸੁੱਟ ਕੇ, ਮਿੱਲਾਂ ਅਤੇ ਜ਼ਮੀਨਾਂ ਤੇ ਕਾਮਿਆਂ ਦਾ ਕਬਜ਼ਾ ਕਰਵਾ ਕੇ ਪ੍ਰੋਡਕਸ਼ਨ ਵਧਾਈ ਜਾ ਸਕਦੀ ਹੈ? ਨਹੀਂ ਪਾਰਟੀ ਤਾਂ ਆਪਦੀ ਇਨਕਲਾਬੀ ਲਾਈਨ ਹੀ ਛੱਡ ਚੁੱਕੀ ਸੀ। ਇਹਨਾਂ ਗਲਤੀਆਂ ਕਰਕੇ ਅਸੀਂ ਰੂਸ ਅਤੇ ਚੀਨ ਵਾਂਗੂੰ ਕੋਈ ਮਾਸ ਮੂਵਮੈਂਟ ਖੜ੍ਹੀ ਨਹੀਂ ਕਰ ਸਕੇ। ਪਾਰਟੀ ਨੇ ਆਪਦੀ ਸਰਕਾਰ ਭਗਤੀ ਕਰਕੇ ਲੋਕਾਂ ਨੂੰ ਉਹਨਾਂ ਦੇ ਹਾਲ ਤੇ ਛੱਡ ਦਿੱਤਾ।

ਪਾਰਟੀ ਸਰਮਾਏਦਾਰਾਂ ਦੀ ਚਾਲਾਂ ਵਿੱਚ ਆ ਕੇ ਪ੍ਰੋਡਕਸ਼ਨ ਵਧਾਉਣ ਤੇ ਹੀ ਜ਼ੋਰ ਲਾਉਣ ਲੱਗ ਪਈ ਅਤੇ ਗੁਰੀਲਾ ਵਾਰਫੇਅਰ ਨੂੰ ਵੀ ਕਨਡੈਮ ਕਰਨ ਲੱਗ ਪਈ। ਕੌਮੀ ਪੱਧਰ 'ਤੇ ਸਾਮਰਾਜੀ ਸਰਕਾਰ ਮੁਸਲਿਮ ਲੀਗ ਨੂੰ ਪਾਕਿਸਤਾਨ ਦੀ ਮੰਗ ਰੱਖਣ ਲਈ ਪੱਕਿਆਂ ਕਰਨ ਲੱਗ ਪਈ। ਦੂਜੇ ਪਾਸੇ ਇਹੀ ਸਾਮਰਾਜੀ ਸਰਕਾਰ ਇਹ ਕਹਿਣ ਲੱਗ ਪਈ ਕਿ ਜੇਕਰ ਮੁਸਲਿਮ ਲੀਗ ਅਤੇ ਕਾਂਗਰਸ ਇਕੱਠੀਆਂ ਹੋ ਸਕਦੀਆਂ ਹਨ ਤਾਂ ਉਹ ਕੁੱਝ ਸਹੂਲਤਾਂ ਦੇਣ ਲਈ ਤਿਆਰ ਹਨ। ਹੁਣ ਪਾਰਟੀ ਟੋਟਲੀ ਸਰਕਾਰ ਦੇ ਜਾਲ਼ ਵਿੱਚ ਫਸ ਕੇ ਮੁਸਲਿਮ ਲੀਗ ਅਤੇ ਕਾਂਗਰਸ ਨੂੰ ਇਕੱਠਿਆਂ ਕਰਨ ਤੇ ਜ਼ੋਰ ਲਾਉਣ ਲੱਗੀ ਅਤੇ ਇਹਨਾਂ ਦੇ ਇਕੱਠ ਚੋਂ ਭਾਰਤ ਦੀ ਅਜ਼ਾਦੀ ਦਾ ਸੁਪਨਾ ਦੇਖਣ ਲੱਗੀ। ਇਹ ਸੁਪਨਾ ਭਾਰਤ ਦੀ ਏਕਤਾ ਲਈ ਤਾਂ ਬੜਾ ਵਧੀਆ ਲੱਗਿਆ ਪਰ ਸੰਘਰਸ਼ ਨਾਲ਼ ਅਜ਼ਾਦੀ ਪ੍ਰਾਪਤ ਕਰਨ ਦੀ ਜਗਾਹ ਤੇ ਬਰਤਾਨੀਆਂ ਤੋਂ ਅਜ਼ਾਦੀ ਖੈ ਦੇ ਰੂਪ ਵਿੱਚ ਪ੍ਰਾਪਤ ਕਰਨ ਵਾਲ਼ਾ ਸੀ। ਇਸਨੇ ਬਰਤਾਨੀਆਂ ਹਕੂਮਤ ਦੀ, ਹਿੰਦ ਨੂੰ ਵੰਡਣ ਦੀ ਇੱਛਾ ਪੂਰੀ ਕੀਤੀ ਕਿਉਂਕਿ ਅੰਦਰਖਾਤੇ ਸਰਕਾਰ ਮੁਸਲਿਮ ਲੀਗ ਨੂੰ ਪਾਕਿਸਤਾਨ ਦੀ ਮੰਗ ਤੇ ਅੜਨ ਲਈ ਹੱਲਾਸ਼ੇਰੀ ਦਿੰਦੀ ਰਹੀ।

ਭਾਰਤੀ ਕਮਿਊਨਿਸਟ ਪਾਰਟੀ ਪਹਿਲਾਂ ਤਾਂ, ਕਾਂਗਰਸ ਮੁਸਲਿਮ ਲੀਗ ਏਕਤਾ ਦੇ ਜ਼ੋਰ ਦਿੰਦੀ ਰਹੀ ਪਰ ਜਦ ਮੁਸਲਿਮ ਲੀਗ ਪਾਕਿਸਤਾਨ ਦੀ ਮੰਗ ਤੇ ਅੜ ਗਈ ਤਾਂ ਪਾਰਟੀ ਨੇ ਪੈਂਤੜਾ ਬਦਲਿਆ ਅਤੇ ਮੁਸਲਿਮ ਲੀਗ ਦੀ ਮੰਗ ਨੂੰ ਜਾਇਜ਼ ਠਹਿਰਾਉਣ ਲੱਗ ਪਈ। ਇਹ ਫੈਸਲਾ ਪਾਰਟੀ ਦੀ ਦੀਵਾਲ਼ੀਆ ਸੋਚ ਦਾ ਨਤੀਜਾ ਸੀ। ਕੌਮਾਂ ਦੇ ਆਪਾ ਨਿਰਣੇ ਦੇ ਹੱਕ ਦੀ ਪਾਰਟੀ ਨੇ ਗਲਤ ਪ੍ਰੀਭਾਸ਼ਾ ਮੰਨ ਲਈ। ਪਾਰਟੀ ਨੇ ਕੌਮ ਨੂੰ ਧਰਮ ਦੇ ਅਧਾਰਤ ਹੀ ਮੰਨਣਾਂ ਸ਼ੁਰੂ ਕੀਤਾ ਜਦਕਿ ਕੌਮ ਦੀ ਭਾਸ਼ਾ ਬੜੀ ਸਾਫ ਹੈ ਕਿ ਕੌਮ ਦਾ ਮਤਲਬ ਇੱਕ ਖਾਸ ਖਿੱਤੇ ਦੇ ਲੋਕਾਂ ਦਾ ਰਹਿਣ ਸਹਿਣ, ਸੱਭਿਆਚਾਰ ਦਾ ਸਾਂਝਾ ਹੋਣਾ ਜ਼ਰੂਰੀ ਹੈ ਨਾਂ ਕਿ ਧਰਮ।



SARO KARAN DI AWAZ

**Publisher**
**Pro-People Arts Project Media Group 29 Mapleview Ave, Brampton Ontario, CA, L6R 1M2**

**Chief Editor**
**Harbans Singh**
416-817-7142
ppapmg@gmail.com

**Managing Director**
**Devinder Toor, Toronto**
416-902-9372
ppapmg@gmail.com

**Sub Editor**
**Master Bhajan Singh**
Calgary (Alberta)
403-455-4220
btarksheel@gmail.com

**Sub Editor**
**Dr. Hardeep Singh, Milton (Ontario)**
416-209-6363
deephsingh@gmail.com

**Sub Editor**
**Randeep Singh (India)**
09855695905
rvs0001@gmail.com

**Literary Advisor**
**Haripal**
Calgary (NE) Alberta
403-714-4816
haripalharry2016@gmail.com

**Parminder Swaich**
**Surrey (BC)**
604-760-4794
**pswaich@hotmail.com**

**Graphic Desinger**
**Baljinder Singh**
+91-92167-29598
akashdeep.1064@gmail.com

**Honorary Advisory Board**

**Sukhdev Singh Sandhu (Toronto)**

**Master Balbir Singh Gill (Toronto)**

**Jaspreet Dhaliwal (Toronto)**

**Harcharan Singh Parhar Calgary**

**Malkit Singh Abbotsford (BC)**

**Narbhinder Singh (India) (Punjab)**
935-443-0211

**Buta Singh Nawan Shahr (Punjab)**
946-347-4342
atoozed@gmail.com

**Jaswant Zirakh (India) (Punjab)**
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# ਕੋਰੋਨਾ ਪਾਬੰਦੀਆਂ ਦੀ ਮੰਦਹਾਲੀ ਵਿੱਚ ਫਸੇ ਕੁਵੈਤੀ ਭਾਰਤ ਮੁੜਣ ਤੋਂ ਅਸਮਰਥ

**ਗੁਰਮੀਤ ਸਿੰਘ ਮੱਲ੍ਹਾ**





ਸੰਸਾਰ ਭਰ ਵਿੱਚ ਕੋਰੋਨਾ ਮਹਾਂਮਾਰੀ ਕਰਕੇ ਕੁਵੈਤ ਵਿੱਚ ਫਸੇ ਲੱਖਾਂ ਭਾਰਤੀ ਕਾਮੇ ਬੇ-ਰੋਜ਼ਗਾਰੀ, ਭੁੱਖ ਦੀ ਮਾਰ ਝੱਲਦੇ ਹੋਏ ਆਪਣੇ ਘਰਾਂ ਨੂੰ ਜਾਣ ਲਈ ਆਸ ਲਾਈ ਬੈਠੇ ਹਨ ਪਰ ਮੋਦੀ ਸਰਕਾਰ ਦੀ ਬੇ-ਰੁਖੀ ਕਾਰਨ, ਇਹਨਾਂ ਦੇ ਸਬਰ ਦਾ ਬੰਨ੍ਹ ਟੁੱਟ ਰਿਹਾ ਹੈ। ਖਾਣ ਸਮੱਗਰੀ ਦੀ ਸਮੱਸਿਆ ਵਿੱਚ ਘਿਰੇ ਜੇਬਾਂ ਵਿੱਚੋਂ ਪੈਸਾ ਖਰਚ ਕੇ ਆਉਣ ਲਈ ਮਜਬੂਰ ਲੋਕਾਂ ਲਈ, ਨਾ ਤਾਂ ਭਾਰਤੀ ਦੂਤਾਵਾਸ ਅਤੇ ਨ ਹੀ ਕੁਵੈਤੀ ਸਰਕਾਰ ਕੋਈ ਪ੍ਰਬੰਧ ਕਰ ਰਹੀ ਹੈ। ਕੂਵੈਤ ਵਿੱਚ ਕਮਮ ਕਰ ਰਹੀਆਂ ਕੁਝ ਸਮਾਜ ਸੇਵੀ ਜੱਥੇਬੰਦੀਆਂ ਨੇ ਪੰਜਾਬ ਸਰਕਾਰ ਅਤੇ ਮੋਦੀ ਸਰਕਾਰ ਤੋਂ ਮਦਦ ਦੀ ਮੰਗ ਕੀਤੀ ਹੈ। ਸੰਸਾਰ ਦੇ ਵੱਖ-ਵੱਖ ਦੇਸ਼ਾਂ ਵਿੱਚ ਵਸਦੇ ਐਨ. ਆਰ. ਆਈ. ਭਾਰਤੀਆਂ ਦੀ ਕੌਮਾਂਤਰੀ ਜੱਥੇਬੰਦੀ 'ਐਨ.ਆਰ.ਆਈ ਇਨਕਲਾਬੀ ਮੰਚ' ਨੇ ਵੀ ਭਾਰਤ ਸਰਕਾਰ ਦੀ ਗੈਰ-ਜ਼ੁੰਮੇਵਾਰੀ ਪ੍ਰਤੀ ਸਖਤ ਰੋਸ ਦਾ ਪ੍ਰਗਟਾਵਾ ਕਰਦੇ ਹੋਏ ਸਮੇਂ ਸਿਰ ਮਦਦ ਦੀ ਮੰਗ ਕੀਤੀ ਹੈ। ਪੰਜਾਬ ਅਗੇਨਸਟ ਕੁਰੱਪਸ਼ਨ ਅਤੇ ਕੈਨੇਡਾ ਤੋਂ ਛਪਦੇ ਲੋਕ ਪੱਖੀ ਅਖਬਾਰ, ਆਦਾਰਾ 'ਸਰੋਕਾਰਾਂ ਦੀ ਅਵਾਜ਼' ਵੱਲੋਂ ਵੀ ਕੁਵੈਤ ਵਿੱਚ ਫਸੇ ਭਾਰਤੀਆਂ ਨਾਲ ਸਾਂਝ ਦਾ ਪ੍ਰਗਟਾਵਾ ਕਰਦੇ ਹੋਏ, ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਫੌਰੀ ਤੌਰ ਤੇ ਮੁਫਤ ਮਦਦ ਕੀਤੀ ਜਾਵੇ।

ਕੌਮਾਂਤਰੀ ਜੱਥੇਬੰਦੀ 'ਐਨ ਆਰ ਆਈ ਇਨਕਲਾਬੀ ਮੰਚ' ਕੁਵੈਤ ਦੇ ਸਕੱਤਰ ਅਤੇ ਭਾਰਤੀਆਂ ਦੀ ਮਦਦ ਦੀ ਸਮਾਜ ਸੇਵਾ ਲਈ ਸਰਗਰਮ ਸ੍ਰੀ ਗੁਰਮੀਤ ਸਿੰਘ ਮੱਲ੍ਹਾ ਨੇ ਭਾਰਤ ਸਰਕਾਰ ਦੀ ਲਾਪਰਵਾਹੀ ਲਈ ਰੋਸ ਜਾਹਿਰ ਕੀਤਾ। ਉਨ੍ਹਾਂ ਦੱਸਿਆ ਕਿ ਭਾਰਤ ਵਿੱਚ ਬੇ-ਰੋਜ਼ਗਾਰੀ ਤੋਂ ਸਤਾਏ ਲੱਖਾਂ ਨੌਜਵਾਨ ਅਰਬ ਮੁਲਕਾਂ ਵਿੱਚ ਕੰਮਾਂ ਲਈ ਬੈਠੇ ਹਨ। ਇੱਕਲੇ ਕੁਵੈਤ ਵਿੱਚ ਤਕਰਬਿਨ 91,000 ਭਾਰਤੀ ਕਾਮੇ ਹਨ ਜਿਨ੍ਹਾਂ ਵਿੱਚ 45,000 ਦੇ ਕਰੀਬ ਸਿਰਫ ਪੰਜਾਬੀ ਹਨ, ਇਹ ਸਾਰੇ ਨੌਜਵਾਨ ਕਰਜ਼ੇ ਚੁੱਕ ਕੇ ਇਥੇ ਆਏ ਹਨ। ਕੋਰੋਨਾ ਪਾਬੰਦੀਆਂ ਕਾਰਣ ਆਪਣਾ ਰੋਜ਼ਗਾਰ ਗਵਾ ਚੁੱਕੇ ਹਨ ਅਤੇ ਆਪੋ-ਆਪਣੇ ਘਰਾਂ ਵਿੱਚ ਲਾਕਡਾਉਨ ਅੰਦਰ ਫਸੇ ਹਨ। ਇਨ੍ਹੇ ਲੰਬੇ ਸਮੇਂ ਵਿੱਚ ਉਹ ਬਿਨਾਂ ਕਿਸੇ ਆਮਦਨ ਤੋਂ ਘਰਾਂ ਦੇ ਕਿਰਾਏ ਤੇ ਹੋਰ ਖਰਚੇ ਝੱਲ ਰਹੇ ਹਨ। ਹੌਲ੍ਹੀ ਹੌਲ੍ਹੀ ਆਪਣੀ ਜਮਾਂ ਪੂੰਜੀ ਖਰਚ ਖਾਲੀ ਹੋਕੇ, ਮਕਾਨ ਮਾਲਕਾਂ ਵੱਲੋਂ ਕੱਢੇ ਜਾਣ ਤੇ ਬੇਘਰੇ ਅਤੇ ਮਾੜੀ ਹਾਲਤ ਵਿੱਚ ਹਨ। ਭਾਰਤ ਸਰਕਾਰ ਨੇ ਇਨ੍ਹਾਂ ਦੀ ਮਦਦ ਲਈ "ਬੰਦੇ ਭਾਰਤ ਮਿਸ਼ਨ" ਦੇ ਨਾਮ ਤੇ ਮਦਦ ਦਾ ਐਲਾਨ ਕੀਤਾ ਹੈ ਪਰ ਜਮੀਨੀ ਪੱਧਰ ਤੇ ਕੁਵੈਤੀ ਭਾਰਤੀਆਂ ਨੂੰ ਇਹ ਮਦਦ ਨਸੀਬ ਨਹੀਂ ਹੋਈ। ਭਾਰਤ ਦੀ ਅਰਥ-ਵਿਵਸਥਾ ਵਿੱਚ ਹਿੱਸਾ ਪਾਉਣ ਵਾਲੇ ਇਹ ਕਾਮੇ, ਅੱਜ ਭਾਰਤ ਸਰਕਾਰ ਤੋਂ ਬੇ-ਆਸ ਹੁੰਦੇ ਜਾ ਰਹੇ ਹਨ। ਕੁਵੈਤ ਦੀ ਸਰਕਾਰ ਵਾਪਸ ਭੇਜਣ ਲਈ ਤਿਆਰ ਬੈਠੀ ਹੈ ਪਰ ਮੋਦੀ ਸਰਕਾਰ ਦੀ ਲਾਪਰਵਾਹ ਕਾਰਣ ਇਹ ਇਤੇ ਫਸੇ ਬੈਠੇ ਹਨ। ਭਾਰਤੀ ਦੂਤਾਵਾਸ, ਭਾਰਤ ਸਰਕਾਰ ਅਤੇ ਪੰਜਾਬ ਲਈ ਪੰਜਾਬ ਸਰਕਾਰ ਮਨਜ਼ੂਰੀ ਦੇਣ ਲਈ ਵੀ ਤਿਆਰ ਨਹੀਂ। ਕੁਝ ਕੁ ਉਡਾਨਾਂ ਨੂੰ ਮਨਜੂਰੀ ਦਿੱਤੀ ਗਈ ਹੈ ਪਰ ਪੰਜਾਬ ਨੂੰ ਇੱਕ ਵੀ ਫਲਾਇਟ ਨਹੀਂ ਭੇਜੀ ਗਈ। ਮਹਿੰਗੀ ਏਅਰ ਟਿਕਟ ਰਾਹੀਂ ਕੁਝ ਕੁ ਚੁਣੀਂਦੇ ਲੋਕ ਜਾਣ ਵਿੱਚ ਕਾਮਯਾਬ ਹੋਏ ਪਰ ਸਾਰੇ ਲੋਕਾਂ ਲਈ ਇਹ ਪ੍ਰੰਬਧ, ਉੱਠ ਦੇ ਮੂੰਹ ਵਿੱਚ ਜੀਰਾ ਲਗਦਾ ਹੈ। ਸਾਰੀਆਂ ਉਡਾਣਾਂ ਦੀ ਟਿਕਟ ਤਕਰੀਬਨ ਤਿੰਨ ਗੁਣਾ ਮਹਿੰਗੇ ਰੇਟ ਤੇ ਵੇਚੀ ਜਾ ਰਹੀ ਹੈ, ਭਾਰਤ ਪਹੁੰਚ ਕੇ ਕਾਰ ਟੈਕਸੀਆਂ ਅਤੇ ਕੁਆਰਨਟੀਨ ਦੇ 14 ਦਿਨਾਂ ਦੇ ਹੋਟਲ ਦਾ ਖਰਚਾ ਅਲਗ। ਇੱਕ ਕਾਮੇ ਦੀ ਜੇਬ ਵਿੱਚੋਂ, ਇਹ ਸਾਰਾ ਖਰਚਾ ਤਕਰੀਬਨ 60,000 ਰੁਪਏ ਪ੍ਰਤੀ ਵਿਅਕਤੀ ਤੱਕ ਹੋ ਸਕਦਾ ਹੈ। ਕੁਵੈਤ ਤੋਂ ਕੁਝ ਕੁ ਫਲਾਇਟਾਂ ਰਾਜਸਥਾਨ, ਮੁੰਬਈ, ਕੇਰਲਾ ਆਦਿ ਤਾਂ ਗਈਆਂ ਹਨ ਪਰ ਪੰਜਾਬ ਕੋਈ ਨਹੀਂ। ਦੂਤਾਵਾਸ ਵਾਲਿਆਂ ਨੇ ਇਸ ਗੱਲ ਦੀ ਮਨਜ਼ੂਰੀ ਨਾ ਮਿਲਣ ਦਾ ਦੋਸ਼ ਪੰਜਾਬ ਸਰਕਾਰ ਤੇ ਲਗਾਇਆ ਹੈ।

ਲੋਕਾਂ ਦੀ ਸੇਵਾ ਵਿੱਚ ਲੱਗੇ, ਡਾ. ਬੀ. ਆਰ. ਅੰਬੇਡਕਰ ਮਿਸ਼ਨਰੀ ਸਭਾ, ਕੁਵੈਤ ਦੇ ਆਗੂ ਜਗਵੀਰ ਸਿੰਘ ਦਿਹਾਣਾ ਦੇ ਦੱਸਿਆ ਕਿ ਵੱਡੀ ਗਿਣਤੀ ਲੋਕ ਆਪਣਾ ਜੇਬ-ਖਰਚਾ ਖਤਮ ਕਰ ਚੁੱਕੇ ਹਨ ਅਤੇ ਕੁਵੈਤੀ ਸਰਕਾਰ ਦੁਆਰਾ ਖੋਲ੍ਹੇ ਮੁਫਤ ਰਾਸ਼ਨ ਦੇ ਡਿਪੂਆਂ 'ਤੇ ਨਿਰਭਰ ਹੋ ਗਏ ਹਨ ਅਤੇ ਭਾਰਤ ਜਾਣ ਦਾ ਇਨ੍ਹਾਂ ਵੱਡਾ ਖਰਚਾ ਵੀ ਝਲਣ ਦੇ ਕਾਬਲ ਨਹੀਂ ਰਹੇ ਹਨ। ਉਨ੍ਹਾਂ ਦੱਸਿਆ ਕਿ ਭਾਰਤੀ ਦੂਤਾਵਾਸ ਅਧਿਕਾਰੀਆਂ ਦੁਆਰਾ ਫੋਨ ਤੇ ਵੀ ਲੋਕਾਂ ਦੀ ਗੱਲ ਨਹੀਂ ਸੁਣੀ ਜਾਂਦੀ। ਬੀਤੇ ਦਿਨਾਂ ਵਿੱਚ ਅਸੀਂ ਆਪਣੇ ਭਾਰਤ ਵਿਖੇ ਕਈ ਮੰਤਰੀਆਂ ਨਾਲ ਵੀ ਤਾਲਮੇਲ ਕਰਣ ਦੀ ਕੋਸ਼ਿਸ਼ ਕੀਤੀ ਪਰ ਕੋਈ ਸਿੱਟਾ ਨਹੀਂ ਨਿਕਲ ਰਿਹਾ। ਉਨ੍ਹਾਂ ਮੰਗ ਕੀਤੀ ਕਿ ਭਾਰਤ ਸਰਕਾਰ ਦੁਆਰਾ ਵਾਪਸੀ ਫਲਾਇਟਾਂ ਦਾ ਸਾਰਾ ਖਰਚਾ ਮੁਫਤ ਕੀਤਾ ਜਾਵੇ ।

ਪੰਜਾਬ ਤੋਂ ਇਨ੍ਹਾਂ ਦੀ ਮਦਦ ਲਈ ਸਰਗਰਮ ਸਮਾਜ ਸੇਵੀ ਸ੍ਰੀ ਸਤਨਾਮ ਸਿੰਘ ਦਾਊਂ ,ਪੰਜਾਬ ਅਗੇਨਸਟ ਕੁਰੱਪਸ਼ਨ ਦੇ ਆਗੂ ਨੇ ਦੱਸਿਆ ਕਿ ਉਹ ਤਕਰੀਬਨ ਪੰਜਾਬ ਅਤੇ ਦਿੱਲੀ ਦੇ ਮੰਤਰੀਆਂ ਦੇ ਧਿਆਨ ਵਿੱਚ ਕੂਵੈਤ ਦੇ ਭਾਰਤੀਆਂ ਦੀ ਮਦਦ ਲਈ ਸੰਪਰਕ ਕਰ ਚੁੱਕੇ ਹਨ ਪਰ ਅਜੇ ਤੱਕ ਕੋਈ ਸਿੱਟਾ ਨਜਰ ਨਹੀਂ ਆ ਰਿਹਾ। ਉਨ੍ਹਾਂ ਦੱਸਿਆ ਕਿ ਮੁੱਖ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੇ ਵੀ ਉਨ੍ਹਾਂ ਦੀ ਸੁਣਵਾਈ ਨਹੀਂ ਕੀਤੀ। ਭਾਰਤੀਆਂ ਦੀ ਕੋਮਾਂਤਰੀ ਜੱਥੇਬੰਦੀ 'ਐਨ. ਆਰ. ਆਈ ਇਨਕਲਾਬੀ ਮੰਚ' ਦੇ ਬੈਲਜੀਅਮ ਤੋਂ ਪ੍ਰਧਾਨ ਸ੍ਰੀ ਦਵਿੰਦਰ ਪੱਪੂ, ਜਨਰਲ ਸੱਕਤਰ ਸ੍ਰੀ ਰੁਪਿੰਦਰ ਜੋਧਾਂ (ਜਪਾਨ), ਚੇਅਰਪਰਸਨ ਸ਼੍ਰੀਮਤੀ ਰਣਬੀਰ ਕੌਰ ਬੱਲ (ਕੈਲੀਫੋਰਨੀਆ), ਵਾਇਸ-ਚੇਅਰਮੈਨ ਬਲਿਹਾਰ ਸੰਧੂ (ਅਸਟ੍ਰੇਲੀਆ), ਸਰਪ੍ਰਸਤ ਡਾ: ਪ੍ਰਦੀਪ ਜੋਧਾਂ (ਕੈਨੇਡਾ) ਅਤੇ ਜੱਥੇਬੰਦਕ ਸਕੱਤਰ ਡਾ: ਹਰਦੀਪ ਸਿੰਘ ਕੈਨੇਡਾ ਨੇ ਵੀ ਕੁਵੈਤੀ ਕਾਮਿਆਂ ਦੀ ਮਾੜੀ ਹਾਲਤ ਲਈ ਭਾਰਤ ਅਤੇ ਪੰਜਾਬ ਸਰਕਾਰ ਨੂੰ ਦੋਸ਼ੀ ਕਰਾਰ ਦਿੱਤਾ ਅਤੇ ਫੋਰੀ ਤੌਰ ਤੇ ਮਦਦ ਦੀ ਮੰਗ ਕੀਤੀ ਹੈ। ਆਦਰਾ 'ਸਰੋਕਾਰਾਂ ਦੀ ਆਵਾਜ਼' ਕੈਨੇਡਾ ਦੇ ਐਡੀਟਰ ਸ੍ਰੀ ਹਰਬੰਸ ਸਿੰਘ ਅਤੇ ਪ੍ਰਧਾਨ ਦਵਿੰਦਰ ਤੂਰ ਨੇ ਵੀ ਕੁਵੈਤੀ ਭਾਰਤੀਆਂ ਦੀ ਹਾਲਤ ਪ੍ਰਤੀ ਚਿੰਤਾ ਜਾਹਿਰ ਕੀਤੀ।

+965 99556397






# ਸੱਤਾ ਨੂੰ ਚਿੰਬੜੇ ਰਹਿਣ ਲਈ ਟਰੰਪ ਦੀ ਨੀਤੀ: ‘ਮੌਤ ਦੀ ਜੈ ! ਬੌਧਿਕਤਾ ਮੁਰਦਾਬਾਦ’



ਬੂਟਾ ਸਿੰਘ ਨਵਾਂਸ਼ਹਿਰ
94634-74342

*[ਹੁਣ ਜਦ ਕਿ ਪੁਲਿਸ ਦੀ ਨਸਲਵਾਦੀ ਹਿੰਸਾ ਵਿਰੁੱਧ ਰੋਸ-ਮੁਜ਼ਾਹਰੇ ਜ਼ੋਰਾਂ ’ਤੇ ਹਨ, ਵਾਈਟ ਹਾਊਸ ਵਿਚ ਫਾਸ਼ੀਵਾਦ ਦੀ ਪੂਰੀ ਚੜ੍ਹਾਈ ਹੈ ਅਤੇ ਕੋਵਿਡ-19 ਅਜੇ ਵੀ ਬਜ਼ਿੱਦ ਹੈ, ਤਾਂ ਮੁਲਕ ਲਈ ਇਹ ਨਿਰਣਾਇਕ ਘੜੀ ਹੈ। ਇਤਿਹਾਸ ਦੇ ਇਸ ਵਿਸਫੋਟਕ ਮੋੜ ਬਾਰੇ ਪ੍ਰੋਫੈਸਰ ਜਾਰਜ ਯੈਂਸੀ ਵੱਲੋਂ ਆਧੁਨਿਕ ਭਾਸ਼ਾ-ਵਿਗਿਆਨ ਦੇ ਪਿਤਾਮਾ ਨੋਮ ਚੌਮਸਕੀ ਨਾਲ ਗੱਲਬਾਤ ਕੀਤੀ ਗਈ, ਜੋ ਦੁਨੀਆ ਦੇ ਸਭ ਤੋਂ ਉੱਘੇ ਲੋਕ ਬੁੱਧੀਜੀਵੀਆਂ ਵਿੱਚੋਂ ਹਨ ਅਤੇ 100 ਤੋਂ ਉੱਪਰ ਕਿਤਾਬਾਂ ਦੇ ਰਚੇਤਾ ਹਨ। ਪ੍ਰੋਫੈਸਰ ਯੈਂਸੀ ਇਮੋਰੀ ਯੂਨੀਵਰਸਿਟੀ ਵਿਖੇ ਫ਼ਿਲਾਸਫ਼ੀ ਦੇ ਪ੍ਰੋਫੈਸਰ ਅਤੇ ਡਾਰਟਮਾਊਥ ਕਾਲਜ ਵਿਖੇ ਮਿੰਟਗੁਮਰੀ ਫੈਲੋ ਹਨ। ਉਹ ਖ਼ੁਦ ਲੇਖਕ, ਸੰਪਾਦਕ ਅਤੇ ਸਹਿ-ਸੰਪਾਦਕ ਵਜੋਂ 20 ਤੋਂ ਉੱਪਰ ਕਿਤਾਬਾਂ ਦੇ ਰਚੇਤਾ ਹਨ। ਇਸ ਗੱਲਬਾਤ ਵਿਚ ਚੌਮਸਕੀ ਦੱਸਦੇ ਹਨ ਕਿ ਮੌਜੂਦਾ ਚੁਣੌਤੀ ਦਾ ਅਸੀਂ ਬਿਹਤਰੀਨ ਮੁਕਾਬਲਾ ਕਿਵੇਂ ਕਰ ਸਕਦੇ ਹਾਂ ਅਤੇ ਅਕਲਮੰਦੀ ਵਾਲੇ ਭਵਿੱਖ ਲਈ ਕਿਵੇਂ ਤਿਆਰ ਹੋ ਸਕਦੇ ਹਾਂ। ਪੇਸ਼ ਹਨ ‘ਟਰੁੱਥਆਊਟ’ 5 ਜੂਨ 2020 ਦੇ ਧੰਨਵਾਦ ਸਹਿਤ ਗੱਲਬਾਤ ਦੇ ਮੁੱਖ ਅੰਸ਼।] ਅਨੁਵਾਦ : ਬੂਟਾ ਸਿੰਘ*

**ਜਾਰਜ ਯੈਂਸੀ:** ਇਸ ਤੋਂ ਪਹਿਲਾਂ ਕਿ ਮੈਂ ਤੁਹਾਨੂੰ ਕੋਵਿਡ-19 ਬਾਰੇ ਸਵਾਲ ਕਰਾਂ, ਮੈਂ ਜਾਰਜ ਫਲੋਇਡ ਦੇ ਹੌਲਨਾਕ ਕਤਲ ਅਤੇ ਇਸ ਬਾਰੇ ਤੁਹਾਡੇ ਵਿਚਾਰ ਜਾਨਣ ਤੋਂ ਸ਼ੁਰੂ ਕਰਨਾ ਚਾਹਾਂਗਾ ਕਿ ਸੰਯੁਕਤ ਰਾਜ ਅਤੇ ਦੁਨੀਆ ਭਰ ਵਿਚ ਹੋ ਰਹੇ ਰੋਸ-ਮੁਜ਼ਾਹਰਿਆਂ ਨੂੰ ਤੁਸੀਂ ਕਿਵੇਂ ਦੇਖਦੇ ਹੋ। ਮੇਰੀ ਦਿਲਚਸਪੀ ਖ਼ਾਸ ਤੌਰ ’ਤੇ ਕਥਿਤ ਬਗ਼ਾਵਤ ਨੂੰ ਕੁਚਲਣ ਲਈ ਟਰੰਪ ਦੀ ਫ਼ੌਜ ਲਾਉਣ ਦੀ ਬਿਆਨਬਾਜ਼ੀ ਪ੍ਰਤੀ ਤੁਹਾਡੇ ਹੁੰਗਾਰੇ ਵਿਚ ਹੈ।

**ਨੋਮ ਚੌਮਸਕੀ:** “ਹੌਲਨਾਕ ਕਤਲ” ਤਾਂ ਸਹੀ ਹੈ। ਲੇਕਿਨ ਹੁਣ ਜੋ ਕਾਲੇ ਅਮਰੀਕਨਾਂ ਦੇ ਕਤਲ ਹੋ ਰਹੇ ਹਨ ਉਹਨਾਂ ਬਾਰੇ ਅਸੀਂ ਸਪਸ਼ਟ ਰਹੀਏ। ਮਿਨੀਐਪੋਲਸ ਵਿਚ ਕੁਛ ਨਸਲਵਾਦੀ ਪੁਲਸੀਆਂ ਦੀ ਵਹਿਸ਼ਤ ਤਾਂ ਅਸਲ ਜੁਰਮ ਦਾ ਬਹੁਤ ਨਿੱਕਾ ਜਿਹਾ ਹਿੱਸਾ ਹੈ।

ਇਹ ਵਿਆਪਕ ਤੌਰ ’ਤੇ ਦੇਖਿਆ ਗਿਆ ਹੈ ਕਿ ਮਹਾਂਮਾਰੀ ਨਾਲ ਮੌਤਾਂ ਦੀ ਦਰ ਸਿਆਹਫ਼ਾਮ ਲੋਕਾਂ ਵਿਚ ਕਿਤੇ ਜ਼ਿਆਦਾ ਹੈ। ਇਕ ਹਾਲੀਆ ਅਧਿਐਨ ਵਿਚ ਖ਼ੁਲਾਸਾ ਹੋਇਆ ਕਿ “ਔਸਤ ਤੋਂ ਜ਼ਿਆਦਾ ਗੋਰੀ ਵਸੋਂ ਵਾਲੀਆਂ ਕਾਊਂਟੀਆਂ ਦੇ ਮੁਕਾਬਲੇ ਔਸਤ ਤੋਂ ਜ਼ਿਆਦਾ ਸਿਆਹਫ਼ਾਮ ਵਸੋਂ ਵਾਲੀਆਂ ਕਾਊਂਟੀਆਂ ਵਿਚ ਕਰੋਨਾਵਾਇਰਸ ਨਾਲ ਮੌਤਾਂ ਹੋਣ ਦੀ ਸੰਭਾਵਨਾ ਤਿੰਨ ਗੁਣਾਂ ਜ਼ਿਆਦਾ ਹੈ। ਸਿਆਹਫ਼ਾਮ ਲੋਕਾਂ ਦੇ ਇਹ ਕਤਲ ਅੰਸ਼ਕ ਤੌਰ ’ਤੇ ਇਸ ਦਾ ਨਤੀਜਾ ਹਨ ਕਿ ਸੰਕਟ ਨਾਲ ਨਜਿੱਠਣ ਲਈ ਵਸੀਲਿਆਂ ਦੀ ਵਰਤੋਂ ਕਿਵੇਂ ਕੀਤੀ ਗਈ, ਜ਼ਿਆਦਾਤਰ “ਗੋਰਿਆਂ ਅਤੇ ਵਧੇਰੇ ਸਰਦੇ-ਪੁੱਜਦੇ ਲੋਕਾਂ ਦੇ ਇਲਾਕਿਆਂ ਵਿਚ”। ਲੇਕਿਨ ਇਸ ਦੀ ਵਧੇਰੇ ਡੂੰਘੀ ਜੜ੍ਹ ਦੁਸ਼ਟ ਨਸਲਵਾਦ ਦੇ ਚਾਰ ਸਦੀਆਂ ਦੇ ਲੁੱਕਵੇਂ ਰਿਕਾਰਡ ਵਿਚ ਪਈ ਹੈ। ਮਨੁੱਖੀ ਇਤਿਹਾਸ ਵਿਚ ਗ਼ੁਲਾਮਦਾਰੀ ਦੀ ਸਿਰੇ ਦੀ ਕਰੂਰ ਵਿਵਸਥਾ ਦੀ ਸਥਾਪਨਾ ਦੇ ਸਮੇਂ ਤੋਂ ਹੀ ਪਲੇਗ ਵੱਖੋ-ਵੱਖਰੀਆਂ ਸ਼ਕਲਾਂ ਅਖ਼ਤਿਆਰ ਕਰਦੀ ਆਈ ਹੈ - ਜੋ ਮੁਲਕ ਦੀ ਸਨਅਤ, ਵਿੱਤ, ਵਣਜ ਅਤੇ ਆਮ ਖ਼ੁਸ਼ਹਾਲੀ ਮੂਲ ਅਧਾਰ ਸੀ - ਲੇਕਿਨ ਉਸ ਦਾ ਅਸਰ ਤਾਂ ਘਟਾ ਦਿੱਤਾ ਗਿਆ, ਕਦੇ ਉਸ ਦਾ ਇਲਾਜ ਨਹੀਂ ਕੀਤਾ ਗਿਆ।

ਅਮਰੀਕਨ ਗ਼ੁਲਾਮਦਾਰੀ ਆਪਣੀ ਕਰੂਰਤਾ ਕਾਰਨ ਹੀ ਨਹੀਂ ਸਗੋਂ ਚਮੜੀ ਦੇ ਰੰਗ ਨਾਲ ਜੁੜੀ ਹੋਣ ਕਾਰਨ ਵੀ ਵਿਲੱਖਣ ਸੀ। ਇਸ ਵਿਵਸਥਾ ਦੇ ਅੰਦਰ, ਹਰੇਕ ਸਿਆਹਫ਼ਾਮ ਚਿਹਰੇ ਦੀ ਨਿਸ਼ਾਨਦੇਹੀ ਇਸ ਤਰ੍ਹਾਂ ਕਰ ਦਿੱਤੀ ਗਈ, ‘ਤੁਹਾਡੀ ਫ਼ਿਤਰਤ ਹੀ ਗ਼ੁਲਾਮ ਹੋਣ ਦੀ ਹੈ।”

ਹੋਰ ਹਿੱਸਿਆਂ ਨਾਲ ਵੀ ਕਠੋਰ ਸਲੂਕ ਕੀਤਾ ਗਿਆ ਹੈ। ਇਕ ਸਦੀ ਪਹਿਲਾਂ ਯਹੂਦੀ ਅਤੇ ਇਤਾਲਵੀ ਲੋਕ ਐਨੇ ਖ਼ੌਫ਼ਜ਼ਦਾ ਅਤੇ ਦੁਰਕਾਰੇ ਹੋਏ ਸਨ ਕਿ 1924 ਦਾ ਨਸਲਵਾਦੀ ਆਵਾਸੀ ਕਾਨੂੰਨ ਉਹਨਾਂ ਨੂੰ ਆਉਣ ਤੋਂ ਰੋਕਣ ਲਈ ਬਣਾਇਆ ਗਿਆ ਸੀ ਜਿਸ ਨੇ ਬਹੁਤ ਸਾਰੇ ਯਹੂਦੀ ਕਬਰਸਤਾਨ ਪਹੁੰਚਾ ਦਿੱਤੇ। ਆਪਣੇ ਹੱਕ ਵਿਚ ਉਦੋਂ ਦੇ ਨਸਲਵਾਦੀ ਇਹ ਦਲੀਲ ਦੇ ਸਕਦੇ ਸਨ ਕਿ ਸਾਨੂੰ ਮੁੱਖ ਮੁਜਰਿਮ ਸਿੰਡੀਕੇਟਾਂ ਚਲਾਉਣ ਵਾਲੇ ਯਹੂਦੀਆਂ ਅਤੇ ਇਤਾਲਵੀਆਂ, ਮੇਯਰ ਲਾਂਸਕੀ, ਅਲ ਕੈਪੋਨ ਅਤੇ ਬੁਗਸੀ ਸੀਜਲ ਵਰਗਿਆਂ ਤੋਂ ਬਚਣ ਲਈ ਇਹ ਕਰਨਾ ਪੈਣਾ ਸੀ। ਲੇਕਿਨ ਓੜਕ ਉਹ ਬਾਕੀ ਸਮਾਜ ’ਚ ਰਚ-ਮਿਚ ਗਏ। ਇਹੋ ਆਇਰਸ਼ਾਂ ਨਾਲ ਵਾਪਰਿਆ।

ਸਿਆਹਫ਼ਾਮਾਂ ਨਾਲ ਵੱਖਰੀ ਤਰ੍ਹਾਂ ਵਾਪਰਿਆ। ਉਹਨਾਂ ਨੂੰ ਨਸਲਵਾਦ ਅਤੇ ਗੋਰੀ ਸ੍ਰੇਸ਼ਟਤਾ ਨਾਲ ਸੰਤਾਪੇ ਸਮਾਜ ਵਿਚ ਰਚਣ-ਮਿਚਣ ਦੇ ਪੱਕੇ ਤੌਰ ’ਤੇ ਅਯੋਗ ਮੰਨਿਆ ਜਾਂਦਾ ਹੈ। ਉਹਨਾਂ ਨੂੰ ਇਹਨਾਂ ਅਸਰਾਂ ਦੇ ਨਾਲ ਸੰਤਾਪ ਦੀਆਂ ਪੈਦਾ ਕੀਤੀਆਂ ਸਦੀਵੀ ਸਮਾਜੀ-ਆਰਥਕ ਖਾਈਆਂ ਦੀ ਪੀੜਾ ਵੀ ਝੱਲਣੀ ਪੈਂਦੀ ਹੈ।




ਪਿਛਲੇ ਚਾਲੀ ਸਾਲਾਂ ਦੇ ਨਵਉਦਾਰ ਹਮਲੇ ਨਾਲ ਇਹ ਹੋਰ ਵੀ ਤਿੱਖੀ ਹੋ ਗਈ ਹੈ ਜੋ ਸ਼ਿਖ਼ਰਲੇ ਅਮੀਰਾਂ ਲਈ ਮਹਾਂ ਵਰਦਾਨ ਹੈ ਜਦਕਿ ਅਤਿ ਕਮਜ਼ੋਰ ਹਿੱਸਿਆਂ ਲਈ ਆਫ਼ਤ ਹੈ।

ਸਿਆਹਫ਼ਾਮ ਅਮਰੀਕਨਾਂ ਦੇ ਕਤਲ ਨਿਗਰਾਨੀ ਹੇਠ ਹੁੰਦੇ ਹਨ। ਬੇਹੱਦ ਕਪਟੀ ਰਾਸ਼ਟਰਪਤੀ ਮਹਾਂਮਾਰੀ ਉੱਪਰ ਕੇਂਦਰਤ ਹੋਣ ਦਾ ਲਾਹਾ ਲੈਂ ਕੇ ਆਪਣੀ ਮੁੱਖ ਹਮਾਇਤੀ ਧਿਰ, ਚੋਟੀ ਦੇ ਅਮੀਰਾਂ ਅਤੇ ਕਾਰਪੋਰੇਟ ਤਾਕਤ ਦੀ ਸੇਵਾ ਵਿਚ ਜੁੱਟਿਆ ਹੋਇਆ ਹੈ। ਇਸ ਦਾ ਇਕ ਤਰੀਕਾ ਅਵਾਮ ਦੀ ਸੁਰੱਖਿਆ ਕਰਨ ਲੇਕਿਨ ਮੁਨਾਫ਼ਿਆਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਕਾਇਦੇ-ਕਾਨੂੰਨਾਂ ਦਾ ਖ਼ਾਤਮਾ ਕਰਨਾ ਹੈ। ਹਾਲੀਆ ਮਹਾਂਮਾਰੀ ਦੌਰਾਨ ਟਰੰਪ ਹਵਾ ਪ੍ਰਦੂਸ਼ਣ ਵਧਾਉਣ ਦੇ ਰਾਹ ਤੁਰ ਪਿਆ ਜਿਸ ਨੇ ਕੋਵਿਡ-19 ਨੂੰ ਐਨਾ ਜ਼ਿਆਦਾ ਘਾਤਕ ਬਣਾ ਦਿੱਤਾ ਹੈ ਕਿ ਇਹ ਦਹਿ-ਹਜ਼ਾਰਾਂ ਅਮਰੀਕਨ ਦੀ ਮੌਤ ਦਾ ਕਾਰਨ ਬਣ ਸਕਦਾ ਹੈ। ਇਹ ਆਮ ਮੌਤਾਂ ਦੀ ਤਰ੍ਹਾਂ ਨਹੀਂ ਹੈ: ‘ਇਸ ਦਾ ਸਭ ਤੋਂ ਵੱਧ ਸ਼ਿਕਾਰ ਘੱਟ ਆਮਦਨੀ ਵਾਲੇ ਸਮੂਹ ਅਤੇ ਗ਼ੈਰਗੋਰੇ ਲੋਕ ਹੋ ਰਹੇ ਹਨ,’ ਜੋ ਸਭ ਤੋਂ ਖ਼ਤਰਨਾਕ ਇਲਾਕਿਆਂ ਵਿਚ ਰਹਿਣ ਲਈ ਮਜਬੂਰ ਹਨ।

ਇਸ ਨੂੰ ਜਾਰੀ ਰੱਖਣਾ ਬਹੁਤ ਸੌਖਾ ਹੈ। ਮੁਜ਼ਾਹਰਾਕਾਰੀ ਇਹ ਭਲੀਭਾਂਤ ਜਾਣਦੇ ਹਨ। ਇਸ ਲਈ ਕਿਸੇ ਅਧਿਐਨ ਦੀ ਲੋੜ ਨਹੀਂ। ਕਈਆਂ ਦਾ ਇਹ ਹੱਡੀਂ ਹੰਢਾਇਆ ਤਜ਼ਰਬਾ ਹੈ। ਉਹ ਸਿਰਫ਼ ਸਿਆਹਫ਼ਾਮ ਸਮੂਹਾਂ ਉੱਪਰ ਪੁਲਸੀ ਵਹਿਸ਼ਤ ਦੇ ਖ਼ਾਤਮੇ ਦੀ ਨਹੀਂ ਸਗੋਂ ਸਮਾਜੀ ਤੇ ਆਰਥਕ ਸੰਸਥਾਵਾਂ ਦੀ ਮੁੱਢੋਂ ਮੁੜ ਢਾਂਚਾਬੰਦੀ ਕੀਤੇ ਜਾਣ ਦੀ ਮੰਗ ਕਰ ਰਹੇ ਹਨ।

ਉਹਨਾਂ ਨੂੰ ਲੋਹੜੇ ਦੀ ਹਮਾਇਤ ਮਿਲ ਰਹੀ ਹੈ, ਇਹ ਨਾ ਸਿਰਫ਼ ਅਸੀਂ ਪੂਰੇ ਮੁਲਕ ਵਿਚ ਇਕਮੁੱਠਤਾ ਕਾਰਵਾਈਆਂ ਤੋਂ ਸਗੋਂ ਪੋਲ ਸਰਵੇਖਣਾਂ ਤੋਂ ਵੀ ਦੇਖ ਸਕਦੇ ਹਾਂ। ਜੂਨ ਦੇ ਸ਼ੁਰੂ ਦੇ ਇਕ ਪੋਲ ਸਰਵੇਖਣ ਤੋਂ ਸਾਹਮਣੇ ਆਇਆ ਕਿ 64ਫ਼ੀਸਦੀ ਬਾਲਗ ਅਮਰੀਕਨਾਂ ਦੀ ਮੁਜ਼ਾਹਰਾਕਾਰੀ ਲੋਕਾਂ ਨਾਲ ਹਮਦਰਦੀ ਹੈ, ਜਦਕਿ 27ਫ਼ੀਸਦੀ ਨੇ ਹਮਦਰਦੀ ਨਹੀਂ ਦਿਖਾਈ ਅਤੇ 9 ਫ਼ੀਸਦੀ ਇਸ ਬਾਰੇ ਜੱਕੋਤੱਕੀ ਵਿਚ ਸਨ।

ਇਸ ਦੀ ਤੁਲਨਾ ਇਸੇ ਤਰ੍ਹਾਂ ਦੇ ਮੁਜ਼ਾਹਰਿਆਂ ਨਾਲ ਕੀਤੀ ਜਾ ਸਕਦੀ ਹੈ ਜੋ 1992 ’ਚ ਰੋਡਨੀ ਕਿੰਗ ਨੂੰ ਕੁੱਟ-ਕੁੱਟ ਕੇ ਅਧਮੋਇਆ ਕਰ ਦੇਣ ਵਾਲੇ ਲਾਸ ਏਂਜਲਸ ਦੇ ਪੁਲਿਸ ਅਫ਼ਸਰਾਂ ਨੂੰ ਬਰੀ ਕਰ ਦਿੱਤੇ ਜਾਣ ’ਤੇ ਹੋਏ। ਇਸ ਪਿੱਛੋਂ ਇਕ ਹਫ਼ਤਾ ਫ਼ਸਾਦ ਹੁੰਦੇ ਰਹੇ, 60 ਤੋਂ ਉੱਪਰ ਮੌਤਾਂ ਹੋਈਆਂ ਅਤੇ ਆਖ਼ਿਰਕਾਰ ਰਾਸ਼ਟਰਪਤੀ ਦੇ ਬੁਸ਼ ਫੈਡਰਲ ਦਸਤਿਆਂ ਦੀ ਮਦਦ ਨਾਲ ਨੈਸ਼ਨਲ ਗਾਰਡਾਂ ਨੇ ਇਹ ਦਬਾ ਦਿੱਤੇ। ਰੋਸ-ਮੁਜ਼ਾਹਰੇ ਜ਼ਿਆਦਾਤਰ ਲਾਸ ਏਂਜਲਸ ਤਕ ਸੀਮਤ ਸਨ, ਅੱਜ ਵਰਗੇ ਬਿਲਕੁਲ ਨਹੀਂ ਸਨ।

ਟਰੰਪ ਉੱਪਰ ਸਿਰਫ਼ ਆਪਣੇ ਹਿਤ ਦਾ ਭੂਤ ਸਵਾਰ ਹੈ ਕਿ ਉਹ ਆਪਣੇ ਵੋਟ ਆਧਾਰ ਦੇ ਘੋਰ ਨਸਲਵਾਦੀ ਅਤੇ ਫ਼ਸਾਦੀ ਹਿੱਸਿਆਂ ਨੂੰ ਭੜਕਾਉਣ ਲਈ ਇਸ ਤ੍ਰਾਸਦੀ ਦਾ ਲਾਹਾ ਕਿਵੇਂ ਲੈ ਸਕਦਾ ਹੈ। ਹਿੰਸਕ ਸੱਦੇ ਦੇਣਾ ਉਸ ਦੀ ਕੁਦਰਤੀ ਪ੍ਰਵਿਰਤੀ ਹੈ: ਮਸਲਨ ‘ਸਭ ਤੋਂ ਦੁਸ਼ਟ ਕੁੱਤੇ, ਸਭ ਤੋਂ ਮਨਹੂਸ ਹਥਿਆਰ, ਜੋ ਮੈਂ ਕਦੇ ਨਹੀਂ ਦੇਖੇ।’ ਅਤੇ ‘ਗੰਦ’ ਨੂੰ ਐਸਾ ਸਬਕ ਸਿਖਾਉਣ ਲਈ ਫ਼ੌਜ ਭੇਜੋ ਜੋ ਉਹ ਕਦੇ ਨਾ ਭੁੱਲ ਸਕਣ।

ਟਰੰਪ ਦੀ ਗੁਸਤਾਖ਼ ਵਸੋਂ ਉੱਪਰ ਹਿੰਸਾ ਨਾਲ ‘ਕਾਬੂ ਪਾਉਣ’ ਦੀ ਯੋਜਨਾ ਕਾਰਨ ਮੁਜ਼ਾਹਰਾਕਾਰੀਆਂ ਲਈ ਹਮਦਰਦੀ ਦੇ ਇਜ਼ਹਾਰਾਂ ਦੇ ਨਾਲ-ਨਾਲ ਵਿਆਪਕ ਰੋਹ ਪੈਦਾ ਹੋ ਗਿਆ, ਸਖ਼ਤ ਨਿਖੇਧੀ ਕਰਨ ਵਾਲਿਆਂ ’ਚ ਜਾਇੰਟ ਚੀਫ਼ ਆਫ਼ ਸਟਾਫ਼ ਦਾ ਸਾਬਕਾ ਚੇਅਰਮੈਨ ਵੀ ਸ਼ਾਮਲ ਹੈ। ਸਾਬਕਾ ਚੇਅਰਮੈਨ ਐਡਮਿਰਲ ਮਾਈਕ ਮੂਲਨ ਨੇ ਲਿਖਿਆ: “ਗੋਰਾ ਹੋਣ ਕਰਕੇ ਮੈਂ ਅਫ਼ਰੀਕੀ ਅਮਰੀਕਨਾਂ ਦੇ ਅਜੋਕੇ ਡਰ ਅਤੇ ਗੁੱਸੇ ਨੂੰ ਪੂਰੀ ਤਰ੍ਹਾਂ ਸਮਝ ਲੈਣ ਦਾ ਦਾਅਵਾ ਤਾਂ ਨਹੀਂ ਕਰ ਸਕਦਾ....ਥੋੜ੍ਹਾ ਵਾਹ-ਵਾਸਤਾ ਹੋਣ ਕਰਕੇ ਮੈਨੂੰ ਇਹ ਸਮਝਣ ਲਈ ਕਾਫ਼ੀ ਜਾਣਕਾਰੀ ਹੈ - ਅਤੇ ਮੈਂ ਕਾਫ਼ੀ ਦੇਖ ਚੁੱਕਾ ਹਾਂ - ਕਿ ਉਹ ਭਾਵਨਾਵਾਂ ਸੱਚੀਆਂ ਹਨ ਅਤੇ ਇਹਨਾਂ ਦਾ ਆਧਾਰ ਬਹੁਤ ਹੀ ਦੁਖਦਾਈ ਹੈ।’

ਬੀਤੇ ਦੋ ਦਹਾਕਿਆਂ ਦੇ ਬਦਲਾਓ ਸ਼ਾਇਦ ਇਸ ਦਾ ਸੰਕੇਤ ਹਨ ਕਿ ਵਸੋਂ ਦੇ ਵੱਡੇ ਹਿੱਸਿਆਂ ਨੇ ਸਾਡੇ ਸਮਾਜ ਦੀਆਂ ਲੰਮੇ ਸਮੇਂ ਤੋਂ ਲੁਕੀਆਂ ਸਚਾਈਆਂ ਨੂੰ ਬੁੱਝਣਾ ਸ਼ੁਰੂ ਕਰ ਦਿੱਤਾ ਹੈ, ਇਹ ਘੁੱਪ ਹਨੇਰ ਸਮਿਆਂ ਵਿਚ ਚਾਨਣ ਦੀ ਕਿਰਨ ਹੈ।

ਸਾਨੂੰ ਅਕਸਰ ਦੱਸਿਆ ਜਾਂਦਾ ਹੈ ਕਿ ਸੰਯੁਕਤ ਰਾਜ ਦੁਨੀਆ ਦਾ ਸਭ ਤੋਂ ਤਾਕਤਵਰ ਮੁਲਕ ਹੈ। ਸਾਡੀ ਪਰਵਰਿਸ਼ ‘ਅਮਰੀਕਨ ਵਿਸ਼ੇਸ਼ਵਾਦ’ ਦੀ ਖ਼ੁਰਾਕ ਦੇ ਕੇ ਕੀਤੀ ਜਾਂਦੀ ਹੈ। ਆਲਮੀ ਪੱਧਰ ’ਤੇ ਕੋਵਿਡ-19 ਨਾਲ ਸਭ ਤੋਂ ਵੱਧ ਮੌਤਾਂ ਸਾਡੇ ਹੋਈਆਂ ਹਨ। ਸਾਡਾ ਪ੍ਰਬੰਧ ਇਸ ਨਾਲ ਨਜਿੱਠਣ ਲਈ ਤਿਆਰ ਨਹੀਂ ਸੀ। ਇਸ ਨਾਕਾਬਲੀਅਤ ਦੀ ਵਿਆਖਿਆ ਤੁਸੀਂ ਕਿਵੇਂ ਕਰਦੇ ਹੋ, ਅਤੇ ਇਸ ਸਭ ਕਾਸੇ ਵਿਚ ਟਰੰਪ ਕੀ ਭੂਮਿਕਾ ਰਹੀ ਹੈ?

**ਤਿਆਰੀ ਦੀ ਘਾਟ ਦੇ ਤਿੰਨ ਬੁਨਿਆਦੀ ਕਾਰਨ ਹਨ:** ਪੂੰਜੀਵਾਦੀ ਤਰਕ, ਨਵਉਦਾਰ ਮੱਤ ਅਤੇ ਰਾਜਨੀਤਕ ਲੀਡਰਸ਼ਿਪ ਦਾ ਚਰਿੱਤਰ। ਇਹਨਾਂ ਨੂੰ ਸੰਖੇਪ ਵਿਚ ਵਾਰੋ-ਵਾਰੀ ਲੈਂਦੇ ਹਾਂ।

2003 ਦੀ ਸਾਰਸ ਮਹਾਮਾਰੀ ਉੱਪਰ ਕਾਬੂ ਪਾ ਲੈਣ ਤੋਂ ਬਾਦ ਵਿਗਿਆਨੀ ਭਲੀਭਾਂਤ ਜਾਣਦੇ ਸਨ ਕਿ ਹੋਰ ਮਹਾਮਾਰੀ ਫੈਲ ਸਕਦੀ ਹੈ ਅਤੇ ਇਸ ਦੀ ਵਜ੍ਹਾ ਹੋਰ ਕਰੋਨਾਵਾਇਰਸ ਬਣੇਗਾ। ਉਹ ਤਿਆਰੀ ਲਈ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਵੀ ਜਾਣਦੇ ਸਨ। ਲੇਕਿਨ ਗਿਆਨ ਹੀ ਕਾਫ਼ੀ ਨਹੀਂ ਹੈ। ਕੋਈ ਇਸ ਨੂੰ ਵਰਤਣ ਵਾਲਾ ਵੀ ਹੋਣਾ ਚਾਹੀਦਾ ਹੈ। ਪ੍ਰਤੱਖ ਉਮੀਦਵਾਰ ਦਵਾ ਕੰਪਨੀਆਂ ਹਨ ਜਿਹਨਾਂ ਕੋਲ ‘ਮੁਕਤ ਵਪਾਰ’ ਸਮਝੌਤਿਆਂ ਦੀ ਬਦੌਲਤ ਵੱਡੀ ਮਾਤਰਾ ’ਚ ਤਮਾਮ ਲੋੜੀਂਦੇ ਵਸੀਲੇ ਅਤੇ ਬੇਥਾਹ ਮੁਨਾਫ਼ੇ ਹਨ। ਲੇਕਿਨ ਉਹਨਾਂ ਦਾ ਰਾਹ ਪੂੰਜੀਵਾਦੀ ਤਰਕ ਰੋਕੀ ਬੈਠਾ ਸੀ। ਆਫ਼ਤ ਦੀ ਸੰਭਾਵਨਾ ਦੀ ਤਿਆਰੀ ਕਰਨ ’ਚ ਮੁਨਾਫ਼ੇ ਨਹੀਂ ਮਿਲਣੇ ਸਨ - ਅਤੇ ਜਿਵੇਂ ਚਾਲੀ ਸਾਲ ਪਹਿਲਾਂ ਨਵਉਦਾਰ ਯੁੱਗ ਦੇ ਉਦੈ ਹੋਣ ਵੇਲੇ ਅਰਥਸ਼ਾਸਤਰੀ ਮਿਲਟਨ ਫ਼ਰੀਡਮੈਨ ਨੇ ਜ਼ੋਰ ਦਿੱਤਾ ਸੀ, ਕਾਰਪੋਰੇਸ਼ਨ ਦੀ ਇਕੋਇਕ ਜ਼ਿੰਮੇਵਾਰੀ ਸ਼ੇਅਰਹੋਲਡਰਾਂ ਦਾ ਮੁੱਲ ਵਧਾਉਣਾ (ਅਤੇ ਦੌਲਤ ਦੀ ਮੈਨੇਜਮੈਂਟ) ਹੈ। 2017 ’ਚ ਮੁੱਖ ਦਵਾ ਕੰਪਨੀਆਂ ਨੇ ਕਰੋਨਾਵਾਇਰਸ ਸਮੇਤ ਪੈਥੋਜ਼ੈਨਾਂ ਉੱਪਰ ਤੇਜ਼ੀ ਨਾਲ ਖੋਜ ਕਰਨ ਦੀ ਤਜਵੀਜ਼ ਰੱਦ ਕਰ ਦਿੱਤੀ।

ਦੂਜਾ ਉਮੀਦਵਾਰ ਸਰਕਾਰ ਹੈ, ਜਿਸ ਕੋਲ ਲੋੜੀਂਦੇ ਵਸੀਲੇ ਹਨ ਅਤੇ ਜਿਸ ਨੇ ਵੈਕਸੀਨ ਅਤੇ ਦਵਾਈਆਂ ਵਿਕਸਤ ਕਰਨ ’ਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਲੇਕਿਨ ਇਸ ਦਾ ਰਾਹ ਰੀਗਨ ਦੇ ਜ਼ਮਾਨੇ ਤੋਂ ਭਾਰੂ ਨਵਉਦਾਰ ਮੱਤ ਨੇ ਰੋਕਿਆ ਹੋਇਆ ਹੈ ਜਿਸ ਨੇ ਸਾਨੂੰ ਦੱਸਿਆ ਕਿ ਸਮੱਸਿਆ ਤਾਂ ਸਰਕਾਰ ਹੈ - ਭਾਵ ਜੋ ਫ਼ੈਸਲੇ ਕਿਸੇ ਹੱਦ ਤਕ ਨਾਗਰਿਕਾਂ ਦੇ ਪ੍ਰਭਾਵ ਵਾਲੇ ਹਨ ਉਹ ਸਰਕਾਰ ਕੋਲੋਂ ਲੈ ਕੇ ਗ਼ੈਰਜਵਾਬਦੇਹ ਨਿੱਜੀ ਨਿਰੰਕੁਸ਼ ਤਾਕਤਾਂ ਦੇ ਸਪੁਰਦ ਕਰ ਦੇਣੇ ਚਾਹੀਦੇ ਹਨ ਜੋ ਨਵਉਦਾਰ ਜਿੱਤ ਦੇ ਮੁੱਖ ਏਜੰਟ (ਲਾਭਪਾਤਰ) ਸਨ। ਸੋ, ਸਰਕਾਰ ਨੂੰ ਵੀ ਰੋਕ ਦਿੱਤਾ ਗਿਆ।

ਤੀਜਾ ਕਾਰਕ ਵਿਅਕਤੀਗਤ ਸਰਕਾਰਾਂ ਹਨ। ਰਾਸ਼ਟਰਪਤੀ ਨੂੰ ਅਹਿਮ ਵਿਗਿਆਨਕ ਮੁੱਦਿਆਂ ਤੋਂ ਸੁਚੇਤ ਕਰਨ ਲਈ ਰਾਸ਼ਟਰਪਤੀ ਜਾਰਜ ਐੱਚ. ਡਬਲਯੂ. ਬੁਸ਼ ਨੇ ਸਾਇੰਸ ਅਤੇ ਤਕਨਾਲੋਜੀ ਬਾਰੇ ਸਲਾਹਕਾਰਾਂ ਦੀ ਕੌਂਸਲ (ਪੀਸੀਏਐੱਸਟੀ) ਦੀ ਸਥਾਪਨਾ ਕੀਤੀ ਸੀ। 2009 ’ਚ ਅਹੁਦਾ ਸੰਭਾਲਣ ਤੋਂ ਬਾਦ ਪ੍ਰਧਾਨ ਓਬਾਮਾ ਦੀ ਇਕ ਪਹਿਲੀ ਕਾਰਵਾਈ ਇਹ ਅਧਿਐਨ ਕਰਾਉਣਾ ਸੀ ਕਿ ਮਹਾਮਾਰੀ ਨਾਲ ਕਿਵੇਂ ਨਜਿੱਠਣਾ ਹੈ। ਥੋੜ੍ਹੇ ਹਫ਼ਤੇ ਬਾਦ ਹੀ ਇਹ ਅਧਿਐਨ ਵਾਈਟ ਹਾਊਸ ਦੇ ਸਪੁਰਦ ਕਰ ਦਿੱਤਾ ਗਿਆ। ਵਿਗਿਆਨ-ਮੁਖੀ ਓਬਾਮਾ ਪ੍ਰਸ਼ਾਸਨ ਨੇ ਇਕ ਮਹਾਮਾਰੀ ਬੁਨਿਆਦੀ ਢਾਂਚਾ ਖੜ੍ਹਾ ਕੀਤਾ ਜਿਸ ਨੇ ਲਾਗ ਦੇ ਰੋਗਾਂ ਦੇ ਖ਼ਤਰੇ ਪ੍ਰਤੀ ਅਗਾਊਂ ਹੁੰਗਾਰੇ ਦੀ ਯੋਜਨਾ ਬਣਾਈ। ਇਹ 20 ਜਨਵਰੀ 2017 ਨੂੰ ਟਰੰਪ ਦੇ ਰਾਸ਼ਟਰਪਤੀ ਬਣਨ ਤਕ ਚੱਲਦਾ ਰਿਹਾ। ਫਿਰ ਦਿਨਾਂ ਵਿਚ ਹੀ ਮਹਾਮਾਰੀ ਨਾਲ ਨਜਿੱਠਣ ਦੀਆਂ ਤਿਆਰੀਆਂ ਸਮੇਤ ਕਾਰਜਕਾਰੀ ਬਰਾਂਚ ਬਨਾਮ ਇਸ ਸਮੁੱਚੇ ਬੁਨਿਆਦੀ ਢਾਂਚੇ ਦਾ ਭੋਗ ਪਾਉਣ ਦਾ ਅਮਲ ਵਿੱਢ ਦਿੱਤਾ ਗਿਆ। ਅਸਲ ਵਿਚ ਤਾਂ ਦੂਜੇ ਆਲਮੀ ਯੁੱਧ ਤੋਂ ਲੈ ਕੇ ਜੋ ਦੁਵੱਲੇ ਸਹਿਯੋਗ ਵਾਲੀ ਪਹਿਲਕਦਮੀਂ ਚਲੀ ਆ ਰਹੀ ਸੀ, ਸਾਇੰਸ ਦੀ ਨੀਤੀ ਘਾੜਿਆਂ ਨੂੰ ਜਾਣਕਾਰੀ ਦੇਣ ਦੀ ਉਸ ਭੂਮਿਕਾ ਨੂੰ ਪੁੱਠਾ ਗੇੜਾ ਦੇਣ ਦਾ ਅਮਲ ਵਿੱਢ ਦਿੱਤਾ ਗਿਆ ਜਿਸ ਦੀ ਆਧੁਨਿਕ ਹਾਈਟੈੱਕ ਆਰਥਿਕਤਾ ਦੇ ਵਿਕਾਸ ਵਿਚ ਬਹੁਤ ਮਹੱਤਵਪੂਰਨ ਭੂਮਿਕਾ ਰਹੀ ਹੈ।

ਇਸ ਦੇ ਕੱਫਣ ਵਿਚ ਹੋਰ ਕਿੱਲ ਠੋਕਦੇ ਹੋਏ ਟਰੰਪ ਨੇ ਉਹਨਾਂ ਪ੍ਰੋਗਰਾਮਾਂ ਦਾ ਭੋਗ ਪਾ ਦਿੱਤਾ ਜਿਹਨਾਂ ਵਿਚ ਵਿਗਿਆਨੀ ਚੀਨੀ ਵਿਗਿਆਨੀਆਂ ਨਾਲ ਮਿਲ ਕੇ ਕਰੋਨਾਵਾਇਰਸਾਂ ਦੀ ਜਾਂਚ ਕਰਦੇ ਸਨ। ਹਰ ਸਾਲ ਉਹ ਸੈਂਟਰ ਫ਼ਾਰ ਡਿਸੀਜ਼

ਕੰਟਰੋਲ ਐਂਡ ਪ੍ਰੀਵੈਂਸ਼ਨ (ਸੀਡੀਸੀ) ਨੂੰ ਫੰਡਾਂ ਤੋਂ ਵਾਂਝੇ ਕਰਦਾ ਗਿਆ। ਉਸ ਦੇ ਫਰਵਰੀ 2020 ਦੇ ਬਜਟ ਪ੍ਰਸਤਾਵ ਤਕ ਇਹ ਅਮਲ ਜਾਰੀ ਰਿਹਾ। ਜਦ ਮਹਾਮਾਰੀ ਫੈਲ ਰਹੀ ਸੀ ਉਦੋਂ ਵੀ ਉਹ ਸੀਡੀਸੀ ਫੰਡਾਂ ਵਿਚ ਹੋਰ ਕਟੌਤੀ ਕਰਨ (ਪਰ ਨਾਲ ਹੀ ਫੌਸਿਲ ਫਿਊਲ ਸਨਅਤਾਂ ਦੀਆਂ ਸਬਸਿਡੀਆਂ ਵਧਾਉਣ) ਦੇ ਹੋਕੇ ਦੇ ਰਿਹਾ ਸੀ। ਵਿਗਿਆਨੀਆਂ ਦੀ ਥਾਂ ਸਨਅਤੀ ਅਧਿਕਾਰੀ ਲਾ ਦਿੱਤੇ ਗਏ ਜੋ ਨਿੱਜੀ ਕਾਰੋਬਾਰੀਆਂ ਦੇ ਵੱਧ ਤੋਂ ਵੱਧ ਮੁਨਾਫ਼ੇ ਯਕੀਨੀਂ ਬਣਾਉਣਗੇ, ਅਵਾਮ ਉੱਪਰ ਚਾਹੇ ਇਸ ਦਾ ਕੋਈ ਵੀ ਅਸਰ ਪਵੇ।

ਟਰੰਪ ਦੇ ਫ਼ੈਸਲੇ ਉਸ ਦੇ ਚਹੇਤੇ ਪੰਡਿਤ ਰਸ਼ ਲਿੰਬਾਗ ਦੇ ਨਿਰਣੇ ਦੇ ਅਨੁਸਾਰ ਸਨ ਜਿਸ ਨੂੰ ਉਸ ਨੇ ਪ੍ਰੈਜ਼ੀਡੈਂਸ਼ੀਅਲ ਮੈਡਲ ਆਫ਼ ਫਰੀਡਮ ਨਾਲ ਨਿਵਾਜ਼ਿਆ ਸੀ। ਉਹ ਸਾਨੂੰ ਨਸੀਹਤ ਦਿੰਦਾ ਹੈ ਕਿ ਵਿਦਵਾਨਾਂ, ਮੀਡੀਆ ਅਤੇ ਸਰਕਾਰ ਦੇ ਨਾਲ "ਚੌਮੁਖੀ ਧੋਖੇਬਾਜ਼ੀ" ਦਾ ਚੌਥਾ ਮੂੰਹ ਸਾਇੰਸ ਹੈ 'ਜਿਹਨਾਂ ਦੀ ਹੋਂਦ ਧੋਖੇ ਦੇ ਸਿਰ 'ਤੇ ਹੈ।' ਪ੍ਰਸ਼ਾਸਨ ਦੇ ਰਾਹ-ਦਰਸਾਵਾ ਅਸੂਲ ਫਰਾਂਕੋ ਦੇ ਮੁੱਖ ਜਨਰਲ ਨੇ 1936 'ਚ ਹੀ ਘੜ ਦਿੱਤੇ ਸਨ: "ਬੌਧਿਕਤਾ ਦਾ ਨਾਸ਼ ਹੋਵੇ! ਮੌਤ ਦੀ ਜੈ!"

ਇਸ ਦਾ ਨਤੀਜਾ ਇਹ ਹੋਇਆ ਕਿ ਜਦ ਮਹਾਮਾਰੀ ਨੇ ਹੱਲਾ ਬੋਲਿਆ ਤਾਂ ਸੰਯੁਕਤ ਰਾਜ ਦਾ ਪ੍ਰਬੰਧ ਨਜਿੱਠਣ ਲਈ ਤਿਆਰ ਨਹੀਂ ਸੀ।

ਫਰਵਰੀ ਵਿਚ ਟਰੰਪ ਨੇ ਕਿਹਾ ਕਿ ਕੋਵਿਡ-19 ਛੂ-ਮੰਤਰ ਹੋ ਜਾਵੇਗਾ, ਕਿ 'ਇਕ ਦਿਨ, ਇਹ ਚਮਤਕਾਰ ਵਾਂਗ ਛੂ-ਮੰਤਰ ਹੋ ਜਾਵੇਗਾ।' ਉਸ ਨੇ ਬੱਜਰ ਗ਼ਲਤੀ ਕੀਤੀ ਅਤੇ ਬੀਮਾਰੀ ਨੂੰ ਨਸਲਵਾਦੀ ਰੰਗਤ ਦੇ ਕੇ ਇਸ ਦਾ ਠੀਕਰਾ ਚੀਨ ਦੇ ਸਿਰ ਭੰਨ ਦਿੱਤਾ। ਕੁਛ ਲੋਕ ਤਾਂ ਇਹ ਦਾਅਵਾ ਵੀ ਕਰਨਗੇ ਕਿ ਕੋਵਿਡ-19 ਪ੍ਰਤੀ ਗ਼ਲਤ ਪਹੁੰਚ ਅਖ਼ਤਿਆਰ ਕਰਨ ਦੇ ਕਾਰਨ ਟਰੰਪ ਦੇ ਹੱਥ ਲਹੂ ਨਾਲ ਲਿੱਬੜੇ ਹੋਏ ਹਨ। ਤੁਹਾਡੀ ਸੋਚ ਕੀ ਹੈ?

ਚੋਟੀ ਦੇ ਅਮੀਰਾਂ ਅਤੇ ਕਾਰਪੋਰੇਟ ਪਾਵਰ ਪ੍ਰਤੀ ਟਰੰਪ ਦੀਆਂ ਸਮਰਪਿਤ ਸੇਵਾਵਾਂ ਦੇ ਨਤੀਜੇ ਵਜੋਂ ਦਹਿ ਹਜ਼ਾਰਾਂ ਅਮਰੀਕਣ ਮੌਤ ਦੇ ਮੂੰਹ 'ਚ ਜਾ ਪਏ। ਲਾਗ ਫੈਲਣ ਤੋਂ ਬਾਦ ਵੀ ਉਸ ਦਾ ਦੋਖੀਪੁਣਾ ਜਾਰੀ ਰਹੀ। ਦਸੰਬਰ 'ਚ ਪਹਿਲੀਆਂ ਅਲਾਮਤਾਂ ਮਿਲਣ ਤੋਂ ਥੋੜ੍ਹੇ ਹਫ਼ਤੇ ਬਾਦ ਹੀ ਚੀਨੀ ਵਿਗਿਆਨੀਆਂ ਨੇ ਵਾਇਰਸ ਦੀ ਸ਼ਨਾਖ਼ਤ ਕਰ ਲਈ ਸੀ, ਜੀਨੋਮ ਲੱਭ ਲਿਆ ਸੀ ਅਤੇ ਇਸ ਦੀ ਜਾਣਕਾਰੀ ਡਬਲਯੂਐੱਚਓ ਅਤੇ ਦੁਨੀਆ ਨੂੰ ਦੇ ਦਿੱਤੀ ਸੀ। ਏਸ਼ੀਆ ਅਤੇ ਸਮੁੰਦਰੀ ਮੁਲਕ ਤੁਰੰਤ ਹਰਕਤ 'ਚ ਆਏ ਅਤੇ ਉਹਨਾਂ ਨੇ ਮੁੱਖ ਤੌਰ 'ਤੇ ਹਾਲਤ 'ਤੇ ਕਾਬੂ ਪਾ ਲਿਆ ਹੈ। ਹੋਰ ਮੁਲਕਾਂ ਵਿਚ ਹਾਲਤ ਵੱਖਰੀ ਸੀ। ਟਰੰਪ ਪਿਛੜ ਗਿਆ। ਦੋ ਮਹੀਨੇ ਸੰਯੁਕਤ ਰਾਜ ਦੀਆਂ ਖੁਫ਼ੀਆ ਏਜੰਸੀਆਂ ਅਤੇ ਸਿਹਤ ਅਧਿਕਾਰੀ ਵਾਈਟ ਹਾਊਸ ਦਾ ਧਿਆਨ ਇੱਧਰ ਦਿਵਾਉਣ ਲਈ ਵਾਹ ਲਾਉਂਦੇ ਰਹੇ, ਕੋਈ ਫ਼ਾਇਦਾ ਨਾ ਹੋਇਆ। ਆਖ਼ਿਰਕਾਰ ਟਰੰਪ ਨੇ ਨੋਟਿਸ ਲਿਆ, ਸੰਭਵ ਤੌਰ 'ਤੇ ਉਦੋਂ ਜਦ ਸਟਾਕ ਮਾਰਕੀਟ ਢਹਿਢੇਰੀ ਹੋ ਗਈ। ਫਿਰ ਤਾਂ ਉੱਥਲ-ਪੁੱਥਲ ਹੀ ਮੱਚ ਗਈ।

ਇਹ ਹੈਰਾਨੀ ਦੀ ਗੱਲ ਨਹੀਂ ਕਿ ਟਰੰਪ ਅਤੇ ਉਸ ਦੇ ਜੋਟੀਦਾਰ ਕੋਈ ਐਸਾ ਬਲੀ ਦਾ ਬੱਕਰਾ ਲੱਭਣ ਦੇ ਸਿਰਤੋੜ ਯਤਨ ਕਰਨ 'ਚ ਲੱਗੇ ਰਹੇ ਜਿਸ ਦੇ ਸਿਰ ਅਮਰੀਕਣਾਂ ਵਿਰੁੱਧ ਆਪਣੇ ਜੁਰਮਾਂ ਦਾ ਠੀਕਰਾ ਭੰਨ ਸਕਣ, ਇਸ ਤੋਂ ਬੇਪ੍ਰਵਾਹ ਹੋ ਕੇ ਉਹ ਕਿੰਨੇ ਹੋਰ ਲੋਕਾਂ ਨੂੰ ਮੌਤ ਦੇ ਮੂੰਹ 'ਚ ਧੱਕ ਰਿਹਾ ਹੈ। ਪਹਿਲਾਂ ਡਬਲਯੂਐੱਚਓ ਦੇ ਫੰਡ ਬੰਦ ਕਰਨਾ ਅਤੇ ਫਿਰ ਇਸ ਵਿੱਚੋਂ ਬਾਹਰ ਆਉਣਾ ਅਫ਼ਰੀਕਾ, ਯਮਨ ਅਤੇ ਬਹੁਤ ਸਾਰੇ ਹੋਰ ਗ਼ਰੀਬ ਅਤੇ ਮਾਯੂਸ ਮੁਲਕਾਂ ਦੇ ਲੋਕਾਂ ਨੂੰ ਹੋਰ ਸਤਾਉਣ ਵਾਲਾ ਹਮਲਾ ਹੈ ਜਿਹਨਾਂ ਨੂੰ ਇਸ ਸੰਸਥਾ ਦੀ ਮੈਡੀਕਲ ਸਹਾਇਤਾ ਨੇ ਕਰੋਨਾਵਾਇਰਸ ਦੇ ਹਮਲੇ ਤੋਂ ਵੀ ਪਹਿਲਾਂ ਬੀਮਾਰੀਆਂ ਦੀ ਭਰਮਾਰ ਤੋਂ ਬਚਾਇਆ ਹੋਇਆ ਸੀ ਅਤੇ ਹੁਣ ਉਹਨਾਂ ਨੂੰ ਇਹਨਾਂ ਨਵੀਂਆਂ ਆਫ਼ਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਪਣੀਆਂ ਚੋਣ ਸੰਭਾਵਨਾਵਾਂ ਨੂੰ ਸੁਧਾਰਨ ਲਈ ਇੰਞ ਕਰਨਾ ਉਸ ਲਈ ਜ਼ਰੂਰੀ ਹੈ।

ਟਰੰਪ ਨੇ ਡਬਲਯੂਐੱਚਓ ਉੱਪਰ ਇਲਜ਼ਾਮ ਲਾਏ ਹਨ ਕਿ ਇਸ ਉੱਪਰ ਚੀਨ ਨੇ ਕਬਜ਼ਾ ਕੀਤਾ ਹੋਇਆ ਹੈ। ਇਲਜ਼ਾਮ ਐਨੇ ਬੇਹੂਦਾ ਹਨ ਕਿ ਚਰਚਾ ਕਰਨ ਦੇ ਵੀ ਲਾਇਕ ਨਹੀਂ। ਬਾਹਰ ਆ ਕੇ ਉਹ ਚੀਨ ਦਾ ਰਸੂਖ਼ ਹੀ ਵਧਾ ਰਿਹਾ ਹੈ। ਲੇਕਿਨ ਮੂਰਖ਼ਤਾ ਲਈ ਉਸ ਦੀ ਨੁਕਤਾਚੀਨੀ ਕਰਨਾ ਸਹੀ ਨਹੀਂ। ਸਿੱਟਾ ਸਿਰਫ਼ ਇਸੇ ਤੱਥ ਉੱਪਰ ਮੋਹਰ ਲਾਉਂਦਾ ਹੈ ਕਿ ਉਸ ਨੂੰ ਤਾਂ ਕਦੇ ਇਸ ਦੀ ਪ੍ਰਵਾਹ ਹੀ ਨਹੀਂ ਸੀ।

ਜ਼ਿੰਮੇਵਾਰੀ ਅਤੇ ਲਹੂ ਲਿੱਬੜੇ ਹੱਥਾਂ ਦੀ ਗੱਲ ਕਰਦਿਆਂ ਇੰਞ ਜਾਪਦਾ ਹੈ ਕਿ ਅਮਰੀਕਾ ਦੇ ਕਈ ਲੋਕਾਂ ਲਈ ਵਿਅਕਤੀਗਤ ਹੱਕਾਂ ਦੀ ਖ਼ਾਸ ਤਰ੍ਹਾਂ ਦੀ ਵਿਆਖਿਆ ਸਮੂਹਿਕ ਸਮਾਜੀ ਜ਼ਿੰਮੇਵਾਰੀ ਉੱਪਰ ਭਾਰੂ ਹੋ ਗਈ ਹੈ ਜੋ ਮਾਸਕ ਪਾਉਣ ਤੋਂ ਸਰੇਆਮ ਨਾਬਰ ਹੋਣ ਸਮੇਤ ਡਬਲਯੂਐੱਚਓ ਅਤੇ ਸੀਡੀਸੀ ਦੀਆਂ ਸਿਫ਼ਾਰਸ਼ਾਂ ਦਾ ਪਾਲਣ ਨਹੀਂ ਕਰ ਰਹੇ। ਤੁਹਾਡੇ ਮੁਤਾਬਿਕ, ਇਸ ਗੁੱਸੇ ਅਤੇ ਦੂਜਿਆਂ ਦੀ ਸਿਹਤ ਅਤੇ ਸੁਰੱਖਿਆ ਪ੍ਰਤੀ ਜ਼ਿੰਮੇਵਾਰੀ ਦੀ ਘਾਟ ਨੂੰ ਕਿਹੜੀ ਗੱਲ ਭੜਕਾ ਰਹੀ ਹੈ?

ਰਿਪਬਲਿਕਨਾਂ ਨੂੰ ਰਾਸ਼ਟਰਪਤੀ ਉੱਪਰ ਅੰਨ੍ਹਾ ਯਕੀਨ ਹੈ, ਉਸ ਦੀਆਂ ਕਾਰਵਾਈਆਂ ਚਾਹੇ ਉਹਨਾਂ ਦਾ ਕਿੰਨਾ ਵੀ ਨੁਕਸਾਨ ਕਰ ਰਹੀਆਂ ਹੋਣ। ਉਸ ਦੇ ਦੁਆਲੇ ਜੁੜੇ ਲੋਕ ਉਸ ਦੀ ਆਪਣੇ ਚਾਪਲੂਸ ਜੀ-ਹਜ਼ੂਰੀਆਂ ਨੂੰ ਛੱਡ ਕੇ ਹਰ ਕਿਸੇ ਨੂੰ ਪਾਸੇ ਕਰ ਦੇਣ ਦੀ ਮੁਹਿੰਮ ਦੀ ਕਾਮਯਾਬੀ ਸਦਕਾ ਉਸ ਦੇ ਰੱਬ ਵਰਗੇ ਅਕਸ ਨੂੰ ਹੋਰ ਫੈਲਾਈ ਜਾਂਦੇ ਹਨ। ਸੈਕਿੰਡ-ਇਨ-ਕਮਾਂਡ ਮਾਈਕ ਪੌਂਪੇ ਵਰਗੇ ਲੋਕ ਜੋ ਇਸੇ ਸੋਚ ਵਿਚ ਮਗਨ ਰਹਿੰਦਾ ਹੈ ਕਿ ਟਰੰਪ ਨੂੰ ਪ੍ਰਮਾਤਮਾ ਨੇ ਇਜ਼ਰਾਇਲ ਨੂੰ ਇਰਾਨ ਤੋਂ ਬਚਾਉਣ ਲਈ ਧਰਤੀ 'ਤੇ ਭੇਜਿਆ ਹੋਵੇਗਾ। ਪੌਂਪੇ ਦੇ ਜੋਟੀਦਾਰ ਵੀ ਉਸੇ ਦੀ ਹਾਂ ਵਿਚ ਹਾਂ ਮਿਲਾਉਂਦੇ ਹਨ ਜੋ ਟਰੰਪ ਦੇ ਹਮਾਇਤੀਆਂ ਦਾ ਸਭ ਤੋਂ ਵੱਡਾ ਆਧਾਰ ਹਨ। ਉਹਨਾਂ ਨੂੰ ਰਿਪਬਲਿਕਨ ਪਾਰਟੀ ਤੋਂ ਵੀ ਆਮ ਕਰਕੇ ਇਹੀ ਸੁਨਣ ਨੂੰ ਮਿਲਦਾ ਹੈ ਜਿਸ ਨੇ ਦਿਆਨਤਦਾਰੀ ਨੂੰ ਤਿਲਾਂਜਲੀ ਦੇ ਰੱਖੀ ਹੈ ਅਤੇ ਉਸ ਦੇ ਕਾਰਿਆਂ ਦੀ ਘਿਣਾਉਣੇ ਰੂਪ 'ਚ ਪੂਜਾ ਕਰਦੀ ਹੈ। ਉਸ ਦੀ ਹਾਂ ਵਿਚ ਹਾਂ ਮਿਲਾਉਣ ਵਾਲੇ ਮੀਡੀਆ ਦਾ ਵੀ ਇਹੀ ਹਾਲ ਹੈ। ਅਧਿਐਨ ਦੱਸਦੇ ਹਨ ਕਿ ਰਿਪਬਲਿਕਨਾਂ ਦੀ ਸੂਚਨਾ ਦਾ ਮੁੱਖ ਸਰੋਤ ਫੌਕਸ ਨਿਊਜ਼, ਲਿੰਬਾਗ ਅਤੇ ਬਰਿਟਬਾਰਟ ਹਨ। ਦਰਅਸਲ, ਇਕ ਮਜ਼ੇਦਾਰ ਜੁਗਲਬੰਦੀ ਵਿਕਸਤ ਹੋ ਗਈ ਹੈ: ਟਰੰਪ ਕੋਈ ਐਲਾਨ ਕਰਦਾ ਹੈ, ਸੀਆਨ ਹੈਨਿਟੀ ਉਸ ਦੀ ਨਵੀਂ ਪੈੜ ਪਾਉਣ ਵਾਲੀ ਖੋਜ ਵਜੋਂ ਜੈ-ਜੈਕਾਰ ਕਰਦਾ ਹੈ, ਅਤੇ ਅਗਲੀ ਸਵੇਰ ਟਰੰਪ ਇਹ ਜਾਨਣ ਲਈ ਫੌਕਸ ਨਿਊਜ਼ ਵੱਲ ਝਾਕਦਾ ਹੈ ਕਿ ਹੁਣ ਕੀ ਸੋਚਿਆ ਜਾਵੇ।

ਲੋਕ ਰਾਇ ਸਰਵੇਖਣਾਂ ਦੇ ਨਤੀਜੇ ਸਪਸ਼ਟ ਹਨ। ਅਪ੍ਰੈਲ ਵਿਚ, ਜਦ ਤੇਜ਼ੀ ਨਾਲ ਫੈਲ ਰਹੀ ਆਫ਼ਤ ਲਈ ਟਰੰਪ ਦੀ ਜ਼ਿੰਮੇਵਾਰੀ ਗੰਭੀਰ ਬਹਿਸ ਦੇ ਘੇਰੇ ਤੋਂ ਬਾਹਰ ਸੀ, ਪਿਊ ਦੇ ਪੋਲ ਸਰਵੇਖਣ ਵਿਚ ਸਾਹਮਣੇ ਆਇਆ ਕਿ 83ਫ਼ੀਸਦੀ ਰਿਪਬਲਿਕਨ ਅਤੇ ਰਿਪਬਲਿਕਨ ਝੁਕਾਅ ਵਾਲੇ ਲੋਕ ਮਹਾਮਾਰੀ ਪ੍ਰਤੀ ਟਰੰਪ ਦੇ ਹੁੰਗਾਰੇ ਨੂੰ ਸ਼ਾਨਦਾਰ ਜਾਂ ਵਧੀਆ ਮੰਨੀ ਬੈਠੇ ਸਨ (ਇਸ ਦੀ ਤੁਲਨਾ 'ਚ ਐਸੀ ਸੋਚ ਵਾਲੇ ਡੈਮੋਕਰੇਟ ਅਤੇ ਡੈਮੋਕਰੇਟਾਂ ਪ੍ਰਤੀ ਝੁਕਾਅ ਵਾਲਿਆਂ ਦੀ ਫ਼ੀਸਦੀ 18 ਸੀ)। ਉਹ ਉਸ ਰਾਸ਼ਟਰਪਤੀ ਦੀ ਸੁਣ ਰਹੇ ਹਨ ਜੋ ਵਾਇਰਸ ਦੀ ਤੁਲਨਾ "ਆਮ ਫਲੂ" ਨਾਲ ਕਰ ਰਿਹਾ ਸੀ, ਅਤੇ ਜਿਸ ਨੇ ਅਪ੍ਰੈਲ ਦੇ ਅੱਧ 'ਚ ਟਵੀਟ ਕਰਕੇ ਆਪਣੇ ਹਮਾਇਤੀਆਂ ਨੂੰ ਆਦੇਸ਼ ਦਿੱਤੇ ਸਨ: "ਵਰਜ਼ੀਨੀਆ ਨੂੰ ਆਜ਼ਾਦ ਕਰਾਓ', ਅਤੇ ਆਪਣੀ ਮਹਾਨ ਦੂਜੀ ਸੋਧ ਨੂੰ ਬਚਾਓ। ਇਸ ਦੀ ਘੇਰਾਬੰਦੀ ਕਰ ਲਈ ਗਈ ਹੈ!' ਦੂਜੀ ਸੋਧ ਦੀ ਭੋਰਾ ਵੀ ਪ੍ਰਸੰਗਿਕਤਾ ਨਹੀਂ ਹੈ, ਲੇਕਿਨ ਟਰੰਪ ਜਾਣਦਾ ਹੈ ਕਿ ਕਦ ਕਿਹੜਾ ਬਟਨ ਦਬਾਉਣਾ ਹੈ। ਉਹ ਜ਼ਾਹਰਾ ਤੌਰ 'ਤੇ ਆਪਣੇ ਦਸਤਿਆਂ ਨੂੰ ਹਥਿਆਰ ਚੁੱਕਣ ਲਈ ਕਹਿ ਰਿਹਾ ਸੀ, ਇਹ ਡੈਮੋਕਰੇਟ ਗਵਰਨਰਾਂ ਵਾਲੇ ਰਾਜਾਂ ਵਿਚ (ਜਿਵੇਂ ਵਰਜ਼ੀਨੀਆ) ਹਥਿਆਰਬੰਦ ਮੁਜ਼ਾਹਰਾਕਾਰੀਆਂ ਨੂੰ ਉਦੋਂ ਹੁਕਮ ਅਦੂਲੀ ਕਰਨ ਲਈ ਉਕਸਾਉਣ ਦੀਆਂ ਉਸ ਦੀਆਂ ਬਹੁਤ ਹੀ ਆਮ ਕੋਸ਼ਿਸ਼ਾਂ ਦਾ ਹਿੱਸਾ ਸੀ, ਜਦ ਤਕਰੀਬਨ 50 ਹਜ਼ਾਰ ਮੌਤਾਂ ਹੋ ਚੁੱਕੀਆਂ ਸਨ।

ਜੇ ਇਸ ਨਾਲ ਮੇਰੀਆਂ ਚੋਣ ਸੰਭਾਵਨਾਵਾਂ ਵਧਦੀਆਂ ਹਨ ਤਾਂ ਯਮਨ ਅਤੇ ਅਫ਼ਰੀਕਨ ਲੋਕਾਂ ਨੂੰ ਹੀ ਨਹੀਂ ਵਧੇਰੇ ਅਮਰੀਕਣਾਂ ਨੂੰ ਮਾਰ ਦੇਈਏ। "ਬੌਧਿਕਤਾ ਦਾ ਨਾਸ਼ ਹੋਵੇ! ਮੌਤ ਦੀ ਜੈ!"

ਜਦ ਅਸੀਂ ਆਸਟ੍ਰੋਟਰਫ਼ ਅਪਰੇਸ਼ਨਾਂ ਅਤੇ ਵੋਟ ਆਧਾਰ ਦੀ ਜੋਸ਼ੀਲੀ ਵਫ਼ਾਦਾਰੀ ਨੂੰ ਬਾਹਰ ਕਰ ਦਿੰਦੇ ਹਾਂ, ਤਾਂ ਪਿੱਛੇ ਬਚੀ 'ਵਿਅਕਤੀਗਤ ਹੱਕਾਂ' ਦੀ ਬਾਕੀ ਅਪੀਲ ਦਾ ਕੋਈ ਸਾਰਥਕ ਭਾਵ ਸਪਸ਼ਟ ਨਹੀਂ ਹੁੰਦਾ।

ਨਾ ਹੀ ਇਹ ਸਪਸ਼ਟ ਹੁੰਦਾ ਹੈ ਕਿ ਮੁਜ਼ਾਹਰਾਕਾਰੀ ਸਮਾਜੀ ਜ਼ਿੰਮੇਵਾਰੀ ਨੂੰ ਰੱਦ ਕਰ ਰਹੇ ਹਨ। ਪ੍ਰਤੱਖ ਤੌਰ 'ਤੇ ਉਹ ਇਸ ਨੂੰ ਇਸ ਤਰ੍ਹਾਂ ਨਹੀਂ ਦੇਖਦੇ। ਉਹ ਤਾਂ ਇਸ ਖ਼ਿਆਲ ਨਾਲ ਹੀ ਹੱਕੇ-ਬੱਕੇ ਰਹਿ ਜਾਣਗੇ ਕਿ ਉਹ ਜੋ ਕਰ ਰਹੇ ਹਨ ਉਹ ਅਸਾਲਟ ਰਾਈਫ਼ਲਾਂ ਚੁੱਕੀ ਸੜਕਾਂ ਉੱਪਰ ਇੱਧਰ-ਉੱਧਰ ਗੋਲੀਆਂ ਚਲਾਉਣ ਵਾਲਿਆਂ ਵਰਗੀ ਕਾਰਵਾਈ ਹੀ ਹੈ, ਹਾਲਾਂਕਿ ਤੁਲਨਾ ਕਰਨੀ ਉਚਿਤ ਹੈ। ਉਹ ਨਹੀਂ ਸੋਚਦੇ ਕਿ ਉਹ ਕਿਸੇ ਦੀ ਜਾਨ ਲਈ ਖ਼ਤਰਾ ਬਣ ਰਹੇ ਹਨ। ਸਗੋਂ ਉਹ (ਪ੍ਰਦਰਸ਼ਨਕਾਰੀ) ਤਾਂ ਆਪਣੇ ਸਤਿਕਾਰਯੋਗ ਨੇਤਾ ਵੱਲੋਂ, ਉਸ ਕੋਸ਼ਿਸ਼ ਦੇ ਕੀਤੇ ਜਾ ਰਹੇ ਵਿਰੋਧ ਦੀ ਹਮਾਇਤ ਕਰ ਰਹੇ ਹਨ ਜੋ ਕੋਸ਼ਿਸ਼ ਰੈਡੀਕਲ ਖੱਬੇਪੱਖੀ, ਸ਼ਾਇਦ ਚੀਨ ਦੀਆਂ ਹਦਾਇਤਾਂ 'ਤੇ, ਉਨ੍ਹਾਂ ਦੇ ਮੁੱਢਲੇ ਹੱਕਾਂ ਨੂੰ ਖਤਮ ਕਰਨ ਅਤੇ ਇਥੋਂ ਤੱਕ ਕਿ ਉਨ੍ਹਾਂ ਦੇ ਹਥਿਆਰ ਖੋਹ ਲੈਣ ਲਈ ਕਰ ਰਹੇ ਹਨ।

ਬਾਕੀ ਸਭ ਇਸੇ ਦਾ ਸੰਕੇਤ ਹੈ ਕਿ ਸਾਡਾ ਮੁਲਕ, ਅਤੇ ਅਮਰੀਕਣ ਸੱਤਾ ਦੀ ਰੋਸ਼ਨੀ 'ਚ ਦੇਖਿਆ ਜਾਵੇ ਤਾਂ ਪੂਰੀ ਦੁਨੀਆ ਹੀ ਘੋਰ ਮੁਸੀਬਤ ਵਿਚ ਹੈ।

ਟਰੰਪ ਦੀ ਨਾਲਾਇਕੀ ਤੋਂ ਇਲਾਵਾ, ਆਲਮੀ ਪੱਧਰ 'ਤੇ ਕੀ ਕਰਨਾ ਦਰਕਾਰ ਹੈ ਤਾਂ ਜੁ ਅਸੀਂ ਇਕ ਹੋਰ ਮਹਾਮਾਰੀ ਨੂੰ ਰੋਕ ਸਕੀਏ ਅਤੇ ਭਵਿੱਖ 'ਚ ਬਿਹਤਰ ਤਿਆਰੀ ਲਈ ਸਾਨੂੰ ਕੀ ਕਰਨਾ ਹੋਵੇਗਾ?

ਮੈਂ ਨਹੀਂ ਸਮਝਦਾ ਕਿ 'ਨਾਲਾਇਕੀ' ਸਹੀ ਸ਼ਬਦ ਹੈ। ਉਹ ਆਪਣੇ ਪ੍ਰਮੁੱਖ ਟੀਚੇ ਪੂਰੇ ਕਰਨ ਲਈ ਪੂਰੀ ਤਰ੍ਹਾਂ ਕਾਬਿਲ ਹੈ। ਇਹ ਹਨ: ਬਹੁਤੇ ਅਮੀਰਾਂ ਨੂੰ ਹੋਰ ਅਮੀਰ ਕਰਨਾ, ਕਾਰਪੋਰੇਟ ਤਾਕਤ ਅਤੇ ਉਹਨਾਂ ਦੇ ਮੁਨਾਫ਼ੇ ਵਧਾਉਣਾ, ਆਪਣੇ ਆਧਾਰ ਦੀ ਪਿੱਠ ਵਿਚ ਛੁਰਾ ਮਾਰਦੇ ਹੋਏ ਉਹਨਾਂ ਨੂੰ ਥਾਂ ਸਿਰ ਰੱਖਣਾ, ਕਾਰਜਕਾਰੀ ਸ਼ਾਖਾ ਦਾ ਭੋਗ ਪਾਉਂਦੇ ਹੋਏ ਤਾਕਤਾਂ ਆਪਣੇ ਹੱਥਾਂ ਵਿਚ ਕੇਂਦਰਤ ਕਰਦੇ ਜਾਣਾ ਅਤੇ ਇਸ ਤਰ੍ਹਾਂ ਕਾਂਗਰਸ ਦੇ ਮੈਂਬਰ ਰਿਪਬਲਿਕਨਾਂ ਨੂੰ ਡਰਾ-ਧਮਕਾ ਕੇ ਰੱਖਣਾ ਤਾ ਜੁ ਉਹ ਦਬੂ ਬਣ ਕੇ ਲਗਭਗ ਹਰ ਚੀਜ਼ ਮੰਨਦੇ ਰਹਿਣ। ਜਿਸ ਨੀਮ-ਹਕੀਮ ਨੂੰ ਟਰੰਪ ਹੱਲਾਸ਼ੇਰੀ ਦੇ ਰਿਹਾ ਸੀ, ਜਦ ਉਸ ਨੂੰ ਸਵਾਲ ਕਰਨ ਦੀ ਹਿੰਮਤ ਕਰਨ ਵਾਲੇ ਵੈਕਸੀਨ ਵਿਕਾਸ ਦੇ ਮੁਖੀ ਸਾਇੰਸਦਾਨ ਨੂੰ ਕੱਢਿਆ ਗਿਆ ਤਾਂ ਰਿਪਬਲਿਕਨਾਂ ਨੇ ਚੂੰ ਤਕ ਨਹੀਂ ਕੀਤੀ। ਜਦ ਉਹ ਉਹਨਾਂ ਇੰਸਪੈਕਟਰ ਜਨਰਲਾਂ ਨੂੰ ਚੁਣ-ਚੁਣ ਕੇ ਕੱਢ ਰਿਹਾ ਹੈ ਜੋ ਵਾਸ਼ਿੰਗਟਨ ਵਿਚ ਪੈਦਾ ਕੀਤੀ ਦਲਦਲ ਉੱਪਰ ਕੁਛ ਕੰਟਰੋਲ ਲਗਾ ਰਹੇ ਸਨ, ਅਤੇ ਨਾਲ ਹੀ ਇਕ ਸਭ ਤੋਂ ਸਤਿਕਾਰੇ ਜਾਂਦੇ 86 ਸਾਲਾ ਸੈਨੇਟਰ ਚੁਕ ਗਰਾਸਲੇ ਨੂੰ ਬੇਇੱਜ਼ਤ ਕੀਤਾ ਜਾ ਰਿਹਾ ਹੈ ਜਿਸ ਨੇ ਆਪਣਾ ਲੰਮਾ ਜੀਵਨ-ਪੰਧ ਇਸ ਪ੍ਰਬੰਧ ਨੂੰ ਸਥਾਪਤ ਕਰਨ ਦੇ ਲੇਖੇ ਲਾ ਦਿੱਤਾ, ਤਾਂ ਇਹਨਾਂ ਸਫ਼ਾਂ ਵਿਚ ਮੁਰਦਾ ਖ਼ਾਮੋਸ਼ੀ ਛਾਈ ਹੋਈ ਹੈ।

**ਇਹ ਇਕ ਪ੍ਰਭਾਵਸ਼ਾਲੀ ਪ੍ਰਾਪਤੀ ਹੈ।**

ਆਲਮੀ ਪੱਧਰ 'ਤੇ ਕੀ ਕੀਤਾ ਜਾਵੇ, ਸਾਇੰਸਦਾਨਾਂ ਦੀ ਸਲਾਹ ਦੀ ਪਾਲਣਾ ਕਰਨੀ ਹੋਵੇਗੀ। ਆਲਮੀ ਤਪਸ਼ ਦੇ ਕਾਰਨ ਹੋਰ ਨਵੀਂ ਮਹਾਮਾਰੀ, ਹੁਣ ਵਾਲੀ ਨਾਲੋਂ ਵੀ ਬਦਤਰ, ਦੇ ਫੈਲਣ ਦੀ ਸੰਭਾਵਨਾ ਹੈ ਜੋ ਟਰੰਪ ਪਲੇਗ ਦੇ ਹੋਰ ਚਾਰ ਸਾਲ ਰਹਿਣ ਨਾਲ ਬਹੁਤ ਜ਼ਿਆਦਾ ਗਰਮ ਪੌਣਪਾਣੀ ਨਾਲ ਪੈਦਾ ਹੋ ਸਕਦੀ ਹੈ। ਇਸ ਨਾਲ ਨਜਿੱਠਣ ਦੀ ਤਿਆਰੀ ਲਈ ਉਸ ਤਰ੍ਹਾਂ ਦੇ ਕਦਮ ਚੁੱਕਣੇ ਹੋਣਗੇ ਜਿਹਨਾਂ ਦੀ ਸਿਫ਼ਾਰਸ਼ 2003 'ਚ ਕੀਤੀ ਗਈ ਸੀ ਅਤੇ ਜਿਹਨਾਂ ਦੇ ਨਿੱਕੇ ਜਿਹੇ ਹਿੱਸੇ ਦਾ ਟਰੰਪ ਵੱਲੋਂ ਤਬਾਹੀ ਮਚਾਉਣ ਵਾਲੀ ਗੁਰਜ ਹੱਥ ਲੈਣ ਤਕ ਪਾਲਣ ਕੀਤਾ ਜਾਂਦਾ ਰਿਹਾ। ਕਰੋਨਾ ਵਾਇਰਸਾਂ ਅਤੇ ਹੋਰ ਸੰਭਾਵੀ ਜ਼ੋਖ਼ਮਾਂ ਦੀ ਤਲਾਸ਼ ਕਰਨ, ਅਲਾਮਤਾਂ ਨੂੰ ਘਟਾਉਣ ਖ਼ਾਤਰ ਵੈਕਸੀਨਾਂ ਅਤੇ ਦਵਾਈਆਂ ਦਾ ਤੇਜ਼ੀ ਨਾਲ ਵਿਕਾਸ ਕਰਨ ਲਈ ਲੋੜੀਂਦੀ ਵਿਗਿਆਨਕ ਸਮਝਦਾਰੀ ਵਿਕਸਤ ਕਰਨ ਅਤੇ ਮਹਾਮਾਰੀ ਦੇ ਅਗਲੇ ਹਮਲਿਆਂ ਦੀ ਸੂਰਤ 'ਚ ਸੰਭਾਵੀ ਯੋਜਨਾਵਾਂ ਨੂੰ ਲਾਗੂ ਕਰਨ ਲਈ ਕੌਮਾਂਤਰੀ ਸਹਿਯੋਗ ਹੋਣਾ ਚਾਹੀਦਾ ਹੈ।

ਖ਼ਾਸ ਤੌਰ 'ਤੇ ਸੰਯੁਕਤ ਰਾਜ ਲਈ ਇਸ ਦਾ ਮਤਲਬ ਹੈ ਸਮਾਜ ਨੂੰ ਨਵਉਦਾਰ ਕੱਟੜਪੁਣੇ ਤੋਂ ਮੁਕਤ ਕਰਾਉਣਾ ਜਿਸ ਦੇ ਸਿਹਤ ਖੇਤਰ (ਅਤੇ ਕਈ ਹੋਰ ਖੇਤਰਾਂ) ਵਿਚ ਕੌੜੇ ਨਤੀਜੇ ਸਾਹਮਣੇ ਹਨ। ਹਸਪਤਾਲਾਂ ਦਾ ਬਿਜਨੈੱਸ ਮਾਡਲ ਆਫ਼ਤ ਨੂੰ ਸੱਦਾ ਦੇਣਾ ਹੈ, ਜਿਹਨਾਂ ਕੋਲ ਕੂੜਾ ਸਮੇਟਣ ਅਤੇ ਵਾਧੂ ਬੋਝ ਚੁੱਕਣ ਦੀ ਸਮਰੱਥਾ ਵੀ ਨਹੀਂ ਹੈ। ਹੋਰ ਵੀ ਆਮ ਕਹਿਣਾ ਹੋਵੇ ਤਾਂ ਨਿਹਾਇਤ ਨਿਕੰਮੀਆਂ ਨਿੱਜੀ ਸਿਹਤ ਸੇਵਾਵਾਂ ਦਾ ਢਾਂਚਾ ਸਮਾਜ ਉੱਪਰ ਭਿਆਨਕ ਬੋਝ ਹੈ, ਜਿਸ ਦਾ ਖ਼ਰਚਾ ਹੋਰ ਵਿਕਸਤ ਮੁਲਕਾਂ ਤੋਂ ਦੁੱਗਣਾ ਹੈ ਅਤੇ ਕੁਛ ਦੀ ਕਾਰਗੁਜ਼ਾਰੀ ਸਭ ਤੋਂ ਘਟੀਆ ਹੈ। ਲਾਸੈਂਟ ਦੇ ਇਕ ਹਾਲੀਆ ਅਧਿਐਨ ਦਾ ਅੰਦਾਜ਼ਾ ਹੈ ਕਿ ਇਸ ਦੀ ਸਾਲਾਨਾ ਲਾਗਤ 500 ਅਰਬ ਡਾਲਰ ਦੇ ਕਰੀਬ ਹੈ ਅਤੇ ਇੱਥੇ 68000 ਜ਼ਿਆਦਾ ਮੌਤਾਂ ਹੁੰਦੀਆਂ ਹਨ। ਕਿੰਨਾ ਘਿਣਾਉਣਾ ਹੈ ਕਿ ਸੰਯੁਕਤ ਰਾਜ ਹੋਰ ਸਮਾਜਾਂ ਦੇ ਹਾਣ ਦਾ ਨਹੀਂ ਹੋ ਸਕਿਆ ਅਤੇ ਇਸ ਦੀ ਬਜਾਏ ਇਸ ਦੀ ਟੇਕ ਆਮ ਸਿਹਤ ਸੇਵਾਵਾਂ ਦੀ ਸਭ ਤੋਂ ਜ਼ਾਲਮ ਅਤੇ ਮਹਿੰਗੀ ਐਮਰਜੈਂਸੀ ਰੂਮ ਵਿਵਸਥਾ ਉੱਪਰ ਹੈ। ਜੇ ਤੁਸੀਂ ਖਿੱਚ-ਧੂਹ ਕੇ ਕਿਸੇ ਐਸੀ ਜਗ੍ਹਾ ਪਹੁੰਚ ਜਾਂਦੇ ਹੋ ਜਿੱਥੇ ਇਲਾਜ ਕਰਵਾ ਸਕੋ ਤਾਂ ਸ਼ਾਇਦ ਫਿਰ ਤੰਦਰੁਸਤ ਬਿੱਲ ਆ ਜਾਵੇ।

ਇਹੀ ਨਵਉਦਾਰ ਕੱਟੜਪੁਣਾ ਨੈਸ਼ਨਲ ਹੈਲਥ ਇੰਸਟੀਚਿਊਟਸ ਨੂੰ ਨਿੱਜੀ ਕੰਪਨੀਆਂ ਨੂੰ ਪਾਸੇ ਕਰਕੇ ਅਤੇ ਅਮਰੀਕੀ ਕਾਨੂੰਨ ਦੀਆਂ ਮੱਦਾਂ ਨੂੰ ਲਾਗੂ ਕਰਦੇ ਹੋਏ ਦਵਾਈਆਂ ਦੀ ਟੈਸਟਿੰਗ ਅਤੇ ਵੰਡ ਲਈ ਲਾਜ਼ਮੀ ਖੋਜ ਅਤੇ ਵਿਕਾਸ ਕਰਨ ਤੋਂ ਰੋਕਦਾ ਹੈ, ਜਿਹਨਾਂ ਕਾਨੂੰਨਾਂ ਨੂੰ ਲਗਾਤਾਰ ਅੱਖੋਂ ਪਰੋਖੇ ਕੀਤਾ ਜਾਂਦਾ ਰਿਹਾ ਹੈ। ਇਸ ਲਈ ਜ਼ਰੂਰੀ ਹੈ ਕਿ ਸਰਕਾਰੀ ਸਹਾਇਤਾ ਨਾਲ ਪੈਦਾ ਕੀਤੀਆਂ ਦਵਾਈਆਂ ਅਵਾਮ ਨੂੰ ਜਾਇਜ਼ ਮੁੱਲ 'ਤੇ ਮੁਹੱਈਆ ਕਰਾਈਆ ਜਾਣ। ਮੇਰੀ ਜਾਣਕਾਰੀ ਅਨੁਸਾਰ ਇਹਨਾਂ ਮਾਮਲਿਆਂ ਦੇ ਸਭ ਤੋਂ ਡੂੰਘੇ ਅਧਿਐਨ ਡੀਨ ਬੇਕਰ ਨੇ ਕੀਤੇ ਹਨ ਜਿਸ ਦਾ ਅੰਦਾਜ਼ਾ ਹੈ ਕਿ ਜੇ ਐਸੇ ਕਦਮ ਚੁੱਕੇ ਜਾਣ ਤਾਂ ਨਵੀਂ ਕਾਢ ਨੂੰ ਕੋਈ ਨੁਕਸਾਨ ਪਹੁੰਚਾਏ ਬਗ਼ੈਰ ਬੇਥਾਹ ਬੱਚਤ ਕੀਤੀ ਜਾ ਸਕਦੀ ਹੈ। (ਦੇਖੋ ਉਸ ਦੀ ਕਿਤਾਬ ਰਿੱਗਡ)

ਇਹ ਤਾਂ ਮਹਿਜ਼ ਇਕ ਸ਼ੁਰੂਆਤ ਹੀ ਹੈ। ਐਸੇ ਡੂੰਘੇ ਸਮਾਜੀ, ਸੱਭਿਆਚਾਰਕ ਅਤੇ ਸੰਸਥਾਗਤ ਮਸਲੇ ਹਨ ਜਿਹਨਾਂ ਨੂੰ ਮੁਖ਼ਾਤਿਬ ਹੋਣਾ ਚਾਹੀਦਾ ਹੈ।

ਇਹ ਮੰਨਦੇ ਹੋਏ ਕਿ ਨਵੰਬਰ ਚੋਣ ਨੇੜੇ ਹੀ ਹੈ, ਕੀ ਤੁਸੀਂ ਸੋਚਦੇ ਹੋ ਕਿ ਸੱਤਾ ਵਿਚ ਬਣੇ ਰਹਿਣ ਲਈ ਟਰੰਪ ਵੋਟਿੰਗ ਘੁਟਾਲੇ ਦੀ ਚਾਲ ਖੇਡ ਸਕਦਾ ਹੈ? ਜੇ ਇੰਞ ਹੁੰਦਾ ਹੈ ਤਾਂ ਇਹ ਰਾਜਨੀਤਕ ਗੇਮ ਖੇਡੇ ਜਾਣ ਦੀ ਸੂਰਤ 'ਚ ਤੁਹਾਡਾ ਪੂਰਵ-ਅਨੁਮਾਨ ਕੀ ਹੈ?

ਟਰੰਪ ਅਤੇ ਉਸ ਦੇ ਜੋਟੀਦਾਰ ਪਹਿਲਾਂ ਹੀ ਇਸ ਘੁਟਾਲੇ ਵਿਚ ਜ਼ੋਰ-ਸ਼ੋਰ ਨਾਲ ਜੁੱਟੇ ਹੋਏ ਹਨ, ਇਹ ਪਹਿਲੀ ਵਾਰ ਨਹੀਂ ਹੋ ਰਿਹਾ। ਉਹਨਾਂ ਨੂੰ ਪਤਾ ਹੈ ਕਿ ਉਹਨਾਂ ਦੀ ਪਾਰਟੀ ਘੱਟਗਿਣਤੀ 'ਚ ਹੈ ਅਤੇ ਰਾਜਨੀਤਕ ਸੱਤਾ ਵਿਚ ਬਣੇ ਰਹਿਣ ਲਈ ਧੋਖੇਬਾਜ਼ੀ ਅਤੇ ਫ਼ਰਾਡ ਦਾ ਸਹਾਰਾ ਲੈਣਾ ਉਹਨਾਂ ਲਈ ਜ਼ਰੂਰੀ ਹੈ। ਉਹਨਾਂ ਦਾ ਬਹੁਤ ਕੁਛ ਦਾਅ 'ਤੇ ਲੱਗਿਆ ਹੋਇਆ ਹੈ। ਹੋਰ ਚਾਰ ਸਾਲ ਸੱਤਾ ਵਿਚ ਰਹਿ ਕੇ ਉਹ ਇਹ ਯਕੀਨੀਂ ਬਣਾਉਣ ਦੇ ਕਾਬਲ ਹੋ ਜਾਣਗੇ ਕਿ ਪੁਸ਼ਤ ਤਕ ਉਹਨਾਂ ਦੀਆਂ ਘੋਰ-ਸੱਜੇਪੱਖੀ ਨੀਤੀਆਂ ਦਾ ਬੋਲਬਾਲਾ ਬਣਿਆ ਰਹੇ ਵਸੋਂ ਚਾਹੇ ਕੁਛ ਵੀ ਚਾਹੁੰਦੀ ਹੋਵੇ। ਸਿਖ਼ਰ ਤੋਂ ਲੈ ਕੇ ਹੇਠਾਂ ਤਕ ਜੁਡੀਸ਼ਰੀ ਨੂੰ ਨੌਜਵਾਨ ਘੋਰ-ਸੱਜੇਪੱਖੀ ਜੂਰਿਸਟਾਂ ਦੇ ਹੱਥਾਂ ਵਿਚ ਦੇਣਾ ਇਹੀ ਤਾਂ ਮੈਕਕਾਨੈਲ ਯੁੱਧਨੀਤੀ ਦਾ ਟੀਚਾ ਰਿਹਾ ਹੈ ਜੋ ਅਵਾਮੀ ਹਿਤ ਵਾਲੇ ਪ੍ਰੋਗਰਾਮਾਂ ਨੂੰ ਰੋਕ ਸਕਦੇ ਹੋਣ। ਮੌਜੂਦਾ ਮੌਕਾ ਖੁੰਝਾ ਦੇਣਾ ਉਹਨਾਂ ਦੇ ਪ੍ਰੋਜੈਕਟ ਲਈ ਕਿਆਮਤ ਬਣ ਸਕਦਾ ਹੈ। ਨਿੱਜੀ ਤੌਰ 'ਤੇ ਟਰੰਪ ਲਈ, ਨੁਕਸਾਨ ਦੀ ਭਾਰੀ ਸੰਭਾਵਨਾ ਹੋ ਸਕਦੀ ਹੈ ਤਦ ਵੀ ਜੇ ਉਹ ਮਨੋਵਿਗਿਆਨਕ ਤੌਰ 'ਤੇ ਇਸ ਨੂੰ ਇਕ ਸਹਿਜ ਮਨੁੱਖ ਦੀ ਤਰ੍ਹਾਂ ਕਬੂਲ ਕਰ ਲੈਣ ਦੇ ਸਮਰੱਥ ਹੋਵੇ। ਜੇ ਉਸ ਦੀ ਬਚਾਓ ਦੀ ਤਾਕਤ ਖੁੱਸ ਜਾਂਦੀ ਹੈ ਤਾਂ ਉਸ ਨੂੰ ਗੰਭੀਰ ਕਾਨੂੰਨੀ ਇਲਜ਼ਾਮਾਂ ਨੂੰ ਸਾਹਮਣਾ ਕਰਨਾ ਪੈ ਸਕਦਾ ਹੈ। ਰਿਪਬਲਿਕ ਪਾਰਟੀ ਵੱਲੋਂ ਉਸ ਦੀ ਅਥਾਰਟੀ ਅੱਗੇ ਗੋਡੇ ਟੇਕ ਦੇਣ ਨਾਲ, ਜੋ ਕਿ ਉੱਤਰੀ ਕੋਰੀਆਈ ਕਾਰਜ-ਸ਼ੈਲੀ ਹੈ, ਉਸ ਨੂੰ ਥੋੜ੍ਹੇ ਅੜਿੱਕਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਾਕੀ ਗੱਲ ਅਸੀਂ ਕਲਪਨਾ ਉੱਪਰ ਛੱਡ ਸਕਦੇ ਹਾਂ।

ਮੇਰੀ ਜਾਚੇ ਹੈ ਤਾਂ ਇਹ ਮਨਹੂਸ ਗੱਲ, ਲੇਕਿਨ ਕੌਣ ਕਹਿ ਸਕਦਾ ਹੈ ਕਿ ਨਿਰੋਲ ਸੱਤਾ ਦੀ ਲਾਲਸਾ 'ਚੋਂ ਸੱਤਾ ਵਿਚ ਬਣੇ ਰਹਿਣ ਦੀ ਟਰੰਪ ਦੀ ਖ਼ਵਾਇਸ਼ ਉਸ ਨੂੰ ਮਿਲੀਸ਼ੀਆ ਬਣਾਉਣ ਲਈ ਨਹੀਂ ਉਕਸਾਏਗੀ? ਤੁਹਾਡੇ ਕੋਈ ਰਾਇ?

ਇਸ ਸੰਭਾਵਨਾ ਨੂੰ ਖਾਰਜ ਨਹੀਂ ਕੀਤਾ ਜਾ ਸਕਦਾ। ਜਿਵੇਂ ਵਿਆਪਕ ਤੌਰ 'ਤੇ ਮੰਨਿਆ ਜਾਂਦਾ ਹੈ, ਮੁਲਕ ਨੂੰ ਦੂਰਗਾਮੀ ਸੰਵਿਧਾਨਕ ਸੰਕਟ ਦਰਪੇਸ਼ ਹੈ। ਸੈਨੇਟ ਤਿੱਖੇ ਰੂਪ 'ਚ ਗ਼ੈਰਜਮਹੂਰੀ ਸੰਸਥਾ ਹੈ, ਇਲੈਕਟੋਰਲ ਕਾਲਜ ਐਨਾ ਨਹੀਂ ਹੈ। ਵਸੋਂ ਬਣਤਰ ਅਤੇ ਢਾਂਚਾਗਤ ਕਾਰਨਾਂ ਦੀ ਵਜ੍ਹਾ ਨਾਲ ਗੋਰੇ, ਈਸਾਈ, ਪੇਂਡੂ, ਰਵਾਇਤੀ, ਅਕਸਰ ਹੀ ਗੋਰੇ ਸ਼੍ਰੇਸ਼ਟਵਾਦੀ ਵੋਟਰਾਂ ਦੀ ਨਿੱਕੀ ਜਹੀ ਘੱਟਗਿਣਤੀ ਉਸ ਤੋਂ ਵੀ ਪਾਰ ਜਾ ਕੇ ਕੰਟਰੋਲ ਬਣਾਈ ਰੱਖ ਸਕਦੀ ਹੈ ਜਿੰਨਾ ਨਸਲਵਾਦੀ ਦੱਖਣੀ ਡੈਮੋਕਰੇਟਾਂ ਨੇ ਨਿਕਸਨ ਦੀ 'ਦੱਖਣੀ ਯੁੱਧਨੀਤੀ' ਵੱਲੋਂ ਉਹਨਾਂ ਨੂੰ ਰਿਪਬਲਿਕਨ ਘੇਰੇ ਵਿਚ ਲਿਆਉਣ ਤੋਂ ਪਹਿਲਾਂ ਬਣਾ ਰੱਖਿਆ ਸੀ। ਅਤੇ ਹਕੀਕਤ ਵਿਚ ਇਸ ਨੂੰ ਸੰਵਿਧਾਨਕ ਸੋਧ ਰਾਹੀਂ ਬਦਲਿਆ ਨਹੀਂ ਜਾ ਸਕਦਾ। ਇਹ ਉੱਕਾ ਹੀ ਅਸੰਭਵ ਨਹੀਂ ਹੈ ਕਿ ਮੰਡਲਾ ਰਿਹਾ ਸੰਕਟ ਟਰੰਪ ਦੇ ਹੱਥਾਂ ਵਿਚ ਬਹੁਤ ਛੇਤੀ ਹੀ ਵਾਪਰ ਜਾਵੇ।



# ਜਮਹੂਰੀ ਹੱਕਾਂ ਦੀ ਰਾਖੀ-ਇੱਕ ਵੱਡੀ ਚੁਣੌਤੀ

- ਕੰਵਲਜੀਤ ਖੰਨਾ



ਸਿਆਸੀ ਵਿਰੋਧ ਅਜੋਕੀ ਹਕੂਮਤ ਦੀ ਬਰਦਾਸ਼ਤ ਤੋਂ ਬਾਹਰ ਹੈ। ਅੱਜ ਪੂਰੇ ਦੇਸ਼ 'ਚ ਮੋਦੀ ਹਕੂਮਤ-2 ਦੇ ਰਾਜ ਅੰਦਰ ਸੰਵਿਧਾਨਕ ਮਰਿਆਦਾ, ਕਾਨੂੰਨ, ਨਿਯਮ ਮੋਮ ਦੀ ਨੱਕ ਬਣਾ ਦਿੱਤੇ ਗਏ ਹਨ। 1947 ਤੋਂ ਬਾਅਦ ਵੱਖ-ਵੱਖ ਰੰਗ ਦੀ ਸਿਆਸੀ ਪਾਰਟੀਆਂ ਦੀਆਂ ਹਕੂਮਤਾਂ ਨੇ 1950 'ਚ ਲਾਗੂ ਕੀਤੇ ਸੰਵਿਧਾਨ 'ਚ ਹੁਣ ਤੱਕ 164 ਸੋਧਾਂ ਕਰਕੇ ਜਮਾਤੀ ਹਿੱਤਾਂ ਨੂੰ ਅਮਲੀ ਰੂਪ ਦੇਣ ਲਈ ਕੋਈ ਕਸਰ ਨਹੀਂ ਛੱਡੀ। ਮੋਦੀ ਦੀ ਭਗਵਾ ਹਕੂਮਤ ਨੇ ਆਪਣੇ ਦੋਹਾਂ ਕਾਰਜਕਾਲਾਂ 'ਚ ਸੰਵਿਧਾਨਕ ਸੋਧਾਂ, ਆਰਡੀਨੈਂਸਾਂ ਦੀ ਵਰਤੋਂ ਕਰਦਿਆਂ ਦੇਸ਼ ਦੇ ਫੈਡਰਲ (ਸੰਘੀ) ਢਾਂਚੇ, ਰਾਜਾਂ ਦੇ ਅਧਿਕਾਰਾਂ ਨੂੰ ਬੁਰੀ ਤਰ੍ਹਾਂ ਪੈਰਾਂ ਹੇਠ ਰੋਲ ਦਿੱਤਾ ਹੈ। ਦੇਸ਼ ਦੀ ਸਮੁੱਚੀ ਨਿਆਂਪਾਲਿਕਾ ਤੋਂ ਮੋਦੀ ਹਕੂਮਤ ਨੇ ਮਨਮਾਫਕ ਫੈਸਲੇ ਕਰਵਾਏ ਹਨ। ਰਾਸਜਨਮ ਭੂਮੀ, ਤਿੰਨ ਤਲਾਕ, ਧਾਰਾ 370, 35ਏ ਨੂੰ ਖਤਮ ਕਰਕੇ ਪੂਰੇ ਕਸ਼ਮੀਰ ਦਾ ਰਾਜ ਦਾ ਦਰਜਾ ਖਤਮ ਕਰਕੇ ਖੁੱਲ੍ਹੀ ਜੇਲ 'ਚ ਬਦਲਨਾ ਜਿਹੇ ਧੱਕੜ ਹੁਕਮਨਾਮੇ ਅਪਣਾ ਰੰਗ ਵਿਖਾ ਰਹੇ ਹਨ। ਨਾਗਰਿਕਤਾ ਸੋਧ ਕਾਨੂੰਨ, ਐਨ.ਆਰ.ਸੀ., ਐਨ.ਪੀ.ਆਰ ਦੇ ਮਾਮਲੇ 'ਚ ਪੂਰੇ ਦੇਸ਼ ਨੇ ਵਿਰੋਧ ਦਾ ਇੱਕ ਨਵਾਂ ਇਤਿਹਾਸ ਸਿਰਜਿਆ ਹੈ। ਮੋਦੀ ਹਕੂਮਤ ਨੇ ਹੁਣ ਕਰੋਨਾ ਸੰਕਟ ਦੀ ਆੜ 'ਚ ਉਸ ਸ਼ਾਨਦਾਰ ਜਨਤਕ ਵਿਰੋਧ ਨੂੰ ਸਿਆਸੀ ਬਦਲਾਖੋਰੀ 'ਚ ਢਾਲਦਿਆਂ ਕਾਲੇ ਜਾਬਰ ਕਾਨੂੰਨਾਂ ਦਾ ਸਹਾਰਾ ਲੈਣਾ ਸ਼ੁਰੂ ਕੀਤਾ ਹੈ। ਚਲਦੇ ਸੰਘਰਸ਼ ਦੌਰਾਨ ਪੂਰੇ ਦੇਸ਼ 'ਚ ਵਿਸ਼ੇਸਕਰ ਯੂ.ਪੀ. 'ਚ ਮੋਦੀ, ਯੋਗੀ ਹਕੂਮਤ ਨੇ ਜਨਤਾ ਵਿਸ਼ੇਸ਼ਕਰ ਮੁਸਲਿਮ ਭਾਈਚਾਰੇ ਨੂੰ ਦਹਿਸ਼ਤਜਦਾ ਕਰਨ ਦਾ ਰਾਹ ਅਖਤਿਆਰ ਕੀਤਾ। ਹਜ਼ਾਰਾਂ ਲੋਕਾਂ ਨੂੰ ਝੂਠੇ ਕੇਸ ਬਣਾ, ਸੰਗੀਨ ਧਾਰਾਵਾਂ ਹੇਠ ਜੇਲ੍ਹਾ 'ਚ ਬੰਦ ਕੀਤਾ ਗਿਆ, ਪੱਤਰਕਾਰਾਂ ਤੱਕ ਨੂੰ ਵੀ ਨਹੀਂ ਬਖਸ਼ਿਆ ਗਿਆ। ਦੱਖਣੀ ਦਿੱਲੀ ਦੇ ਸ਼ਾਹੀਨਬਾਗ ਦੇ ਸੀ.ਏ.ਏ. ਵਿਰੋਧੀ ਬੇਖੌਫ, ਨਿਰੰਤਰ ਚੱਲੇ ਸ਼ਾਹੀਨ ਬਾਗ ਅੰਦੋਲਨ ਨੇ ਮੋਦੀ ਹਕੂਮਤ ਦੇ ਸਾਹ ਸੂਤ ਕੇ ਰੱਖੇ। ਸ਼ਾਹੀਨ ਬਾਗ ਦੀਆਂ ਪੈੜਾਂ 'ਚ ਦੇਸ਼ ਦੇ ਲੋਕਾਂ ਨੇ ਦੋ ਸੋ ਥਾਵਾਂ ਤੇ ਪੈਰ ਧਰੇ। ਦਿੱਲੀ 'ਚ ਜਾਮੀਆਂ ਮਿਲਿਆ, ਜੇ.ਐਨ.ਯੂ, ਯੂ.ਪੀ. 'ਚ ਏ.ਐਮ.ਯੂ, ਸੀ.ਏ.ਏ. ਵਿਰੋਧੀ ਘੋਲ ਦੇ ਕੇਂਦਰ ਬਿੰਦੂ ਰਹੇ। ਦਿੱਲੀ ਵਿਧਾਨ ਸਭਾ ਚੋਣਾਂ 'ਚ ਮਿਲੀ ਜਬਰਦਸਤ ਹਾਰ ਪਿੱਛੇ ਵੀ ਭਾਜਪਾ ਸਮਝਦੀ ਹੈ ਕਿ ਸੀ.ਏ.ਏ. ਵਿਰੋਧੀ ਅੰਦੋਲਨ ਮੁੱਖ ਕਾਰਕ ਬਣਿਆ ਹੈ। ਫਰਵਰੀ 2020 'ਚ ਬਾਕਾਇਦਾ ਮਿੱਥ ਕੇ ਕਰਵਾਏ ਤੇ ਭਾਜਪਾ ਆਗੂਆਂ ਕਪਿਲ ਮਿਸ਼ਰਾ, ਅਨੁਰਾਗ ਠਾਕੁਰ, ਪ੍ਰਵੇਸ਼ ਵਰਮਾ ਵੱਲੋਂ ਉਕਸਾਏ ਫਿਰਕੂ ਕਤਲੇਆਮ 'ਚ 53 ਮੌਤਾਂ ਹੋਈਆਂ। ਕਰੋੜਾਂ, ਅਰਬਾਂ ਦਾ ਮਾਲੀ ਨੁਕਸਾਨ ਹੋਇਆ। ਹੁਣ ਉਸ ਕਤਲੇਆਮ ਨੂੰ ਦਿੱਲੀ ਦੰਗਿਆਂ ਦਾ ਨਾਮ ਦੇ ਕੇ ਸ਼ਾਹੀਨ ਬਾਗ, ਜਾਮੀਆਂ ਤੇ ਪੂਰੀ ਦਿੱਲੀ 'ਚ ਸੀ.ਏ.ਏ. ਖਿਲਾਫ ਉੱਠੀਆਂ ਆਵਾਜਾਂ ਦਾ ਬਾਕਾਇਦਾ ਮਿੱਥ ਕੇ ਗਲਾ ਘੁੱਟਿਆ ਜਾ ਰਿਹਾ ਹੈ। ਜਾਮੀਆਂ ਮਿਲਿਆ ਵਰਸਟੀ ਦੀ ਐਮ.ਫਿਲ ਦੀ ਵਿਦਿਆਰਥਣ ਸਫੂਰਾ ਜਰਗਰ ਨੂੰ



ਜਾਫਰਾਬਾਦ ਮੈਟਰੋ ਸਟੇਸ਼ਨ ਤੇ ਸੜਕ ਜਾਮ ਕਰਨ ਦੇ ਦੋਸ਼ 'ਚ ਗ੍ਰਿਫਤਾਰ ਕਰ ਲਿਆ ਗਿਆ। ਇਸ ਕੇਸ 'ਚ ਜਮਾਨਤ ਮਿਲਦੇ ਸਾਰ ਹੀ 13 ਅਪ੍ਰੈਲ ਨੂੰ ਸਫੂਰਾ ਨੂੰ ਦੂਬਾਰਾ ਫਿਰ ਦਿੱਲੀ ਦੰਗਿਆ ਨੂੰ ਭੜਕਾਉਣ 'ਚ ਦੋਸ਼ੀ ਕਰਾਰ ਦਿੰਦਿਆ ਯੂ.ਏ.ਪੀ.ਏ ਤਹਿਤ ਗ੍ਰਿਫਤਾਰ ਕਰ ਲਿਆ ਗਿਆ। ਤਿੰਨ ਮਹੀਨਿਆਂ ਦੀ ਗਰਭਵਤੀ ਸਫੂਰਾ ਇਸ ਸਮੇਂ ਤਿਹਾੜ ਜੇਲ੍ਹ 'ਚ ਬੰਦ ਹੈ, ਜਿਸ ਦੀ ਜਮਾਨਤ ਅਰਜੀ ਖਾਰਜ ਕਰ ਦਿੱਤੀ ਗਈ ਹੈ। ਕਰੋਨਾ ਬਿਮਾਰੀ ਦੇ ਚੱਲਦੀਆਂ ਨਵਜਾਤ ਦੀ ਜਿੰਦਗੀ ਨੂੰ ਆਂਚ ਆ ਸਕਦੀ ਹੈ, ਸਫੂਰਾ ਦੇ ਵਕੀਲ ਦੀ ਦਲੀਲ ਜੱਜ ਵੱਲੋਂ ਖਾਰਜ ਕਰ ਦਿੱਤੀ ਗਈ ਹੈ। ਇਸ ਕੇਸ ਵਿੱਚ ਹੋਰ ਵਿਦਿਆਰਥੀ ਆਗੂ ਦਾਨਿਸ਼ ਅਤੇ ਸਾਬਕਾ ਵਿਦਿਆਰਥੀ ਆਗੂ ਉਮਰ ਖਾਲਿਦ ਦਾ ਨਾ ਵੀ ਦਰਜ ਹੈ। ਦਿੱਲੀ ਦੰਗਿਆਂ ਸਬੰਧੀ ਦਰਜ ਇਸ ਐਫ.ਆਈ.ਆਰ. ਨੰ. 59 'ਚ ਦਿੱਲੀ ਪੁਲਿਸ ਕਿਸੇ ਵੇਲੇ, ਕਿਸੇ ਦਾ ਵੀ ਨਾਮ ਦਰਜ ਕਰ ਸਕਦੀ ਹੈ। ਇਸੇ ਲੜੀ 'ਚ ਤੋੜ, ਸੰਸਥਾ ਦੀਆਂ ਵਿਦਿਆਰਥਣ ਕਾਰਕੁੰਨਾ ਦੇਵਨਗਾਨਾ ਕਲੀਤਾ (ਜੇ.ਐਨ.ਯੂ) ਅਤੇ ਨਤਾਸ਼ਾ ਨਰਵਾਲ ਨੂੰ ਵੀ ਯੂ.ਏ.ਪੀ.ਏ 'ਚ ਦੋਸ਼ੀ ਕਰਾਰ ਦਿੱਤਾ ਗਿਆ ਹੈ। ਜਾਮੀਆਂ ਕੋਆਰਡੀਨੇਸ਼ਨ ਕਮੇਟੀ ਦੀ ਮੈਂਬਰ ਸਫੂਰਾ ਜਰਗਰ ਦੇ ਨਾਲ ਮੀਰਾ ਹੈਦਰ, ਆਸਿਫ ਇਕਬਾਲ ਤਨਹਾ, ਖਾਲਿਦ ਸਫੀ, ਸਾਬਕਾ ਕਾਂਗਰਸੀ ਕੌਂਸਲਰ ਇਸ਼ਰਤ ਜਹਾਂ ਅਤੇ ਮੁੱਅਤਲ ਆਪ ਕੌਂਸਲਰ ਤਾਹਿਰ ਹੂਸੈਨ ਵੀ ਸ਼ਾਮਲ ਹਨ। ਦਿੱਲੀ ਪੁਲਿਸ ਨੇ ਆਪਣੇ ਸਿਆਸੀ ਆਕਵਾਂ ਦੇ ਇਸ਼ਾਰੇ ਤੇ ਸੀ.ਏ.ਏ. ਵਿਰੋਧੀ ਸੰਘਰਸ਼ ਦੇ ਮੋਹਰੀਆਂ ਨੂੰ ਸਬਕ ਸਿਖਾਉਣ ਦਾ ਫੈਸਲਾ ਕੀਤਾ ਹੋਇਆ ਹੈ।

ਭੀਮਾਂ ਕੋਰੇਗਾਓ ਕੇਸ 'ਚ ਮਨਘੜਤ ਦੋਸ਼ਾਂ ਤਹਿਤ ਦੇਸ਼ ਧਰੋਹ ਦੀਆਂ ਸੰਗੀਨ ਧਾਰਾਵਾਂ ਹੇਠ ਪਿਛਲੇ ਦੋ ਸਾਲਾਂ ਤੋਂ ਕਾਨੂੰਨ ਦੀ ਘੁੰਮਣਘੇਰੀ 'ਚ ਮਿੱਥਕੇ ਲੋਕਪੱਖੀ ਬੁੱਧੀਜੀਵੀ ਜੇਲ੍ਹ ਦੀਆਂ ਸੀਖਾਂ ਪਿੱਛੇ ਬੰਦ ਹਨ। ਹਿੰਦੂਤਵੀ ਫਾਸ਼ੀਵਾਦ ਅਤੇ ਕਾਰਪੋਰੇਟ ਪੱਖੀ ਲੋਕ ਵਿਰੋਧੀ ਨੀਤੀਆਂ ਦਾ ਆਪਣੇ ਲੇਖਾਂ, ਵਿਚਾਰਾਂ, ਸਰਗਰਮੀਆਂ ਰਾਹੀਂ ਵਿਰੋਧ ਕਰਦੇ ਇਹਨਾਂ ਬੁੱਧੀਜੀਵੀਆਂ, ਜਮਹੂਰੀ ਕਾਰਕੁੰਨਾਂ ਨੂੰ ਮਿੱਥ ਕੇ ਜੇਲ੍ਹ 'ਚ ਸਾੜਿਆ ਜਾ ਰਿਹਾ ਹੈ। ਰੋਨਾ ਵਿਲਸਨ, ਵਰਵਰਾ ਰਾਓ, ਸ਼ੋਮਾ ਸੇਨ, ਸੁਰਿੰਦਰ ਗਾਡਗਿਲ, ਮਹੇਸ਼ ਰਾਊਤ, ਅਰੁਣ ਫਰੇਰਾ, ਸੁਧਾ ਭਾਰਦਵਾਜ, ਵਰਨਨ ਗੋਸੰਲੇਵਜ ਦੋ ਸਾਲ ਤੋਂ ਜਮਾਨਤ ਤੋਂ ਬਿਨ੍ਹਾਂ ਜੇਲ੍ਹ 'ਚ ਬੰਦ ਹਨ। ਇਸ ਵਰ੍ਹੇ 14 ਅਪ੍ਰੈਲ ਨੂੰ ਕਰੋਨਾ ਸੰਕਟ ਦੇ ਚੱਲਦਿਆਂ ਕੋਮੀ ਜਾਂਚ ਏਜੰਸੀ ਵੱਲੋਂ ਪ੍ਰਸਿੱਧ ਦਲਿਤ ਚਿੰਤਕ, ਵਿਦਵਾਨ ਪ੍ਰੋ. ਅਨੰਦ ਤੇਲਤੁੰਬੜੇ ਅਤੇ ਜਾਣੇ ਪਛਾਣੇ ਵਿਦਵਾਨ ਗੌਤਮ ਨੋ ਲੱਖਾ ਨੂੰ ਵੀ ਭੀਮ ਕੋਰੇਗਾਓ ਕੇਸ 'ਚ ਸਹਿਦੋਸ਼ੀ ਮੰਨ ਕੇ ਗ੍ਰਿਫਤਾਰ ਕਰ ਲਿਆ ਗਿਆ ਹੈ। ਪਹਿਲਾ ਲੰਮਾ ਸਮਾਂ ਘਰ 'ਚ ਨਜਰਬੰਦ ਰੱਖਣ ਉਪਰੰਤ ਹੁਣ ਇਨਕੁਆਰੀ ਲਈ ਸੱਦ ਕੇ ਅਸਹਿਮਤੀ ਦੀ ਆਵਾਜ਼ ਦਾ ਗਲਾ ਘੁੱਟਣ ਦਾ ਅਸਫਲ ਯਤਨ ਕੀਤਾ ਗਿਆ ਹੈ।

19 ਸਾਲ ਦੀ ਬੱਚੀ ਅਮੁੱਲਿਆ ਨੂੰ ਕਰਨਾਟਕ ਦੇ ਇੱਕ ਜਲਸੇ 'ਚ ਪਾਕਿਸਤਾਨ ਜਿੰਦਾਬਾਦ ਦਾ ਨ੍ਹਾਰਾ ਲਾਉਣ ਦੇ ਦੋਸ਼ 'ਚ ਤਿੰਨ ਮਹਨੇ ਲਈ ਜੇਲ੍ਹ 'ਚ ਬੰਦ ਕਰ ਦਿੱਤਾ ਗਿਆ। 1995 'ਚ ਭਾਵੇ ਕਿ ਸੁਪਰੀਮ ਕੋਰਟ ਨੇ ਨਾਰੇ ਲਾਉਣ ਨੂੰ ਜੁਰਮ ਕਰਾਰ ਨਹੀਂ ਦਿੱਤਾ ਸੀ। ਅਮੁੱਲਿਆ ਨੇ ਭਾਵੇ ਕਿ 'ਹਿੰਦੁਸਤਾਨ ਜਿੰਦਾਬਾਦ' ਦਾ ਨ੍ਹਾਰਾ ਲਗਾਇਆ ਸੀ। ਪਰ ਇੱਕ ਜਵਾਕੜੀ ਦੀ ਐਨੀ ਜੁੱਰਅਤ!

ਸੋਸ਼ਲ ਮੀਡੀਆ ਤੇ ਆਪਣੀ ਪੋਸਟ 'ਚ ਲਾਲ ਸਲਾਮ ਅਤੇ ਕਾ.ਲੈਨਿਨ ਦਾ ਨਾਮ ਲਿਖ ਦੇਣ ਤੇ ਅਸਾਮ ਦੇ ਕਿਸਾਨ ਆਗੂ ਅਖਿਲ ਗੋਗੋਈ ਦੇ ਸਾਥੀ ਬਿੱਟੂ ਨਰਵਾਲ ਖਿਲਾਫ ਚਾਰਜਸ਼ੀਟ ਦਾਖਲ ਕਰਕੇ ਦੇਸ਼ ਧਰੋਹੀ ਕਰਾਰ ਦੇ ਦਿੱਤਾ ਗਿਆ ਹੈ।

ਇਸੇ ਤਰਜ ਤੇ ਬੇਹੱਦ ਸ਼ਰਮਨਾਕ, ਅਫਸੋਸਨਾਕ ਢੰਗ ਨਾਲ ਪ੍ਰਸਿੱਧ ਐਂਕਰ, ਵਕਤਾ ਵਿਨੋਦ ਦੂਆ ਖਿਲਾਫ ਇੱਕ ਭਾਜਪਾਈ ਵੱਲੋਂ ਹਿਮਾਚਲ ਪ੍ਰਦੇਸ਼ ਦੇ ਇੱਕ ਥਾਣੇ 'ਚ ਰਿਪੋਰਟ ਦਰਜ ਕੀਤੀ ਗਈ। ਮਕਸਦ ਅਸਹਿਮਤੀ ਨੂੰ ਕੁਚਲ ਦੇਣਾ ਹੈ।

ਕਸ਼ਮੀਰ, ਅਸਾਮ, ਨਾਗਾਲੈਂਡ, ਝਾਰਖੰਡ, ਆਂਧਰਾ, ਛੱਤੀਸਗੜ੍ਹ, ਉੱਤਰਪ੍ਰਦੇਸ਼ 'ਚ ਹਜ਼ਾਰਾਂ ਵਿਰੋਧੀ ਆਵਾਜਾਂ ਬੰਦ ਹਨ। ਝੂਠੇ ਮਨਘੜੰਤ ਕੇਸਾਂ 'ਚ ਸਾਲਾਂ ਤੋਂ ਬਿਨ੍ਹਾਂ ਕੋਰਟ ਸੁਣਵਾਈ ਤੋਂ ਜੇਲ੍ਹ 'ਚ ਸੜ ਰਹੀਆਂ ਹਨ।

ਸੰਸਾਰ ਇਤਿਹਾਸ ਅਸਹਿਮਤੀ ਨੂੰ, ਵਿਰੋਧੀ ਆਵਾਜ਼ ਨੂੰ ਕੁਚਲ ਦੇਣ ਦੇ ਕਾਲੇ ਕਾਰਨਾਮਿਆਂ ਨਾਲ ਭਰਿਆ ਪਿਆ ਹੈ। ਸੱਤਾ ਤੇ ਕਾਬਜ ਹਕੂਮਤਾਂ ਵਿਰੋਧ ਨੂੰ ਬਰਦਾਸ਼ਤ ਕਰਣ ਤੋਂ ਆਕੀ ਹਨ। ਅਜੋਕੇ ਜਮਾਤੀ ਪ੍ਰਬੰਧ 'ਚ ਹਕੂਮਤਾਂ ਖਿਲਾਫ ਹਰ ਮੁੱਦੇ ਤੇ ਵਿਰੋਧੀ ਕੁਦਰਤੀ ਹੈ। ਹਕੂਮਤ ਜੇਲ੍ਹਾਂ, ਝੂਠੇ ਕੇਸਾਂ, ਕਾਲੇ ਕਾਨੂੰਨਾਂ ਰਾਹੀਂ ਵਿਰੋਧ ਨੂੰ ਕੁਚਲਦੀਆਂ ਰਹੀਆਂ ਹਨ। ਗੋਰਾਂਸ਼ਾਹੀ ਦਾ ਰੋਲਟ ਐਕਟ ਅੱਜ ਦਾ ਯੂ.ਏ.ਪੀ.ਏ. ਹੈ। ਜਲ੍ਹਿਆਵਾਲਾ ਬਾਗ ਦਾ ਸਾਕਾ ਇਸੇ ਵਿਰੋਧ ਦਾ ਸਿੱਟਾ ਸੀ। ਸ਼ਾਹੀਨਬਾਗ ਦੇ ਦੇਸ਼ ਵਿਆਪੀ ਵਿਰੋਧ ਨੂੰ ਯੂ.ਏ.ਪੀ.ਏ. ਰਾਹੀਂ ਕੁਚਲਨਾ ਕਾਲੇ ਅੰਗਰੇਜ਼ਾਂ ਦਾ ਨਾ ਮੁਆਫੀ ਯੋਗ ਕੁਲਰਮ ਹੈ। ਸੰਵਿਧਾਨ 'ਚ ਦਰਜ ਮੌਲਿਕ ਅਧਿਕਾਰਾਂ ਨੂੰ ਪੈਰਾਂ ਹੇਠ ਕੁਚਲਣ ਦੇ ਇਸ ਫਾਸ਼ੀਵਾਦੀ ਹੱਲੇ ਖਿਲਾਫ, ਜਮਹੂਰੀ ਹੱਕਾ ਦੀ ਰਾਖੀ ਲਈ ਦੇਸ਼ ਵਿਆਪੀ ਅੰਦੋਲਨ ਗੈਰਹਾਜਰ ਹੈ। ਭਾਵੇਂ ਕਿ ਝਾਰਖੰਡ, ਪੰਜਾਬ, ਦਿੱਲੀ 'ਚ ਜਮਹੂਰੀਅਤ ਬਚਾਉਣ ਲਈ ਵਿਰੋਧ ਦਰਜ ਹੋਏ ਹਨ। ਸੋਸ਼ਲ ਮੀਡੀਏ ਉਪਰ ਕਾਫੀ ਜਬਰਦਸਤ ਪ੍ਰਚਾਰ ਮੁੰਹਿਮ ਚੱਲ ਰਹੀ ਹੈ। ਫਿਰ ਵੀ ਇਨਕਲਾਬੀ ਜਮਹੂਰੀ ਸ਼ਕਤੀਆਂ ਨੂੰ ਆਪਣੇ ਆਗੂਆਂ, ਬੁੱਧੀਜੀਵੀਆਂ, ਲਹਿਰ ਦੇ ਕਾਰਕੁੰਨਾਂ ਦੀ ਰਾਖੀ ਲਈ ਇੱਕਜੁਟ ਅੰਦੋਲਨ ਨੂੰ ਅਜੰਡਾ ਬਨਾਉਣਾ ਹੀ ਹੋਵੇਗਾ।

Call Romi Sidhu For Insurance & Financial Needs
Desjardins Insurance
StateFarm IS NOW Desjardins Insurance
Monday - Friday 9am to 5:30pm
Weekends: All Other Times
Only Appointments
4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com
* HOME * AUTO * LIFE
* DISABILTY * RRSV * RESP
* VEHICLE FINANCE * CRITICAL ILLNESS * MUTUAL FUNDS
Romi Sidhu, Agent
P02720CN

Calgary Best Buy
Furniture & Mattress
Sales Rep.
Home Store
308 - 4774 Westwinds Dr. N.E.
Calgary AB T3J 0L9
Ph. : (403) 250-6661 Ext 1
westwinds@calgarybestbuyfurnitures.com
Unit#D200 9737 Mcleod Tr SW
Calgary AB T2J OP6
Ph. : (403) 250-6661 Ext3
sales@calgarybestbuyfurnitures.com
www.calgarybestbuyfurnitures.com

IQBAL SIDHU INSURANCE ADVISOR
FINANCIAL SERVICES
• Life Insurance; - Term Life - Universal Life
• Critical Illness Insurance • Segregated Funds
• RRSP
ਲਾਈਫ ਇੰਸ਼ੋਰੈਂਸ ਦੀਆਂ ਜ਼ਰੂਰਤਾਂ ਲਈ
ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Tel: (403) 615-0957
Email: isidhu@sidhuaccounting.ca

SIDHU ACCOUNTING & TAX SERVICES
ACCOUNTING SERVICES
• Personal Tax Returns • Corporate Tax Returns
• Computerized Book Keeping
• Payroll • T4's • Record of Employment
ਅਕਾਊਂਟਿੰਗ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Iqbal Sidhu
Tel: (403) 568-2667 Fax: (403) 568-2676
Email:info@sidhuaccounting.ca
Unit 202, 4656 Westwinds Dr. NE Calgary, AB. T3J 3Z5 (Near Sikh Virsa Office)



Al Karim TRAVEL & TOURS

# ALKARIM TRAVEL & TOURS

## Less Fares Guaranteed

ਇੰਡੀਆ, ਪਾਕਿਸਤਾਨ, ਬੰਗਲਾਦੇਸ਼, ਸ਼੍ਰੀਲੰਕਾ, ਅਫਰੀਕਾ, ਅਫਗਾਨਿਸਤਾਨ, ਯੋਰਪ, ਫੀਜੀ ਜਾਂ ਆਸਟ੍ਰੇਲੀਆ ਜਾਣ, ਨਨਕਾਣਾ ਸਾਹਿਬ ਗਰੁੱਪ ਯਾਤਰਾ ਅਤੇ ਇੰਡੀਆ ਵੀਜ਼ਾ ਵਾਸਤੇ ਅਪਲੀਕੇਸ਼ਨ ਫੀਸ ਸਿਰਫ਼ 10 ਡਾਲਰ ਲਈ ਅਲਕਰੀਮ ਟਰੈਵਲ ਐਂਡ ਟੂਰਜ 'ਤੇ ਪਹੁੰਚੋ ਜਾਂ ਫੋਨ ਕਰੋ।

Best Fares to and from :
India, Pakistan, Afghanistan, Bangladesh, Sri Lanka, Africa, Fiji & Beyond

Arrange Nanakana Sahib Yatra Group & Vacation packages

PASSPORT SERVICE, VISA SERVICE
SUPER VISA & SUPER VISA INSURANCE

Money Transfer via TRANS-FAST,
"Indian Visa application fee $10 only"

**403-454-8011**

VILLAGE SQ. MALL #123, 2640-52 STREET N.E. CALGARY, AB
Email : info@alkarimtraveltours.com
www.alkarimtraveltours.com



# CARE Inc.
**Home Health Solutions**

403-605-6300
ਗਰਚਾ ਮੀਟ ਸ਼ਾਪ ਦੇ ਨੇੜੇ
ਸੋਮਵਾਰ ਤੋਂ ਸ਼ਨੀਵਾਰ 10 ਵਜੇ ਤੋਂ 6 ਵਜੇ ਤੱਕ
ਐਤਵਾਰ ਬੰਦ



"ਮਾਤਾ ਪਿਤਾ ਦਾ ਰੱਖੋ ਖਿਆਲ
ਹੁਣ ਕੇਅਰ ਇੰਕ ਹੈ ਤੁਹਾਡੇ ਨਾਲ"



ਹੁਣ ਤੁਸੀਂ ਸੀਨੀਅਰਜ਼ ਲਈ ਹਰ ਤਰ੍ਹਾਂ ਦੀਆਂ ਲੋੜਾਂ ਸਬੰਧੀ ਵਧੀਆ ਕੁਆਲਿਟੀ ਦਾ ਸਮਾਨ ਪੰਜਾਬੀਆਂ ਦੇ ਗੜ੍ਹ ਵਿੱਚ ਆਪਣੇ ਪੰਜਾਬੀ ਭਰਾਵਾਂ ਕੋਲੋਂ ਹੀ ਲੈ ਸਕਦੇ ਹੋ। ਕੇਅਰ ਇੰਕ ਤੋਂ ਤੁਸੀਂ ਵਧੀਆ ਮਸਾਜ ਚੇਅਰ, ਲਿਫਟ ਚੇਅਰ, ਵੀਲ੍ਹ ਚੇਅਰ, ਵਾਕਰ, ਵਾਕਿੰਗ ਕੈਨਜ, ਸਕੂਟਰ, ਬਾਥਰੂਮ ਸੇਫਟੀ ਪ੍ਰੋਡਕਟਸ, ਸੀਨੀਅਰਜ ਲਈ ਬੈੱਡ, ਗੱਦੇ, ਕਸਟਮ ਮੇਡ ਪਤਾਵੇ, ਕੰਪਰੈਸ਼ਨ ਥੈਰੇਪੀ ਲਈ ਜਰਮਨ ਦੇ ਬਣੇ ਸਮਾਨ ਤੋਂ ਇਲਾਵਾ ਹੋਰ ਵੀ ਬਹੁਤ ਸਾਰਾ ਸਮਾਨ ਲੈ ਸਕਦੇ ਹੋ।

ਨਜ਼ਰ ਚੈਕ ਕਰਵਾਉਣ ਅਤੇ ਐਨਕਾਂ ਦਾ ਵਿਸ਼ੇਸ਼ ਪ੍ਰਬੰਧ

ਸੀਨੀਅਰਜ਼ ਲਈ ਬਹੁਤ ਸਾਰੇ ਸਰਕਾਰੀ ਫੰਡ ਵੀ ਮਿਲਦੇ ਹਨ। ਸਾਡੇ ਕੋਲੋਂ ਤੁਸੀਂ ਫਾਰਮ ਭਰਵਾ ਸਕਦੇ ਹੋ। ਇਹ ਸੇਵਾ ਬਿਲਕੁੱਲ ਮੁਫ਼ਤ ਹੈ। ਜੇਕਰ ਤੁਹਾਡੇ ਕੋਲ ਪਹਿਲਾਂ ਹੀ ਮਨਜ਼ੂਰੀ ਹੈ ਤਾਂ ਵੀ ਤੁਸੀਂ ਸਾਡੇ ਕੋਲੋਂ ਸਮਾਨ ਲੈ ਸਕਦੇ ਹੋ। ਤੁਹਾਡਾ ਪਹਿਲਾਂ ਦਿੱਤਾ ਡਿਪਾਜਿਟ ਅਡਜਸਟ ਕਰ ਦਿੱਤਾ ਜਾਵੇਗਾ।



ਜ਼ਿਆਦਾ ਜਾਣਕਾਰੀ ਲਈ ਵੈਬਸਾਈਟ 'ਤੇ ਕਲਿੱਕ ਕਰੋ
www.careinc.ca



Head Office: #124-4774 Westwinds Drive N.E., Calgary Alberta, Canada
Fax : 403-536-4057 Email : info@careinc.ca



# BAINS VISION CENTRE



Jaswinder S Bains, Ph.D., OD.

New Patients & Walk-Ins Welcome

McKnight Village 5218 Falsbridge Dr. NE Calgary AB T3J 3G1

**Dr. Jaswinder S. Bains**

Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English

403-274-4514
deerfootvision@yahoo.ca

ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।



# HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ

PROFESSIONAL CONSTRUCTION LTD.

Specialist in: www. hmphome.com

- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

# HMP CUSTOM CABINETS LTD.

Specialist in : Custom Kitchen, Bars, Washroom Vanity, Closet & All Commercial Mill Work



Paul Sekhon: 403-829-5000

Free Estimate Paul Sekhon: 403-701-4947

Bay 11 2316 27 Ave. NE, Calgary Ph.: 403-719-4947



# Reliance /Legal Group LLP

## FORMERLY KNOWN AS SINGH & PARTNERS LAW OFFICE

Commonwealth Centre
Unit 1101, 3961-52nd Ave.N.E.
Calgary, AB T3J 0J7

Barristers, Solicitors and Notary Public

Our law group practices in

| IMMIGRATION | REAL ESTATE | SMALL BUSINESS |
|---|---|---|
| Applications for Family Class and APPEALS, Skilled Workers, Investors, Refugee Claims | Buying and Selling Commercial and Residential Land Development Condominium Projects WILLS & ESTATE CRIMINAL LAW | Buying and Selling Franchises, Shareholder Agreements and Incorporations FORMATION OF PUBLIC COMPANIES |

Tel. : 403-285-7070

PERSONAL INJURY (Car Accident Claims)

NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# HALL FOR RENT IN NE

For Kids Birthday Parties, Family Dinners,
Meetings, Small Parties etc.
Maximum Capacity: 50 people
For more info:
Ph: 403-681-8689 or
Email: hp8689@gmail.com




## SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com



## PUNJABI SWEETS
House & Restaurant
All Kinds of Sweets
Non-Veg & Vegi Food
Take out
We do catering also
Fast & Best Friendly Service
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ,
ਚਾਟ, ਤਾਜ਼ਾ ਮਠਿਆਈ ਬਰਫ਼ੀ, ਗੁਲਾਬ ਜਾਮਣ,
ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ
ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir, N.E. T3J 0C9



## Amandeep Gill
Financial Security Advisor
offering Life, Health,
Group Insurance and Investments
Desjardins Financial Security® Independent Network

FINANCIAL SERVICES
- Life Insurance (WL, UL, Term)
- Critical Illness Insurance
- Disability Insurance
- Registered Education Savings Plan (RESP)
- Registered Retirement Savings Plan (RRSP)
- Tax Free Savings Account (TFSA)
- Drug & Dental Plan
- Super Visa Insurance
- Mortgage & Loans

209-5401 Temple Drive N.E.
Calgary, AB T1Y 3R7
Office : 403-455-1720
Cell : 403-919-6962
amandeep.gill@dfsin.ca

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca
MLS MULTIPLE LISTING SERVICE® R REALTOR® REAL ESTATE BOARD



Taranjit "T. J." Mand
Real Estate Associate
## Max Value Realty Ltd.

## McKnight
Dental Clinic
- Serving NE Community for over 30 years
- We follow Alberta Dental Fee Guide
- Open some evenings and Saturdays



Tel. 403-280-0880
Fax : 403-293-8852
www.mcknightdental.ca
McKnight Village,
5432 Falsbridge Dr NE,
Calgary, Alberta, T3J 3E9
(All services provided by General Dentists)




Mega Sanjha Punjab
GROCERY STORE
ਭਾਰਤੀ ਅਤੇ ਪਾਕਿਸਤਾਨੀ ਗਰੋਸਰੀ ਦਾ ਭੰਡਾਰ
ਦਾਲਾਂ, ਮਸਾਲੇ, ਆਟਾ, ਖੰਡ, ਤੇਲ, ਦੇਸੀ ਘਿਉ, ਤਾਜ਼ੇ ਫਲ, ਸਬਜ਼ੀਆਂ, ਭਾਂਡੇ ਅਤੇ ਹੋਰ ਵੀ ਬਹੁਤ ਕੁਝ
117 7171 80 Ave NE,
Calgary (Alberta) T3J 0P6
Ph. : 403 475 5777, mega@spgrocery.com
www.spgrocery.com
331-3690 West Winds Drive,
Calgary (Alberta) T3J 5H3
Ph. : 403 266 5200, info@spgrocery.com
www.spgrocery.com

## Harpreet Parmar CPA, CGA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.
New Location
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ
ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ
ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997



Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca

Trust Your Memories to the Professionals

# Dream Productions inc.

Wedding, Birthday, Engagement, Slide Show, Music Video, T.V. Program, Modeling Picture, Concert, Community Event Etc.



*We can Also Arrange Decoration Party Rentals*

Customer satisfaction is our pride!

| Video | Photography | Music |
|---|---|---|
| Video film with single, double & multiple camera system (Broadcast Quality) | Digital Photography (Coloured, black and white) digital enhancement | DJ, Lighting, screen Projector live sound etc. |

403-835-2762 or 29 DREAM (37326)

*Special Packages Available For All Occasions*

---

ESTATEVIEW®
(Real Estater & Property Management)

## Baljinder Bath
Real Estate Associate



Baljinder Bath

Our Brokerage provides Following Services :
All Kind of Real Estate Services

**REAL ESTATE**
- Help Buyer / Seller
- Free Home Evaluations
- Commercial Buy / Sell / Lease
- Builders / Developers / Investors

**PROPERTY MANAGEMENT**
- Find Tenants, Collect Rents
- Take Care of Service Calls
- Manage Condo Corporation / Boards
- Non Resident Canadians' NR4 Tax Handling

403-402-6700
E: baljinderbath@yahoo.com

Brokerage Office : 403-400-0000
# 601 - 4656 Westwinds Dr NE
Calgary, AB T3J 3Z5

All our Realtors / Property Managers are Professionally Trained & Licensed
Not All Associates Provide all services. Please contact Associate to find out more.

---

# SUPER VISA INSURANCE
# ਸੁਪਰ ਵੀਜ਼ਾ ਇੰਸ਼ੋਰੈਂਸ

## With all the BENEFITS & REQUIREMENTS

**SUPER VISA INSURANCE RATES**

AGE 40-54 ($1038) AGE 55-59 ($1116) AGE 60-64 ($1317)
AGE 65-69 ($1606) AGE 70-74 ($2210) AGE 75-79 ($2470)
Note: All rates are based on $1000 deductible, No Pre Existing Condition, For 1 Year term, $100000 Coverage

LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.

Full Refund if Visa Denied, Partial Refund if Return early (with no claim) Ask for more details.

ਆਪਣੇ ਪੇਰੈਂਟਸ ਜਾਂ ਗਰੈਂਡ ਪੇਰੈਂਟਸ ਦੇ ਸੁਪਰ ਵੀਜ਼ਾ ਜਾਂ ਰੈਗੂਲਰ ਵੀਜ਼ਾ ਲਈ ਟਰੈਵਲ ਇੰਸ਼ੋਰੈਂਸ ਦੀਆਂ ਹਰ ਤਰ੍ਹਾਂ ਦੀਆਂ ਭਰੋਸੇਯੋਗ ਅਤੇ ਤਸੱਲੀਬਖਸ਼ ਸੇਵਾਵਾਂ ਲਈ ਹਰਚਰਨ ਸਿੰਘ ਪਰਹਾਰ ਨਾਲ ਸੰਪਰਕ ਕਰੋ।

For More Information Call
**HARCHARAN SINGH PARHAR**
**403-681-8689**

Note : We also Provide all other Financial, Investment & Insurance Services including individual or group Medical Plans (including Blue Cross). Book Your Appointment for further details.

208, 4656-WESTWINDS DR. N.E. CALGARY AB T3J 3Z5

---

# Redstone Plaza ਰੈਡ ਸਟੋਨ ਪਲਾਜਾ

## Redstone Physiotherapy

ਫਿਜ਼ੀਓਥੈਰਪੀ, ਮਸਾਜ, ਕੈਰੋਪਰੈਕਟਰ, ਕਿਨਸਲੌਜੀ, ਕਲਿਨਿਕ ਸਾਈਕਲੌਜੀ ਦੀਆਂ ਸੇਵਾਵਾਂ ਲਈ ਤਜ਼ਰਬੇਕਾਰ ਟੀਮ ਹਾਜ਼ਰ। ਇਹ ਸੜਕ ਦੁਰਘਟਨਾਵਾਂ ਦੀ ਐਮਵੀਏ ਤੋਂ ਇਲਾਵਾ ਡਬਲਯੂ.ਸੀ.ਬੀ. ਦੇ ਕੇਸ ਵੀ ਦੇਖਦੇ ਹਨ ਤੇ ਸਾਰੀਆਂ ਇੰਸ਼ੋਰੈਂਸ਼ ਕੰਪਨੀਆਂ ਨੂੰ ਸਿੱਧਾ ਬਿੱਲ ਭੇਜਦੇ ਹਨ।

ਮੇਲ ਫੀਮੇਲ ਡਾਕਟਰਾਂ ਦੀ ਸਹੂਲਤ

ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਵਿਚ ਗੱਲਬਾਤ

Unit-135, 630 Redstone Drive, NE
T3N 1L4 Calgary, Alberta
+1 587-534-0505
www.Redstonephysio.com
info@Redstonephysio.com

Services we offer
Physiotherapy, Massage , Chiropractor, Kinesiology, Clinical Psychology.
We deal with MVA, WCB and direct bill private insurance.

## REDSTONE FAMILY MEDICAL CLINIC

ਮੈਡੀਕਲ ਕਲਿਨਿਕ ਵਿੱਚ ਡਾਕਟਰਾਂ ਦੀ ਟੀਮ ਤੁਹਾਡੀ ਸੇਵਾ ਵਿੱਚ ਹਾਜ਼ਰ। ਇਸ ਕਲਿਨਿਕ ਵਿੱਚ ਈਸੀਜੀ, ਈਕੇਜੀ, ਹੋਲਟਰ ਮੋਨੀਟਰ ਸਹੂਲਤਾਂ ਹਨ। ਖੂਨ ਜਾਂਚ ਲਈ ਹੁਣ ਲੈਬ ਜਾਣ ਦੀ ਲੋੜ ਨਹੀਂ ਕਿਉਂਕਿ ਖੂਨ ਦੇ ਸੈਂਪਲ ਇਸੇ ਕਲਿਨਿਕ ਵਿੱਚ ਲੈ ਲਏ ਜਾਂਦੇ ਹਨ।

ਮੇਲ ਫੀਮੇਲ ਡਾਕਟਰਾਂ ਦੀ ਸਹੂਲਤ

ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਵਿਚ ਗੱਲਬਾਤ

Medical and Health
Unit 145, 630 Redstone Drive, NE, Calgary, Alberta T3N 1L4
+1 587-440-0777
info@Redstoneclinic.ca
Hours 09:00 - 17:00
Blood Work Collection Sevices
ECG Facility | EKG Facility
Holter Monitor Facility

## Universal Health PHARMACY
It's all about "U"
Compounding & Home Health Care

ਫਾਰਮੇਸੀ ਵਿੱਚ ਹਿੰਦੀ, ਪੰਜਾਬੀ, ਅੰਗਰੇਜ਼ੀ ਤੇ ਗੁਜਰਾਤੀ ਭਾਸ਼ਾਵਾਂ ਬੋਲਣ ਵਾਲ਼ਾ ਸਟਾਫ ਹੈ ਜਿਹੜਾ ਤੁਹਾਨੂੰ ਦਵਾਈਆਂ ਬਾਰੇ ਆਸਾਨੀ ਨਾਲ਼ ਸਮਝਾ ਸਕਦਾ ਹੈ। ਰੈਡਸਟੋਨ ਮੈਡੀਕਲ ਕਲਿਨਿਕ ਵਿੱਚ ਜਾਂਚ ਤੋਂ ਬਾਅਦ ਤੁਸੀਂ ਇਸ ਫਾਰਮੇਸੀ ਤੋਂ ਦਵਾਈ ਖਰੀਦ ਕੇ ਆਪਣੇ ਸਮੇਂ ਦੀ ਬੱਚਤ ਕਰ ਸਕਦੇ ਹੋ।

- Home Health care products
- Free med review with one on one care
- Immunization/Vaccinations
- Injectionservices
- Prescribing Pharmacist Available
- Travel Health Consultations
- Compliance Packaging
- Custom Meds Compounding

#150, 630 Redstone Drive NE
Calgary, AB T3N 1L4
587 440 0041
Fax : (587) 440-0042
Store Hours
Monday To Friday 10 am - 7 pm
Saturday 10 am-2 pm
Sunday 10am-3 pm
apatel@universalhealthcentre.com
www.universalhealthcentre.com



MYBROKERS.CA

We provide following insurance services:

AUTO | HOME | BUSINESS
COMMERCIAL AUTO | COMMERCIAL PROPERTY
RENTAL PROPERTY LIABILITY | TRUCKING etc.

#208, 4656 Westwinds Dr. NE Calgary AB (UPSTAIRS)

For quotation please Call: 403-681-8689



Westwinds PHARMACY

ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ



Apinder Aujla
BSc.Pharm

Open 7 Days A Week

New Hours Mon To Fri 9am to 9 pm and 10 am to 6 pm Weekends

10% Discount on OTC Products with this coupon
EXP : Dec 31, 2020 | LIMIT : 1 Coupon per Visit

Free Delivery In NE

• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ

Fast, Friendly, Hassle Free Service!



Satvachan Lal
B.Sc.Pharm

#1150, 4818 Westwindus Drive NE. Calgary

403-293-9360





'The name people trust and recommend' Over 30 years of experience in Immigration Matters

HAYER LAW OFFICE

Immigration Law

- Parents and spousal sponsorships
- Skilled Workers/Express Entry
- Business/Entrepreneur/Investor
- Appeals against refused cases
- Student, Visitor Visa & Super Visa
- Refugee Claims and Federal Court Appeals
- PNP applications
- Successfully handled thousands of immigration cases

DALWINDER HAYER
M.A. (Eco.) LL.B., LL.M
Barrister, Solicitor and Notary Public

SITAL (TINA)
B.A., LL.B. (Hons.) L.L.M.
Tel : 78377-00046 | Chandigarh (India)

AMANDEEP HAYER
B.A., J.D. (Canada) J.D. (U.S.)
Barrister, Solicitor, Notary Public

BALJINDER HAYER
Immigration Consultant
& Public Notary

T0 SERVE OUR CLIENTS BETTER, WE FREQUENTLY VISIT INDIA.

Tel : 403-235-4197
Fax : 403-235-6038
West Winds Business Centre
#111, 5120 47 St. NE Calgary, AB., T3J 4K3
Email : hayerlaw@shaw.ca



Trips Booker
TRAVEL AGENCY

Airline Tickets/Hotel/Tours/Supers Visa Insurance

TRAVEL NOW AND PAY LETER
We Can Finance For 03 to 12 Months *

LOWEST AIR FARE DEALS
USA, EUROPE, AUSTRALIA,
MIDDLE EAST, MAXICO,CUBA,
SOUTH AMERICA, CHINA,
PHILIPPINES, INDIA, PAKISTAN

We Deals in:
• Airline Tickets
• Tour Packages
• Cruises
• Travel Insurance
• Super Visa Medical Insurance
(Monthly Payment Plans)



ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ
• ਏਅਰਲਾਈਨਜ਼ ਟਿਕਟ
• ਟੂਰ ਪੈਕੇਜ
• ਕਰੂਜ਼ਜ਼
• ਟਰੈਵਲ ਇੰਸ਼ੋਰੈਂਸ
• ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ
• (ਮੰਥਲੀ ਪੇਮੈਂਟ ਪਲੈਨਜ਼)

Call us now @
403-668-4800
www.Tripsbooker.ca

3650 Westwinds Drive NE,
Suite #105, Calgary AB T3J 0W9
Email:reservation@Tripsbooker.ca

Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500

# ਕੀ 'ਬਲੈਕ ਲਾਈਵਜ਼ ਮੈਟਰ' ਮੂਵਮੈਂਟ ਦੁਨੀਆਂ 'ਚ ਰੰਗ, ਨਸਲ, ਜਾਤ, ਧਰਮ, ਲਿੰਗ ਅਧਾਰਿਤ ਵਿਤਕਰੇ ਖਤਮ ਕਰ ਸਕੇਗੀ?



ਹਰਚਰਨ ਸਿੰਘ ਪਰਹਾਰ
403-681-8689
hp8689@gmail.com

25 ਮਈ, 2020 ਨੂੰ ਅਮਰੀਕਾ ਦੀ ਸਟੇਟ ਮਿਨੀਸੋਟਾ ਦੇ ਸ਼ਹਿਰ ਮਿਨੀਐਪਲਸ ਵਿੱਚ ਇੱਕ ਕਾਲੇ ਮੂਲ ਦੇ ਨਿਹੱਥੇ ਵਿਅਕਤੀ ਜਾਰਜ਼ ਫਲਾਇਡ ਨੂੰ ਪੁਲਿਸ ਨੇ ਇੱਕ ਜ਼ਾਅਲੀ ਬਿੱਲ ਦੇ ਦੋਸ਼ ਵਿੱਚ ਗ੍ਰਿਫਤਾਰੀ ਦੌਰਾਨ ਅਣਗਹਿਲੀ ਕਰਕੇ ਬੇਰਹਿਮੀ ਨਾਲ ਮਾਰ ਦਿੱਤਾ ਸੀ। ਅਮਰੀਕਾ ਵਿੱਚ ਇਹ ਕੋਈ ਨਾ ਪਹਿਲੀ ਘਟਨਾ ਸੀ ਤੇ ਨਾ ਹੀ ਸ਼ਾਇਦ ਨਿਕਟ ਭਵਿੱਖ ਵਿੱਚ ਆਖਰੀ ਘਟਨਾ ਹੋਵੇ? ਪਰ ਕਈ ਵਾਰ ਕੁਝ ਛੋਟੀਆਂ ਘਟਨਾਵਾਂ ਵੀ ਇਤਿਹਾਸ ਬਦਲਣ ਲਈ ਕਾਫੀ ਹੁੰਦੀਆਂ ਹਨ। ਜਿਸ ਤਰ੍ਹਾਂ 1 ਦਸੰਬਰ, 1955 ਨੂੰ 42 ਸਾਲਾ ਰੋਜ਼ਾ ਪਾਰਕ ਨਾਮ ਦੀ ਇੱਕ ਕਾਲੀ ਔਰਤ ਨੂੰ ਇਸ ਕਰਕੇ ਗ੍ਰਿਫਤਾਰ ਕਰ ਲਿਆ ਗਿਆ ਸੀ, ਜਦੋਂ ਉਸਨੇ ਮੌਂਟਗੁੰਮਰੀ (ਅਲਾਬਾਮਾ) ਵਿੱਚ ਬੱਸ ਸਫਰ ਦੌਰਾਨ ਇੱਕ ਗੋਰੇ ਵਿਅਕਤੀ ਲਈ ਸੀਟ ਛੱਡਣ ਤੋਂ ਇਨਕਾਰ ਕਰ ਦਿੱਤਾ ਸੀ। ਬੇਸ਼ੱਕ ਕਨੂੰਨੀ ਤੌਰ ਤੇ ਅਮਰੀਕਾ ਅੰਦਰ 1865 ਵਿੱਚ ਕਾਲਿਆਂ ਦੀ ਗੁਲਾਮੀ ਖਤਮ ਕਰ ਦਿੱਤੀ ਗਈ ਸੀ, ਪਰ ਸਮਾਜਿਕ ਜਾਂ ਰਾਜਸੀ ਤੌਰ 'ਤੇ ਰੰਗ ਅਧਾਰਿਤ ਨਸਲਵਾਦੀ ਵਿਤਕਰਾ ਉਵੇਂ ਹੀ ਜਾਰੀ ਸੀ। ਜਿਹੜਾ ਕਿ ਵੱਖ-ਵੱਖ ਕਨੂੰਨੀ ਸੋਧਾਂ ਕਰਕੇ 1970 ਤੱਕ ਖਤਮ ਕੀਤਾ ਗਿਆ।

ਕਾਲਿਆਂ ਨੂੰ ਬਰਾਬਰਤਾ ਦੇਣ ਦੀ ਕੋਸ਼ਿਸ਼ ਕਰਨ ਵਾਲੇ ਦੂਜੇ ਰਾਸ਼ਟਰਪਤੀ ਜੌਹਨ ਐਫ ਕੈਨੇਡੀ ਨੂੰ 100 ਕੁ ਸਾਲ ਬਾਅਦ 1963 ਵਿੱਚ ਨਸਲਵਾਦੀ ਗੋਰਿਆਂ ਵਲੋਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਇਸ ਤੋਂ ਪਹਿਲਾਂ ਰਾਸ਼ਟਰਪਤੀ ਅਬਰਾਹਿਮ ਲਿੰਕਨ ਨੂੰ 1865 ਵਿੱਚ ਕਾਲਿਆਂ ਦੀ ਗੁਲਾਮੀ ਖਤਮ ਕਰਨ ਕਰਕੇ ਕਤਲ ਕਰ ਦਿੱਤਾ ਗਿਆ ਸੀ। 1970 ਤੱਕ ਅਮਰੀਕਾ ਵਿੱਚ ਨਾ ਸਿਰਫ ਬੱਸਾਂ-ਟਰੇਨਾਂ ਵਿੱਚ ਕਾਲਿਆਂ ਦੇ ਬੈਠਣ ਲਈ ਪਿਛੇ ਸੀਟਾਂ ਹੁੰਦੀਆਂ ਸਨ, ਬਲਕਿ ਕਾਲਿਆਂ ਦੇ ਵੱਖਰੇ ਚਰਚ, ਵੱਖਰੇ ਸਕੂਲ, ਵੱਖਰੀਆਂ ਕਲੋਨੀਆਂ, ਵੱਖਰੀਆਂ ਅਪਾਰਟਮੈਂਟਾਂ, ਵੱਖਰੇ ਰੈਸਟੋਰੈਂਟ ਆਦਿ ਸਨ। ਇਸੇ ਤਰ੍ਹਾਂ ਮਿ. ਫਲਾਇਡ ਦੀ ਮੌਤ ਮੌਕੇ ਕਿਸੇ ਵਲੋਂ ਬਣਾਈ ਵੀਡੀਓ ਦੇ ਵਾਇਰਲ ਹੋਣ ਤੋਂ ਬਾਅਦ ਜਿਥੇ ਪਹਿਲਾਂ ਅਮਰੀਕਾ ਭਰ ਵਿੱਚ ਗੁੱਸੇ ਨਾਲ ਭਰੀਆਂ ਭੀੜਾਂ ਹਿੰਸਕ ਹੋ ਗਈਆਂ ਸਨ, ਪਰ ਜਲਦੀ ਹੀ ਵਿਰੋਧ ਦਾ ਘਟਨਾਕਰਮ ਅਮਰੀਕਾ ਤੋਂ ਵਧਦਾ ਸਾਰੀ ਦੁਨੀਆਂ ਵਿੱਚ 'ਬਲੈਕ ਲਾਈਵਜ਼ ਮੈਟਰ' ਨਾਮ ਦੀ ਸ਼ਾਂਤੀਪੂਰਨ ਮਾਸ ਮੂਵਮੈਂਟ ਵਿੱਚ ਬਦਲ ਗਿਆ। ਪਿਛਲੇ ਮਹੀਨੇ ਪੱਛਮ ਦੇ ਤਕਰੀਬਨ ਸਾਰੇ ਦੇਸ਼ਾਂ ਵਿੱਚ ਆਮ ਲੋਕਾਂ ਦੇ ਵੱਡੇ-ਵੱਡੇ ਇਕੱਠ ਹੋਏ ਤੇ ਫਿਰ ਇਹ ਮੂਵਮੈਂਟ ਨਸਲੀਵਾਦੀ ਸੋਚ ਅਧੀਨ ਬਣੀਆਂ ਯਾਦਗਾਰੀ ਇਮਾਰਤਾਂ ਤੇ ਬੁੱਤਾਂ ਦੀ ਤੋੜ-ਭੰਨ ਵੱਲ ਨੂੰ ਹੋ ਗਈ। ਜਿਸ ਅਧੀਨ ਮੁਜ਼ਾਹਰਕਾਰੀਆਂ ਵਲੋਂ ਨਸਲਵਾਦ ਦਾ ਪ੍ਰਤੀਕ ਅਨੇਕਾਂ ਪ੍ਰਸਿੱਧ ਵਿਅਕਤੀਆਂ ਦੇ ਬੁੱਤ ਤੋੜੇ ਗਏ, ਜਿਨ੍ਹਾਂ ਸਲੇਵ ਟਰੇਡਰ ਐਡਵਰਡ ਕੌਲਸਟਨ, ਕਰਸਿਟਫਰ ਕੋਲੰਬਸ, ਮਹਾਤਮਾ ਗਾਂਧੀ, ਮਰਚੈਂਟ ਸਲੇਵ ਟਰੇਡਰ ਰੌਬਰਟ ਮਿਲੀਗਨ, ਨਸਲਵਾਦੀ ਸਾਬਕਾ ਫੌਜੀ ਤੇ ਹਿਟਲਰ ਹਮਾਇਤੀ ਰੌਬਰਟ ਬੇਡਨ ਪੌਵਲ ਸ਼ਾਮਿਲ ਸਨ। ਮੁਜ਼ਾਹਰਾਕਾਰੀਆਂ ਵਲੋਂ ਇਸੇ ਤਰ੍ਹਾਂ ਦੇ ਨਸਲਵਾਦ ਦਾ ਪ੍ਰਤੀਕ ਅਮਰੀਕਾ, ਕਨੇਡਾ, ਇੰਗਲੈਂਡ, ਜਰਮਨੀ ਤੇ ਹੋਰ ਪੱਛਮੀ ਦੇਸ਼ਾਂ ਵਿੱਚ ਲੱਗੇ ਹੋਏ ਬੁੱਤਾਂ ਨੂੰ ਹਟਾਉਣ ਦੀ ਮੰਗ ਕੀਤੀ ਜਾ ਰਹੀ ਹੈ। ਇਥੇ ਇਹ ਵਰਨਣਯੋਗ ਹੈ ਕਿ 'ਬਲੈਕ ਲਾਈਵਜ਼ ਮੈਟਰ' ਮੂਵਮੈਂਟ 2013 ਵਿੱਚ ਅਮਰੀਕਾ ਤੋਂ ਉਸ ਵੇਲੇ ਸ਼ੁਰੂ ਹੋਈ ਸੀ, ਜਦੋਂ 2012 ਵਿੱਚ ਇੱਕ 17 ਸਾਲਾ ਕਾਲੇ ਨੌਜਵਾਨ ਟਰੇਵੌਨ ਮਾਰਟਿਨ ਨੂੰ ਫਲੋਰਿਡਾ ਵਿੱਚ ਗੋਲੀ ਮਾਰ ਕੇ ਮਾਰਨ ਵਾਲੇ ਗੋਰੇ ਜੌਰਜ਼ ਜ਼ਿਮਰਮੈਨ ਨੂੰ ਅਦਾਲਤ ਨੇ ਸਾਫ ਬਰੀ ਕਰ ਦਿੱਤਾ ਸੀ। ਇਸ ਤੋਂ ਬਾਅਦ ਇਸ ਮੂਵਮੈਂਟ ਨੇ ਉਸ ਵਕਤ ਹੋਰ ਜ਼ੋਰ ਫੜਿਆ ਸੀ, ਜਦੋਂ 2014 ਵਿੱਚ ਦੋ ਹੋਰ ਕਾਲੇ ਨੌਜਵਾਨ ਪੁਲਿਸ ਗੋਲੀ ਨਾਲ ਮਾਰੇ ਗਏ ਸਨ। ਬੇਸ਼ੱਕ ਇਹ ਮੂਵਮੈਂਟ ਪਿਛਲ਼ੇ ਮਹੀਨੇ ਤੱਕ ਅਮਰੀਕਾ ਤੱਕ ਸੀਮਤ ਸੀ, ਪਰ ਜਾਰਜ਼ ਫਲਾਇਡ ਦੀ ਮੌਤ ਤੋਂ ਬਾਅਦ ਇਹ ਮੂਵਮੈਂਟ ਦੁਨੀਆਂ ਭਰ ਵਿੱਚ ਫੈਲ ਚੁੱਕੀ ਹੈ। ਕਾਲਿਆਂ ਨਾਲ ਅਮਰੀਕਾ ਵਿੱਚ ਅਣਮਨੁੱਖੀ ਨਸਲਵਾਦੀ ਵਤੀਰਾ 300 ਸਾਲ ਤੋਂ ਵੀ ਪੁਰਾਣਾ ਹੈ। ਜਦੋਂ ਬਰਤਾਨਵੀ ਬਸਤੀਵਾਦੀ ਗੋਰੇ ਹਾਕਮਾਂ ਨੇ ਅਫਰੀਕਾ ਤੋਂ ਆਪਣੇ ਘਰੇਲੂ ਤੇ ਖੇਤੀਬਾੜੀ ਦੇ ਕੰਮਾਂ ਲਈ ਕਾਲੇ ਕਾਮੇ ਖਰੀਦ ਕੇ ਲਿਆਉਣੇ ਸ਼ੁਰੂ ਕੀਤੇ ਸਨ, ਜਿਨ੍ਹਾਂ ਨੂੰ ਬਾਅਦ ਵਿੱਚ ਵੱਖ-ਵੱਖ ਢੰਗਾਂ ਨਾਲ ਗੁਲਾਮ ਬਣਾ ਕੇ ਰੱਖਿਆ ਜਾਂਦਾ ਸੀ। ਅਮਰੀਕਨ ਇਤਿਹਾਸਕਾਰਾਂ ਅਨੁਸਾਰ 30 ਲੱਖ ਕਾਲਿਆਂ ਨੂੰ ਅਫਰੀਕਾ ਵਿੱਚੋਂ ਖਰੀਦ ਕੇ ਜਬਰਦਸਤੀ ਬੰਦੀ ਬਣਾ ਕੇ ਅਮਰੀਕਾ ਲਿਆਂਦਾ ਗਿਆ ਸੀ। ਜਿਨ੍ਹਾਂ ਵਿੱਚੋਂ ਵੱਡੀ ਗਿਣਤੀ ਵਿੱਚ ਕਾਲੇ ਰਸਤਿਆਂ ਵਿੱਚ ਹੀ ਬੀਮਾਰੀ ਜਾਂ ਭੁੱਖ ਨਾਲ ਮਰ ਜਾਂਦੇ ਸਨ, ਜਿਨ੍ਹਾਂ ਨੂੰ ਸਮੁੰਦਰ ਵਿੱਚ ਮੱਛੀਆਂ ਦੇ ਖਾਣ ਲਈ ਸੁੱਟ ਦਿੱਤਾ ਜਾਂਦਾ ਸੀ। ਬੇਸ਼ੱਕ ਅਮਰੀਕਾ ਬਸਤੀਵਾਦੀ ਅੰਗਰੇਜ਼ਾਂ ਤੋਂ 19 ਅਪਰੈਲ, 1775 ਨੂੰ ਅਜ਼ਾਦ ਹੋ ਗਿਆ ਸੀ, ਪਰ ਅਜਾਦੀ ਤੋਂ ਬਾਅਦ ਵੀ ਅਮਰੀਕਨ ਗੋਰਿਆਂ ਨੇ ਕਾਲਿਆਂ ਨੂੰ ਗੁਲਾਮ ਬਣਾ ਕੇ ਰੱਖਣਾ ਜਾਰੀ ਰੱਖਿਆ।

ਅਮਰੀਕਾ ਵਿੱਚ 1860 ਤੋਂ ਪਹਿਲਾਂ ਕਾਲਿਆਂ ਨੂੰ ਇੱਕ ਮਨੁੱਖ ਵਜੋਂ ਨਹੀਂ, ਸਗੋਂ ਗੋਰੇ ਮਾਲਕਾਂ ਵਲੋਂ ਆਪਣੀ ਜਾਇਦਾਦ ਦੇ ਤੌਰ 'ਤੇ ਰੱਖਿਆ ਜਾਂਦਾ ਸੀ, ਜਿਸ ਤਰ੍ਹਾਂ ਪਸ਼ੂ ਉਨ੍ਹਾਂ ਦੇ ਕੰਮ ਆਉਂਦੇ ਸਨ, ਇਸੇ ਤਰ੍ਹਾਂ ਕਾਲਿਆਂ ਨੂੰ ਵੀ ਰੱਖਿਆ ਜਾਂਦਾ ਸੀ। ਇਤਿਹਾਸਕ ਤੌਰ 'ਤੇ ਗੋਰੇ ਪਸ਼ੂਆਂ ਨਾਲ ਘੱਟ ਜ਼ੁਲਮ ਕਰਦੇ ਸਨ, ਪਰ ਅਫਰੀਕਨ ਕਾਲਿਆਂ ਨਾਲ ਵੱਧ ਜ਼ੁਲਮ ਹੁੰਦਾ ਸੀ। ਪਹਿਲੀ ਵਾਰ 1860 ਵਿੱਚ ਅਬਰਾਹਿਮ ਲਿੰਕਨ ਦੇ ਅਮਰੀਕਨ ਪ੍ਰਧਾਨ ਬਣਨ ਤੋਂ ਬਾਅਦ, ਜਦੋਂ ਉਸਨੇ ਕਾਲਿਆਂ ਦੀ ਗੁਲਾਮੀ ਖਤਮ ਕਰਨ ਦੀ ਕੋਸ਼ਿਸ਼ ਕੀਤੀ ਤਾਂ ਤਕਰੀਬਨ 10 ਸਟੇਟਾਂ ਨੇ ਬਗਾਵਤ ਕਰ ਦਿੱਤੀ, ਜਿਸਦੇ ਨਤੀਜੇ ਵਜੋਂ 1861 ਤੋਂ 1865 ਤੱਕ ਅਮਰੀਕਾ ਵਿੱਚ ਹੋਈ ਖੂਨੀ ਸਿਵਿਲ ਵਾਰ (ਘਰੇਲੂ ਜੰਗ), ਜਿਸ ਵਿੱਚ 15 ਲੱਖ ਦੇ ਕਰੀਬ ਲੋਕ ਮਾਰੇ ਗਏ ਸਨ, ਤੋਂ ਬਾਅਦ ਬੇਸ਼ੱਕ 18 ਦਸੰਬਰ, 1865 ਵਿੱਚ ਕਾਨੂੰਨੀ ਤੌਰ 'ਤੇ ਅਮਰੀਕਾ ਵਿਚੋਂ ਕਾਲਿਆਂ ਦੀ ਸਲੇਵਰੀ (ਖਰੀਦਣ-ਵੇਚਣ) ਖਤਮ ਕਰ ਦਿੱਤੀ ਗਈ ਸੀ, ਪਰ ਕਾਲਿਆਂ ਨੂੰ ਕਨੂੰਨੀ ਤੌਰ 'ਤੇ ਸਾਰੇ ਕਨੂੰਨੀ ਤੇ ਮਨੁੱਖੀ ਹੱਕ ਅਜੇ ਤੱਕ ਨਹੀਂ ਮਿਲੇ।ਕਾਲੇ ਅਮਰੀਕਨ ਆਦਮੀਆਂ ਨੂੰ 1870 ਵਿੱਚ ਵੋਟ ਪਾਉਣ ਦਾ ਅਧਿਕਾਰ ਦਿੱਤਾ ਗਿਆ, ਪਰ ਔਰਤਾਂ ਨੂੰ ਵੋਟ ਪਾਉਣ ਦਾ ਹੱਕ ਨਹੀਂ ਸੀ। ਪਹਿਲੀ ਵਾਰ 1920 ਵਿੱਚ ਅਮਰੀਕਨ ਗੋਰੀਆਂ ਨੇ ਤਾਂ ਵੋਟ ਪਾਉਣ ਦਾ ਹੱਕ ਲੈ ਲਿਆ ਸੀ, ਪਰ ਅਮਰੀਕਨ ਕਾਲੀਆਂ, ਏਸ਼ੀਅਨ, ਸਪੈਨਿਸ਼, ਮੂਲ ਨਿਵਾਸੀ ਔਰਤਾਂ ਨੂੰ ਇਹ ਹੱਕ 6 ਅਗਸਤ, 1965 ਵਿੱਚ ਸਿਵਿਲ ਰਾਈਟਸ ਮੂਵਮੈਂਟ ਤੋਂ ਬਾਅਦ ਮਿਲਿਆ ਸੀ। ਇਥੇ ਇਹ ਵੀ ਵਰਨਣਯੋਗ ਹੈ ਕਿ ਲਿੰਕਨ ਨੂੰ 15 ਅਪਰੈਲ, 1865 ਨੂੰ ਕਨੂੰਨੀ ਤੌਰ ਕਾਲਿਆਂ ਦੀ ਗੁਲਾਮੀ ਖਤਮ ਕਰਨ ਤੋਂ ਪਹਿਲਾਂ ਹੀ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ।

ਗੁਲਾਮ ਕਾਲਿਆਂ (ਮਰਦ-ਔਰਤਾਂ), ਸਪੈਨਿਸ਼ ਲੋਕਾਂ (ਨਾਰਥ ਤੇ ਸਾਊਥ ਅਮਰੀਕਾ ਦੇ ਲੋਕਾਂ), ਮੂਲ ਨਿਵਾਸੀ ਅਮਰੀਕਨਾਂ, ਏਸ਼ੀਅਨਾਂ ਨਾਲ ਪਹਿਲਾਂ ਬਸਤੀਵਾਦੀ ਗੋਰਿਆਂ ਤੇ ਬਾਅਦ ਵਿੱਚ ਅਮਰੀਕਨ ਗੋਰਿਆਂ ਵਲੋਂ ਜੋ ਜ਼ੁਲਮ-ਤਸ਼ੱਦਦ ਤੇ ਅਣਮਨੁੱਖੀ ਵਰਤਾਰਾ 300 ਸਾਲ ਕੀਤਾ ਗਿਆ ਤੇ ਵੱਖ-ਵੱਖ ਢੰਗਾਂ ਨਾਲ ਅਸਿੱਧੇ ਤੌਰ ਤੇ ਅਜੇ ਵੀ ਜਾਰੀ ਹੈ, ਉਸਨੂੰ ਪੜ੍ਹ ਕੇ ਸਾਨੂੰ ਆਪਣੇ ਮਨੁੱਖ ਹੋਣ ਤੇ ਸ਼ਰਮ ਆਉਣ ਲਗਦੀ ਹੈ ਕਿ ਮਨੁੱਖ ਤੋਂ ਵਹਿਸ਼ੀ ਜਾਨਵਰ ਇਸ ਦੁਨੀਆਂ ਵਿੱਚ ਕੋਈ ਹੋਰ ਨਹੀਂ।ਬਾਕੀ ਤਕੜੇ ਜਾਨਵਰ ਤਾਂ ਸਿਰਫ ਆਪਣੀ ਭੁੱਖ ਦੀ ਪੂਰਤੀ ਜਾਂ ਡਰ ਵਿੱਚ ਹੀ ਕਿਸੇ ਤੇ ਹਮਲਾ ਕਰਦੇ ਹਨ, ਪਰ ਮਨੁੱਖ ਇੱਕ ਅਜਿਹਾ ਵਹਿਸ਼ੀ ਦਰਿੰਦਾ ਹੈ, ਜੋ ਆਪਣੀਆਂ ਇਛਾਵਾਂ ਅਤੇ ਆਪਣੀ ਰੰਗ, ਨਸਲ, ਲਿੰਗ, ਧਰਮ, ਰਾਜਸੀ ਤਾਕਤ ਆਦਿ ਦੇ ਨਸ਼ੇ ਵਿੱਚ ਅਜਿਹਾ ਵਹਿਸ਼ੀਪੁਣਾ ਕਰ ਸਕਦਾ ਹੈ, ਜਿਸ ਨਾਲ ਸਾਰੀ ਦੁਨੀਆਂ ਦਾ ਇਤਿਹਾਸ ਭਰਿਆ ਪਿਆ ਹੈ। ਬੇਸ਼ਕ ਅੱਜ ਮਨੁੱਖ ਨੇ ਵਿਗਿਆਨ ਦੀਆਂ ਕਾਢਾਂ ਨਾਲ ਅਨੇਕਾਂ ਤਰ੍ਹਾਂ ਦੀਆਂ ਸੁੱਖ ਸਹੂਲਤਾਂ ਪ੍ਰਾਪਤ ਕਰ ਲਈਆਂ ਹਨ, ਪਰ ਅੰਦਰੋਂ ਉਸਦੀਆਂ ਇਛਾਵਾਂ ਕਦੇ ਨਾ ਖਤਮ ਹੋਣ ਵਾਲੀਆਂ ਹਨ, ਜਿਸ ਅਧੀਨ ਕਾਬਿਜ਼ ਤਾਕਤਵਰ ਜਮਾਤਾਂ ਦੂਜਿਆਂ ਨੂੰ ਗੁਲਾਮ ਬਣਾਉਣ ਲਈ ਨਵੇਂ ਨਵੇਂ ਢੰਗ ਤਰੀਕੇ ਲੱਭਦੀਆਂ ਰਹਿੰਦੀਆਂ ਹਨ।

ਅਮਰੀਕਾ ਤੇ ਯੂਰਪ ਵਿੱਚ ਕਾਲੇ ਗੁਲਾਮਾਂ ਨਾਲ ਅਨੇਕਾਂ ਤਰ੍ਹਾਂ ਦੇ ਅਣਮਨੁੱਖੀ ਜ਼ੁਲਮ ਢਾਹੇ ਜਾਂਦੇ ਸਨ, ਉਨ੍ਹਾਂ ਵਿੱਚੋਂ ਇਥੇ ਕੁਝ, ਇਸ ਲਈ ਵਰਨਣ ਕਰਨੇ ਜ਼ਰੂਰੀ ਹਨ, ਤਾਂ ਕਿ ਸਾਨੂੰ ਉਨ੍ਹਾਂ ਦੀ ਗੁਲਾਮੀਅਤ ਦਾ ਅਹਿਸਾਸ ਹੋ ਸਕੇ ਤੇ ਜੋ ਲੋਕ ਅਜੇ ਵੀ ਨਵੇਂ ਢੰਗ ਨਾਲ ਲੋਕਾਂ ਨੂੰ ਗੁਲਾਮ ਬਣਾ ਰਹੇ, ਉਨ੍ਹਾਂ ਪ੍ਰਤੀ ਚੇਤੰਨ ਹੋਇਆ ਜਾ ਸਕੇ ਅਤੇ ਜਿਨ੍ਹਾਂ ਨੂੰ ਗੁਲਾਮੀਅਤ ਤੋਂ ਅਜ਼ਾਦੀ ਨਹੀਂ ਮਿਲ ਸਕੀ, ਉਨ੍ਹਾਂ ਦੇ ਹੱਕ ਵਿੱਚ ਖੜ ਸਕਣ ਲਈ ਕੋਈ ਯਤਨ ਕਰ ਸਕੀਏ।ਬਸਤੀਵਾਦੀ ਅੰਗਰੇਜ਼ਾਂ ਤੇ ਬਾਅਦ ਵਿੱਚ ਅਮਰੀਕਨ ਗੋਰਿਆਂ ਵਲੋਂ ਕਾਲੇ ਲੋਕਾਂ ਨੂੰ ਵਸਤੂਆਂ (ਜਾਂ ਪਸ਼ੂਆਂ) ਵਾਂਗ ਖਰੀਦਿਆ ਤੇ ਵੇਚਿਆ ਜਾਂਦਾ ਸੀ, ਉਨ੍ਹਾਂ ਨੂੰ ਪਸ਼ੂਆਂ ਵਾਂਗ (ਜਾਂ ਬਹੁਤ ਵਾਰ ਪਸ਼ੂਆਂ ਤੋਂ ਵੀ ਨੀਵੇਂ ਪੱਧਰ ਤੇ) ਰੱਖਿਆ ਜਾਂ ਵਰਤਿਆ ਜਾਂਦਾ ਸੀ, ਕਾਲੀਆਂ ਔਰਤਾਂ ਨੂੰ ਘਰਾਂ ਦੇ ਕੰਮਾਂ ਜਾਂ ਗੋਰੇ ਬੱਚੇ ਪਾਲਣ ਲਈ ਬੰਧੂਆ ਮਜਦੂਰ ਬਣਾ ਕੇ ਰੱਖਿਆ ਜਾਂਦਾ ਸੀ, ਗੋਰੇ ਮਰਦ ਕਾਲੇ ਖਰੀਦਣ ਦੀ ਥਾਂ ਬਹੁਤ ਵਾਰ, ਜਿਥੇ ਕਾਲੀਆਂ ਔਰਤਾਂ ਨਾਲ ਆਪਣੀ ਸੈਕਸ ਪੂਰਤੀ ਕਰਦੇ ਸਨ, ਉਥੇ ਉਨ੍ਹਾਂ ਰਾਹੀਂ ਪੈਦਾ ਹੋਏ ਬੱਚਿਆਂ ਨੂੰ ਮੁਫਤ ਦੇ ਗੁਲਾਮ (ਸੀਰੀ) ਬਣਾ ਕੇ ਰੱਖਦੇ ਸਨ, ਗੋਰੀਆਂ ਔਰਤਾਂ ਆਪਣੇ ਬੱਚਿਆਂ ਨੂੰ ਆਪ ਦੁੱਧ ਚੁੰਘਾਉਣ ਦੀ ਥਾਂ ਨਵੀਆਂ ਮਾਂ ਬਣੀਆਂ ਕਾਲੀਆਂ ਔਰਤਾਂ ਤੋਂ ਉਨ੍ਹਾਂ ਦੇ ਬੱਚੇ ਖੋਹ ਕੇ ਆਪਣੇ ਬੱਚਿਆਂ ਨੂੰ ਦੁੱਧ ਚੁੰਘਾਉਂਦੀਆਂ ਸਨ ਤੇ ਕਾਲੇ ਬੱਚੇ ਕਈ ਬਿਨਾਂ ਦੁੱਧ ਤੋਂ ਮਰ ਜਾਂਦੇ ਸਨ ਜਾਂ ਹੋਰ ਖੁਰਾਕ ਖਾ ਕੇ ਪਲ਼ਦੇ ਸਨ, ਗੋਰੇ ਮਾਲਕ ਆਪਣੇ ਕਾਲੇ ਗੁਲਾਮਾਂ ਦੇ ਸਰੀਰ ਉਤੇ ਗਰਮ ਰਾਡ ਨਾਲ ਕੋਈ ਨੰਬਰ ਜਾਂ ਨਾਮ ਖੋਦਦੇ ਸਨ (ਅੱਜਕੱਲ ਦੇ ਟੈਟੂ ਵਾਂਗ) ਤਾਂ ਕਿ ਆਪਣੇ ਗੁਲਾਮ ਦੀ ਪਹਿਚਾਣ ਰੱਖੀ ਜਾ ਸਕੇ, ਜੇ ਕੋਈ ਕਾਲਾ ਭੱਜਣ ਦੀ ਕੋਸ਼ਿਸ਼ ਕਰੇ ਤਾਂ ਉਸਨੂੰ ਗੋਲੀ ਮਾਰਨਾ ਕਨੂੰਨੀ ਤੌਰ ਤੇ ਜਾਇਜ ਸੀ, ਜੇ ਕੋਈ ਕਾਲਾ ਗਲਤ ਕੰਮ ਕਰੇ ਜਾਂ ਮਾਲਕ ਦਾ ਹੁਕਮ ਨਾ ਮੰਨੇ ਤਾਂ ਉਸਨੂੰ ਨੰਗਾ ਕਰਕੇ ਹੰਟਰ ਮਾਰਨੇ, ਹੰਟਰ ਉਤੇ ਮੇਖਾਂ ਲਗਾ ਕੇ ਸਖਤ ਸਜ਼ਾ ਦੇਣ ਲਈ ਕੁੱਟਣਾ, ਲੋਹੇ ਦੀਆਂ ਗਰਮ ਰਾਡਾਂ ਨਾਲ ਕੁੱਟਣਾ, ਕਾਲਿਆ ਨੂੰ ਭੱਜਣ ਤੋਂ ਰੋਕਣ ਲਈ ਗਲ਼ਾਂ ਵਿੱਚ ਲੋਹੇ ਦਾ ਪਟਾ ਜਾਂ ਪੈਰਾਂ ਵਿੱਚ ਲੋਹੇ ਦੀਆਂ ਬੇੜੀਆਂ ਪਾ ਕੇ ਰੱਖਣਾ, ਕਾਲੇ ਆਪਣੀਆਂ ਮਾਲਕ ਗੋਰੀਆਂ ਨਾਲ ਸਰੀਰਕ ਸਬੰਧ ਨਾ ਬਣਾ ਸਕਣ, ਇਸ ਲਈ ਉਨ੍ਹਾਂ ਨੂੰ ਖੱਸੀ ਕਰਨਾ (ਨਾਮਰਦ ਬਣਾਉਣਾ) ਆਮ ਪ੍ਰਚਲਤ ਸੀ, ਕਾਲੀਆਂ ਔਰਤਾਂ ਵਲੋਂ ਮਾਲਕਾਂ ਦਾ ਹੁਕਮ ਨਾ ਮੰਨਣ ਤੇ ਭੁੱਖੇ ਰੱਖਣਾ, ਉਨ੍ਹਾਂ ਦੇ ਬੱਚਿਆਂ ਨੂੰ ਆਪਣਾ ਉਧਾਰ ਚੁਕਾਉਣ ਜਾਂ ਡਾਲਰ ਬਣਾਉਣ ਲਈ ਮੰਡੀ ਵਿੱਚ ਵੇਚ ਦੇਣਾ, ਮਾਲਕਾਂ ਵਲੋਂ ਰੇਪ ਕਰਨਾ ਜਾਂ ਸਖਤ ਸਜ਼ਾ ਦੇ ਤੌਰ 'ਤੇ ਗੈਂਗਰੇਪ ਕਰਨਾ, ਜੇ ਕੋਈ ਕਾਲਾ ਮਰਦ ਆਪਣੇ ਮਾਲਕ ਖਿਲਾਫ ਬਗਾਵਤ ਕਰਨ ਦੀ ਕੋਸ਼ਿਸ਼ ਕਰੇ ਤਾਂ ਉਸਦੀ ਪਤਨੀ ਜਾਂ ਧੀ ਨੂੰ ਜ਼ਬਰਦਸਤੀ ਮੰਡੀ ਵਿੱਚ ਵੇਚਣਾ ਤੇ ਨਵੇਂ ਮਾਲਕਾਂ ਵਲੋਂ ਬਜ਼ਾਰ ਵਿੱਚ ਹੀ ਉਸ ਨਾਲ ਰੇਪ ਕਰਨਾ ਸਖਤ ਸਜ਼ਾਵਾਂ ਵਿਚੋਂ ਇੱਕ ਸੀ, ਗੋਰੇ ਮਾਲਕ ਅਗਰ ਕਿਸੇ ਹੋਰ ਅਮੀਰ ਗੋਰੇ ਤੋਂ ਉਧਾਰ ਲੈ ਕੇ ਮੋੜਨ ਦੇ ਸਮਰੱਥ ਨਾ ਹੋਣ ਤਾਂ ਉਹ ਆਪਣੇ ਗੁਲਾਮ ਕਾਲੇ ਬੱਚਿਆਂ ਜਾਂ ਲੜਕੀਆਂ ਨੂੰ ਵੇਚ ਸਕਦੇ ਸਨ, ਕਾਲੇ ਗੁਲਾਮਾਂ ਨੂੰ ਪੜ੍ਹਨ ਦਾ ਕੋਈ ਹੱਕ ਨਹੀਂ ਸੀ, ਜੇ ਕੋਈ ਗੋਰਾ ਟੀਚਰ ਕਿਸੇ ਕਾਲੇ ਬੱਚੇ ਨੂੰ ਚੋਰੀਂ ਪੜ੍ਹਾਏ ਤਾਂ ਉਸਨੂੰ 100-250 ਡਾਲਰ ਤੱਕ ਜ਼ੁਰਮਾਨਾ ਸੀ ਅਤੇ ਕਾਲੇ ਬੱਚੇ ਤੇ ਉਸਦੇ ਮਾਪਿਆਂ ਨੂੰ 20-50 ਹੰਟਰਾਂ ਦੀ ਸਜ਼ਾ ਹੁੰਦੀ ਸੀ, ਇਹ ਕਨੂੰਨੀ ਤੌਰ 'ਤੇ 19ਵੀਂ ਸਦੀ ਤੱਕ ਲਾਗੂ ਰਿਹਾ, ਕਿਸੇ ਵੀ ਦੋਸ਼ ਵਿੱਚ ਗੋਰੇ ਮਾਲਕਾਂ ਵਲੋਂ ਆਪਣੇ ਗੁਲਾਮ ਕਾਲਿਆਂ ਨੂੰ ਮਾਰਨ ਲਈ ਕੋਈ ਸਜ਼ਾ ਨਹੀਂ ਹੁੰਦੀ ਸੀ, ਇਹ ਉਨ੍ਹਾਂ ਦਾ ਅਧਿਕਾਰ ਸੀ ਕਿਉਂਕਿ ਕਾਲਿਆਂ ਕੋਲ ਪਸ਼ੂਆਂ ਤੋਂ ਵੀ ਘੱਟ ਅਧਿਕਾਰ ਸਨ, ਕਾਲੇ ਗੁਲਾਮਾਂ ਨੂੰ 14-16 ਘੰਟੇ ਸੱਤੇ ਦਿਨ ਆਪਣੇ ਮਾਲਕਾਂ ਲਈ ਕੰਮ ਕਰਨਾ ਪੈਂਦਾ ਸੀ, ਜਿਸ ਲਈ ਉਨ੍ਹਾਂ ਨੂੰ ਸਿਰਫ ਰਹਿਣ ਤੇ ਖਾਣ ਦਾ ਹੀ ਮਾਮੂਲੀ ਖਰਚਾ ਦਿੱਤਾ ਜਾਂਦਾ ਸੀ, ਉਨ੍ਹਾਂ ਕੋਲ ਕੋਈ ਵੀ ਜਾਇਦਾਦ ਰੱਖਣ ਦਾ ਹੱਕ ਨਹੀਂ ਸੀ, ਕੋਈ ਕਾਲਾ ਕਿਸੇ ਗੋਰੀ ਨਾਲ ਵਿਆਹ ਨਹੀਂ ਕਰਾ ਸਕਦਾ ਸੀ, ਸ਼ੁਰੂ ਵਿੱਚ ਉਨ੍ਹਾਂ ਕੋਲ ਧਰਮ ਨੂੰ ਮੰਨਣ ਦਾ ਹੱਕ ਨਹੀਂ ਸੀ, ਪਰ ਬਾਅਦ ਵਿੱਚ ਇਸਾਈਆਂ ਦੀ ਗਿਣਤੀ ਵਧਾਉਣ ਦੇ ਮਨਸ਼ੇ ਨਾਲ ਕਾਲਿਆਂ ਨੂੰ ਇਸਾਈ ਬਣਾਇਆ ਗਿਆ, ਪਰ ਫਿਰ ਵੀ ਉਨ੍ਹਾਂ ਦੇ ਚਰਚ ਵੱਖਰੇ ਸਨ, ਕਾਲਿਆਂ ਨੂੰ ਆਮ ਜਨ-ਜੀਵਨ ਵਿੱਚ ਪਬਲਕਿ ਵਿੱਚ ਜਾਣ ਦੀ ਮਨਾਹੀ ਸੀ।

ਗੋਰੀ ਨਸਲ ਦੇ ਲੋਕਾਂ ਵਿੱਚ ਇਹ ਭਰਮ ਸਦੀਆਂ ਪੁਰਾਣਾ ਹੈ ਕਿ ਬਾਕੀ ਸਾਰੀਆਂ ਨਸਲਾਂ ਤੋਂ ਉਹ ਉਤਮ ਹਨ ਤੇ ਗਾਡ ਨੇ ਉਨ੍ਹਾਂ ਨੂੰ ਬਾਕੀ ਸਾਰੀਆਂ ਨਸਲਾਂ ਤੇ ਰਾਜ ਕਰਨ ਲਈ ਭੇਜਿਆ ਹੈ। ਜਿਸ ਤਰ੍ਹਾਂ ਹੁਣ ਇਹ ਬਾਕੀ ਦੁਨੀਆਂ ਨੂੰ ਲੋਕਤੰਤਰ ਦਾ ਸਬਕ ਸਿਖਾਉਂਦੇ ਹਨ। ਬਾਕੀ ਕੌਮਾਂ, ਨਸਲਾਂ, ਰੰਗਾਂ ਦੇ ਲੋਕਾਂ ਨੂੰ ਗੁਲਾਮ ਬਣਾ ਕੇ ਰੱਖਣਾ ਉਨ੍ਹਾਂ ਦਾ ਜਨਮ ਸਿੱਧ ਅਧਿਕਾਰ ਹੈ। ਦੂਸਰਾ ਉਨ੍ਹਾਂ ਦਾ ਸ਼ੁਰੂ ਤੋਂ ਇਹ ਮੰਨਣਾ ਹੈ ਕਿ ਔਰਤ ਭਾਵੇਂ ਕਿਸੇ ਵੀ ਨਸਲ ਜਾਂ ਰੰਗ ਦੀ ਹੋਵੇ, ਉਹ ਵੀ ਗਾਡ ਵਲੋਂ ਮਰਦ ਦੀ ਸੇਵਾ, ਸੈਕਸ ਪੂਰਤੀ, ਨਸਲ ਪੂਰਤੀ ਜਾਂ ਗੁਲਾਮੀ ਕਰਨ ਲਈ ਹੀ ਪੈਦਾ ਕੀਤੀ ਗਈ ਹੈ। ਇਸੇ ਸੋਚ ਅਧੀਨ ਦੁਨੀਆਂ ਭਰ ਵਿੱਚ ਵੱਖ-ਵੱਖ ਕੌਮਾਂ, ਧਰਮਾਂ, ਰੰਗਾਂ, ਨਸਲਾਂ, ਔਰਤਾਂ ਦੀ ਗੁਲਾਮੀ ਦਾ ਮੁੱਢ ਗੋਰੀ ਨਸਲ ਦੇ ਲੋਕਾਂ ਨੇ ਹੀ ਬੰਨ੍ਹਿਆ ਸੀ। ਬੇਸ਼ੱਕ ਬਦਲੇ ਹਾਲਤਾਂ ਵਿੱਚ ਪਿਛਲੇ 60-70 ਸਾਲਾਂ ਤੋਂ ਰਾਜਨੀਤਕ ਜਾਂ ਸਮਾਜਿਕ ਤੌਰ ਤੇ ਗੋਰਿਆਂ ਨੇ ਸਿੱਧੀ ਗੁਲਾਮੀ ਵਾਲਾ ਪੈਂਤੜਾ ਬਦਲ ਲਿਆ ਹੈ, ਪਰ ਉਹ ਦੂਜਿਆਂ ਨੂੰ ਘਟੀਆ ਸਮਝ ਕੇ ਅੱਜ ਵੀ ਨਵੇਂ ਨਵੇਂ ਤਜ਼ੁਰਬੇ ਕਰ ਰਹੇ ਹਨ।ਵੱਖ-ਵੱਖ ਢੰਗਾਂ ਨਾਲ ਦੇਸ਼ਾਂ ਤੇ ਹਮਲੇ ਕਰਦੇ ਹਨ ਜਾਂ ਆਪਣੀਆਂ ਕਾਰਪੋਰੇਸ਼ਨਾਂ ਰਾਹੀਂ ਕੰਟਰੋਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਭਾਰਤੀ ਖਿੱਤੇ ਵਿੱਚ ਵੀ ਜਾਤ ਦੇ ਨਾਮ ਤੇ ਪਿਛਲੇ 3 ਹਜ਼ਾਰ ਸਾਲਾਂ ਤੋਂ ਚੱਲ ਰਿਹਾ ਨਸਲਵਾਦ ਵੀ ਸੈਂਟਰਲ ਏਸ਼ੀਆ ਜਾਂ ਸੈਂਟਰਲ ਯੂਰਪ ਤੋਂ ਗਏ ਗੋਰੀ ਨਸਲ ਦੇ ਆਰੀਅਨ ਲੋਕਾਂ ਨੇ ਹੀ ਉਥੇ ਦੇ ਮੂਲ ਨਿਵਾਸੀ ਦਰਾਵੜਾਂ ਨੂੰ ਹਰਾ ਕੇ ਸ਼ੁਰੂ ਕੀਤਾ ਸੀ, ਜੋ ਅਜੇ ਵੀ ਬਦਸਤੂਰ ਜਾਰੀ ਹੈ। ਜਦੋਂ ਅਸੀਂ ਅਮਰੀਕਾ ਜਾਂ ਯੂਰਪ ਵਿੱਚ ਕਾਲੇ ਗੁਲਾਮਾਂ ਦਾ ਹਸ਼ਰ ਪੜ੍ਹਦੇ ਹਾਂ ਤਾਂ ਭਾਰਤੀ ਖਿੱਤੇ ਵਿਚਲੇ ਦਲਿਤਾਂ ਜਾਂ ਅਛੂਤਾਂ ਦਾ ਹਾਲ ਕਾਲਿਆਂ ਤੋਂ ਵੀ ਭੈੜਾ ਸੀ (ਕਾਫੀ ਹੱਦ ਤੱਕ ਹੁਣ ਵੀ ਹੈ)। ਜਥੇਬੰਦਕ ਧਰਮ ਹਮੇਸ਼ਾਂ ਹਾਕਮ ਜਾਤਾਂ ਦੇ ਪੂਰਕ ਬਣ ਕੇ ਵਿਚਰਦੇ ਹਨ, ਇਸ ਲਈ ਨਸਲਵਾਦ ਫੈਲਾਉਣ ਵਿੱਚ ਧਰਮਾਂ ਨੇ ਵੀ ਵੱਡਾ ਰੋਲ ਅਦਾ ਕੀਤਾ ਹੈ। ਧਾਰਮਿਕ ਪੁਜਾਰੀਆਂ ਨੇ ਰਾਜਨੀਤਕ ਤਾਕਤ ਨਾਲ ਆਪਣੇ ਫਿਰਕੇ ਨੂੰ ਵੱਡਾ ਕਰਨ ਲਈ ਹਾਕਮ ਜਮਾਤਾਂ ਦੇ ਮਨੁੱਖਤਾ ਵਿਰੋਧੀ ਨਿਜ਼ਾਮ ਦਾ ਹਮੇਸ਼ਾਂ ਸਾਥ ਦਿੱਤਾ ਹੈ। ਜਿਸ ਕਰਕੇ ਲੋਕ ਸਦੀਆਂ ਤੋਂ ਵੱਖ-ਵੱਖ ਤਰ੍ਹਾਂ ਦੇ ਨਸਲਵਾਦ ਦਾ ਸ਼ਿਕਾਰ ਹਨ। ਜਾਰਜ਼ ਫਲਾਇਡ ਦੇ ਕਤਲ ਤੋਂ ਬਾਅਦ 'ਬਲੈਕ ਲਾਈਵਜ਼ ਮੈਟਰ' ਵਰਗਾ ਉਠਿਆ ਲੋਕ ਉਭਾਰ ਅਕਸਰ ਵਕਤੀ ਤੇ ਜਜ਼ਜ਼ਬਾਤੀ ਹੋ ਨਿਭੜਦਾ ਹੈ, ਜੇ ਲਹਿਰ ਦੇ ਆਗੂ ਅਜਿਹੇ ਉਭਾਰਾਂ ਨੂੰ ਲੋਕ ਪੱਖੀ ਪੈਂਤੜੇ ਤੋਂ ਲਹਿਰ ਦਾ ਰੂਪ ਨਾ ਦੇ ਸਕਣ। ਬੇਸ਼ਕ ਇਹ ਮੂਵਮੈਂਟ ਕਾਲਿਆਂ ਦੀ ਬਰਾਬਰਤਾ ਨੂੰ ਲੈ ਕੇ ਉਠੀ ਹੈ, ਪਰ ਬਾਕੀ ਦੇਸ਼ਾਂ, ਕੌਮਾਂ, ਨਸਲਾਂ, ਰੰਗਾਂ, ਲਿੰਗਾਂ ਆਦਿ ਦੇ ਲੋਕਾਂ ਨੂੰ ਇਸਨੂੰ ਆਪਣੇ ਪੈਂਤੜੇ ਤੋਂ ਨਸਲਵਾਦ ਵਿਰੁੱਧ ਲਹਿਰ ਬਣਾਉਣ ਦੀ ਲੋੜ ਹੈ, ਜੋ ਜਥੇਬੰਦਕ ਹੋਵੇ ਤੇ ਮਨੁੱਖਤਾ ਦੇ ਭਲੇ ਵਾਲੀ ਹੋਵੇ ਤਾਂ ਹੀ ਸਾਰਥਿਕ ਸਿੱਟੇ ਨਿੱਕਲ ਸਕਦੇ ਹਨ।



# ਕੈਨੇਡਾ ਡੇਅ, ਇਸ ਦੇਸ਼ ਦਾ ਜਨਮ ਦਿਨ

(ਸਫ਼ਾ 1 ਦੀ ਬਾਕੀ)

ਮਜ਼ਬੂਰਨ ਬ੍ਰਿਟਿਸ਼ ਸਾਮਰਾਜ ਨੇ 'ਯੂ. ਐਸ. ਏ.' ਅਮਰੀਕਾ ਨੂੰ ਆਪਣੇ ਦੇਸ਼ ਵੱਜੋਂ ਮਾਨਤਾ ਦੇ ਦਿੱਤੀ। ਇਸ ਨਾਲ ਬ੍ਰਿਟਿਸ਼ ਸਾਮਰਾਜ ਨੂੰ ਆਪਣਾ ਬਹੁਤ ਸਾਰਾ ਇਲਾਕਾ 'ਯੂ. ਐਸ. ਏ.' ਅਮਰੀਕਾ ਲਈ ਛੱਡਣਾ ਪਿਆ ਪਰ ਅਮਰੀਕਾ ਦੇਸ਼ ਨਾਲ ਸਬੰਧ ਬਿਗੜ ਰਹੇ। ਬ੍ਰਿਟਿਸ਼ ਸਾਮਰਾਜ ਦੇ ਬਾਕੀ ਬਚਦੇ ਇਲਾਕੇ ਨੂੰ 'ਬ੍ਰਿਟਿਸ਼ ਨਾਰਥ ਅਮਰੀਕਾ' ਕਿਹਾ ਜਾਣ ਲੱਗਿਆ ਜੋ ਅਗਲੇ ਸੌ ਸਾਲਾਂ ਬਾਅਦ ਵਾਲਾ ਕੈਨੇਡਾ ਦੇਸ਼ ਬਨਣਾ ਸੀ। ਯੂ. ਐਸ. ਏ. ਤੇ 'ਬ੍ਰਿਟਿਸ਼ ਨਾਰਥ ਅਮਰੀਕਾ' ਦੇ ਆਪਸੀ ਸਬੰਧ ਤਣਾਅ ਵਾਲੇ ਹੀ ਚਲਦੇ ਰਹੇ। ਇਹ ਸਬੰਧ ਉਸ ਵੇਲੇ ਹੋਰ ਵਿਗੜ ਗਏ ਜਦੋਂ ਅਮਰੀਕਾ ਦੇਸ਼ ਦੇ ਲੋਕ ਗੁਲਾਮਦਾਰੀ ਪ੍ਰਥਾ ਅਤੇ ਨਸਲੀ ਵਿਤਕਰੇ ਵਿਰੱਧ ਘਰੇਲੂ ਜੰਗ ਲੜ ਰਹੇ ਸਨ। ਇਸ ਘਰੇਲੂ ਜੰਗ ਵਿੱਚ ਬ੍ਰਿਟਿਸ਼ ਸਾਮਰਾਜੀ ਹਕੂਮਤ ਨੇ ਗੋਰੇ ਨਸਲਪ੍ਰਸਤ ਗੁਲਾਮ-ਮਾਲਕਾਂ ਵਾਲੀ ਧਿਰ ਦਾ ਖੁਲ੍ਹਕੇ ਸਾਥ ਦਿੱਤਾ। ਇਸ ਘਰੇਲੂ ਜੰਗ ਵਿੱਚ ਅਮਰੀਕਾ ਦੀ ਅਗਾਂਹਵਧੂ ਡੈਮੋਕਰੀਟਕ ਧਿਰ ਜੇਤੂ ਹੋ ਨਿਬੜੀ ਅਤੇ ਗੋਰੀ ਨਸਲ-ਪ੍ਰਸਤ ਧਿਰ ਦੀ ਬੁਰੀ ਤਰ੍ਹਾ ਹਾਰ ਹੋਈ। ਘਰੇਲੂ ਜੰਗ ਦੀ ਜਿੱਤ ਤੋਂ ਬਾਅਦ ਨਵੀਂ ਜਮਹੂਰੀ ਅਮਰੀਕੀ ਹਕੂਮਤ ਬ੍ਰਿਟਿਸ਼ ਸਾਮਰਾਜ ਦੇ ਇਸ ਦਖਲ ਤੋਂ ਸਖਤ ਨਰਾਜ਼ ਸੀ। ਬਹੁਤੇ ਅਮਰੀਕਨਾਂ ਦੀ ਇਹ ਭਾਵਨਾ ਬਣ ਰਹੀ ਸੀ ਕਿ ਬ੍ਰਿਟਿਸ਼ ਬਸਤੀਆਂ ਵਾਲੇ ਹਿੱਸੇ ਤੇ ਵੀ ਕਬਜ਼ਾ ਕਰਕੇ ਬ੍ਰਿਟਿਸ਼ ਸਾਮਰਾਜ ਨੂੰ ਇਸ ਮਹਾਂਦੀਪ ਤੋਂ ਹੀ ਉਖਾੜਿਆ ਜਾਵੇ। ਇਸ ਲਈ ਬ੍ਰਿਟਿਸ਼ ਹਕੂਮਤ ਵਾਲੀਆਂ ਬਸਤੀਆਂ ਨੂੰ ਯੂ. ਐਸ. ਏ. ਦੇ ਸੰਭਾਵੀ ਹਮਲੇ ਦਾ ਖਤਰਾ ਬਣਿਆ ਰਹਿੰਦਾ ਸੀ ।

**'ਕਨਫੈਡਰੇਸ਼ਨ' ਲਹਿਰ**: 1860 ਦੇ ਦੌਰ ਵਿੱਚ, ਮੌਜੂਦਾ ਕੈਨੇਡਾ ਵਾਲੇ ਖਿੱਤੇ ਵਿੱਚ 'ਬ੍ਰਿਟਿਸ਼ ਨਾਰਥ ਅਮਰੀਕਾ' ਇਲਾਕੇ ਦੇ ਨਾਮ ਨਾਲ ਜਾਣੀਆਂ ਜਾਂਦੀਆਂ, ਬਹੁਤ ਸਾਰੀਆਂ ਬ੍ਰਿਟਿਸ਼ ਬਸਤੀਆਂ ਸਨ ਜਿਵੇਂ 'ਪਰੋਵਿੰਸ ਆਫ ਕੈਨੇਡਾ', ਬ੍ਰਿਟਿਸ਼ ਕੋਲੰਬੀਆ, ਨਿਉ-ਫਾਉਂਡਲੈਂਡ, ਨੋਵਾ-ਸਕੋਸ਼ੀਆ, ਨਿਉ ਬਰਸ਼ਵਿਕ, ਪ੍ਰਿਸ ਐਡਵਰਡ ਆਈਲੈਂਡ। 'ਪਰੋਵਿੰਸ ਆਫ ਕੈਨੇਡਾ' ਨਾਮ ਦੀ ਬਸਤੀ ਦਾ ਇਲਾਕਾ ਮੌਜੂਦਾ ਓਂਟਾਰੀਓ ਅਤੇ ਕਿਉਬੈਕ ਖੇਤਰ ਵਾਲਾ ਸੀ । 'ਪਰੋਵਿੰਸ ਆਫ ਕੈਨੇਡਾ' ਬਸਤੀ ਦੀ ਹਕੂਮਤ ਲਈ ਵੱਡੀ ਸਮੱਸਿਆ ਸੀ, ਵੱਸੋਂ ਦਾ ਅੱਧੋ-ਅੱਧ ਹਿੱਸਾ ਇੰਗਲਿਸ਼ ਅਤੇ ਫਰੈਂਚ ਬੋਲਣ ਵਾਲੀਆਂ ਦਾ ਸੀ। ਸਿਰਫ ਬੋਲੀ ਹੀ ਨਹੀਂ, ਇੰਗਲਿਸ਼ ਅਤੇ ਫਰੈਂਚ ਸਭਿਆਚਾਰ ਦਾ ਵੱਡਾ ਪਾੜ੍ਹਾ ਹੋਣ ਕਰਕੇ ਰਾਜਸੀ ਨੀਤੀਆਂ ਵਿੱਚ ਵਿਵਾਦ ਬਣਿਆ ਰਹਿੰਦਾਂ ਸੀ। ਦੋਹਾਂ ਭਾਸ਼ਾਵਾਂ ਦੇ ਲੀਡਰਾਂ ਦਾ ਵਿਚਾਰ ਸੀ ਕਿ ਦੂਸਰੇ ਰਾਜਾਂ ਵਿੱਚ ਰਲੇਵੇਂ ਨਾਲ ਇਹ ਮੁਸ਼ਕਲ ਹੱਲ ਹੋ ਸਕਦੀ ਹੈ ਸੋ ਦੋਵੇਂ ਧਿਰਾਂ, ਸਾਰੇ ਰਾਜਾਂ ਦੇ ਰਲੇਵੇਂ ਲਈ ਸਹਿਮਤ ਸਨ। ਵੈਸੇ ਵੀ ਇੱਕਲੀ ਇੱਕਲੀ ਬਸਤੀ ਦੀਆਂ ਸਿਆਸੀ, ਆਰਥਿਕ, ਰੱਖਿਆ ਪ੍ਰਬੰਧਾਂ ਦੀਆਂ ਕਾਫੀ ਮੁਸ਼ਕਲਾਂ ਦਾ ਹੱਲ ਵੀ ਸੰਭਾਵੀ ਰਲੇਵੇਂ ਵਿੱਚ ਸੀ। ਸਾਰੀਆਂ ਬਸਤੀਆਂ ਵੱਲੋਂ ਵੱਡੀ ਇੱਕਮੁਠ ਮੰਡੀ ਵਾਲੇ ਵਪਾਰਿਕ-ਆਰਥਿਕ ਹਿੱਤਾਂ ਨੇ ਵੀ, ਇੱਕ ਦੇਸ਼ ਦੀ ਭਾਵਨਾ 'ਕਨਫੈਡਰੇਸ਼ਨ' ਦੀ ਲਹਿਰ ਦਾ ਮੁੱਢ ਬੰਨ੍ਹਿਆ।

ਇਨ੍ਹਾਂ ਛੋਟੀਆਂ ਵੱਡੀਆਂ ਸਾਰੀਆਂ ਬ੍ਰਿਟਿਸ਼ ਬਸਤੀਆਂ ਨੇ ਰੇਲਵੇ ਰੋਡ ਨੈਟਵਰਕ ਤੇ ਕਾਫੀ ਪੂੰਜੀ ਖਰਚ ਕੀਤੀ ਸੀ ਅਤੇ ਹੋਰ ਪੂੰਜੀ ਦੀ ਕਮੀ ਖਟਕਦੀ ਸੀ। ਕਨਫੈਡਰੇਸ਼ਨ ਲਹਿਰ ਦੇ ਵਿਚਾਰ ਦਾ ਇੱਕ ਆਰਥਿਕ ਪਹਿਲੂ, ਰੇਲਵੇ ਰੋਡ ਨੈਟਵਰਕ ਵੀ ਸੀ ਕਿਉਂਕਿ ਵਪਾਰ ਲਈ ਸਾਰੇ ਮਹਾਂਦੀਪ ਲਈ ਯਾਤਾਯਾਤ ਦੇ ਹੋਰ ਨੈਟਵਰਕ ਦੀ ਬਹੁਤ ਜ਼ਰੂਰਤ ਸੀ। ਏਕੀਕ੍ਰਿਤ ਰਾਜ ਨਾਲ ਪੂਰੇ ਮਹਾਂਦੀਪ ਵਿੱਚ ਸਾਂਝੇ ਯਾਤਾਯਾਤ ਨੈਟਵਰਕ ਲਈ ਪ੍ਰਬੰਧ ਅਤੇ ਰਾਸ਼ੀ ਦੀ ਸਹਾਇਤਾ ਦੀ ਸੰਭਵਾਨਾ ਵੀ ਜ਼ਿਆਦਾ ਸੀ। ਉਨ੍ਹਾਂ ਨੂੰ ਆਸ ਸੀ ਕਿ ਇਕੱਠੇ ਹੋਣ ਨਾਲ ਰਲ-ਮਿਲ ਕੇ ਸਾਂਝੀ ਹਕੂਮਤ ਵੱਲੋਂ ਆਰਥਿਕ ਸਾਧਨ ਜੁਟਾਏ ਜਾਣ ਦੀ ਆਸ ਵੱਧਦੀ ਸੀ। ਇਸ ਆਵਾਜਾਈ ਨੈਟਵਰਕ ਨਾਲ ਅਤੇ ਸਾਂਝੀ ਵੱਡੀ ਮੰਡੀ ਨਾਲ ਇਸ ਖਿੱਤੇ ਵਿੱਚ ਆਪਸੀ ਵਪਾਰ ਦੇ ਨਵੇਂ ਦਿਸਹਿਦੇ ਖੁੱਲ੍ਹ ਸਕਦੇ ਸਨ ਅਤੇ ਸਾਂਝੇ ਵਪਾਰ ਨਾਲ ਯੂ.ਐਸ.ਏ ਅਮਰੀਕਾ ਵਰਗੇ ਗੁਆਂਢੀ ਵੱਡੇ ਮੁਲਕ ਦੀ ਵੱਡੀ ਆਰਥਿਕਤਾ ਨਾਲ ਵੀ ਵਪਾਰਿਕ ਮੁਕਾਬਲਾ ਕੀਤਾ ਜਾ ਸਕਦਾ ਸੀ। ਇਸ 'ਕਨਫੈਡਰੇਸ਼ਨ' ਦੀ ਭਾਵਨਾ ਦਾ ਮੁੱਖ ਕਾਰਨ ਰੱਖਿਆ ਖੇਤਰ ਅਤੇ ਸ਼ਾਂਤੀ ਵੀ ਸੀ। ਯੂ ਐਸ ਏ ਅਮਰੀਕੀ ਵਰਗੇ ਵੱਡੇ ਮੁਲਕ ਨਾਲ ਤਨਾਵ ਅਤੇ ਹਮਲੇ ਦੇ ਖਤਰੇ ਕਰਕੇ ਵੀ ਕੈਨੇਡੀਅਨ 'ਕਨਫੈਡਰੇਸ਼ਨ' ਦੀ ਲਹਿਰ ਨੂੰ ਮਜ਼ਬੂਤੀ ਮਿਲੀ। 'ਯੂ. ਐਸ. ਏ.' ਵੱਲੋਂ ਸੰਭਾਵੀ ਹਮਲੇ ਤੋਂ ਬ੍ਰਿਟਿਸ਼ ਸਾਮਰਾਜ ਲਈ ਆਪਣੀ ਖਿਲਰੀਆਂ ਭਿੰਨ-ਭਿੰਨ ਬਸਤੀਆਂ ਦੇ ਰੱਖਿਆ ਪ੍ਰਬੰਧ ਕਰਨੇ ਔਖੇ ਸਨ। ਆਜ਼ਾਦ ਸਵੈ-ਸਾਸ਼ਤ ਰਾਜ ਵਾਲੇ ਮੁਲਕ ਉਪਰ ਅਮਰੀਕਾ ਦੇ ਬਦਲਾਲਉ ਹਮਲੇ ਦਾ ਖਤਰਾ ਟਾਲਿਆ ਜਾ ਸਕਦਾ ਸੀ, ਇਸ ਲਈ ਲੰਡਨ ਬ੍ਰਿਟਿਸ਼ ਸਾਮਰਾਜ ਨੇ ਵੀ ਰਲੇਵੇਂ ਲਈ ਉਤਸ਼ਾਹਿਤ ਕਰਨ ਦਾ ਫੈਸਲਾ ਲਿਆ।

'ਬ੍ਰਿਟਿਸ਼ ਨਾਰਥ ਅਮਰੀਕਾ' ਦੀ ਇੱਕ ਬਸਤੀ 'ਪਰੋਵਿੰਸ ਆਫ ਕੈਨੇਡਾ' ਨੇ ਬਾਕੀਆਂ ਨਾਲ ਰਲੇਵੇਂ ਦੀ ਪਲੈਨਿੰਗ ਕਰਨੀ ਸ਼ੁਰੂ ਕਰ ਦਿੱਤੀ। ਇਸੇ ਸਮੇਂ ਵਿੱਚ ਹੀ ਨੋਵਾ-ਸਕੋਸ਼ੀਆ, ਨਿਉ ਬਰਸਵਿਕ ਅਤੇ ਪ੍ਰਿਸ ਐਡਵਰਡ ਆਈਲੈਂਡ ਦੇ ਲੀਡਰ ਵੀ ਵਖਰੇ ਤੌਰ ਤੇ 'ਮੈਰੀਟਾਇਮ ਯੂਨੀਅਨ' ਬਣਾਕੇ ਰਲੇਵੇਂ ਦੇ ਵਿਚਾਰ ਲਈ ਕਾਨਫੰਰਸ ਦੇ ਆਯੋਜਨ ਦੀ ਵਿਉਂਤਬੰਦੀ ਕਰ ਰਹੇ ਸਨ। 'ਪਰੋਵਿੰਸ ਆਫ ਕੈਨੇਡਾ' ਦੇ ਸਿਆਸਤਦਾਨਾਂ ਨੇ ਵੀ ਵੱਡੀ ਯੂਨੀਅਨ ਦੇ ਮੰਤਵ ਲਈ ਇਸ ਕਾਨਫਰੰਸ ਵਿੱਚ ਸ਼ਾਮਲ ਹੋਣ ਦੀ ਇੱਛਾ ਜਾਹਿਰ ਕੀਤੀ। ਮੈਰੀਟਾਇਮ ਬਸਤੀਆਂ ਨੇ ਇਨ੍ਹਾਂ ਨੂੰ ਮੀਟਿੰਗ 'ਚ ਹਾਜ਼ਰ ਹੋਣ ਦੀ ਪੇਸ਼ਕਸ਼ ਮੰਨ ਲਈ ਅਤੇ ਸਤੰਬਰ 1864 ਵਿੱਚ ਸਾਰੇ ਲੀਡਰ ਪ੍ਰਿੰਸ ਐਡਵਰਡ ਆਈਲੈਂਡ ਦੇ ਛਾਰਲਟ-ਟਾਉਨ ਵਿਖੇ ਮਿਲ ਬੈਠੇ। ਇਸ ਪਲੇਠੀ 'ਛਾਰਲਟ-ਟਾਉਨ ਕਾਨਫਰੰਸ, ਸਤੰਬਰ 1864' ਵਿੱਚ 'ਪਰੋਵਿੰਸ ਆਫ ਕੈਨੇਡਾ' ਦੇ ਨੇਤਾਵਾਂ ਨੇ ਸਭ ਨੂੰ ਇੱਕਮੁਠ ਵੱਡੀ ਯੂਨੀਅਨ ਬਣਾਉਣ ਲਈ ਰਾਜ਼ੀ ਕਰ ਲਿਆ ਅਤੇ ਅਗਲੀ ਵਿਚਾਰ-ਚਰਚਾ ਲਈ ਇੱਕ ਹੋਰ ਮੀਟਿੰਗ ਤੈਅ ਕੀਤੀ ਗਈ। ਬਸਤੀਵਾਦੀ ਸੋਚ ਵਾਲੀਆਂ ਹਕੂਮਤਾਂ ਨੇ ਇਸ ਧਰਤੀ ਦੇ ਮੂਲਨੀਵਾਸੀ ਨੇਟਿਵ ਜਨ-ਸਮੂਹ ਦੇ ਨੇਤਾਵਾਂ ਨੂੰ ਧਿਰ ਵੱਜੋਂ ਵਿਚਾਰ-ਚਰਚਾ ਵਿੱਚ ਸ਼ਾਮਲ ਹੋਣ ਦਾ ਹੱਕ ਵੀ ਨਹੀਂ ਦਿੱਤਾ। ਅਕੂਤਬਰ 1864 ਵਿੱਚ ਕਿਉਬੈਕ ਸ਼ਹਿਰ ਵਿਖੇ ਹੋਈ 'ਕਿਉਬੈਕ ਕਾਨਫਰੰਸ' ਵਿੱਚ ਸਾਰੇ ਲੀਡਰਾਂ ਨੇ ਸੰਭਾਵੀ ਦੇਸ਼ ਨੂੰ ਚਲਾਉਣ ਲਈ ਰਣਨੀਤੀ ਦੀ ਵਿਚਾਰ ਚਰਚਾ ਕੀਤੀ ਅਤੇ ਕੁਝ ਅਹਿਮ ਫੈਸਲੇ ਲਏ ਜਿਹੜੇ 'ਕਿਉਬੈਕ ਮਤਿਆਂ' ਦੇ ਨਾਮ ਨਾਲ ਜਾਣੇ ਜਾਂਦੇ ਹਨ। ਪ੍ਰਿੰਸ ਐਡਵਰਡ ਆਈਲੈਂਡ ਅਤੇ ਨਿਉਫਾਉਂਡ ਲੈਂਡ ਨੇ ਵੀ ਹਿੱਸਾ ਲਿਆ ਪਰ ਦੋਵਾਂ ਨੇ ਕਾਨਫਰੰਸ ਤੋਂ ਬਾਅਦ, ਕੰਨਫੈਡਰੇਸ਼ਨ ਵਿੱਚ ਏਕੇ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਆਖਰੀ ਮਿੰਟਿਗ 'ਲੰਡਨ ਕਾਨਫਰੰਸ, ਦਸੰਬਰ 1866-ਜਨਵਰੀ 1867' ਬ੍ਰਿਟਿਸ਼ ਦੇ ਲੰਡਨ ਸ਼ਹਿਰ ਵਿਖੇ ਹੋਈ ਜਿਸ ਵਿੱਚ ਨੋਵਾ-ਸਕੋਸ਼ੀਆ, ਨਿਉ ਬਰਸਵਿਕ ਅਤੇ ਪਰੋਵਿੰਸ ਆਫ ਕੈਨੇਡਾ ਦੇ ਨੇਤਾਵਾਂ ਨੇ ਕਿਉਬੈਕ ਮਤਿਆਂ ਦੇ ਅਧਾਰਿਤ ਮਸੌਦਾ ਤਿਆਰ ਕੀਤਾ। ਇਸ ਮਸੌਦੇ ਨੂੰ 'ਬ੍ਰਿਟਿਸ਼ ਨਾਰਥ ਅਮਰੀਕਨ ਐਕਟ' ਦਾ ਨਾਮ ਦਿੱਤਾ ਗਿਆ, ਜਿਸ ਦੀ ਬ੍ਰਿਟਿਸ਼ ਪਾਰਲੀਮੈਂਟ ਦੀ ਮਨਜ਼ੂਰੀ ਤੋਂ ਬਾਅਦ ਕੰਨਫੈਡਰੇਸ਼ਨ ਦਾ ਰਾਹ ਪੱਧਰਾ ਹੋਇਆ।

**ਇੱਕਜੁੱਟ 'ਕੈਨੇਡਾ' ਦੇਸ਼ ਦੇ ਬਨਣ ਦਾ ਇਤਿਹਾਸਕ ਸਫਰ** : ਨਤੀਜੇ ਵਜੋਂ, ਇੱਕ ਜੁਲਾਈ 1867 ਵਾਲੇ ਦਿਨ, 'ਕੰਨਫੈਡਰੇਸ਼ਨ' ਦੀ ਵਰਤਾਰੇ ਰਾਹੀਂ ਦੁਨੀਆ ਦੇ ਨਕਸ਼ੇ ਤੇ 'ਕੈਨੇਡਾ' ਨਾਮ ਦੇ ਇੱਕ ਦੇਸ਼ ਦਾ ਜਨਮ ਹੋਇਆ ਜਿਸਦੇ ਹੁਣ ਚਾਰ ਪਰੋਵਿੰਸ-ਨਿਉ ਬਰਸਵਿਕ, ਨੋਵਾ-ਸਕੋਸ਼ੀਆ, ਓਨਟਾਰੀਓ ਅਤੇ ਕਿਊਬੈਕ ਸਨ। ਇੰਗਿਲਿਸ਼ ਅਤੇ ਫਰੈਂਚ ਬੋਲੀ ਟਕਰਾਅ ਦੇ ਮਸਲੇ ਦੇ ਹੱਲ ਲਈ ਪੁਰਾਣੇ 'ਪਰੋਵਿੰਸ ਆਫ ਕੈਨੇਡਾ' ਨੂੰ ਦੋ ਪਰੋਵਿੰਸ ਵਿੱਚ ਵੰਡ ਕੇ ਇੱਕ ਓਂਨਟਾਰੀਓ ਤੇ ਦੂਜਾ ਕਿਊਬੈਕ ਪਰੋਵਿੰਸ ਬਣਾ ਦਿੱਤਾ ਗਿਆ। ਅਜੇ ਵੀ ਦੇਸ਼ ਦਾ ਨਕਸ਼ਾ, ਅਜੋਕੇ ਨਕਸ਼ੇ ਤੋਂ ਕਾਫੀ ਭਿੰਨ ਨਜ਼ਰ ਆਉਂਦਾ ਸੀ, ਜਿਸ ਨੂੰ ਬਦਲਾ ਲਈ ਹੋਰ ਅਰਸੇ ਦਾ ਇੰਤਜਾਰ ਕਰਨਾ ਪੈਣਾ ਸੀ। ਕਿਉਂਕਿ ਨੋਵਾ-ਸਕੋਸ਼ੀਆ ਅਤੇ ਨਿਉ-ਬਰਸਵਿਕ ਇਸ ਦੇਸ਼ ਵਿੱਚ ਸ਼ਾਮਲ ਹੋਣ ਤੋਂ ਇਨਕਾਰੀ ਸਨ। ਇਸ ਤੋਂ ਬਾਅਦ, ਅਜੋਕੇ ਨਕਸ਼ੇ ਵਾਲੇ ਕੈਨੇਡਾ ਦੇਸ਼ ਲਈ ਇੱਕ ਸਦੀ ਤੋਂ ਵੱਧ ਸਮਾਂ ਲੱਗਿਆ ਜਦੋਂ ਬਾਕੀ ਛੇ ਪਰੋਵਿੰਸ ਅਤੇ ਤਿੰਨ ਟੈਰੇਟਰੀਆਂ ਵਾਰੀ ਵਾਰੀ ਇਸ ਵਿੱਚ ਸ਼ਾਮਲ ਹੋਕੇ, ਹੁਣ ਵਾਲੇ ਕੈਨੇਡਾ ਦੇਸ਼ ਦਾ ਮੁਹਾਂਦਰਾ ਬਣਿਆ।

ਇਸ ਵੇਲੇ ਤੱਕ ਵੀ ਮੂਲਨੀਵਾਸੀ ਨੇਟਿਵ ਲੋਕਾਂ ਦੇ ਰਿਜ਼ਰਵਾਂ ਦੇ ਸਮੂਹਾਂ ਨੂੰ ਸ਼ਾਮਲ ਹੋਣ ਲਈ ਸੱਦਾ ਨਹੀਂ ਦਿੱਤਾ ਗਿਆ ਸੀ। ਇਨ੍ਹਾਂ ਬਸਤੀਵਾਦੀ ਸਰਕਾਰਾਂ ਨੇ ਜਿਥੇ ਇਨ੍ਹਾਂ ਦੀ ਜ਼ਿੰਦਗੀ ਵਿੱਚ ਬੇ-ਲੋੜੀ ਦਖਲਅੰਦਾਜ਼ੀ ਕੀਤੀ ਸੀ ਪਰ ਕੰਨਫੈਡਰੇਸ਼ਨ ਬਣਾਉਣ ਵੇਲੇ ਇਨ੍ਹਾਂ ਨੂੰ ਇੱਕ ਧਿਰ ਵੱਜੋਂ ਵਿਚਾਰ-ਚਰਚਾ ਵਿੱਚ ਸ਼ਾਮਲ ਹੋਣ ਦਾ ਹੱਕ ਵੀ ਨਹੀਂ ਦਿੱਤਾ। 1870 ਵਿੱਚ 'ਨਾਰਥ ਵੈਸਟ ਟੈਰੀਟਰੀ' ਦੇ ਇਨਉਟ ਨੇਟਿਵ ਲੋਕਾਂ ਨੇ ਇਨਉਟ ਬਹੁਗਿਣਤੀ ਵਾਲੇ ਇਲਾਕੇ ਨੂੰ ਸਵੈ-ਸ਼ਾਸ਼ਿਤ ਪਰੋਵਿੰਸ ਬਣਾਉਣ ਦੀ ਮੰਗ ਉਠਾਈ। 1870 ਵਿਚ ਚਾਰ ਪਰੋਵੀਂਸਾਂ ਵਾਲੇ ਕੈਨੇਡਾ ਦੇਸ਼ ਵਿੱਚ ਦੋ ਹੋਰ ਬਸਤੀਆਂ, ਮੈਨੀਟੋਬਾ ਅਤੇ ਨਾਰਥ-ਵੈਸਟ ਟੈਰੀਟਰੀ ਸ਼ਾਮਲ ਹੋਈਆਂ। ਇਸ ਤੋਂ ਬਾਅਦ ਸਿਲੇਸਿਲੇਵਾਰ 1871 ਵਿੱਚ ਬ੍ਰਿਟਿਸ਼ ਕੋਲੰਬੀਆ, ਸੰਨ 1873 ਵਿੱਚ ਪ੍ਰਿੰਸ ਐਡਵਰਡ ਆਈਲ਼ੈਂਡ ਅਤੇ 1898 ਵਿੱਚ ਯੂਕੋਨ ਬਸਤੀਆਂ ਵੀ ਇਸ ਵਿੱਚ ਸ਼ਾਮਲ ਹੋਕੇ ਪਰੋਵਿੰਸ ਬਣੀਆਂ। ਸੈਸਕੈਚਵਨ ਅਤੇ ਐਲਬਰਟਾ ਪਰੋਵੀਂਸ 1905 ਵਿੱਚ ਅਤੇ ਨਿਉ-ਫਾਉਂਡਲੈਂਡ 1949 ਵਿੱਚ ਸ਼ਾਮਲ ਹੋਇਆ। ਸੰਨ 1999 ਵਿੱਚ ਨੁਨਾਵਟ ਪਰੋਵਿੰਸ ਬਣਨ ਨਾਲ ਉਥੇ ਵਸਦੇ ਮੂਲਨਿਵਾਸੀ ਲੋਕਾਂ ਨੂੰ ਇਸ ਦੇਸ਼ ਵਿੱਚ ਆਪਣੇ ਤੌਰ ਤਰੀਕਿਆਂ ਨਾਲ ਰਹਿਣ ਅਤੇ ਫੈਸਲੇ ਦੇ ਅਧਿਕਾਰ ਮਿਲੇ ਅਤੇ 'ਪਾਲ ਓਕਾਲਿਕ' ਪਹਿਲੇ ਮੂਲਨਿਵਾਸੀ ਪ੍ਰੀਮੀਅਮ ਬਣੇ। ਇਸ ਤਰ੍ਹਾਂ, ਹੁਣ ਵਾਲੇ 2020 ਦੇ ਕੈਨੇਡਾ ਡੇਅ ਦਿਵਸ ਸਮੇਂ, ਇਸ ਦੇਸ਼ ਦੇ 10 ਪਰੋਵੀਂਸ ਅਤੇ ਤਿੰਨ ਟੈਰੇਟਰੀਆਂ ਹਨ।

**ਨੇਟਿਵ ਰਿਜ਼ਰਵਾਂ ਵਿੱਚ ਸਥਾਨਕ ਸਰਕਾਰਾਂ**: ਬਸਤੀਵਾਦੀ ਦੌਰ ਤੋਂ ਰਲੇਵੇਂ ਵਾਲਾ ਦੇਸ਼ ਬਨਣ ਦੀ ਪ੍ਰਕਿਆ ਦੇ ਅਰਸੇ ਦੌਰਾਨ, ਪੂਰੇ ਖੇਤਰ ਵਿੱਚ ਵਿਖਰੇ ਰਿਜਰਵਾਂ ਦੇ ਨੇਟਿਵ ਸਮੂਹਾਂ ਨੂੰ ਸਮੇਂ ਦੀਆਂ ਸਰਕਾਰਾਂ ਦੁਆਰਾ ਠੋਸੀਆਂ ਨੀਤੀਆਂ ਕਾਰਣ ਬਹੁਤ ਮੁਸੀਬਤਾਂ ਨੂੰ ਝੇਲਣਾ ਪਿਆ। ਇਹ ਵਿਖਰੇ ਮੂਲਨਿਵਾਸੀ ਜਨ-ਸਮੂਹ ਇਸ ਦੇਸ਼ ਦੇ ਬਣਨ ਦੀ ਪ੍ਰਕਿਰਿਆ ਤੋਂ ਵਾਂਝੇ ਹੀ ਰਹੇ, ਜਿਸ ਦੇ ਇਹ ਕਈ ਹਜ਼ਾਰ ਸਾਲਾਂ ਤੋਂ ਵਾਸ਼ਿੰਦੇ ਹਨ। ਸਾਰੇ ਦੇਸ਼ ਦੇ ਅੱਡ-ਅੱਡ ਥਾਵਾਂ ਤੇ ਵਸਦੇ 600 ਦੇ ਕਰੀਬ ਰਿਜ਼ਰਵਾਂ ਵਿੱਚ ਸਥਾਨਕ ਮੂਲਨਿਵਾਸੀ ਨੁਮਾਇੰਦਗੀ ਵਾਲੀਆਂ ਸਵੈ-ਸ਼ਾਸ਼ਤ 'ਸਥਾਨਕ ਸਰਕਾਰਾਂ' ਅਤੇ ਕਮੇਟੀਆਂ ਬਣਨ ਦੇ ਨਾਲ ਪੁਰਾਣੀਆਂ ਗਲਤੀਆਂ ਦੇ ਸੁਧਾਰ ਅਤੇ ਬਰਾਬਰੀ ਦੇ ਅਧਿਕਾਰ ਦੀਆਂ ਕੋਸ਼ੀਸ਼ਾਂ ਜਾਰੀ ਹਨ। ਇਨ੍ਹਾਂ ਮੂਲਨਿਵਾਸੀ ਲੋਕਾਂ ਦੀ ਭਲਾਈ ਅਤੇ ਸੁਰੱਖਿਆ ਲਈ ਵਿਭਾਗ ਕਾਇਮ ਕੀਤੇ ਗਏ ਹਨ। ਇਨ੍ਹਾਂ ਦੀ ਸਭਿਆਚਾਰ ਅਤੇ ਕਲਾ ਨੂੰ ਉਤਸ਼ਾਹਿਤ ਕਰਨ ਦੇ ਉਪਰਾਲੇ ਜਾਰੀ ਹਨ ਹਲਾਂਕਿ ਬਹੁਤ ਕੁਝ ਕਰਨਾ ਅਜੇ ਬਾਕੀ ਹੈ ।

**ਔਰਤਾਂ ਨੂੰ ਵੋਟ ਦਾ ਅਧਿਕਾਰ**:- ਕੈਨੇਡਾ ਦੇ ਦੇਸ਼ ਬਣਨ ਦੇ ਸਫਰ ਵਿੱਚ ਔਰਤ ਵਰਗ ਵੀ ਵਿਤਕਰੇ ਦਾ ਸ਼ਿਕਾਰ ਰਿਹਾ ਹੈ, ਸੰਨ 1918 ਤੱਕ ਔਰਤਾਂ ਵੋਟ ਅਧਿਕਾਰ ਪ੍ਰਾਪਤ ਨਹੀਂ ਕਰ ਸਕੀਆਂ। 1867 ਦੀ ਬਣਨ ਵਾਲੀ ਕੰਨਫੈਡਰੇਸ਼ਨ, ਔਰਤਾਂ ਨੂੰ ਸਿਆਸਤ ਵਿੱਚ ਆਉਣ ਦਾ ਅਧਿਕਾਰ ਤੋਂ ਇਨਕਾਰੀ ਸੀ। ਇਥੋਂ ਤੱਕ ਕਿ ਕੰਨਫੈਡਰੇਸ਼ਨ ਵਿੱਚ ਉਨ੍ਹਾਂ ਨੂੰ ਦੇਸ਼ ਦੀਆਂ ਫੈਡਰਲ ਚੋਣਾਂ ਵਿੱਚ ਵੋਟ ਅਧਿਕਾਰ ਵੀ ਨਹੀਂ ਸੀ। ਸੰਨ 1919 ਵਿੱਚ ਆਕੇ ਇਲੈਕਸ਼ਨ ਐਕਟ ਵਿੱਚ ਸੋਧ ਤੋਂ ਬਾਅਦ ਔਰਤਾਂ ਨੂੰ ਚੋਣ ਲੜਣ ਦੇ ਅਧਿਕਾਰ ਪ੍ਰਾਪਤ ਹੋਇਆ। ਸੰਨ 1921 ਵਿੱਚ ਮੈਕਫੈਲ ਨਾਮ ਦੀ ਮਹਿਲਾ ਪਹਿਲੀ ਮੈਂਬਰ ਪਾਰਲੀਮੈਂਟ ਚੁਣੀ ਗਈ ਜੋ ਹਾਊਸ ਆਫ ਕਾਮਨ ਦੀ ਮੈਂਬਰ ਬਣੀ। ਅੱਜ ਬਹੁਤ ਸਾਰੀਆਂ ਔਰਤਾਂ ਹਰ ਖੇਤਰ ਵਿੱਚ ਅੱਗੇ ਆ ਰਹੀਆ ਹਨ।

ਇਸ ਦੇਸ਼ ਦੇ ਜਮ੍ਹੂਰੀ ਏਕੀਕ੍ਰਿਤ ਫੈਡਰਲ ਦੇਸ਼ ਬਣਨ ਦਾ ਇਤਿਹਾਸ ਚਾਹੇ ਬਸਤੀਵਾਦੀ ਹਿੰਸਕ ਇਤਿਹਾਸ ਵਿੱਚੋਂ ਹੋਕੇ ਨਿਕਲਿਆ ਹੈ, ਪਰ ਸਭ ਕੁਝ ਨਾ-ਪੱਖੀ ਵੀ ਨਹੀਂ ਹੈ। ਜਮਹੂਰੀ ਅਮਲ ਦੇ ਸੁਹਿਰਦ ਇਤਿਹਾਸਕ ਯਤਨਾਂ ਦਾ ਹੀ ਨਤੀਜਾ ਹੈ, ਕਿ ਵੱਖ-ਵੱਖ ਦੇਸ਼ਾਂ ਤੋਂ ਆਏ ਪਰਵਾਸੀ ਆਪਣੀ ਮਰਜ਼ੀ ਨਾਲ, ਇਸ ਨੂੰ ਆਪਣਾ ਪੱਕਾ ਟਿਕਾਣਾ ਬਣਾ ਰਹੇ ਹਨ ਹੈ। ਵੱਖ-ਵੱਖ ਮੁਲਕਾਂ ਦੀਆਂ ਮਾੜੀਆਂ ਹਾਲਤਾਂ ਦੇ ਪੀੜਤਾਂ ਨੂੰ ਵੀ ਇਹ ਦੇਸ਼ ਸ਼ਰਨ ਦੇ ਰਿਹਾ ਹੈ। ਸਾਰੇ ਸੰਸਾਰ ਅੰਦਰ ਕੋਵਿਡ-19 ਮਹਾਂਮਾਰੀ ਦੀ ਘੜੀ ਮੁਸ਼ਿਕਲ ਵਾਲੀ ਹੈ ਪਰ ਇਸ ਦੇ ਪ੍ਰਬੰਧਾਂ ਵਿੱਚ ਕੈਨੇਡਾ ਸਰਕਾਰ ਦੀ ਕਾਰਗੁਜਾਰੀ ਸੰਸਾਰ ਦੇ ਬਹੁਤੇ ਦੇਸ਼ਾਂ ਨਾਲੋਂ ਚੰਗੀ ਵਿਖਾਈ ਦੇ ਰਹੀ ਹੈ। ਪਾਬੰਦੀ ਅਤੇ ਮਹਾਂਮਾਰੀ ਪ੍ਰਬੰਧਾਂ ਦੇ ਪਰਖ ਸਮੇਂ ਵਿੱਚ ਸਰਕਾਰ ਦੇ ਸੁਹਿਰਦ ਯਤਨਾਂ ਨਾਲ ਲੋਕਾਂ ਨੂੰ ਕਾਫੀ ਧਰਵਾਸ ਮਿਲਿਆ। ਇਹ ਦੇਸ਼ ਦੇ ਬਹੁ-ਰੰਗੀ, ਬਹੁ-ਭਾਸ਼ਾਵੀ, ਬਹੁ-ਨਸਲੀ ਅਤੇ ਭਿੰਨ-ਭਿੰਨ ਸਭਿਆਚਾਰਾਂ ਵਾਲੇ ਲੋਕ ਬਰਾਬਰੀ ਵਾਲੀ ਜਮਹੂਰੀਅਤ ਵਿੱਚ ਰਹਿਕੇ, ਇਸ ਦੀ ਤਰੱਕੀ ਲਈ ਯਤਨਸ਼ੀਲ ਹੈ। ਚਾਹੇ ਦੇਸ਼ ਦੇ ਮੌਜੂਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਅੱਜ ਵੀ ਨਸਲ-ਵਾਦੀ ਰੰਗ-ਭੇਦੀ ਬੁਰਾਈ ਦੀ ਹੋਂਦ ਤੋਂ ਇਨਕਾਰੀ ਨਹੀਂ ਹੋਏ ਪਰ ਇਸ ਨੂੰ ਖਤਮ ਕਰਨ ਲਈ ਸਮੇਂ ਸਮੇਂ ਦੀਆਂ ਸਰਕਾਰਾਂ ਸਖਤੀ ਕਰਦੀਆਂ ਰਹੀਆਂ ਹਨ। ਭੇਦ-ਭਾਵ ਦੀ ਬੁਰਾਈ ਨੂੰ ਰੋਕਣ ਲਈ ਸਖਤ ਕਾਨੂੰਨ ਮੌਜੂਦ ਹਨ। ਅਜੋਕੇ ਜਮਹੂਰੀਅਤ ਦੌਰ ਵਿੱਚ ਸਾਰਿਆਂ ਨੂੰ ਬਰਾਬਰ ਅਧਿਕਾਰਾਂ ਨਾਲ ਹੀ ਦੇਸ਼ ਤੱਰਕੀ ਕਰ ਸਕਦਾ ਹੈ। ਬੱਚਿਆਂ, ਔਰਤਾਂ, ਸੀਨੀਅਰਸ, ਮੂਲਨੀਵਾਸੀ, ਘੱਟ-ਗਿਣਤੀਆਂ, ਘੱਟ-ਆਮਦਨ, ਪਰਵਾਸੀ, ਸਾਰੇ ਵਰਗਾਂ ਦੀ ਖਾਸ ਸੰਭਾਲ ਲਈ ਸਹੀ ਨੀਤੀਆਂ ਅਤੇ ਸਮਾਜ ਭਲਾਈ ਸਕੀਮਾਂ ਪ੍ਰਭਾਵਸ਼ਾਲੀ ਸਰਕਿ ਨਾਲ ਕੰਮ ਕਰ ਰਹੀਆਂ ਹਨ। ਸਭ ਦੀ ਖ਼ੁਸ਼ਹਾਲੀ, ਤਰੱਕੀ ਹੀ ਇਸ ਦੇਸ਼ ਦਾ ਮਜ਼ਬੂਤ ਆਧਾਰ ਹੈ।

# ਰਾਜਨੀਤਕ ਕੈਦੀਆਂ ਨੂੰ ਖ਼ਤਰਨਾਕ ਹਾਲਾਤ 'ਚ ਬੰਦ ਰੱਖਿਆ ਜਾ ਰਿਹਾ

**[ਜਿਹਨਾਂ ਜਾਨਲੇਵਾ ਹਾਲਾਤ ਵਿਚ ਆਰਐੱਸਐੱਸ-ਭਾਜਪਾ ਸਰਕਾਰ ਵੱਲੋਂ ਭੀਮਾ-ਕੋਰੇਗਾਓਂ ਕੇਸ ਦੇ ਰਾਜਨੀਤਕ ਕੈਦੀਆਂ ਨੂੰ ਰੱਖਿਆ ਜਾ ਰਿਹਾ ਹੈ ਉਸ ਤੋਂ ਸਮਾਜ ਦੇ ਬਿਹਤਰੀਨ, ਰੋਸ਼ਨ-ਖ਼ਿਆਲ ਅਤੇ ਲੋਕਪੱਖੀ ਬੁੱਧੀਜੀਵੀਆਂ ਦਾ ਜਾਨ ਲੈਣ ਦੇ ਮਨਸ਼ੇ ਸਪਸ਼ਟ ਹੋ ਜਾਂਦੇ ਹਨ। ਮਹਾਰਾਸ਼ਟਰ ਇਸ ਵਕਤ ਕੋਰੋਨਾ ਮਹਾਮਾਰੀ ਸਭ ਤੋਂ ਵਧੇਰੇ ਫੈਲੀ ਹੋਈ ਹੈ ਅਤੇ ਹਕੂਮਤ ਵੱਲੋਂ ਜਾਣ-ਬੁੱਝ ਕੇ ਇਹਨਾਂ ਬੁੱਧੀਜੀਵੀਆਂ ਨੂੰ ਤਲੋਜਾ ਦੇ ਅਸੁਰੱਖਿਅਤ ਕਵਾਰੰਟੀਨ ਸੈਂਟਰ ਵਿਚ ਕੈਦ ਕੀਤਾ ਹੋਇਆ ਹੈ। ਉੱਘੇ ਜਮਹੂਰੀ ਹੱਕਾਂ ਦੇ ਕਾਰਕੁੰਨ ਗੌਤਮ ਨਵਲੱਖਾ ਦੀ ਜੀਵਨ-ਸਾਥਣ ਸਾਹਬਾ ਹੁਸੈਨ ਨੇ ਹਾਲ ਹੀ ਵਿਚ ਫ਼ਿਲਮਸਾਜ਼ ਆਨੰਦ ਪਟਵਰਧਨ ਨੂੰ ਚਿੱਠੀ ਲਿਖ ਕੇ ਗੌਤਮ ਅਤੇ ਹੋਰ ਰਾਜਨੀਤਕ ਕੈਦੀਆਂ ਦੇ ਚਿੰਤਾਜਨਕ ਹਾਲਾਤ ਦੱਸੇ ਹਨ। ਜੋ ਆਨੰਦ ਨੇ 21 ਜੂਨ ਨੂੰ ਸੋਸ਼ਲ ਮੀਡੀਆ ਉੱਪਰ ਸਾਂਝੇ ਕੀਤੇ ਹਨ।]**

ਪਿਆਰੇ ਆਨੰਦ,

ਗੌਤਮ ਨੇ 15 ਦਿਨਾਂ ਦੇ ਵਕਫ਼ੇ ਤੋਂ ਬਾਦ ਕੱਲ ਮੈਨੂੰ ਫ਼ੋਨ ਕੀਤਾ। ਉਦੋਂ ਤੱਕ ਮੈਨੂੰ ਬਸ ਇੰਨਾ ਹੀ ਪਤਾ ਸੀ ਕਿ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਅਚਾਨਕ ਮੁੰਬਈ ਲੈ ਜਾਣ ਤੋਂ ਬਾਦ ਉਹਨਾਂ ਨੂੰ 26 ਮਈ ਨੂੰ ਤਲੋਜਾ ਵਿਚ ਇਕ ਕਵਾਰੰਟੀਨ ਸੈਂਟਰ ਵਿਚ ਭੇਜ ਦਿੱਤਾ ਗਿਆ ਸੀ। ਇਹ ਕਵਾਰੰਟੀਨ ਸੈਂਟਰ ਤਲੋਜਾ ਵਿਚ ਇਕ ਸਕੂਲ ਦੀ ਇਮਾਰਤ ਵਿਚ ਚਲਾਇਆ ਜਾ ਰਿਹਾ ਹੈ ਜਿੱਥੇ ਨਵੇਂ ਕੈਦੀਆਂ ਨੂੰ ਤਲੋਜਾ ਜੇਲ੍ਹ ਵਿਚ ਭੇਜਣ ਤੋਂ ਪਹਿਲਾਂ ਰੱਖਿਆ ਜਾਂਦਾ ਹੈ। ਗੌਤਮ ਨੇ ਮੈਨੂੰ ਫ਼ੋਨ ਉੱਪਰ ਉੱਥੇ ਦੇ ਕੁਛ ਭਿਆਨਕ ਵੇਰਵੇ ਦੱਸੇ ਜੋ ਮੈਂ ਤੁਹਾਡੇ ਨਾਲ ਸਾਂਝੇ ਕਰ ਰਹੀ ਹਾਂ।

ਗੌਤਮ ਨੇ ਦੱਸਿਆ ਕਿ ਉਹਨਾਂ ਦੇ ਨਾਲ ਇਮਾਰਤ ਦੇ ਛੇ ਕਲਾਸ ਰੂਮਾਂ ਵਿਚ 350 ਕੈਦੀਆਂ ਨੂੰ ਰੱਖਿਆ ਗਿਆ ਹੈ। ਗੌਤਮ 35 ਹੋਰ ਕੈਦੀਆਂ ਨਾਲ ਇਕ ਕਲਾਮ ਰੂਮ ਵਿਚ ਬੰਦ ਹਨ। ਬਹੁਤ ਸਾਰੇ ਲੋਕ ਵਰਾਂਡਿਆਂ ਅਤੇ ਲਾਂਘਿਆਂ ਵਿਚ ਸੌਂਦੇ ਹਨ। ਉੱਥੇ ਸਿਰਫ਼ 3 ਟਾਇਲੈੱਟ, 7 ਬਾਥਰੂਮ ਅਤੇ ਇਕ ਨਹਾਉਣ ਲਈ ਖੁੱਲ੍ਹੀ ਜਗ੍ਹਾ ਹੈ ਜਿਸ ਵਿਚ ਬਾਲਟੀ ਜਾਂ ਮੱਗ ਵੀ ਨਹੀਂ ਹੈ। ਉਹਨਾਂ ਨੇ ਕਿਹਾ ਕਿ ਭੀੜ ਐਨੀ ਹੈ ਕਿ ਕੋਵਿਡ-19 ਦੇ ਡਰ ਤੋਂ ਇਲਾਵਾ, ਕੈਦੀਆਂ ਨੂੰ ਚਮੜੀ ਦੀ ਲਾਗ ਵੀ ਲੱਗ ਸਕਦੀ ਹੈ।

ਉਹਨਾਂ ਨੇ ਦੱਸਿਆ ਕਿ ਉਹਨਾਂ ਨੂੰ ਤਾਜ਼ਾ ਹਵਾ ਵੀ ਨਹੀਂ ਮਿਲਦੀ ਕਿਉਂਕਿ ਜ਼ਿਆਦਾਤਰ ਲੋਕਾਂ ਨੂੰ ਬੰਦ ਰੱਖਿਆ ਜਾਂਦਾ ਹੈ ਅਤੇ ਤੁਰਨ-ਫਿਰਨ ਜਾਂ ਕਸਰਤ ਕਰਨ ਲਈ ਜਗ੍ਹਾ ਨਹੀਂ ਹੁੰਦੀ। ਹਾਲਾਂਕਿ ਉਹ ਯੋਗ ਅਭਿਆਸ ਕਰ ਰਹੇ ਹਨ ਕਿਉਂਕਿ ਦੂਜੇ ਕੈਦੀ ਉਹਨਾਂ ਲਈ ਕੁਛ ਜਗ੍ਹਾ ਬਣਾ ਦਿੱਤੇ ਹਨ। ਕਵਾਰੰਟੀਨ ਦੇ ਇਹਨਾਂ ਤਿੰਨ ਹਫ਼ਤਿਆਂ ਵਿਚ ਉਸ ਦਾ ਵਜ਼ਨ ਦੋ ਕਿਲੋ ਘੱਟ ਗਿਆ ਹੈ ਅਤੇ ਉਹਨਾਂ ਨੂੰ ਪਤਾ ਨਹੀਂ ਹੈ ਕਿ ਅਧਿਕਾਰੀ ਉਹਨਾਂ ਅਤੇ ਹੋਰ ਕੈਦੀਆਂ ਨੂੰ ਐਸੇ ਅਣਮਨੁੱਖੀ ਹਾਲਾਤ ਵਿਚ ਕਦ ਤੱਕ ਰੱਖਣਗੇ।

ਇਸ ਵਕਤ ਤਲੋਜਾ ਜੇਲ੍ਹ ਵਿਚ ਉਹਨਾਂ ਵਰਗੇ ਨਵੇਂ ਕੈਦੀਆਂ ਦੇ ਲਈ ਜਗ੍ਹਾ ਨਹੀਂ ਹੈ। ਇਹਨਾਂ ਹਾਲਾਤ ਵਿਚ ਉਸ ਨੂੰ ਅਤੇ ਹੋਰ ਕੈਦੀਆਂ ਨੂੰ ਨਿੱਤ ਸਿਹਤ ਦੇ ਜਿਸ ਗੰਭੀਰ ਜ਼ੋਖ਼ਮ ਵਿਚ ਰੱਖਿਆ ਜਾ ਰਿਹਾ ਹੈ ਉਸ ਬਾਰੇ ਸੋਚ ਕੇ ਮੈਨੂੰ ਚਿੰਤਾ ਹੋ ਰਹੀ ਹੈ।

ਉਹਨਾਂ ਨੇ ਇਹ ਜ਼ਿਕਰ ਵੀ ਕੀਤਾ ਕਿ ਉਹ ਸਾਰੇ ਬਾਹਰਲੀ ਦੁਨੀਆ ਤੋਂ ਪੂਰੀ ਤਰ੍ਹਾਂ ਕੱਟੇ ਹੋਏ ਹਨ ਕਿਉਂਕਿ ਇਸ ਕਵਾਰੰਟੀਨ ਸੈਂਟਰ ਵਿਚ ਨਾ ਤਾਂ ਬਾਹਰ ਦੀ ਕੋਈ ਖ਼ਬਰ ਆਉਂਦੀ ਹੈ ਅਤੇ ਨਾ ਹੀ ਇੱਥੇ ਦੀ ਕੋਈ ਖ਼ਬਰ ਬਾਹਰ ਜਾਂਦੀ ਹੈ। ਉਹ ਸੋਚਦੇ ਰਹਿੰਦੇ ਹਨ ਕਿ ਬਾਹਰ ਦੀ ਦੁਨੀਆ ਵਿਚ ਕੀ ਕੁਛ ਚੱਲ ਰਿਹਾ ਹੈ।

ਉਹਨਾਂ ਨੇ ਕੱਲ੍ਹ ਮੈਨੂੰ ਜੋ ਕੁਛ ਦੱਸਿਆ ਉਸ ਨੇ ਮੈਨੂੰ ਬਹੁਤ ਪ੍ਰੇਸ਼ਾਨ ਕਰ ਦਿੱਤਾ ਹੈ। ਉਹਨਾਂ ਨੇ ਮੈਨੂੰ ਜੋ ਬੁਰੇ ਹਾਲਾਤ ਦੱਸੇ ਉਹਨਾਂ ਦੇ ਬਾਵਜੂਦ ਆਵਾਜ਼ ਤੋਂ ਉਹ ਠੀਕ ਲੱਗ ਰਹੇ ਸਨ ਅਤੇ ਉਹਨਾਂ ਨੇ ਕਿਹਾ ਕਿ ਉਹ ਇਹਨਾਂ ਹਾਲਾਤ ਵਿਚ ਖ਼ੁਦ ਨੂੰ ਸੰਭਾਲਣ ਦੀ ਪੂਰੀ ਕੋਸ਼ਿਸ਼ ਕਰ ਰਹੇ ਹਨ ਅਤੇ ਇਹਨਾਂ ਤਸੀਹੇ ਦੇਣ ਵਾਲੇ ਹਾਲਾਤ ਦੇ ਬੋਝ ਹੇਠ ਦੱਬ ਕੇ ਕਮਜ਼ੋਰ ਨਹੀਂ ਪੈਣਗੇ। ਮੈਨੂੰ ਲੱਗਿਆ ਕਿ ਮੈਨੂੰ ਇਹ ਤੁਹਾਡੇ ਨਾਲ ਸਾਂਝਾ ਕਰਨਾ ਚਾਹੀਦਾ ਹੈ ਕਿਉਂਕਿ ਤੁਸੀਂ ਅਕਸਰ ਹੀ ਮੈਨੂੰ ਉਹਨਾਂ ਦਾ ਹਾਲਚਾਲ ਪੁੱਛਦੇ ਰਹੇ ਹੋ। ਉਹਨਾਂ ਦੇ ਵਕੀਲ ਅਤੇ ਮੈਂ ਇਹ ਦੇਖਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਕੀ ਕੀਤਾ ਜਾ ਸਕਦਾ ਹੈ, ਹਾਲਾਂਕਿ ਮੈਂ ਮੰਨਦੀ ਹਾਂ ਕਿ ਗੌਤਮ ਵਰਗੇ ਰਾਜਨੀਤਕ ਬੰਦੀ - ਸਗੋਂ ਇਸ ਵਕਤ ਜੇਲ੍ਹ ਵਿਚ ਬੰਦ ਭੀਮਾ-ਕੋਰੇਗਾਓਂ ਮਾਮਲੇ ਦੇ ਸਾਰੇ 11 ਲੋਕਾਂ ਨਾਲ ਇਸ ਤਰ੍ਹਾਂ ਦੇ ਅਣਮਨੁੱਖੀ ਵਿਹਾਰ ਦੇ ਖ਼ਿਲਾਫ਼ ਆਵਾਜ਼ ਉਠਾਉਣਾ ਬਹੁਤ ਮਹੱਤਵਪੂਰਨ ਹੈ।

ਤੁਸੀਂ ਜੇਲ੍ਹ ਵਿਚ ਵਰਾਵਰਾ ਰਾਓ ਦੀ ਸਿਹਤ ਦੀ ਭਿਆਨਕ ਹਾਲਤ ਬਾਰੇ ਵੀ ਸੁਣਿਆ ਹੋਵੇਗਾ ਜੋ ਲਗਾਤਾਰ ਵਿਗੜਦੀ ਜਾ ਰਹੀ ਹੈ।

ਸੰਬੰਧਤ ਅਧਿਕਾਰੀਆਂ ਨੂੰ ਫ਼ੌਰੀ ਇਸ ਉੱਪਰ ਧਿਆਨ ਦੇਣ ਅਤੇ ਜ਼ਰੂਰੀ ਕਦਮ ਚੁੱਕਣ ਦੀ ਜ਼ਰੂਰਤ ਹੈ। ਅੱਜ ਮੈਨੂੰ ਫ਼ੋਨ ਕਰਨ ਲਈ ਧੰਨਵਾਦ। ਸਲਾਮ।

ਸਾਹਬਾ

ਗੁਰਮੀਤ ਸਿੰਘ ਜੱਜ
9465886990

# ਭਾਰਤ ਚੀਨ ਜੰਗ ਤੇ ਅਮਰੀਕੀ ਹਿੱਤ



ਨਿਊਜ਼ ਏਜੰਸੀ ਐਨ.ਆਈ.ਏ. ਅਨੁਸਾਰ ਭਾਰਤ ਦੇ 20 ਤੇ ਚੀਨ ਦੇ 43 ਫੌਜੀ ਜਾਨ ਗਵਾ ਚੁੱਕੇ ਹਨ। ਯੁੱਧ ਦੇ ਕੰਢੇ ਪਹੁੰਚਾਉਣ ਵਿੱਚ ਅਮਰੀਕਾ ਦਾ ਪੂਰਾ ਹੱਥ ਤੇ ਲੁਕਵਾਂ ਹਿਤ ਜੱਗ ਜਾਹਰ ਏ। ਕਰੋਨਾ ਖਿਲਾਫ ਜੰਗ ਵਿੱਚ ਬੁਰੀ ਤਰ੍ਹਾਂ ਹਾਰੇ ਟਰੰਪ ਦੀ ਥੂਹ ਥੂਹ ਹੋ ਰਹੀ ਏ। ਨਸਲਪ੍ਰਸਤ ਗੋਰੇ ਪੁਲਸੀਏ ਵੱਲੋਂ ਦਰਿੰਦਗੀ ਨਾਲ ਮਾਰੇ ਕਾਲੇ ਅਮਰੀਕਨ ਖਿਲਾਫ ਜਨਤਾ ਦੇ ਉਭਾਰ ਨੇ ਵਾਹਯਾਤ ਬਿਆਨ ਦਾਗਣ ਵਾਲੇ ਇੱਸ ਕਾਗਜ਼ੀ ਸ਼ੇਰ ਨੂੰ ਬੰਕਰ ਵਿੱਚ ਲੁਕਣ ਲਈ ਮਜਬੂਰ ਕਰ ਦਿੱਤਾ।

ਜਨਤਾ ਦਾ ਧਿਆਨ ਲਾਂਭੇ ਕਰਨ ਵਿੱਚ ਮੋਦੀ ਸਾਹਿਬ ਜੋ ਟਰੰਪ ਵਰਗੇ ਈ ਵਿਦਵਾਨ ਨੀਤੀਵਾਨ ਤੇ ਬਿਆਨ ਦਾਗਣ ਦੇ ਮਾਹਰ ਨੇ ਸਾਹਮਣੇ ਆਏ ਨੇ। ਕਈ ਵਿਦਵਾਨ ਤਾਂ ਟਰੰਪ ਦੇ ਮੋਦੀ ਸਾਹਿਬ ਤੋਂ ਪ੍ਰਭਾਵਤ ਹੋਣ ਦੇ ਖੁਲਾਸੇ ਕਰ ਚੁੱਕੇ ਹਨ। ਭਾਰਤ ਚੀਨ ਜੰਗ ਸਿਰਫ ਤੇ ਸਿਰਫ ਅਮਰੀਕਾ ਦੇ ਇਸ਼ਾਰੇ ਤੇ ਅਤੇ ਅਮਰੀਕਾ ਦੀ ਹੀ ਸੇਵਾ ਵਿੱਚ ਸੰਸਾਰ ਹਾਲਾਤ ਬਦਲਣ ਲਈ ਭੜਕਾਈ ਜਾ ਰਹੀ ਹੈ।ਅਮਰੀਕਾ ਆਪਣੀ ਨੰਬਰ ਇੱਕ ਦੀ ਪੁਜ਼ੀਸ਼ਨ ਗਵਾ ਚੁੱਕਿਆ ਹੈ।

ਚੀਨ ਅਮਰੀਕਾ ਦੇ ਬਰਾਬਰ ਖੜ੍ਹਾ ਹੋ ਗਿਆ ਹੈ, ਜੋ ਅਮਰੀਕਾ ਤੋਂ ਬਰਦਾਸ਼ਤ ਨਹੀਂ ਹੋ ਰਿਹਾ। ਉਹ ਇਸ ਨੂੰ ਰੋਕਣ ਦੀ ਹਾਲਤ ਵਿੱਚ ਵੀ ਨਹੀਂ ਹੈ। ਇਹਨਾਂ ਹਾਲਤਾਂ ਵਿੱਚ ਫਸੇ ਅਮਰੀਕਾ ਦੇ ਹਿੱਤਾਂ ਖਾਤਰ ਭਾਰਤ ਦੀ ਫੌਜ ਅਤੇ ਆਰਥਿਕਤਾ ਜੰਗ ਦੀ ਭੱਠੀ ਵਿੱਚ ਨਹੀਂ ਝੋਕੀ ਜਾਣੀ ਚਾਹੀਦੀ। ਜੇ ਕੋਈ ਵਿਵਾਦ ਨਹੀਂ ਹੱਲ ਹੋ ਰਿਹਾ ਤਾਂ ਦੱਖਣੀ ਏਸ਼ੀਆ ਦੇ ਦੇਸ਼ਾਂ ਦੀ ਸਾਂਝੀ ਮੁਲਾਕਾਤ ਬੁਲਾਉਣੀ ਚਾਹੀਦੀ ਹੈ। ਜੰਗ ਚੀਨ ਨਾਲ ਲੱਗੇ ਜਾਂ ਪਾਕਿਸਤਾਨ ਨਾਲ, ਖਿੱਤਾ ਸਾਰਾ ਮੁਤਾਸਿਰ ਹੋਵੇਗਾ। ਤਬਾਹੀ ਦੇ ਵੀ ਆਸਾਰ ਬਣ ਸਕਦੇ ਨੇ ਕਿਉਂਕਿ ਪ੍ਰਮਾਣੂ ਸ਼ਕਤੀਆਂ ਭਿੜਨਗੀਆਂ। ਟਰੰਪ ਨੇ ਪੇਸ਼ਕਸ਼ ਕੀਤੀ ਹੈ ਪਰ ਉਸ ਨੂੰ ਨਾ ਤਾਂ ਵਿਚੋਲਗਿਰੀ ਕਰਨ ਦੇਣੀ ਚਾਹੀਦੀ ਹੈ ਅਤੇ ਨਾ ਟਰੰਪ ਦੀ ਇੱਸ ਸਬੰਧੀ ਕੀਤੀ ਪੇਸ਼ਕਸ਼ ਨੂੰ ਠੁਕਰਾਉਣ ਵਿੱਚ ਦੇਰੀ ਕਰਨੀ ਚਾਹੀਦੀ ਹੈ। ਅਮਰੀਕਾ ਨੇ ਆਪਣੇ ਹਿਤਾਂ ਲਈ ਅਫਗਾਨਿਸਤਾਨ, ਇਰਾਕ, ਸੀਰੀਆ ਅਤੇ ਹੋਰ ਕਿੰਨੇ ਮੁਲਕ ਪੂਰੀ ਤਰ੍ਹਾਂ ਤਬਾਹ ਕਰ ਦਿੱਤੇ ਤੇ ਅਗਲਾ ਸ਼ਿਕਾਰ ਭਾਰਤ ਵੀ ਹੋ ਸਕਦੈ। ਖਿੱਤੇ ਦੇ ਸਾਂਝੇ ਵਿਕਾਸ ਦਾ ਮੁੱਦਾ ਅੱਗੇ ਰੱਖਣਾ ਚਾਹੀਦਾ ਹੈ। ਬੇਸ਼ੱਕ ਅਸੀਂ ਚੀਨ ਨੂੰ ਆਪਣੀ ਇੱਕ ਇੰਚ ਧਰਤੀ ਵੀ ਨਹੀਂ ਦੇ ਸਕਦੇ। ਪਰ ਅਸੀਂ ਬਰਫ ਦੇ ਬੰਜਰ ਪਹਾੜਾਂ ਪਿੱਛੇ ਕਿਸੇ ਗਲਤਫਹਿਮੀ ਕਾਰਨ ਹਰੀ ਭਰੀ ਅਤੇ ਉਪਜਾਊ ਭੂਮੀ ਬੰਜਰ ਵੀ ਨਹੀਂ ਬਣਾ ਸਕਦੇ। ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ 1962 ਭਾਰਤ ਚੀਨ ਜੰਗ ਵੇਲੇ ਚੀਨ ਨੇ ਹਜ਼ਾਰਾਂ ਵਰਗ ਕਿਲੋਮੀਟਰ ਦੇ ਇਲਾਕੇ ਵਿੱਚ ਅੰਦਰ ਆਉਣ ਤੋਂ ਬਾਅਦ ਇੱਕ ਪਾਸੜ ਜੰਗਬੰਦੀ ਦਾ ਐਲਾਨ ਕਰ ਦਿੱਤਾ ਸੀ ।ਤੇ ਇੱਕ ਹਿੱਸਾ ਇਹ ਵੀ ਮੰਨਦਾ ਹੈ ਕਿ ਚੀਨ ਮੱਲਿਆ ਇਲਾਕਾ ਛੱਡ ਕੇ ਵਾਪਸ ਵੀ ਚਲਾ ਗਿਆ ਸੀ। ਇਹ ਵੀ ਇਤਿਹਾਸਕ ਤੱਥ ਏ ਕਿ ਚੀਨ ਵੱਲੋਂ ਬੰਦੀ ਬਣਾਏ ਫੌਜੀ ਸਨਮਾਨ ਨਾਲ ਰੱਖੇ ਗਏ ਅਤੇ ਵਾਪਸ ਵੀ ਸਨਮਾਨ ਸਹਿਤ ਭੇਜੇ ਗਏ। ਵਿਦਵਾਨਾਂ ਦਾ ਮੰਨਣਾ ਹੈ ਕਿ ਚੀਨ ਦੇ ਚੰਗੇ ਵਿਊਹਾਰ ਦੀ ਸਿਫਤ ਕਰਨ ਕਾਰਨ ਹੀ ਪਹਿਲਾਂ ਛੁੱਟੀ ਭੇਜੇ ਗਏ ਅਤੇ ਫਿਰ ਸਾਲ ਦੇ ਵਿੱਚ ਵਿੱਚ ਹੀ ਸਾਰੇ ਸੇਵਾ ਮੁਕਤ ਕਰਕੇ ਪੈਨਸ਼ਨ ਤੇ ਘਰ ਭੇਜ ਦਿੱਤੇ ਗਏ। ਬੇਸ਼ੱਕ ਚੀਨ ਕੋਈ ਦੁੱਧ ਧੋਤਾ ਨਹੀਂ। ਭਾਰਤ ਦੇ ਕਸ਼ਮੀਰ ਵਾਂਗ ਚੀਨ ਨੂੰ ਤਿੱਬਤ ਦੇ ਲੋਕ ਵੀ ਨਜਾਇਜ਼ ਕਬਜ਼ਾਕਾਰ ਮੰਨਦੇ ਹਨ। ਅੱਜ ਦੇ ਸਮੇਂ ਦੀ ਲੋੜ ਇਹ ਸਮਝਣ ਤੇ ਯਾਦ ਰੱਖਣ ਦੀ ਹੈ ਕਿ ਬੰਗਲਾਦੇਸ਼, ਭਾਰਤ ਤੇ ਪਾਕਿਸਤਾਨ ਸਾਡਾ ਇੱਕ ਮੁਲਕ ਸੀ। ਕਿਤੇ ਗੋਰੇ ਧਰਮ ਦੇ ਮੁੱਦੇ ਹੇਠ ਸਾਨੂੰ ਵੰਡ ਕੇ ਤੁਰ ਗਏ ਤੇ ਕਦੇ ਭਾਸ਼ਾਵਾਂ ਥੋਪਣ ਕਰਕੇ ਬੰਗਲਾਦੇਸ਼ ਨੂੰ ਵੱਖ ਹੋਣਾ ਪਿਆ। ਅੱਜ ਅਸੀਂ ਉਹਨਾਂ ਸਾਮਰਾਜੀ ਲੁਟੇਰਿਆਂ ਤੋਂ ਹੀ ਜਹਾਜ਼, ਬੰਬ, ਤੋਂਫਾਂ ਤੇ ਮਿਜ਼ਾਇਲਾਂ ਖਰੀਦ ਕੇ ਆਪਣੇ ਭਰਾਵਾਂ ਨੂੰ ਮਾਰ ਰਹੇ ਹਾਂ। ਆਪਣੇ ਮੁਲਕਾਂ ਨੰ ਕੰਗਾਲ ਅਤੇ ਸਾਮਰਾਜੀ ਮੁਲਕਾਂ ਨੂੰ ਮਾਲਾਮਾਲ ਕਰ ਰਹੇ ਹਾਂ। ਪੰਜਾਬੀ ਬੋਲੀ ਨਾਲ ਧੱਕਾ ਵਿਤਕਰਾ ਤੇ ਪੰਜਾਬ ਦੇ ਹੱਕਾਂ ਤੇ ਡਾਕੇ ਵਿਚੋਂ ਖਾਲਿਸਤਾਨੀ ਲਹਿਰ ਨੇ ਪੈਰ ਲਏ। ਦੇਸ਼ ਦੀ ਕਿੰਨੀ ਜਵਾਨੀ ਇੱਸ ਸੰਤਾਪ ਦੀ ਭੇਟ ਚੜ੍ਹੀ। ਕੌਣ ਕੌਣ ਪੰਜਾਬੀਆਂ ਦੇ ਇੱਸ ਖੂਨ ਚੋਂ ਖੱਟ ਗਿਆ ਇਹ ਕਿਸੇ ਵੱਖਰੇ ਲੇਖ ਵਿੱਚ ਵਿਚਾਰਿਆ ਜਾ ਸਕਦੈ। ਅੱਜ ਦਾ ਮੁੱਦਾ ਇਹ ਐ ਕਿ ਦੇਸ਼ ਦੀ ਜੰਤਾ ਨੂੰ ਹਿੰਦੂ ਮੁਸਲਿਮ ਸਿੱਖ ਇਸਾਈਆਂ ਵਿੱਚ ਵੰਡਣ ਵਾਲਿਆਂ ਨੂੰ ਨੰਗਾ ਕਰਨਾਂ ਚਾਹੀਦਾ ਹੈ। ਲੋਕਾਂ ਨੂੰ ਇਕਮੁੱਠ ਕਰਕੇ ਦੇਸ਼ ਨੂੰ ਬਚਾਉਣ ਲਈ ਚੇਤੰਨ ਤਬਕੇ ਤੇ ਲੋਕ ਜਥੇਬੰਦੀਆਂ ਨੂੰ ਆਪ ਵੀ ਇੱਕਮੁੱਠ ਹੋਣਾ ਚਾਹੀਦਾ ਹੈ। ਅੱਜ ਦੇਸ਼ ਦੀ ਵਾਗਡੋਰ ਕਾਰਪੋਰੇਟ ਘਰਾਣਿਆਂ ਦੇ ਸੇਵਾਦਾਰਾਂ ਤੇ ਅਮਰੀਕੀ ਸਾਮਰਾਜ ਵਰਗੀਆਂ ਸੰਸਾਰ ਦੁਸ਼ਮਣ ਤਾਕਤਾਂ ਦੇ ਦਲਾਲਾਂ ਹੱਥ ਏ। ਇਹ ਸ਼ਰੇਆਮ ਹਿੰਦੂ ਰਾਸ਼ਟਰ ਦਾ ਏਜੰਡਾ ਲਾਗੂ ਕਰਨਾ ਚਾਹੁੰਦੇ ਹਨ। ਪਰ ਇੱਕ ਗੱਲ ਜਿਹੜੀ ਅਵਾਮ ਦੇ ਦਿਲ ਵਿੱਚ ਨਿਤਾਰਨੀ ਬਾਕੀ ਏ ਕਿ ਹਿੰਦੂ ਰਾਸ਼ਟਰ ਦਾ ਮਤਲਬ ਕੋਈ ਹਿੰਦੂਆਂ ਦੀ ਬਿਹਤਰੀਨ ਜ਼ਿੰਦਗੀ ਸਿਰਜਣਾ ਨਹੀਂ, ਸਿਰਫ ਇੱਸ ਫਿਰਕੂ ਮਹੌਲ ਦੇ ਪੜਦੇ ਹੇਠ ਦੇਸ ਦਾ ਪਬਲਿਕ ਸੈਕਟਰ ਕਾਰਪੋਰੇਟਾਂ ਨੂੰ ਸੌਂਪਣਾ ਹੈ। ਦੇਸ਼ ਦੇ ਕਰੋੜਾਂ ਕਿਰਤੀ, ਕਿਸਾਨਾਂ ਤੇ ਉੱਦਮੀਆਂ ਦੁਆਰਾ ਪੈਦਾ ਕੀਤੀ ਧਨ, ਦੌਲਤ ਤੇ ਸੰਪੱਤੀ ਨਿੱਜੀ ਖਾਤੇ ਪਾ ਕੇ ਤੇ ਲੁਟੇਰਿਆਂ ਨੂੰ ਸੌਂਪਣੀ ਹੈ। ਜੇ ਹਿੰਦੂਆਂ ਦੀ ਭਲਾਈ ਦਾ ਕੋਈ ਮੁੱਦਾ ਹੁੰਦਾ ਤਾਂ ਸੜਕਾਂ ਤੇ ਭੁੱਖੇ ਮਰਨ ਵਾਲੇ ਗਰੀਬ ਹਿੰਦੂ ਨਹੀਂ ਸਨ ? ਸੜਕਾਂ ਤੇ ਜਣੇਪੇ ਕਰਕੇ ਪੈਦਲ ਤੁਰਨ ਨੂੰ ਮਜਬੂਰ ਭਾਰਤ ਮਾਂ ਦੀਆਂ ਧੀਆਂ ਹਿੰਦੂ ਨਹੀਂ ਸਨ ? ਪੀ.ਐਮ.ਕੇਅਰ ਵਿੱਚ ਇਕੱਠਾ ਕੀਤਾ ਪੈਸਾ ਲੋਕਾਂ ਤੇ ਨਾ ਖਰਚਣਾ ਜਾਂ ਖਰਚੇ ਦਾ ਹਿਸਾਬ ਦੇਣ ਤੋਂ ਮੁਕਰਨਾ ਹਿੰਦੂਆਂ ਨਾਲ ਧੋਖਾ, ਤੇ ਧੱਕਾ ਨਹੀਂ ? ਕਿਉਂਕਿ ਦੇਸ਼ ਦੀਆਂ ਘੱਟਗਿਣਤੀਆਂ ਵੱਧ ਧੱਕੇ ਦੀਆਂ ਸ਼ਿਕਾਰ ਨੇ ਤੇ ਚੇਤਨ ਲੋਕਾਂ ਦਾ ਧਿਆਨ ਵੀ ਜ਼ਿਆਦਾ ਘੱਟ ਗਿਣਤੀਆਂ ਦੀ ਮਾੜੀ ਕੀਤੀ ਹਾਲਤ ਵੱਲ ਵੱਧ ਜਾਂਦਾ ਹੈ। ਪਰ ਬਹੁਗਿਣਤੀ ਹਿੰਦੂ ਵੀ ਹਕੂਮਤੀ ਧੱਕੇ, ਲਾਪਰਵਾਹੀ ਤੇ ਗਰੀਬਾਂ ਪ੍ਰਤੀ ਵਿਤਕਰੇ ਭਰੇ ਰਵੱਈਏ ਦੇ ਗਿਣਤੀ ਅਨੁਸਾਰ ਹੀ ਸ਼ਿਕਾਰ ਹੋਏ ਹਨ। ਲੁਟੇਰਿਆਂ ਦੀਆਂ ਸਜ਼ਾਵਾਂ ਮੁਆਫ ਕੀਤੀਆਂ ਜਾ ਰਹੀਆਂ ਨੇ, ਕਾਤਲ ਤੇ ਸਮਾਜ ਵਿਰੋਧੀ ਜੇਲ੍ਹਾਂ ਵਿਚੋਂ ਰਿਹਾਅ ਕੀਤੇ ਗਏ ਨੇ। ਪਰ ਲੋਕ ਪੱਖੀ ਚਿੰਤਕ ਤੇ ਜਾਗਰੂਕ ਲੋਕ ਜੋ ਹਕੂਮਤ ਦੀਆਂ ਨੀਤੀਆਂ ਨੂੰ ਸਮਝਦੇ ਤੇ ਨੰਗਾ ਕਰਕੇ ਇਹਨਾਂ ਖਿਲਾਫ ਲੋਕ ਰਾਇ ਪੈਦਾ ਕਰਨ ਦੇ ਸਮਰੱਥ ਹਨ, ਜੇਲ੍ਹੀਂ ਡੱਕੇ ਜਾ ਰਹੇ ਹਨ। ਮੁੜ ਘਿੜ ਕੇ ਉਹੀ ਗੱਲਾਂ ਵਾਰ ਵਾਰ ਸਾਹਮਣੇ ਆਉਂਦੀਆਂ ਹਨ। ਪਾਠਕ ਵੀ ਵਾਰ ਵਾਰ ਉਹੋ ਗੱਲਾਂ ਪੜ੍ਹਕੇ ਉਕਤਾ ਸਕਦਾ ਏ। ਪਰ ਕੀਤਾ ਕੀ ਜਾਵੇ ਜਦ ਹਕੀਕਤ ਈ ਇਹੋ ਏ ਤਾਂ ਪੜ੍ਹੋ। ਫਿਰ ਉਕਤਾਓ ਜਾਂ ਸੁਚੇਤ ਹੋਵੋ ਚੋਣ ਤੁਹਾਡੀ ਏ ਪਰ ਵਾਰ ਵਾਰ ਇਹਨਾਂ ਗੱਲਾਂ ਵੱਲ ਧਿਆਨ ਦੇਣਾਂ ਪਏਗਾ। ਕਾਰਪੋਰੇਟਾਂ ਨੂੰ ਗੱਫੇ, ਗਰੀਬਾਂ ਨੂੰ ਧੱਕੇ, ਨੌਜਵਾਨਾਂ ਨੂੰ ਬੇਰੁਜ਼ਗਾਰੀ, ਵਿਦਿਆਰਥੀਆਂ ਨੂੰ ਫੀਸਾਂ ਦੇ ਅੰਨ੍ਹੇ ਵਾਧੇ, ਕਿਸਾਨਾਂ ਦੀਆਂ ਮੰਡੀਆਂ ਤੇ ਸਮਰਥਨ ਮੁੱਲ ਤੇ ਡਾਕੇ, ਤੇਲ, ਪੈਟਰੌਲ ਤੇ ਹੋਰ ਟੈਕਸਾਂ ਦੇ ਵਿੱਚ ਕਰੋਨਾ ਦੇ ਰੌਲੇ ਰੱਪੇ ਹੇਠ ਧੱਕੜ ਤੇ ਗੈਰਵਾਜਬ ਵਾਧੇ, ਗੱਲ ਕੀ ਜਿੱਧਰ ਨਿਗ੍ਹਾ ਮਾਰੋ ਅੱਨ੍ਹੀਂ ਮੱਚੀ ਪਈ ਏ। ਮਨ ਕੀ ਬਾਤ ਸੁਣ ਸੁਣ ਕੇ ਲੋਕਾਂ ਦੇ ਕੰਨ ਪੱਕ ਚੁੱਕੇ ਨੇ। ਦੇਸ਼ ਦੇ ਪ੍ਰਧਾਨ ਮੰਤਰੀ ਕੋਲ ਕਿਸੇ ਵੀ ਸੁਆਲ ਦਾ ਕੋਈ ਜਵਾਬ ਨਹੀਂ। ਸਾਰੇ ਵਾਹਦੇ ਤੇ ਯੋਜਨਾਵਾਂ ਗੱਪ ਤੇ ਜੁਮਲੇ ਸਾਬਤ ਹੋ ਚੁੱਕੇ ਨੇ। ਦੇਸ਼ ਤੇ ਜੰਤਾ ਨੂੰ ਲੁਟੇਰਿਆਂ ਦੇ ਖਾਤੇ ਭਰਨ ਲਈ ਨਿੰਬੂਆਂ ਵਾਂਗ ਨਿਚੋੜ ਲਿਆ ਗਿਆ ਏ। ਸਾਰੀਆਂ ਨਾਕਾਮੀਆਂ ਕਰੋਨਾ ਥੱਲੇ ਨਹੀਂ ਛੁਪਾਈਆਂ ਜਾ ਸਕੀਆਂ ਤਾਂ ਚੀਨ ਵੱਲ ਧਿਆਨ ਮੋੜਕੇ ਅੱਖੀਂ ਘੱਟਾ ਪਾਉਣ ਦੀ ਚਾਲ ਹੋ ਸਕਦੀ ਏ। ਸੋਚਣ ਵਾਲੀ ਗੱਲ ਇਹ ਵੀ ਹੈ ਕਿ ਜੰਗ ਚੀਨ ਦੇ ਪੱਖ ਵਿੱਚ ਵੀ ਨਹੀਂ ਜਾਂਦੀ ਤਾਂ ਉਹ ਜੰਗ ਕਿਉਂ ਲਾਏਗਾ। ਅਮਨ ਵਿੱਚ ਹੀ ਚੀਨ ਦਾ ਉਤਪਾਦਨ ਵਧੇਗਾ ਤੇ ਵਿਕੇਗਾ। ਭਾਰਤ ਵੀ ਚੀਨ ਨਾਲ ਵਪਾਰ ਵਧਾਉਣ ਤੇ ਸਿਹਤਮੰਦ ਸਬੰਧ ਪੈਦਾ ਕਰਨ ਵਿੱਚ ਚੰਗੀ ਭੂਮਿਕਾ ਨਿਭਾਅ ਸਕਦਾ ਏ। ਪੱਕੇ ਮਿੱਤਰ ਰੂਸ ਨਾਲ ਮਸਲਾ ਸਾਂਝਾ ਕਰਕੇ ਚੀਨ ਦੀ ਕਿਸੇ ਵੀ ਉਕਸਾਊ ਕਾਰਵਾਈ ਨੂੰ ਰੋਕਿਆ ਜਾ ਸਕਦਾ ਏ।

ਬੰਗਲਾਦੇਸ਼ ਭਾਰਤ ਪਾਕਿਸਤਾਨ ਪੀਪਲਜ਼ ਫੋਰਮ BBPPF ਅਤੇ ਜਾਊਥ ਏਸ਼ੀਆ ਯੂਥ ਫੋਰਮ SAYF ਵਰਗੀਆਂ ਤਨਜ਼ੀਮਾਂ

ਇਸ ਜੰਗੀ ਮਾਹੌਲ ਵਿੱਚ ਉਸਾਰੂ ਸੋਚ ਦਾ ਪ੍ਰਚਾਰ ਤੇ ਪ੍ਰਸਾਰ ਕਰ ਸਕਦੀਆਂ ਨੇ। ਸਾਨੂੰ ਮਿੱਤਰ ਗਵਾਂਢੀ ਮੁਲਕਾਂ ਦੇ ਲੋਕ ਤੇ ਫੌਜੀ ਜੰਗ ਦੀ ਭੱਠੀ ਝੋਕਣ ਦਾ ਵਿਰੋਧ ਮਿਲਕੇ ਕਰਨਾ ਚਾਹੀਦਾ ਏ। ਪਾਕਿਸਤਾਨ ਨਾਲ ਵੀ ਵਧੀਆ ਸਬੰਧ ਸਥਾਪਤ ਕਰਨ ਲਈ ਇਮਰਾਨ ਖਾਨ ਵਾਂਗ ਸਿਹਤਮੰਦ ਸੋਚ ਸਾਹਮਣੇ ਲਿਆਉਣੀ ਚਾਹੀਦੀ ਏ। ਅਸੀਂ ਦੇਸ਼ ਦੇ ਅੰਦਰ ਹੀ ਭੁੱਖ ਤੇ ਥੁੜ੍ਹਾਂ ਨਾਲ ਜੰਗ ਲੜ ਰਹੇ ਹਾਂ। ਬਾਹਰ ਨਵੀਂ ਜੰਗ ਛੇੜਕੇ ਮੌਤ ਦਾ ਰਾਹ ਨਹੀਂ ਫੜਨਾ ਚਾਹੀਦਾ।

ਚੀਨ ਦੀ ਬਿਹਤਰੀ ਵੀ ਭਾਰਤ ਨਾਲ ਚੰਗੇ ਸਬੰਧਾਂ ਵਿੱਚ ਹੀ ਹੈ, ਤੇ ਇਹ ਚੀਨ ਭਲੀਭਾਂਤ ਸਮਝਦਾ ਹੈ।

**ਜੰਗਾਂ ਵਿੱਚ ਤਬਾਹੀ ਕਰਕੇ ਫਿਰ ਜੂ ਕੱਠੇ ਬਹਿਣਾਂ।**
**ਜੰਗ ਦੀ ਭੱਠੀ ਵਿੱਚ ਫਿਰ੍ਹ ਕਾਹਤੋਂ ਕਾਹਲੇ ਹੋ ਕੇ ਪੈਣਾਂ।**
**ਅਮਨ ਦੇ ਵਿੱਚ ਹੀ ਸੰਭਵ ਹਾਸੇ ਖੁਸ਼ੀਆਂ ਮੀਤ ਗੁਰੂ ਦੇ,**
**ਜੰਗਾਂ ਵਿੱਚ ਤਾਂ ਗੀਤਾਂ ਦੀ ਥਾਂ ਮੱਲੀ ਸਦਾ ਹੀ ਵੈਣਾਂ।**

# ਕਿਸਾਨ ਆਗੂ ਨਿਰਭੈ ਸਿੰਘ ਢੁੱਡੀਕੇ ਅਤੇ ਸਾਥੀਆਂ ਦੀ ਰਿਹਾਈ ਲਈ ਮੋਗਾ 'ਚ ਵਿਸ਼ਾਲ-ਰੋਸ ਮੁਜ਼ਾਹਰਾ

ਬਲਜਿੰਦਰ ਸਿੰਘ

ਕਿਰਤੀ ਕਿਸਾਨ ਯੂਨੀਅਨ ਨੇ 29 ਜੂਨ ਨੂੰ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ ਤੇ ਬਾਕੀ ਆਗੂਆਂ ਦੀ ਰਿਹਾਈ ਲਈ ਸੂਬਾ ਪੱਧਰੀ ਵਿਸ਼ਾਲ ਰੋਸ ਮੁਜ਼ਾਹਰਾ ਕੀਤਾ ਤੇ ਉਜਾੜੇ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਨ ਦੀ ਮੰਗ ਕੀਤੀ। ਕਰੋਨਾ-ਸੰਕਟ ਕਰਕੇ ਸ਼ੁਰੂ ਹੋਏ ਲੌਕਡਾਓਨ ਦੇ ਵਿੱਚ ਇਹ ਪਹਿਲਾ ਪੰਜਾਬ ਪੱਧਰੀ ਇਕੱਠ ਸੀ। ਝੋਨੇ ਦੇ ਸੀਜਨ ਦੇ ਪੂਰੇ ਰੁਝੇਵੇ ਦੇ ਬਾਵਜੂਦ ਪੰਜਾਬ ਦੇ ਕੋਨੇ ਕੋਨੇ ਤੋਂ ਵੱਡੀ ਗਿਣਤੀ 'ਚ ਕਿਸਾਨਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਮੀਤ ਪ੍ਰਧਾਨ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਤੇ ਸੂਬਾਈ ਆਗੂਆਂ ਸਤਿਬੀਰ ਸਿੰਘ ਸੁਲਤਾਨੀ, ਜਤਿੰਦਰ ਛੀਨਾ ਅਮਰਜੀਤ ਹਨੀ, ਹਰਮੇਸ਼ ਢੇਸੀ ਬਲਵਿੰਦਰ ਭੁੱਲਰ ਨੇ ਕਿਹਾ ਕੇ ਮੋਗਾ ਪ੍ਰਸ਼ਾਸ਼ਨਿਕ ਅਧਿਕਾਰੀ ਕਾਗਰਸੀ ਵਰਕਰਾਂ ਵਾਂਗ ਕੰਮ ਕਰ ਰਿਹਾ ਹੈ। ਇਸੇ ਲਈ ਡੀਸੀ ਮੋਗਾ ਕਹਿ ਰਹੇ ਹਨ ਕਿ ਆਗੂਆਂ ਤੇ ਪਰਚਿਆਂ ਵਾਲਾ ਮਾਮਲਾ ਵਿਧਾਇਕ ਹਰਜੋਤ ਕਮਲ ਦੇ ਹੱਥ ਹੈ। ਆਗੂਆਂ ਕਿਹਾ ਕੇ ਪੁਲਿਸ ਹੱਕੀ ਸੰਘਰਸ਼ ਕਰ ਰਹੇ ਆਗੂਆਂ ਨੂੰ ਦਬਾਉਣ ਲਈ ਐਨੀ ਕਾਹਲੀ ਹੈ ਕਿ ਪਹਿਲਾਂ ਝੂਠਾ ਮੁਕੱਦਮਾ ਦਰਜ ਕਰਕੇ ਜੇਲੀਂ ਡੱਕਿਆ ਤੇ ਫਿਰ ਪੰਜ ਦਿਨਾਂ ਵਿੱਚ ਹੀ ਚਲਾਨ ਵੀ ਅਦਾਲਤ ਵਿੱਚ ਪੇਸ਼ ਕਰ ਦਿੱਤਾ। ਉਹਨਾਂ ਬੇਕਾਬੂ ਆਰਥਿਕ ਸੰਕਟ ਕਰਕੇ ਲੋਕਾਂ 'ਚ ਉਪਜੀ ਬੇਚੈਨੀ ਤੋਂ ਡਰੀ ਸਰਕਾਰ ਲੌਕਡਾਊਨ ਨੂੰ ਸਿਆਸੀ ਤੌਰ 'ਤੇ ਵਰਤ ਰਹੀ ਹੈ। ਇਸਦਾ ਕਰੋਨਾ ਨੂੰ ਰੋਕਣ 'ਚ ਕੋਈ ਮਹੱਤਵ ਨਹੀਂ। ਉਨ੍ਹਾਂ ਕਿਹਾ ਕੇ ਇੱਕ ਪਾਸੇ ਕੈਪਟਨ ਸਰਕਾਰ ਬੱਸਾਂ 'ਚ ਸ਼ੋਸ਼ਲ ਡਿਸਟਾਂਸ ਖਤਮ ਕਰਕੇ ਬੱਸਾਂ ਦੀਆਂ 56 ਸੀਟਾਂ ਭਰਨ ਦੀ ਇਜਾਜ਼ਤ ਦੇ ਰਹੀ ਦੂਜੇ ਪਾਸੇ 'ਚ ਤੇਲ ਕੀਮਤਾਂ ਦਾ ਵਿਰੋਧ ਕਰਨ ਲਈ ਸਿੱਧਵਾਂ ਕਲਾਂ 'ਚ ਇਕੱਠੇ ਹੋਏ ਕਿਰਤੀ ਕਿਸਾਨ ਯੂਨੀਅਨ ਤੇ ਪੇਂਡੂ ਮਜਦੂਰ ਯੂਨੀਅਨ ਦੇ 31 ਕਾਰਕੁੰਨਾਂ ਤੇ ਪਰਚੇ ਦਰਜ ਕਰ ਦਿੱਤੇ ਹਨ। ਇਹ ਕਾਰਵਾਈ ਲੌਕਡਾਊਨ ਦਾ ਮਨਸ਼ਾ ਸਪੱਸ਼ਟ ਕਰਦੀ ਹੈ।

ਨੌਜਵਾਨ ਭਾਰਤ ਸਭਾ ਦੇ ਰੁਪਿੰਦਰ ਚੌਂਦਾਂ ਤੇ ਪੇਂਡੂ ਮਜਦੂਰ ਯੂਨੀਅਨ ਦੇ ਤਰਸੇਮ ਪੀਟਰ ਨੇ ਕਿਹਾ ਕੇ ਕੈਪਟਨ ਨੇ ਘਰ ਘਰ ਨੌਕਰੀ ਦਾ ਵਾਅਦਾ ਕੀਤਾ ਪਰ ਉਹਨਾਂ ਦਾ ਵਿਧਾਇਕ ਮੋਗਾ 'ਚ ਸੈਂਕੜੇ ਪਰਿਵਾਰਾਂ ਦਾ ਰੁਜ਼ਗਾਰ ਖੋਹ ਰਿਹਾ ਹੈ। ਉਹਨਾਂ ਕਿਹਾ ਕੇ ਦੇਸ਼ 'ਚ ਆਰਥਿਕ ਮੰਦੀ ਸਿਖਰਾਂ ਛੂਹ ਰਹੀ ਹੈ ਉਪਰੋ ਮੋਦੀ ਸਰਕਾਰ ਵੱਲੋਂ ਕਿਸਾਨੀ ਨੂੰ ਉਜਾੜਨ ਵਾਲੇ ਸਰਕਾਰੀ ਖਰੀਦ ਬੰਦ ਕਰਦੇ ਆਰਡੀਨੈਂਸ ਤੇ ਖੇਤੀ ਮੋਟਰਾਂ ਤੇ ਬਿਜਲੀ ਬਿਲ ਲਾਉਣ ਦੀ ਤਿਆਰੀ ਵੱਡੇ ਅੰਦੋਲਨਾਂ ਲਈ ਭੂਮੀ ਤਿਆਰ ਕਰ ਰਹੇ ਹਨ ਜਿਸ ਕਰਕੇ ਹਾਕਮਾਂ ਨੂੰ ਲੋਕ ਆਗੂ ਰੜਕ ਰਹੇ ਨੇ ਇਸ ਮਾਮਲੇ 'ਚ ਸਾਰੀਆਂ ਸਰਕਾਰਾਂ ਇੱਕੋ ਜਿਹੀਆਂ ਹਨ।

ਇਸ ਮੌਕੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਗਗਨ ਸੰਗਰਾਮੀ ਭਾਰਤੀ ਕਿਸਾਨ ਯੂਨੀਅਨ ਓਨੇ ਕਿਹਾ ਤੇਲ ਕੀਮਤਾਂ ਨੇ ਲੋਕਾਂ ਦਾ ਦੀਵਾਲਾ ਕੱਢ ਦਿੱਤਾ ਹੈ ਲੋਕਾਂ 'ਚ ਬੇਚੈਨੀ ਵੱਧ ਰਹੀ ਹੈ ਤੇ ਹਾਕਮਾਂ ਸਿਰਫ ਲੋਕਾਂ ਨੂੰ ਦਬਾਉਣਾ ਚਾਹੁੰਦੇ ਨੇ।

ਇਸ ਤੋਂ ਇਲਾਵਾ ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਮੰਗਾ ਸਿੰਘ ਵੈਰੋਕੇ, ਬੀਐਸਪੀ ਦੇ ਕੁਲਦੀਪ ਈਸਾਪੁਰੀ, ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਗਗਨ ਸੰਗਰਾਮੀ, ਜ਼ਿਲ੍ਹਾ ਪ੍ਰਧਾਨ ਕੁਲ ਹਿੰਦ ਕਿਸਾਨ ਸਭਾ ਕਾ. ਸੂਰਤ ਸਿੰਘ, ਤਾਰਾ ਸਿੰਘ ਲੋਕ ਸੰਗਰਾਮ ਮੰਚ, ਬੀਕੇਯੂ ਕ੍ਰਾਂਤੀਕਾਰੀ ਬਲੌਰ ਸਿੰਘ, ਬੀਕੇਯੂ ਉਗਰਾਹਾਂ ਦੇ ਗੁਰਮੇਲ ਰੂਮੀ, ਬਹੁਜਨ ਕ੍ਰਾਂਤੀ ਮੋਰਚਾ ਦੇ ਚਰਨਜੀਤ ਸਿੰਘ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਮਨਜੀਤ ਸਿੰਘ ਧਨੇਰ, ਬੂਟਾ ਸਿੰਘ ਚਕਰ, ਜਮਹੂਰੀ ਅਧਿਕਾਰ ਸਭਾ ਦੇ ਮਾਸਟਰ ਆਗੂ ਸਰਬਜੀਤ ਸਿੰਘ ਦੌਧਰ, ਫੋਰਸ ਵੰਨ ਦੇ ਸੁਖਮੰਦਰ ਸਿੰਘ ਗੱਜਣਵਾਲਾ, ਪੇਂਡੂ ਮਜ਼ਦੂਰ ਯੂਨੀਅਨ ਮਿਸਾਲ ਦੇ ਸੁਖਦੇਵ ਸਿੰਘ ਭੂਦੜੀ ਨੇ ਵੀ ਸੰਬੋਧਨ ਕੀਤਾ। ਜਥੇਬੰਦੀ ਨੇ ਜਲਦੀ ਹੀ ਅਗਲੀ ਮੀਟਿੰਗ ਕਰਕੇ ਅਗਲਾ ਐਕਸ਼ਨ ਕਰਨ ਦਾ ਐਲਾਨ ਕੀਤਾ।



JS
Logistics Ltd Calgary Alberta
Warehousing / Distribution
Farhad Zain
Mohammed
General Manager
5601 46St SE
Calgary, AB T2C 4Y5
farhad_its@hotmail.com
Office : 403-723-2379
Fax : 1888-732-1303
Cell : 403-519-9373

# ਕੋਰੋਨਾ ਕਾਲ 'ਚ ਦਲਿਤ ਅੱਤਿਆਚਾਰ



- ਨਰਭਿੰਦਰ

ਕੋਰੋਨਾ ਮਹਾਂਮਾਰੀ ਅਤੇ ਲਾਕਡਾਊਨ ਦਾ ਸਭ ਤੋਂ ਵੱਧ ਸੰਤਾਪ ਦਲਿਤਾਂ ਨੂੰ ਭੋਗਣਾ ਪਿਆ ਤੇ ਪੈ ਰਿਹਾ ਹੈ। ਵੈਸੇ ਵੀ ਪਿਛਲੇਰੇ 20 ਕੁ ਸਾਲਾਂ ਤੋਂ ਜਾਤੀ ਮੱਤ ਹਿੰਸਾ ਅਤੇ ਦਲਿਤ ਵਰਗ ਦੀ ਆਰਥਿਕ ਹਾਲਤ ਵਿਚ ਚਿੰਤਾ ਦਾ ਵਿਸ਼ਾ ਹੈ ਪਰ ਲਾਕਡਾਊਨ ਨੇ ਅਮਾਨਵੀ ਗੈਰ ਮਨੁੱਖੀ ਸਮਾਜ ਦਾ ਚਿਹਰਾ ਬੇਪੜਦ ਕੀਤਾ ਹੈ। ਕੁਝ ਮਿਸਾਲਾਂ ਰੱਖਣ ਤੋਂ ਪਿਛੋਂ ਗੱਲ ਸ਼ੁਰੂ ਕਰਾਂਗੇ।

ਪਹਿਲੀ ਖ਼ਬਰ ਸੀ ਜੋ 'ਜਨ ਸੰਦੇਸ਼' ਨਾਂ ਦੇ ਇਕ ਪਰਚੇ ਵਿਚ 26 ਮਾਰਚ ਨੂੰ ਛਪੀ ਕਿ ਲਾਕਡਾਊਨ ਦੇ ਐਲਾਨ ਤੋਂ ਪਿਛੋਂ ਮਸਹਰ ਨਾਂ ਦੇ ਕਬੀਲੇ ਦੇ ਕੋਲ ਘਾਹ ਖਾ ਕੇ ਗੁਜ਼ਾਰਾ ਕਰ ਰਹੇ ਹਨ। ਇਹ ਰਿਪੋਰਟ ਵਿਜੈ ਵਿਨੀਤ ਨਾਂ ਦੇ ਪੱਤਰਕਾਰ ਨੇ ਦਿੱਤੀ ਸੀ ਅਤੇ ਉਹਨੇ ਇਹ ਵੀ ਦਾਅਵਾ ਕੀਤਾ ਸੀ ਅਤੇ ਫੋਟੋ ਵੀ ਜਾਰੀ ਕੀਤੀ ਸੀ ਕਿ ਕਿਵੇਂ ਇਸ ਕਬੀਲੇ ਦੇ ਬੱਚੇ ਜੰਗਲੀ ਘਾਹ ਖਾ ਕੇ ਪੇਟ ਭਰ ਰਹੇ ਹਨ। ਪਿਛੋਂ ਇਹ ਖ਼ਬਰ 'ਦਾ ਵੀਕ' ਨੇ ਵੀ ਲਾਈ। ਇਹ ਕਬੀਲਾ ਯੂ.ਪੀ. ਤੇ ਬਿਹਾਰ ਵਿਚ ਰਹਿੰਦਾ ਹੈ। ਭੱਠਿਆਂ 'ਤੇ ਜਾਂ ਖੇਤਾਂ ਵਿਚ ਕੰਮ ਕਰਦਾ ਹੈ ਅਤੇ ਇਨ੍ਹਾਂ ਕੋਲ ਦੋ ਡੰਗ ਦਾ ਵੀ ਰਾਸ਼ਨ ਨਹੀਂ ਸੀ। ਭੁੱਖ ਦੀ ਮਜ਼ਬੂਰੀ ਨੇ ਉਨ੍ਹਾਂ ਨੂੰ ਉਹ ਚਾਰਾ ਖਾਣ ਲਈ ਮਜ਼ਬੂਰ ਕੀਤਾ ਜਿਹੜਾ ਪਸ਼ੂਆਂ ਨੂੰ ਪਾਇਆ ਜਾਂਦਾ ਹੈ। ਇਹ ਉਸੇ ਦੇਸ਼ ਦੀ ਤਸਵੀਰ ਹੈ ਜਿਥੇ ਪ੍ਰਧਾਨ ਮੰਤਰੀ ਲੋਕਾਂ ਨੂੰ 20 ਲੱਖ ਕਰੋੜ ਦੇ ਰਾਹਤ ਪੈਕੇਜ ਦੀ ਡੀਂਗ ਮਾਰਦਾ ਹੈ। ਜੇ ਸੱਚ ਕਹੀਏ ਤਾਂ ਇਹ ਵਾਰਾਨਾਸੀ ਜ਼ਿਲ੍ਹੇ ਦੇ ਬਲਾਕ ਬਾਰਗਾਂਵ ਦੇ ਪਿੰਡ ਕੋਈਰੀਪਰ ਦੇ ਮਹਾਂ ਦਲਿਤ 26 ਪਰਿਵਾਰਾਂ ਦੀ ਭੁੱਖ ਦੀ ਦਾਸਤਾ ਹੈ। ਜੇ ਅਸੀਂ ਤੇ ਅਸੀਂ ਭੁੱਲਦੇ ਨਾ ਹੋਈਏ ਤਾਂ ਇਹ 20 ਲੱਖ ਕਰੋੜੀ ਪ੍ਰਧਾਨ ਮੰਤਰੀ ਦੇ ਹਲਕੇ ਦੇ ਇਕ ਪਿੰਡ ਦੀ ਹਕੀਕੀ ਤਸਵੀਰ ਹੈ। ਖ਼ਬਰ ਹਿਲਾ ਦੇਣ ਵਾਲੀ ਸੀ ਅਤੇ ਹਾਕਮ ਹਿੱਲ ਵੀ ਗਏ। ਸਥਾਨਕ ਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਉਹਨੂੰ ਗਲਤ ਤੇ ਝੂਠਾ ਪ੍ਰਚਾਰ ਫੈਲਾਉਣ ਦਾ ਨੋਟਿਸ ਭੇਜ ਦਿੱਤਾ। 'ਦਾ ਵੀਕ' ਤੇ ਫਿਰ 'ਇੰਡੀਅਨ ਐਕਸਪ੍ਰੈਸ' ਨੇ ਜਦੋਂ ਕਵਰ ਸਟੋਰੀ ਕੀਤੀ ਤਾਂ ਵਿਜੈ ਵਿਨੀਤ ਤੇ ਮਨੀਸ਼ ਮਿਸ਼ਰਾ ਨੇ ਫਿਰ ਦੁਹਰਾਇਆ ਕਿ ਉਹ ਇਸ ਪਿੰਡ ਗਏ ਸਨ। ਘਾਹ ਖਾ ਕੇ ਢਿੱਡ ਭਰਦੇ ਇਸ ਕਬੀਲੇ ਜਿਹਨੂੰ ਮਹਾਂ ਦਲਿਤ-ਕਿਹਾ ਜਾ ਸਕਦਾ ਹੈ ਦੀ ਭੁੱਖ ਨਾਲ ਇਸ ਤਰਸਯੋਗ ਹਾਲਤ ਨੂੰ ਅੱਖੀਂ ਵੇਖਿਆ। ਹਾਲਾਂਕਿ ਇਨ੍ਹਾਂ ਪਰਿਵਾਰਾਂ ਕੋਲ ਗਰੀਬੀ ਰੇਖਾ ਤੋਂ ਹੇਠਾਂ ਵਾਲੇ ਕਾਰਡ ਵੀ ਹਨ ਅਤੇ ਜਿਸ ਉਤੇ ਪ੍ਰਤੀ ਪਰਿਵਾਰ 25 ਕਿਲੋ ਕਣਕ ਦਿੱਤੀ ਜਾਣੀ ਚਾਹੀਦੀ ਸੀ। ਪਰ ਨਹੀਂ ਸੀ ਮਿਲੀ। ਪ੍ਰਸ਼ਾਸਨ ਨੂੰ ਜਾਂਚ ਤਾਂ ਇਹ ਕਰਨੀ ਚਾਹੀਦੀ ਸੀ ਕਿ ਉਨ੍ਹਾਂ ਨੂੰ ਪਹਿਲਾਂ ਹੀ ਦਿੱਤੀ ਜਾ ਰਹੀ ਰਾਹਤ ਸਮੱਗਰੀ ਕਿਉਂ ਨਹੀਂ ਮੁਹੱਈਆ ਕਰਵਾਈ ਗਈ ਪਰ ਪ੍ਰਸ਼ਾਸਨ ਦੀ ਧਾਰ ਹੇਠ ਪੱਤਰਕਾਰ ਆਇਆ ਕਿ ਉਹਨੇ ਅਜਿਹੀ ਖ਼ਬਰ ਹੀ ਕਿਉਂ ਛਾਪੀ।

ਉਤਰ ਪ੍ਰਦੇਸ਼ ਵਿਚ ਦਲਿਤਾਂ ਉਤੇ ਹਮਲਿਆਂ ਦੀਆਂ ਕਈ ਦਰਦਨਾਕ ਘਟਨਾਵਾਂ ਇਸ ਲਾਕਡਾਊਨ ਦੌਰਾਨ-ਇਕ ਤੋਂ ਪਿਛੋਂ ਇਕ ਦੇ ਰੂਪ ਵਿਚ ਸਾਹਮਣੇ ਆਈਆਂ ਉਚ ਜਾਤੀ ਦੇ ਲੋਕਾਂ ਵਲੋਂ ਵਰਤੀ ਜਾਂਦੀ ਬਰਾਬਰਤਾ ਅਤੇ ਦਲਿਤ ਔਰਤਾਂ ਨਾਲ ਬਲਾਤਕਾਰ ਅਤੇ ਛੇੜਛਾੜ ਦੀਆਂ ਅਣਗਿਣਤ ਘਟਨਾਵਾਂ ਦੇ ਵੇਰਵੇ ਸਾਹਮਣੇ ਆਏ। ਇਟਾਵਾ ਵਿਚ ਜਦੋਂ ਉਚ ਜਾਤੀ ਦੇ ਲੋਕ ਇਕ ਆਦਮੀ ਨੂੰ ਕੁੱਟ ਰਹੇ ਸਨ ਤਾਂ ਉਸ ਦੀ ਪਤਨੀ ਉਹਨੂੰ ਬਚਾਉਣ ਲਈ ਅੱਗੇ ਆਈ। ਉਨ੍ਹਾਂ ਹੰਕਾਰੀ ਮਸ਼ਟੰਡਿਆਂ ਨੇ ਉਸ ਔਰਤ ਨੂੰ ਨਿਰਵਸਤਰ ਕਰਕੇ ਕੁੱਟ ਮਾਰ ਕੀਤੀ ਅਤੇ ਇਕ ਕਮਰੇ ਵਿਚ ਕੈਦ ਕਰ ਲਿਆ।

ਗੋਰਖਪੁਰ ਜਿਥੇ ਯੂ. ਪੀ. ਦੇ ਮੁੱਖ ਮੰਤਰੀ ਦਾ ਜੰਗਲ ਰਾਜ ਚਲਦਾ ਹੈ ਇਕ ਦਲਿਤ ਟੋਲੇ ਉਤੇ ਉਚ ਜਾਤੀ ਦੇ ਲੋਕਾਂ ਨੇ ਹਮਲਾ ਕਰ ਦਿੱਤਾ ਅਤੇ ਕੁੱਟ ਮਾਰ ਕੀਤੀ। ਇਸ ਕੁੱਟ ਮਾਰ ਵਿਚ ਇਕ ਗਰਭਵਤੀ ਮਹਿਲਾ ਵੀ ਜ਼ਬਰ ਦਾ ਸ਼ਿਕਾਰ ਬਣੀ। 8 ਜੂਨ ਨੂੰ ਉਚ ਜਾਤੀ ਦੀ ਕੁੜੀ ਨਾਲ ਪਿਆਰ ਕਰਨ ਉਤੇ ਇਕ ਨੌਜਵਾਨ ਉਤੇ ਰਾਡਾਂ ਅਤੇ ਪੱਥਰਾਂ ਨਾਲ ਹਮਲਾ ਕੀਤਾ। 24 ਮਈ ਨੂੰ ਸਵਰਨ ਜਾਤੀ ਦੀ ਕੁੜੀ ਨਾਲ ਪਿਆਰ ਕਰਨ ਵਾਲੇ ਦਲਿਤ ਨੌਜਵਾਨ ਨੂੰ ਕੁੱਟਿਆ ਮਾਰਿਆ ਅਤੇ ਪਿਸ਼ਾਬ ਪੀਣ ਲਈ ਮਜ਼ਬੂਰ ਕੀਤਾ। ਅਧਮੋਇਆ ਕਰਕੇ ਸੁੱਟ ਦਿੱਤਾ। ਫਤਹਿਪੁਰ ਵਿਚ ਇਕ ਦਲਿਤ ਨੌਜਵਾਨ ਦੀ ਸਿਰ ਕੱਟੀ ਲਾਸ਼ ਮਿਲੀ। ਇਹ ਖੇਤ ਮਜ਼ਦੂਰ ਸੀ। ਲਖਨਊ ਦੇ ਜੋਨਪੁਰ ਜ਼ਿਲ੍ਹੇ 'ਚ ਬੱਚਿਆਂ ਦੀ ਲੜਾਈ ਤੋਂ ਪਿਛੋਂ ਝਗੜਾ ਐਥੋਂ ਤੱਕ ਵਧ ਗਿਆ ਕਿ ਵੱਡੀ ਗਿਣਤੀ 'ਚ ਉਚ ਜਾਤੀ ਦੇ ਲੋਕਾਂ ਨੇ ਮਜ਼ਦੂਰਾਂ ਦੀ ਬਸਤੀ 'ਤੇ ਹਮਲਾ ਬੋਲ ਦਿੱਤਾ। ਇਕ ਦਰਜਨ ਝੁੱਗੀਆਂ ਸੜ ਗਈਆਂ ਅਤੇ 14 ਹੋਰ ਘਰਾਂ ਨੂੰ ਨੁਕਸਾਨ ਪਹੁੰਚਿਆ। 22 ਸਾਲਾ ਆਕਾਸ਼ ਕੁਮਾਰ ਦੀ ਕੁੱਟ ਮਾਰ ਇਸ ਕਰਕੇ ਹੋਈ ਕਿ ਉਹਨੇ ਆਪਣੇ ਵਿਆਹ ਸਮੇਂ ਘੋੜੀ ਦੀ ਸਵਾਰੀ ਕੀਤੀ ਸੀ। ਇਕ ਦਲਿਤ ਦੀ ਕੁੱਟ ਮਾਰ ਕਰਕੇ ਉਚ ਜਾਤੀ ਦੇ ਲੋਕ ਉਹਦੀ ਲਾਸ਼ ਪਰਿਵਾਰ ਵਾਲਿਆਂ ਨੂੰ ਸੌਂਪ ਗਏ ਅਤੇ ਧਮਕੀ ਦਿੱਤੀ ਕਿ ਜੇ ਇਹ ਦੀ ਪੁਲਿਸ ਰਿਪੋਰਟ ਕਰਵਾਈ ਤਾਂ ਸਾਰੇ ਸਾਫ ਕਰ ਦਿਆਂਗੇ। ਇਹ ਕੁਝ ਕੁ ਮਿਸਾਲਾਂ ਯੂ. ਪੀ. ਦੀਆਂ ਹਨ ਜਿਥੇ ਸ਼ੁੱਧ ਬ੍ਰਾਹਮਣੀ ਤੇ ਉਚ ਜਾਤੀਆਂ ਦਾ ਭਾਵ ਸਵਰਨ ਜਾਤੀਆਂ ਦਾ ਰਾਜ ਹੈ। ਯੂ. ਪੀ. ਵੀ 2014 ਤੋਂ 2018 ਦਰਮਿਆਨ ਦਲਿਤਾਂ ਉਤੇ ਹਮਲਿਆਂ 'ਚ ਲਗਭਗ 43 ਫੀਸਦੀ ਵਾਧਾ ਹੋਇਆ ਹੈ। ਭਾਜਪਾ ਦੀ ਸੱਤਾ ਵਾਲੇ ਰਾਜਾਂ ਗੁਜਰਾਤ ਵਿਚ 26 ਫੀਸਦੀ ਹਰਿਆਣਾ ਵਿਚ 15 ਫੀਸਦੀ, ਮੱਧ ਪ੍ਰਦੇਸ਼ ਵਿਚ 15 ਫੀਸਦੀ ਅਤੇ ਮਹਾਂਰਾਸ਼ਟਰ ਵਿਚ 11 ਫੀਸਦੀ ਦਲਿਤ ਅੱਤਿਆਚਾਰਾਂ ਵਿਚ ਵਾਧੇ ਦੀਆਂ ਖ਼ਬਰਾਂ ਹਨ।

ਮੱਧ ਪ੍ਰਦੇਸ਼ ਵਿਚ ਇਕ ਦਲਿਤ ਲਾੜੇ ਉਤੇ ਪੱਥਰ ਸੁੱਟੇ ਗਏ। ਇਕ ਦਲਿਤ ਨੌਜਵਾਨ ਮੰਦਿਰ ਵਿਚ ਚਲਾ ਗਿਆ ਤਾਂ ਬੁਰੀ ਤਰ੍ਹਾਂ ਕੁੱਟਿਆ ਗਿਆ। ਮਹਾਂਰਾਸ਼ਟਰ ਵਿਚ ਖੂਹ 'ਚ ਨਹਾ ਰਹੇ ਦਲਿਤ ਨੌਜਵਾਨਾਂ: ਨੂੰ ਨੰਗੇ ਕਰਕੇ ਕੁੱਟਿਆ। ਇਕ ਦਲਿਤ ਨੌਜਵਾਨ ਨੇ ਆਪਣੇ ਵਿਆਹ ਉਤੇ 'ਮੋਕਾਰੀ' ਨਾਂ ਦੀ ਚਮੜੇ ਦੀ ਮਹਿੰਗੀ ਜੁੱਤੀ ਪਾ ਲਈ ਤਾਂ ਉਹਨੂੰ ਕੁੱਟਿਆ ਗਿਆ। 22 ਸਾਲਾ ਮਾਲਿਕ ਯਾਦਵ ਨੇ ਆਪਣੀ ਫੇਸਬੁੱਕ ਆਈ.ਡੀ. 'ਤੇ ਆਪਣਾ ਨਾਂ ਮਾਲਿਕੀ ਸਿੰਘ ਰੱਖ ਲਿਆ ਤਾਂ ਇਹ ਨਾਂ ਤਬਦੀਲੀ ਵੀ ਉਚ ਜਾਤੀਆਂ ਨੂੰ ਰਾਸ ਨਹੀਂ ਆਇਆ ਬੁਰੀ ਤਰ੍ਹਾਂ ਕੁੱਟਿਆ। ਕੇਰਲਾ ਵਿਚ ਇਕ ਜਤਿੰਦਰ ਨਾਮੀ ਦਲਿਤ ਨੂੰ ਕੁੱਟ-ਕੁੱਟ ਕੇ ਇਸ ਲਈ ਅਧਮੋਇਆ ਕਰ ਦਿੱਤਾ ਸੀ ਕਿਉਂਕਿ ਉਹਨੇ ਵਿਆਹ ਸਮੇਂ ਇਕ ਪਾਰਟੀ ਵਿਚ ਕੁਰਸੀ 'ਤੇ ਬਹਿ ਕੇ ਰੋਟੀ ਖਾਧੀ ਸੀ। 17 ਜੂਨ 2020 ਨੂੰ ਪ੍ਰਸ਼ਾਂਤ ਸੋਲੰਕੀ ਵਿਆਹ ਦੀ ਰਸਮ ਸਮੇਂ ਘੋੜੇ 'ਤੇ ਚੜ੍ਹ ਗਿਆ ਉਸ ਉਤੇ ਘਾਤ ਲਾ ਕੇ ਹਮਲਾ ਕੀਤਾ। ਇਹ ਗੁਜਰਾਤ (ਮਾਡਲ) ਦੀ ਘਟਨਾ ਹੈ। ਤਾਮਿਲਨਾਡੂ 'ਚ ਹਾਰ ਦਿਨਾਂ 'ਚ ਹੀ ਚਾਰ ਦਲਿਤ ਨੌਜਵਾਨਾਂ ਦੇ ਕਤਲਾਂ ਦੇ ਲਗਾਤਾਰ ਸਮਾਚਾਰ ਆਏ। ਇਕ ਐਨ.ਜੀ.ਓ. ਨੇ 25 ਮਾਰਚ ਤੋਂ ਪਹਿਲਾਂ ਦੇਸ਼ ਵਿਆਪੀ ਬੰਦ ਦੇ ਦੌਰਾਨ ਦਲਿਤ ਹਿੰਸਾ ਦੀਆਂ ਲਗਭਗ 30 ਵੱਡੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਹੈ। ਤਾਮਿਲਨਾਡੂ ਇਕ ਅਜਿਹਾ ਰਾਜ ਹੈ ਜਿਹਨੂੰ ਜਾਤੀ ਹਿੰਸਾ ਦੇ ਆਧਾਰਤ ਇਕ ਅੱਤਿਆਚਾਰੀ ਰਾਜ ਕਿਹਾ ਜਾ ਸਕਦਾ ਹੈ। ਲਾਕਡਾਊਨ ਦੌਰਾਨ ਦਲਿਤਾਂ 'ਤੇ ਹਮਲਾ ਕਰਨ ਵਾਲੇ ਉਚ ਜਾਤੀ ਦੇ 40 ਤੋਂ 50 ਮੈਂਬਰਾਂ ਦੇ ਗਰੋਹ ਹਰ ਵਾਰਦਾਤ ਵਿਚ ਸਾਹਮਣੇ ਆਏ। 100 ਤੋਂ ਵੱਧ ਮਾਮਲੇ ਇਨ੍ਹਾਂ ਤਿੰਨਾਂ ਮਹੀਨਿਆਂ 'ਚ ਅੱਤਿਆਚਾਰਾਂ ਦੇ ਗਿਣੇ ਗਏ ਹਨ। 29 ਮਾਰਚ ਨੂੰ ਗੋਰਪਨਥੰਮਲ ਪਿੰਡ ਵਿਚ ਐਮ. ਸਧਾਕਰ ਦਾ ਕਤਲ ਇਸ ਕਰਕੇ ਕਰ ਦਿੱਤਾ ਕਿ ਉਹ ਇਕ ਉਚ ਜਾਤੀ ਦੀ ਲੜਕੀ ਨਾਲ ਪਿਆਰ ਕਰਦਾ ਸੀ। ਕਾਤਲਾਂ ਦੇ ਟੋਲੇ ਦੀ ਅਗਵਾਈ ਲੜਕੀ ਦਾ ਪਿਤਾ ਕਰ ਰਿਹਾ ਸੀ। 24 ਅਪ੍ਰੈਲ ਨੂੰ ਇਕ ਟੀ.ਵੀ. ਚੈਨਲ ਵੀ.ਸੀ.ਕੇ. ਦੇ ਰਿਪੋਰਟਰ ਸੁਰੇਸ਼ ਉਤੇ ਹਮਲਾ ਹੋਇਆ ਵੇਲਿਚਮ ਸ਼ਹਿਰ ਦੀ ਘਟਨਾ ਹੈ।

21 ਅਪ੍ਰੈਲ ਨੂੰ ਮਰੁਗਲਿਤਮ ਜੋ ਐਮ. ਬੀ. ਏ. ਪਾਸ ਸੀ, ਉਤੇ ਇਸ ਕਰਕੇ ਹਮਲਾ ਕਰ ਦਿੱਤਾ ਕਿਉਂਕਿ ਉਨ੍ਹਾਂ ਉਚ ਜਾਤੀ ਦੀ ਲੜਕੀ ਨਾਲ ਵਿਆਹ ਕਰਵਾਇਆ ਸੀ। ਯੂ.ਪੀ. ਵਿਚ ਸਾਂਝੇ ਲੰਗਰ ਅਤੇ ਸਕੂਲਾਂ ਵਿਚ ਮਿਡ ਡੇ ਮੀਲ ਬਣਾਉਣ ਵਾਲੇ ਦਲਿਤਾਂ ਉਤੇ ਉਂਗਲੀ ਹੀ ਨਹੀਂ ਉਠਾਈ ਸਗੋਂ ਉਨ੍ਹਾਂ ਵਲੋਂ ਤਿਆਰ ਕੀਤਾ ਭੋਜਨ ਵੀ ਨਹੀਂ ਖਾਧਾ ਗਿਆ।

ਤੁਹਾਨੂੰ ਯਾਦ ਹੋਵੇਗਾ ਗੁਜਰਾਤ ਵਿਚ ਕੁਝ ਸਮਾਂ ਪਹਿਲਾਂ ਚਾਰ ਦਲਿਤ ਲੋਕਾਂ ਨੂੰ ਜਿਹੜੇ ਚਮੜੇ ਦਾ ਕੰਮ ਕਰਦੇ ਸਨ ਅਤੇ ਮ੍ਰਿਤਕ ਪਸ਼ੂ ਦਾ ਚਮੜਾ ਉਤਾਰ ਰਹੇ ਸਨ, ਕੁਝ ਭੀੜ ਨੇ ਨਾ ਸਿਰਫ਼ ਕੁੱਟ ਕੁੱਝ ਮਾਰ ਦਿੱਤਾ ਸੀ ਸਗੋਂ ਇਹ ਦੀ ਵੀਡੀਓ ਬਣਾ ਕੇ ਵੀ ਪਾਈ ਸੀ। ਉਸ ਵੀਡੀਓ ਦੀ ਭਿਆਨਕ ਤਸਵੀਰ ਅਜੇ ਵੀ ਦਲਿਤਾਂ ਦੇ ਮਸਤਕ 'ਚੋਂ ਨਹੀਂ ਜਾ ਰਹੀ। ਲਗਭਗ 30 ਦੇ ਕਰੀਬ ਦਲਿਤਾਂ ਨੇ ਸਮੂਹਿਕ ਆਤਮ ਹੱਤਿਆ ਕਰਨ ਦਾ ਰੋਸ ਜ਼ਾਹਿਰ ਕੀਤਾ ਹੈ। ਮ੍ਰਿਤਕ ਦਾ ਇਕ ਭਰਾ ਇਹ ਕਹਿੰਦਾ ਹੈ ਕਿ ਉਹ ਵੀਡੀਓ ਉਹਨੂੰ ਰਾਤ ਵੇਲੇ ਵੀ ਦਿਖਾਈ ਦੇਣ ਲੱਗਦੀ ਹੈ। ਉਹ ਹਰ ਸਮੇਂ ਖੌਫਜ਼ਦਾ ਰਹਿੰਦਾ ਹੈ ਅਤੇ ਮਰਨਾ ਬਿਹਤਰ ਸਮਝਦਾ ਹੈ।

ਆਂਧਰਾ ਵਿਚ ਇਕ ਦਲਿਤ ਡਾਕਟਰ ਨੇ ਸਿਰਫ਼ ਇਕ ਸਵਾਲ ਪੁੱਛਿਆ ਕਿ 'ਹਸਪਤਾਲ ਵਿਚ ਕੋਰੋਨਾ ਦੇ ਮੁਕਾਬਲੇ ਲਈ ਲੋੜੀਂਦਾ ਸਮਾਨ ਨਹੀਂ। ਉਸ ਡਾਕਟਰ ਨੂੰ ਨਾ ਸਿਰਫ਼ ਬੁਰੀ ਤਰ੍ਹਾਂ ਕੁੱਟਿਆ ਗਿਆ ਸਗੋਂ ਪਾਗਲ ਗਰਦਾਨਕੇ ਪਾਗਲਖਾਨੇ ਇਲਾਜ ਲਈ ਭੇਜ ਦਿੱਤਾ।

ਰਾਜਸਥਾਨ ਦੇ ਇਕ ਪਿੰਡ ਵਿਚ ਰਾਜ ਪ੍ਰੋਹਿਤਾਂ (ਬ੍ਰਹਮਣਾਂ) ਨੇ ਦਲਿਤਾਂ ਨੂੰ ਪਿੰਡ ਵਿਚੋਂ ਹੀ ਕੱਢ ਦਿੱਤਾ। ਇਕ ਦਲਿਤ ਨੇ ਮੱਝ ਰੱਖ ਲਈ ਤਾਂ ਗੁਜਰਾਤ ਦੇ ਰਾਜਪੂਤਾਂ ਦਾ ਜਾਤੀ ਅਭਿਮਾਨ ਭੜਕ ਉਠਿਆ। ਮੱਧ ਪ੍ਰਦੇਸ਼ ਦੇ ਸ਼ਿਵ ਪੁਰੀ 'ਚ ਦਲਿਤ ਰਾਜ ਰਾਮ ਯਾਦਵ ਨੂੰ ਇਸ ਕਰਕੇ ਕੁੱਟ ਕੁੱਟ ਕੇ ਮਾਰ ਦਿੱਤਾ ਕਿ ਉਹਨੇ ਪਿੰਡ ਵਿਚ ਡਾ. ਅੰਬੇਡਕਰ ਦੀ ਮੂਰਤੀ ਲਾ ਕੇ ਬੁੱਧ ਜੈਅੰਤੀ ਮਨਾਈ ਸੀ। ਯਾਦ ਹੋਵੇਗਾ ਸਹਾਰਨਪੁਰ ਯੂ.ਪੀ. 'ਚ 1918 ਵਿਚ ਇਕ ਪਿੰਡ 'ਚ ਉਚ ਜਾਤੀ ਠਾਕਰਾਂ ਨੇ ਦਲਿਤਾਂ ਦੇ ਘਰ ਫੂਕ ਦਿੱਤੇ ਸਨ। ਇਹ ਝਗੜਾ ਵੀ ਪਿੰਡ ਵਿਚ ਡਾ. ਅੰਬੇਡਕਰ ਦੀ ਮੂਰਤੀ ਲਾਉਣ ਪਿਛੋਂ ਹੀ ਸ਼ੁਰੂ ਹੋਇਆ ਸੀ।

ਮੈਂ ਇਹ ਲਿਖ ਹੀ ਰਿਹਾ ਸੀ ਕਿ ਮੇਰੇ ਇਕ ਸਾਥੀ ਨੇ ਦੇਵਰੀਆਂ ਤੋਂ ਇਕ ਵੀਡੀਓ ਭੇਜੀ ਜਿਸ 'ਚ ਇਕ ਦਲਿਤ ਜੋੜੇ ਨੂੰ ਨਿਰਵਸਤਰ ਕਰਕੇ ਪਿੰਡ ਦੇ ਉਚ ਜਾਤੀ ਦਬੰਗ ਕੁੱਟ ਰਹੇ ਸਨ ਅਤੇ ਜਲੂਸ ਕੱਢ ਰਹੇ ਸਨ। ਉਨ੍ਹਾਂ ਦਾ ਕਸੂਰ ਇਹ ਸੀ ਕਿ ਉਹ ਉਚ ਜਾਤੀ ਲੋਕਾਂ ਦੇ ਖੇਤਾਂ ਵਿਚ ਫਸਲ ਕੱਟਣ ਲਈ ਨਹੀਂ ਸੀ ਗਏ ਸਨ। ਨਿਰਵਸਤਰ ਲੜਕੇ ਨੇ ਆਪਣੀ ਨਿਰਵਸਤਰ ਪਤਨੀ ਨੂੰ ਮੋਢਿਆਂ 'ਤੇ ਚੁੱਕਿਆ ਹੋਇਆ ਸੀ। ਇਸ ਘਟਨਾ ਨੂੰ ਅੰਜਾਮ ਦੇਣ ਵਾਲਿਆਂ ਦੇ ਚਿਹਰੇ ਬੜੇ ਸਾਫ ਮੀਡੀਆ 'ਤੇ ਦੇਖੇ ਜਾ ਸਕਦੇ ਹਨ। ਇਕ ਹੋਰ ਘਟਨਾ ਇਕ ਦਲਿਤ ਪਰਿਵਾਰ ਇਲਜ਼ਾਮ ਲਾ ਰਿਹਾ ਸੀ ਕਿ ਉਚ ਜਾਤੀ ਦੇ ਲੋਕਾਂ ਨੇ ਜਬਰਦਸਤੀ ਉਨ੍ਹਾਂ ਦੇ ਖੇਤ ਵਿਚੋਂ ਰੁੱਖ ਵੱਢ ਲਏ ਹਨ। ਜੇ ਰੋਕਿਆ ਤਾਂ ਉਨ੍ਹਾਂ ਨੇ ਪੂਰੇ ਪਰਿਵਾਰ ਦੀ ਕੁੱਟਮਾਰ ਕੀਤੀ।

ਇਹ ਵਰਤਾਰਾ ਸਮੁੱਚੇ ਦੇਸ਼ 'ਚ ਹੈ ਅਤੇ ਵਿਆਪਕ ਪੱਧਰ ਉਤੇ। ਇਹ ਉਹ ਘਟਨਾਵਾਂ ਹਨ ਜੋ ਸ਼ੋਸ਼ਲ ਮੀਡੀਆ ਰਾਹੀਂ ਰਿਕਾਰਡ ਉਤੇ ਆ ਗਈਆਂ। ਪਿਛਲੇਰੇ ਛੇ ਸਾਲਾਂ ਵਿਚ ਦਲਿਤਾਂ ਆਦਿਵਾਸੀਆਂ ਉਤੇ ਹਮਲਿਆਂ ਦੀਆਂ ਘਟਨਾਵਾਂ ਵਿਚ ਬਹੁਤ ਤੇਜ਼ੀ ਆਈ ਹੈ। ਸਰਕਾਰ ਇਹ ਦਾਅਵਾ ਕਰਦੀ ਹੈ ਕਿ ਦਲਿਤਾਂ ਉਤੇ ਅੱਤਿਆਚਾਰਾਂ ਦਾ ਗ੍ਰਾਫ਼ ਹੇਠਾਂ ਆਇਆ ਹੈ ਪਰ ਹਕੀਕਤ ਇਹ ਕਿ ਵੱਡੀ ਪੱਧਰ ਉਤੇ ਹੋ ਰਹੀਆਂ ਇਨ੍ਹਾਂ ਘਟਨਾਵਾਂ ਨੂੰ ਪੁਲਿਸ ਰਿਕਾਰਡ ਹੀ ਨਹੀਂ ਕਰਦੀ। ਨਾ ਸ਼ਿਕਾਇਤ ਲਿਖਦੀ ਹੈ ਨਾ ਹੀ ਕੇਸ ਦਰਜ ਕਰਦੀ ਹੈ। ਉਪਰੋਕਤ ਘਟਨਾਵਾਂ ਜਿਨ੍ਹਾਂ ਦਾ ਜ਼ਿਕਰ ਕੀਤਾ ਗਿਆ ਹੈ, ਤੋਂ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ ਨੂੰ ਪਹਿਣਨ ਦਾ ਅਧਿਕਾਰ ਨਹੀਂ, ਖਾਣ ਦਾ ਅਧਿਕਾਰ ਨਹੀਂ, ਆਪਣੀ ਸੰਪਤੀ ਦੀ ਮਾਲਕੀ ਦਾ ਅਧਿਕਾਰ ਨਹੀਂ, ਕੰਮ ਕਰਨ ਜਾਂ ਨਾ ਕਰਨ ਦਾ ਅਧਿਕਾਰ ਨਹੀਂ। ਜੇ ਜ਼ਿੰਦਗੀ ਦੀ ਅਜ਼ਾਦੀ ਹੀ ਨਹੀਂਤਾਂ ਸੰਵਿਧਾਨ ਨੂੰ ਉਨ੍ਹਾਂ ਰਗੜ ਕੇ ਜ਼ਖ਼ਮਾਂ 'ਤੇ ਲਾਉਣਾ ਹੈ। ਉਚ ਮਾਲਕੀ ਵਾਲੀਆਂ ਜਮਾਤਾਂ ਨੇ ਭਾਜਪਾ ਦੇ ਛੇ ਸਾਲਾ ਰਾਜ ਵਿਚ ਉਨ੍ਹਾਂ ਪ੍ਰਤੀ ਜਿਵੇਂ ਬੇਕਿਰਕ ਮਾਹੌਲ ਤਿਆਰ ਕੀਤਾ ਹੈ। ਇਹ ਸਮਾਜ ਵਿਚ ਇਕ ਖਤਰਨਾਕ ਵੰਡੀਆਂ ਪਾਉਣ ਵਾਲਾ ਹੈ।

ਜਿਵੇਂ ਜ਼ਿਕਰ ਕੀਤਾ ਹੈ ਕਿ ਪਹਿਲੀ ਗੱਲ ਤਾਂ ਪੁਲਿਸ ਉਨ੍ਹਾਂ ਦੀ ਆਵਾਜ਼ ਹੀ ਨਹੀਂ ਸੁਣਦੀ, ਜੇ ਕਿਤੇ ਮੀਡੀਆ 'ਤੇ ਲੋਕਾਂ ਦੇ ਦਬਾਅ ਹੇਠ ਕੇਸ ਦਰਜ ਕਰਨ ਦੀ ਨੌਬਤ ਆ ਹੀ ਜਾਵੇ ਤਾਂ ਕੇਸ ਬੇਹੱਦ ਢਿੱਲਾ ਹੁੰਦਾ ਹੈ ਜਿਸ 'ਚ ਕੋਈ ਸਜ਼ਾ ਮਿਲਣ ਦੀ ਗੁੰਜਾਇਸ਼ ਹੀ ਨਹੀਂ ਹੁੰਦੀ। ਦਲਿਤਾਂ 'ਤੇ ਆਦਿਵਾਸੀਆਂ ਪ੍ਰਤੀ ਪ੍ਰਸ਼ਾਸਨ ਦਾ ਇਹ ਰੁੱਖ ਭੇਦਭਾਵ ਵਾਲਾ ਉਵੇਂ ਹੀ ਹੈ ਜਿਵੇਂ ਸਮਾਜ ਵਿਚ ਉਨ੍ਹਾਂ ਨਾਲ ਹੁੰਦਾ ਹੈ। ਹਿਊਮਨ ਰਾਈਟਸ ਵਾਚ ਦੀ ਇਕ ਰਿਪੋਰਟ ਕਹਿੰਦੀ ਹੈ ਕਿ ਭਾਰਤ ਵਿਚ 16 ਤੋਂ 17 ਕਰੋੜ ਲੋਕਾਂ ਨੂੰ ਜਾਤ ਦੇ ਅਧਾਰਤ ਨਿਆਂ ਨਹੀਂ ਮਿਲਦਾ। ਭਾਵ ਬਰਾਬਰ ਦੇ ਸ਼ਹਿਰੀ ਵੀ ਨਹੀਂ ਗਿਣਿਆ ਜਾਂਦਾ ਭੇਦ ਭਾਵ ਵਾਲਾ ਸਲੂਕ ਹੁੰਦਾ ਹੈ।

1987 ਤੋਂ ਲੈ ਕੇ ਜਦੋਂ ਬਿਹਾਰ 'ਚ ਹੁਣ ਵੀਰ ਸੈਨਾ ਅਤੇ ਕੁਏਰ ਸੈਨਾ ਨਾਮੀ ਉਚ ਜਾਤੀਆਂ ਦੇ ਗਰੋਹਾਂ ਵਲੋਂ ਦਲਿਤਾਂ ਉਤੇ ਹਮਲੇ ਬਸਤੀਆਂ ਸਾੜਨ, ਬਲਾਤਕਾਰ ਕਰਨ 'ਤੇ ਕਤਲੇਆਮ ਕਰਨ ਦੀਆਂ ਘਟਨਾਵਾਂ ਦੀ ਅੱਜ ਤੱਕ ਇਕ ਲੰਬੀ ਲੜੀ ਹੈ।

ਜਾਤੀ ਦੇ ਆਧਾਰਤ 'ਤੇ ਗੈਰ ਮਨੁੱਖੀ ਵਿਹਾਰ ਦੀ ਬੇਸ਼ੱਕ ਸੰਵਿਧਾਨ ਆਗਿਆ ਨਹੀਂ ਦਿੰਦਾ ਪਰ ਇਹਦੇ ਬਾਵਜੂਦ ਸਮੁੱਚੇ ਭਾਰਤ ਸਮੇਤ ਪੰਜਾਬ ਵਿਚ ਅਜਿਹਾ ਵਿਉਹਾਰ ਹੋ ਰਿਹਾ ਹੈ। ਪੂੰਜੀਪਤੀ ਰਾਜਸੀ ਪਾਰਟੀਆਂ ਨੇ ਇਸ ਅਨਿਆਂ ਦੇ ਵਿਰੁੱਧ ਭੇਦ ਭਾਵ ਦੇ ਵਿਰੁੱਧ ਅੱਤਿਆਚਾਰਾਂ ਦੇ ਵਿਰੁੱਧ ਕਦੇ ਵੀ ਜਬਰਦਸਤ ਅਵਾਜ਼ ਨਹੀਂ ਉਠਾਈ। ਹਾਂ ਰਾਜਨੀਤਕ ਖੇਡ ਜ਼ਰੂਰ ਖੇਡਦੇ ਰਹੇ ਹਨ ਤੇ ਹੁਣ ਭਾਜਪਾ ਜਿਹਦਾ ਅਧਾਰ ਹੀ ਵਰਣ ਵਿਵਸਥਾ ਦੇ ਆਧਾਰਤ ਸਮਾਜ ਦੀ ਪੁਨਰ ਸਿਰਜਨਾ ਕਰਨਾ ਹੈ, ਨੇ ਮੱਧ ਯੁੱਗੀ ਢੰਗ ਤਰੀਕੇ ਅਪਣਾ ਲਏ ਹਨ। ਇਹ ਉਨ੍ਹਾਂ ਪ੍ਰਤੀ ਵਰਤੀ ਜਾ ਰਹੀ ਸ਼ਬਦਾਵਲੀ ਸਮਾਜਿਕ ਬਾਈਕਾਟ, ਆਰਥਿਕ ਬਾਈਕਾਟ ਅਤੇ ਸਰੀਰਕ ਹਿੰਸਾ ਦੇ ਰੂਪ ਵਿਚ ਵੱਖ-ਵੱਖ ਸ਼ਕਲਾਂ ਵਿਚ ਸਾਹਮਣੇ ਆ ਰਹੇ ਹਨ। ਭਾਰਤੀ ਸਮਾਜ ਵਿਚ ਜਾਤ ਪਾਤੀ ਪ੍ਰਬੰਧ ਦੀਆਂ ਮਜ਼ਬੂਤ ਜੜ੍ਹਾਂ ਹਨ ਅਤੇ 70 ਸਾਲਾਂ ਦੌਂ ਸੰਵਿਧਾਨ ਸਫ਼ਰ ਨੇ ਵੀ ਇਨ੍ਹਾਂ ਨੂੰ ਤੋੜਨ 'ਚ ਕੋਈ ਭੂਮਿਕਾ ਨਹੀਂ ਨਿਭਾਈ। ਸਗੋਂ ਭਾਜਪਾ ਵਰਗੀਆਂ ਬ੍ਰਹਮਣੀ ਸੋਚ ਦੀ ਪੈਰਵਈ ਕਰਨ ਵਾਲੀਆਂ ਪਾਰਟੀਆਂ ਨੇ ਸਮਾਜ ਵਿਚ ਜਾਤ ਪਾਤ ਦੇ ਆਧਾਰ 'ਤੇ ਜ਼ਹਿਰੀਲਾ ਪ੍ਰਚਾਰ ਕੀਤਾ ਹੈ, ਪੂਰੇ ਸਮਾਜ 'ਚ ਰਾਖਵਾਂਕਰਨ ਦੇ ਨਾਂ ਹੇਠ ਜਾਤ-ਪਾਤੀ ਪ੍ਰਚਾਰ ਤੇ ਭੇਦਭਾਵ ਦਾ ਸਿੱਟਾ ਹੈ ਕਿ ਅਜ਼ਾਦੀ ਦੀ ਲੜਾਈ ਤੱਕ ਜਿਹੜੀ ਸਾਂਝੀ ਲੜਾਈ ਜਾਤੀ ਅਤੇ ਛੂਆ ਛੂਤ ਦੇ ਭੇਦ ਭਾਵ ਤੋਂ ਉਪਰ ਉਠ ਕੇ ਲੜੀ ਜਾਂਦੀ ਰਹੀ, ਨੂੰ ਵੀ ਤਹਿਸ਼ ਨਹਿਸ਼ ਕਰਨ ਵਿਚ ਭਾਜਪਾ ਨੇ ਅਹਿਮ ਭੂਮਿਕਾ ਨਿਭਾਈ ਹੈ ਤੇ ਨਿਭਾਅ ਰਹੀ ਹੈ। ਬੇਸ਼ੱਕ ਸੱਤਾ ਦੀ ਸਿਖਰ ਉਤੇ ਇਕ ਦਲਿਤ ਨੂੰ ਹੀ ਬਿਠਾ ਕਿਉਂ ਨਹੀਂ ਬਿਠਾਇਆ ਹੋਇਆ।

ਹਕੀਕਤ ਇਹ ਹੈ ਕਿ ਸਵਰਨ ਜਾਤੀ ਦੇ ਮੰਦਿਰਾਂ ਵਿਚ ਵੀ ਦਲਿਤ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਤੱਕ ਨੂੰ ਜਾਣ ਦੀ ਇਜਾਜ਼ਤ ਨਹੀਂ ਤੇ ਜੇ ਕਿਤੇ ਸੱਤਾ ਦੇ ਦਿਖਾਵੇ ਲਈ ਚਲੇ ਵੀ ਜਾਣ ਤਾਂ ਫਿਰ ਉਨ੍ਹਾਂ ਨੂੰ ਦੁੱਧ ਨਾਲ ਧੋ ਕੇ ਪਵਿੱਤਰ ਕਰਨ ਲਈ ਕਵਾਇਦ ਹੁੰਦੀ ਹੈ। ਦਲਿਤ ਉਚੇ ਅਧਿਕਾਰੀਆਂ ਨਾਲ ਵੀ ਭੇਦ ਭਾਵ ਵਾਲਾ ਵਿਉਹਾਰ ਹੁੰਦਾ ਹੈ। ਇਕ ਹੀ ਮਿਸਾਲ ਦਿਆਂਗਾ ਇਕ ਦਲਿਤ ਜੱਜ ਨੂੰ ਇਕ ਬ੍ਰਾਹਮਣ ਸੇਵਾਦਾਰ ਨੇ ਜਦੋਂ ਪਾਣੀ ਦਾ ਗਲਾਸ ਫੜਾਇਆ ਤਾਂ ਉਸ ਵਿਚ ਥੁੱਕ ਕੇ ਪਾਣੀ ਫੜਾਇਆ। ਸੁਪਰੀਮ ਕੋਰਟ ਤੋਂ ਲੈ ਕੇ ਉਪਰਲੀ ਆਈ.ਐਸ.ਏ. ਲਾਬੀ ਵਿਚ ਦਲਿਤ ਅਧਿਕਾਰੀਆਂ ਦੀ ਮਾਮੂਲੀ ਗਿਣਤੀ ਹੈ।

ਕੋਰੋਨਾ ਵਾਇਰਸ ਕਾਲ ਵਿਚ ਲਾਕਡਾਊਨ ਕਰਕੇ ਜਦੋਂ ਅਦਾਲਤਾਂ ਦਾ 90 ਫੀਸਦੀ ਕੰਮ ਬੰਦ ਹੈ ਤਾਂ ਸੁਪਰੀਮ ਕੋਰਟ ਨੇ ਬ੍ਰਹਮਣੀ ਸੋਚ ਦੇ ਧਾਰਨੀ ਜੱਜ ਇਹ ਵਿਆਖਿਆ ਦੇ ਰਹੇ ਹਨ ਕਿ "ਰਾਖਵਾਂਕਰਨ ਕੋਈ ਮੌਲਿਕ ਅਧਿਕਾਰ ਨਹੀਂ।" ਕੀ ਅਜਿਹੇ ਜੱਜ ਜਿਹੜੇ ਸਰਵਉਚ ਅਦਾਲਤ ਤੱਕ ਪਹੁੰਚ ਗਏ ਹਨ, ਸੰਵਿਧਾਨ ਹੀ ਨਹੀਂ ਪੜ੍ਹਦੇ ਜਾਂ ਇਹਦੇ ਗਿਆਤਾ ਹੀ ਨਹੀਂ ਹਨ। ਸੰਵਿਧਾਨ ਦੀ ਧਾਰਾ 16 ਮੌਲਿਕ ਅਧਿਕਾਰਾਂ ਵਾਲੀ ਧਾਰਾ ਹੀ ਹੈ ਅਤੇ ਇਸ ਦੀ ਧਾਹਰਾ 16 (4) ਵਿਚ ਜੋ ਰਾਖਵੇਂਕਰਨ ਬਾਰੇ ਵਿਆਖਿਆ ਦਰਜ ਹੈ, ਉਸ 'ਚ ਬਹਿਸ ਦੀ ਗੁੰਜਾਇਸ਼ ਹੀ ਨਹੀਂ। ਸਾਫ਼ ਹੈ ਕਿ ਭਾਜਪਾ ਤੇ ਆਰ. ਐਸ. ਐਸ. ਆਪਣਾ ਏਜੰਡਾ ਮਨੂੰ ਸ੍ਰਿਮਤੀ ਦੇ ਅਧਾਰਤ ਭਾਰਤੀ ਸਮਾਜ ਦੀ ਪੁਨਰ ਸਥਾਪਨਾ ਵੱਲ ਵੱਧ ਰਹੇ ਹਨ। ਇਹੋ ਕਾਰਨ ਕਿ ਪੇਂਡੂ ਖੇਤਰ ਵਿਚ ਵੀ ਜਾਤ ਆਧਾਰ ਅੱਤਿਆਚਾਰਾਂ, ਭੇਦ ਭਾਵ ਛੂਆ ਛੂਤ ਤੋਂ ਲੈ ਕੇ ਰਿਜ਼ਰਵੇਸ਼ਨ ਤੱਕ ਪ੍ਰਤੀ ਇਕ ਵਿਸ਼ੇਸ਼ ਬ੍ਰਾਹਮਣੀ ਸੋਚ ਨੇ ਜ਼ੋਰ ਫੜਿਆ ਹੈ। ਕੋਰੋਨਾ ਕਾਲ ਵਿਚ ਹੀ ਕਰੋੜਾਂ ਉਜੜ ਕੇ ਪਿੰਡਾਂ

(ਬਾਕੀ ਸਫ਼ਾ 36 'ਤੇ)

## ਜੁਲਾਈ ਦੇ ਸ਼ਹੀਦ

# ਯਾਦ ਜਿਨ੍ਹਾਂ ਦੀ ਦਿਲਾਂ ’ਚੋਂ ਜਾਣੀ ਨਹੀਂ



- ਕੰਵਲਜੀਤ ਖੰਨਾ

ਉਂਝ ਤਾ ਭਾਰਤੀ ਲੋਕਾਂ ਦੇ ਸੰਘਰਸ਼ਾਂ, ਬਗਾਵਤਾਂ, ਕੁਰਬਾਨੀਆਂ ਦਾ ਇੱਕ ਵਿਲੱਖਣ ਤੇ ਸ਼ਾਨਾਮਤਾ ਇਤਿਹਾਸ ਹੈ। ਰਜਵਾੜਾ ਸ਼ਾਹੀ, ਜਗੀਰਦਾਰੀ, ਗੋਰਾਸ਼ਹੀ ਤੇ ਅਜੋਕੀਆਂ ਭਾਰਤੀ ਹਕੂਮਤਾਂ ਖਿਲਾਫ ਸੈਕੜੇ, ਹਜ਼ਾਰਾਂ ਨੇ ਜਾਨਾਂ ਕੁਰਬਾਨ ਕੀਤੀਆਂ ਹਨ। ਬੀਤੀਆਂ ਸਦੀਆਂ ’ਚ ਚੰਗੇਰੇ ਜੀਵਨ, ਵਧੀਆ ਸਮਾਜ ਦੀ ਸਥਾਪਨਾ ਤੇ ਪ੍ਰਾਪਤੀਆਂ ਦਾ ਸੰਘਰਸ਼ ਹਜ਼ਾਰਾਂ ਹਜਾਰ ਬਿਖੜੇ ਪੈਂਡਿਆਂ ਦੀ ਇੱਕ ਸ਼ਾਨਦਾਰ ਗਾਥ ਹੈ। ਇਹ ਗਾਥਾ ਬਿਰਸਾ ਮੁੰਡਾ ਤੋਂ ਤੁਰਦੀ ਕਿਨ੍ਹੇ ਹੀ ਮੋੜਾਂ ਘੋੜਾਂ, ਕੂਹਨੀ ਮੋੜਾਂ ਤੋਂ ਲੰਘਦੀ ਸਾਧੂ ਸਿੰਘ ਤਖਤੂਪੁਰਾ ਤੱਕ ਪੁੱਜੀ ਹੈ। ਦੇਸ਼ ਦੇ ਜੰਗਲੀ ਇਲਾਕਿਆਂ ’ਚ ਜਲ, ਜੰਗਲ, ਜ਼ਮੀਨ ਦੀ ਰਾਖੀ ਲਈ ਜਾਨਾਂ ਤਲੀ ਤੇ ਧਰੀ ਫਿਰਦੇ ਮਾਓਵਾਦੀ ਗੁੰਰੀਲੇ ਅਸਲ ’ਚ ਬਰਾਬਰਤਾ ਤੇ ਪੁੱਗਤ ਵਾਲੀ ਜਿੰਦਗੀ ਦੀ ਪ੍ਰਾਪਤੀ ਲਈ ਘਰੇਲੂ ਜੀਵਨ ਨੂੰ ਤਿਆਗ ਲੋਕ ਮੁਕਤੀ ਲਹਿਰ ਦੇ ਸਿਪਾਹੀ ਬਣੇ ਹਨ। ਸਾਡੇ ਪੰਜਾਬ ਦੀ ਧਰਤੀ ਦੇ ਜਾਇਆਂ ਲਈ ਜੁਲਾਈ ਮਹੀਨੇ ਦੀ ਇੱਕ ਖਾਸ ਮਹੱਤਤਾ ਹੈ, ਵਿਲੱਖਣ ਖਿੱਚ ਹੈ। ਉਂਝ ਤਾਂ 365 ਦਿਨ ਹੀ ਸੁਨਿਹਰੀ ਇਤਿਹਾਸ ਦੇ ਗਵਾਹ ਹਨ। ਪੰਜਾਬ ਦੀ ਇਨਕਲਾਬੀ ਜਮਹੂਰੀ ਲਹਿਰ ਲਈ 31 ਜੁਲਾਈ, 25 ਜੁਲਾਈ, 18 ਜੁਲਾਈ ਦੇ ਦਿਨ ਯਾਦਾਂ ’ਚ ਪਰੋਏ ਅਜਿਹੇ ਮਣਕੇ ਹਨ, ਜਿੰਨਾਂ ਦੀ ਚਮਕ ਰਹਿੰਦੀ ਦੂਨੀਆਂ ਤੱਕ ਕਾਇਮ ਰਹੇਗੀ। 31 ਜੁਲਾਈ 1940 ਨੂੰ ਇੰਗਲੈਂਡ ’ਚ ਹੀ ਫਾਂਸੀ ’ਤੇ ਚਾੜ ਦਿੱਤੇ ਗਏ ਸ਼ਹੀਦ ਉਧਮ ਸਿੰਘ ਗਦਰੀ ਇਨਕਲਾਬੀ ਸੀ, ਜਿਹੜਾ ਮਾਦਰੇ ਹਿੰਦ ਨੂੰ ਗੋਰਾਸ਼ਹੀ ਤੋਂ ਆਜ਼ਾਦ ਕਰਾਉਣ ਲਈ ਭਰ ਜਵਾਨੀ ’ਚ ਕੁਰਬਾਨ ਹੋ ਗਿਆ। ਉਧਮ ਸਿੰਘ ਨੇ 13 ਮਾਰਚ 1940 ਨੂੰ ਕੈਕਸਟਨ ਹਾਲ ਲੰਡਨ ਵਿੱਚ ਭਾਰਤ ਦੀ ਆਜਾਦੀ ਦੇ ਵਿਰੋਧ ਅੰਗਰੇਜ਼ ਅਫਸਰਾਂ ਮਾਈਕਲ ਉਡਵਾਇਰ, ਮਾਰਕੂਅਸ ਆਫ ਜੈਟਲੈਂਡ, ਲੁਈਸ ਡੇਨ, ਲਾਰਡ ਲੈਮਿੰਗਟਨ ਤੇ ਗੋਲੀਆਂ ਚਲਾਈਆਂ। ਜਿਸ ਵਿੱਚ ਮਾਈਕਲ ਉਡਵਾਇਰ ਮੌਕੇ ਤੇ ਹੀ ਮਾਰਿਆ ਗਿਆ ਤੇ ਬਾਕੀ ਜਖਮੀ ਹੋ ਗਏ।

ਮਾਈਕਲ ਉਡਵਾਇਰ ਨੇ ਪੰਜਾਬ ਦਾ ਲੈਫਟੀਨੈਂਟ ਗਵਰਨਰ ਹੁੰਦੇ ਹੋਏ ਭਾਰਤੀ ਲੋਕਾਂ ਦੇ ਬੇਤਹਾਸ਼ਾ ਜਬਰ ਢਾਹਿਆ। ਗਦਰ ਲਹਿਰ ਨੂੰ ਕੁਚਲਣ ਲਈ ਉਸਨੇ ਲੋਕਾਂ ਦੀਆਂ ਜਾਇਦਾਦਾਂ ਜਬਤ ਕੀਤੀਆਂ, ਜੇਲ੍ਹਾਂ ’ਚ ਭੇਜਿਆ, ਕਾਲੇ ਪਾਣੀ ਦੀਆਂ ਸਜ਼ਾਵਾਂ ਦਿੱਤੀਆਂ ਤੇ ਅਨੇਕਾਂ ਨੂੰ ਫਾਂਸੀਆਂ ਦਿੱਤੀਆਂ। ਉਹ ਜਲ੍ਹਿਆਵਾਲਾ ਬਾਗ ਵਰਗੇ ਖੂਨੀ ਸਾਕੇ ਲਈ ਵੀ ਦੋਸ਼ੀ ਸੀ, ਸ਼ਹੀਦ ਉਧਮ ਸਿੰਘ ਇਹਨਾਂ ਗੋਰਿਆਂ ਉਪਰ ਕੈਕਸਟਨ ਹਾਲ ’ਚ ਗੋਲੀਆਂ ਚਲਾਕੇ ਅਸਲ ਵਿੱਚ ਭਾਰਤ ਦੀ ਆਜਾਦੀ ਦੇ ਮੁੱਦੇ ਨੂੰ ਉਭਾਰਨਾ ਚਾਹੁੰਦਾ ਸੀ। ਉਧਮ ਸਿੰਘ ਨੇ ਅਦਾਲਤ ’ਚ ਕਿਹਾ ਸੀ ਕਿ ‘ਮੈਂ ਮਰਨ ਤੋਂ ਨਹੀਂ ਡਰਦਾ। ਮੈਨੂੰ ਆਪਣੀ ਭੂੰਮੀ ਨੂੰ ਆਜ਼ਾਦ ਕਰਵਾਉਣ ’ਚ ਸਹਾਇਤਾ ਕਰਨ ਦੇ ਸ਼ਾਨਦਾਰ ਮਕਸਦ ਲਈ ਮਰਨ ਤੇ ਮਾਣ ਹੈ।” ਸ਼ਹੀਦ ਉਧਮ ਸਿੰਘ ਦੀ ਸਾਲ 1940 ਦੀ ਡਾਇਰੀ ਦੇ 21 ਅਤੇ 27 ਅਪ੍ਰੈਲ ਦੇ ਪੰਨੇ ਤੇ ਦਰਜ ਹੈ ‘ਮੈਂ ਦੁਨੀਆ ਦੇਖ ਲਈ ਹੈ, ਇੱਕੋਂ ਇੱਕ ਖਾਹਿਸ਼ ਰਹਿ ਗਈ ਹੈ। ਮੈਂ ਭਾਰਤ ਨੂੰ ਆਜ਼ਾਦ ਵੇਖਣਾ ਚਾਹੁੰਦਾ ਹਾਂ।

ਉਧਮ ਸਿੰਘ ਨੇ ਪੁਲਿਸ ਤੇ ਸੂਹੀਆਂ ਏਜੰਸੀਆਂ ਤੋਂ ਬਚਣ ਲਈ ਆਪਣੇ ਅਨੇਕਾਂ ਨਾਮ ਬਦਲੇ। ਮੁਹੰਮਦ ਸਿੰਘ ਆਜ਼ਾਦ ਉਸ ਲਈ ਫਿਰਕੂ ਏਕਤਾ ਦਾ ਪ੍ਰਤੀਕ ਵੀ ਸੀ। ਉਧਮ ਸਿੰਘ ਭਾਰਤ ’ਚੋਂ ਬ੍ਰਿਟਿਸ਼ ਸਾਮਰਾਜ ਨੂੰ ਖਤਮ ਕਰਕੇ ਭਾਰਤ ਦੀ ਆਜ਼ਾਦੀ ਦਾ ਮਤਵਾਲਾ ਸੀ। ਉਸ ਨੇ ਦੇਸ਼ ਦੇ ਮਿਹਨਤਕਸ਼ ਲੋਕਾਂ ਨੂੰ ਹਰ ਕਿਸਮ ਦੀ ਲੁੱਟ ਅਤੇ ਦਾਬੇ ਤੋਂ ਮੁਕਤ ਕਰਵਾਉਣ ਲਈ ਉਮਰ ਭਰ ਜਾਤਾਂ, ਧਰਮਾਂ ਦੇ ਵੰਡ ਵਖਰੇਵਿਆਂ ਤੋਂ ਉਪਰ ਉੱਠਕੇ ਜਾਨਦਾਰ ਲੜਾਈ ਲੜੀ ਤੇ ਅੰਤ 40 ਸਾਲ ਦੀ ਉਮਰ ਵਿੱਚ ਅੰਗਰੇਜ਼ ਸਾਮਰਾਜ ਨੇ ਫਾਂਸੀ ਦੇ ਸ਼ਹੀਦ ਕਰ ਦਿੱਤਾ। ਸ਼ਹੀਦ ਉਧਮ ਸਿੰਘ ਇੱਕ ਬਗਾਵਤ, ਇੱਕ ਸੋਚ, ਇੱਕ ਮਿਸ਼ਨ ਤੇ ਆਜ਼ਾਦ ਵਿਚਾਰ ਦਾ ਨਾਂ ਹੈ। ਸ਼ਹੀਦ ਉਧਮ ਸਿੰਘ ਹਰ ਦੇਸ਼ ਪ੍ਰੇਮੀ ਦੇ ਦਿਲ ’ਚ ਵਸਦਾ ਹੈ, ਵਸਦਾ ਰਹੇਗਾ।

18 ਜੁਲਾਈ 1979 ਨੂੰ ਸਾਥੋਂ ਵਿਛੜਿਆ ਸਾਡਾ ਪ੍ਰਿਥੀ ਸਾਡੇ ਦਿਲਾਂ ’ਚ ਲਾ ਜੀਵਨ ਵਸਦਾ ਰਹੇਗਾ। ਜੇ ਪਿਰਥੀ ਸਿਰਫ ਨਿੱਜੀ ਜੀਵਨ ਜਿਉਣ ਵਾਲਾ ਹੁੰਦਾ ਤਾਂ ਵਿਦਿਆ ਹਾਸਲ ’ਚ ਮੋਹਰੀ ਪਿਰਥੀ ਕਿੱਤੋ ਵਜੋਂ ਕਿਸੇ ਮਹਿਕਮੇ ਦਾ ਅਫਸਰ ਰਿਟਾਇਰ ਹੋ ਸਮਾਜਕ ਘੁਮਣਘੇਰੀ ’ਚ ਕਦੋਂ ਦਾ ਗਵਾਚ ਚੁੱਕਿਆਂ ਹੋਣਾ ਸੀ। ਪਰ ਪ੍ਰਿਥੀ ਤੇਰੀ ਸੋਚ ਤੇ-ਪਹਿਰਾ ਦਿਆਂਗੇ ਠੋਕ ਕੇ, ਪ੍ਰਿਥੀ ਤੇਰਾ ਕਾਜ ਅਧੂਰਾ- ਲਾ ਕੇ ਜਿੰਦਗੀਆਂ ਕਰਾਂਗੇ ਪੂਰਾ ਦੇ ਗੁੰਜਦੇ ਨਾਰਿਆਂ ’ਚ ਸਾਡਾ ਪ੍ਰਿਥੀ ਅੱਜ ਵੀ ਜਿੰਦਾ ਹੈ, ‘ਨੋਅ ਟੂ ਚੇਜ’ ਅਤੇ ‘ਜੈ ਸੰਘਰਸ਼’ ਦੇ ਨਾਅਰਿਆਂ ਨਾਲ ਪੰਜਾਬ ਦੀਆਂ ਵਿਦਿਅਕ ਸੰਸਥਾਵਾਂ ’ਚ ਸਮਾਜਿਕ ਤਬਦੀਲੀ ਦਾ ਸੰਦੇਸ਼ ਵਰਤਾਉਂਦਾ ਸਾਡਾ ਪਿਰਥੀ ਸਾਡੇ ਵਿਚਕਾਰ ਨਹੀਂ ਹੈ। 18 ਜੁਲਾਈ 1979 ਨੂੰ ਅਕਾਲੀ ਸਰਕਾਰ ਦੀ ਸ਼ਹਿ ਪ੍ਰਾਪਤ ਗੁੰਡਿਆਂ ਨੇ ਉਸ ਨੂੰ ਅਗਵਾ ਕਰ, ਕਤਲ ਕਰ ਲੁਧਿਆਣਾ ਜਿਲ੍ਹੇ ਦੇ ਪਿੰਡ ਝਾਂਡੇ ਦੀ ਸੜਕ ਤੇ ਸੁੱਟ ਦਿੱਤਾ ਸੀ। ਪਿਰਥੀਪਾਲ ਰੰਧਾਵਾ ਵੀ ਅਗਵਾਈ ’ਚ ਪੰਜਾਬ ਦੇ ਵਿਦਿਅਰਾਥੀਆਂ ਨੇ ਜਾਗ੍ਰਤੀ ਦੀਆਂ ਉਚਾਈਆਂ ਛੂਹੰਦਿਆਂ ਸੂਬੇ ਭਰ ’ਚ ਇਨਕਲਾਬੀ ਲਹਿਰ ਦੀ ਉਸਾਰੀ ’ਚ ਨੀਹਾਂ ਦੇ ਰੋੜਿਆਂ ਦਾ ਕੰਮ ਕੀਤਾ। ਵਿਦਿਆਰਥੀ ਵਰਗ ਨੂੰ ਸ਼ਹੀਦ ਭਗਤ ਸਿੰਘ ਦੇ ਕਰਾਂਤੀ ਪਥ ਦਾ ਪਾਂਧੀ ਬਨਾਉਣ ਵਾਲੇ ਪਿਰਥੀ ਦੀ ਯੋਗਤਾ, ਪ੍ਰਤੀਬਧਤਾ ਅੱਜ ਦੀ ਜਵਾਨੀ ਲਈ ਰਾਹ ਦਸੇਰਾ ਹੈ। ਵਿਦਿਅਕ ਅਦਾਰਿਆਂ ’ਚ ਪ੍ਰਬੰਧਕੀ ਗੁੰਡਾਗਰਦੀ ਖਿਲਾਫ, ਫੀਸਾਂ ਤੇ ਬਸ ਕਿਰਾਇਆ ’ਚ ਵਾਧੇ ਖਿਲਾਫ, ਸਨਅਤੀ ਮਜਦੂਰਾਂ ਤੇ ਕਿਸਾਨੀ ਸੰਘਰਸ਼ਾਂ ਦੇ ਹੱਕ ’ਚ, ਬੇਰੁਜਗਾਰ ਅਧਿਆਪਕਾਂ ਦੇ 89 ਦਿਨ ਲੰਘੇ ਤੇ ਜੇਲ੍ਹ ਭਰੋਂ ਅੰਦੋਲਨ ਦੇ ਹੱਕ ’ਚ 1974 ਦੀ ਇੰਦਰਾਗਾਂਧੀ ਵੱਲੋਂ ਠੋਸੀ ਐਮਰਜੈਂਸੀ ਖਿਲਾਫ ਸੰਘਰਸ਼ ’ਚ ਪੰਜਾਬ ਸਟੂਡੈਂਟਸ ਯੂਨੀਅਨ ਦੀ ਭੂਮਿਕਾ ਗਿਨਣਯੋਗ ਹੈ। ਪਿਰਥੀ ਦਾ ਰੋਲ ਪ੍ਰੇਰਣਾ ਦਾਇਕ ਹੈ। ਅੱਜ ਵੀ ਉਹ ਦਰਜਨਾਂ ਵਿਦਿਆਰਥੀ ਸਰਗਰਮਾਂ ਲਈ ਪ੍ਰੇਰਣਾ ਸਰੋਤ ਹੈ।

25 ਜੁਲਾਈ 1983 ਦਾ ਉਹ ਕਹਿਰ ਭਰਿਆ ਦਿਨ, ਜਿਦਣ ਕੋਕਰੀ ਕਲਾਂ ਡਾਕਖਾਨੇ ਤੋਂ ਡਿਊਟੀ ਕਰ ਘਰ ਪਰਤਦਿਆਂ ਰਸਤੇ ’ਚ ਪਿੰਡ ਢੁੰਡੀਕੇ ਦੇ ਲੋਕ ਆਗੂ ਅਵਤਾਰ ਢੁੱਡੀਕੇ ਦਾ ਕਤਲ ਪਿੰਡ ਦੇ ਹੀ ਸੀਤੇ, ਕਾਲੇ ਨਾਂ ਦੇ ਗੁੰਡਿਆਂ ਨੇ ਕਰ ਦਿੱਤਾ ਸੀ। ਉਸ ਦਿਨ ਇਸ ਇਤਿਹਾਸਕ ਪਿੰਡ ਦੇ ਕਿਸੇ ਘਰ’ਚ ਵੀ ਚੁੱਲਾ ਨਹੀਂ ਬਲਿਆ ਸੀ। ਨੌਜਵਾਨ ਭਾਰਤ ਸਭਾ ਦਾ ਨਾਮੀ ਆਗੂ, ਅੱਤ ਦੀ ਸਰੀਫ ਤੇ ਸਾਊ ਸਖਸ਼ੀਅਤ ਬਾਈ ਅਵਤਾਰ ਢੁੱਡੀਕੇ ਇੱਕ ਸਮਰਪਤ ਕਮਿਊਨਿਸਟ ਇਨਕਲਾਬੀ ਸੀ। ਪਿੰਡ ’ਚ ਇੱਕ ਨਰਸ ਭੈਣ ਨਾਲ ਕੀਤੇ ਦੁਰਵਿਹਾਰ ਖਿਲਾਫ ਅਵਤਾਰ ਢੁੱਡੀਕੇ ਦੀ ਅਗਵਾਈ ’ਚ ਗੁੰਡਾ ਲਾਣੇ ਨੂੰ ਸਬਕ ਸਿਖਾਇਆ ਗਿਆ ਸੀ। ਇਸ ਸਬਕ ਦਾ ਬਦਲਾ ਲੈਣ ਲਈ ਕਾਮਰੇਡ ਅਵਤਾਰ ਢੁੱਡੀਕੇ ਨੂੰ ਸ਼ਹੀਦ ਕਰ ਦਿੱਤਾ ਗਿਆ। ਆਪਣੀ ਜਵਾਨੀ ਲੋਕ ਸੰਘਰਸ਼ਾਂ ਨੂੰ ਸਮਰਪਿਤ ਕਰਦਿਆਂ ਕਾ.ਅਵਤਾਰ ਮਾਰਕਸਵਾਦ, ਲੈਨਿਨਵਾਦ ਦਾ ਮੁੱਦਈ ਸੀ। ਜਮਾਤੀ ਸੰਘਰਸ਼ ਨੂੰ ਸਮਰਪਿਤ ਅਵਤਾਰ ਨੇ ਇਲਾਕਾ ਮੋਗਾ ’ਚ ਦਰਜਨਾਂ ਲੋਕ ਸੰਘਰਸ਼ਾਂ ’ਚ ਮੋਹਰੀ ਰੋਲ ਨਿਭਾਇਆ। ਇਲਾਕੇ ਅਤੇ ਪਿੰਡ ’ਚ ਕਿਰਤੀ ਕਮਾਊ ਲੋਕਾਂ ਦੇ ਹਰਮਨ ਪਿਆਰੇ ਆਗੂ ਦੇ ਕਤਲ ਖਿਲਾਫ ਜਨਤਕ ਜਥੇਬੰਦੀਆਂ ਦੀ ਐਕਸ਼ਨ ਕਮੇਟੀ ਬਣਾਕੇ ਕਾਤਲਾਂ ਨੂੰ ਸਜਾਵਾਂ ਦਿਵਾਉਣ ਲਈ ਲੰਮਾ ਜਨਤਕ ਤੇ ਕਾਨੂੰਨੀ ਸੰਘਰਸ਼ ਲੜਿਆ ਗਿਆ ਸੀ। ਕਾਮਰੇਡ ਅਵਤਾਰ ਦੇ ਵਿਛੋੜੇ ਉਪਰੰਤ ਸਾਥੀ ਦੀ ਜੀਵਨ ਸਾਥਣ ਨੇ ਬੇਵਕਤ ਵਿਛੋੜੇ ਦੇ ਬਾਵਜੂਦ ਇਨਕਲਾਬੀ ਜਮਹੂਰੀ ਲਹਿਰ ’ਚ ਆਪਣੀ ਥਾਂ ਬਣਾ ਕੇ ਰੱਖੀ ਹੈ। ਕਾਮਰੇਡ ਅਵਤਾਰ ਢੁੱਡੀਕੇ ਦੀ ਸ਼ਹਾਦਤ ਇਨਕਲਾਬੀ ਜਮਹੂਰੀ ਲਹਿਰ ਲਈ ਸਾਥੀ ਪ੍ਰਿਥੀਪਾਲ ਰੰਧਾਵਾ ਦੀ ਸ਼ਹਾਦਤ ਵਾਂਗ ਇੱਕ ਵੱਡੀ ਚੁਣੌਤੀ ਸੀ। ਲੋਕ ਆਗੂਆਂ ਦੀ ਰਾਖੀ ਦਾ ਸਵਾਲ ਤੇ ਲੋਕ ਵਿਰੋਧੀ ਸ਼ਕਤੀਆਂ ਨਾਲ ਸਿੱਝਣ ਦਾ ਸਵਾਲ ਇੱਕ ਵੱਡਾ ਮੁੱਦਾ ਸੀ ਤੇ ਸ਼ਹੀਦ ਉਧਮ ਸਿੰਘ ਨੇ ਇਸ ਸਵਾਲ ਦਾ ਜਵਾਬ ਦਿੱਤਾ ਸੀ। ਇਸੇ ਲੜੀ ’ਚ ਮੋਗਾ ਦੇ ਪਿੰਡ ਚੁਗਾਵਾਂ ਦੇ ਖਾਲਸਤਾਨੀ ਦਹਿਸ਼ਤ ਵਿਰੋਧੀ ਲਹਿਰ ਦੇ ਸ਼ਹੀਦ ਲਾਲਇੰਦਰ ਲਾਲੀ ਦੀ 30 ਜੂਨ 1987 ਨੂੰ ਨਾਨਕ ਨਗਰੀ ਮੋਗਾ ’ਚ ਗੋਲੀਆਂ ਮਾਰ ਕੇ ਦਿੱਤੀ ਸਹਾਦਤ ਦਾ ਵੀ ਇੱਕ ਕਰਜ ਸਾਡੇ ਸਿਰ ਹੈ। ਫਿਰਕੂ ਫਾਸ਼ੀਵਾਦ ਦੇ ਵਿਰੋਧ ’ਚ ਅਜੋਕੇ ਸਮੇਂ ’ਚ ਲੋਕ ਲਹਿਰ ਨੂੰ ਮਜਬੂਤ ਕਰਨਾ ਸ਼ਹੀਦ ਲਾਲੀ ਸਮੇਤ ਜੁਲਾਈ ਦੇ ਸ਼ਹੀਦਾਂ ਨੂੰ ਸਰਧਾਂਜਲੀ ਹੋਵੇਗੀ।

**ਸਰਗਰਮੀਆਂ : ਪਹਿਲੀ ਮਈ :** ਫਾਸ਼ੀ ਹਮਲਿਆਂ ਵਿਰੋਧੀ ਫਰੰਟ ਦੇ ਸੱਦੇ ’ਤੇ ਕਰੋਨਾ ਸੰਕਟ ਦੇ ਚੱਲਦਿਆਂ ਭਰਾਤਰੀ ਧਿਰਾਂ ਦੇ ਨਾਲ ਨਾਲ ਇਨਕਲਾਬੀ ਕੇਂਦਰ ਪੰਜਾਬ ਵੱਲੋਂ ਜਗਰਾਓ ਵਿਖੇ ਮਈ ਦੇ ਮਹਾਨ ਸ਼ਹੀਦਾਂ ਨੂੰ ਦੋ ਮਿੰਟ ਦਾ ਮੋਨ ਧਾਰਕੇ ਅਧੂਰੇ ਕਾਰਜ ਪੂਰਾ ਕਰਨ ਦਾ ਪ੍ਰਣ ਦੁਹਰਾਉਂਦਿਆਂ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸੇ ਤਰ੍ਹਾਂ ਪਿੰਡ ਭਮਾਲ ਵਿਖੇ ਪੇਂਡੂ ਮਜਦੂਰ ਯੂਨੀਅਨ (ਮਸ਼ਾਲ) ਦੀ ਅਗਵਾਈ ’ਚ ਮਜਦੂਰਾਂ ਕਿਸਾਨਾਂ ਨੇ ਲਾਲ ਝੰਡੇ ਲਹਿਰਾਂ ਸ਼ਹੀਦਾਂ ਨੂੰ ਸਰਧਾਂਜਲੀ ਭੇਂਟ ਕੀਤੀ। ਇਸ ਸਮੇਂ ਕਿਰਤ ਕਾਨੂੰਨਾਂ ਦੇ ਪਾਏ ਜਾ ਰਹੇ ਭੋਗ ਖਿਲਾਫ, 12 ਘੰਟੇ ਡਿਊਟੀ ਕਰਨ ਦੇ ਕੁੱਝ ਰਾਜ ਸਰਕਾਰਾਂ ਦੇ ਫੈਸਲਿਆਂ ਖਿਲਾਫ ਅਵਾਜ ਉਠਾਈ ਗਈ।

ਪੰਜਾਬ ਲੋਕ ਸਭਿਆਚਾਰਕ ਮੰਚ ਦੇ ਸੱਦੇ ਤੇ ਵੀ ਸਬੰਧਤ ਰੰਗ ਮੰਡਲੀਆਂ ਨੇ ਪੰਜਾਬੀ ਭਵਨ ਲੁਧਿਆਣਾ ਦੇ ਸਾਲਾਨਾ ਰਾਤ ਭਰ ਦੇ ਨਾਟਕ ਮੇਲੇ ਦੇ ਬਦਲ ਵਜੋਂ ਲਾਈਵ ਹੋ ਕੇ ਸਮਾਗਮ ਰਚਾਏ। ਲੋਕ ਕਲਾਂ ਮੰਚ ਮੁਲਾਂਪੁਰ, ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ ਨੇ ਗੀਤ/ਕਵੀਸ਼ਰੀਆਂ ਰਾਹੀਂ ਜਮਾਤੀ ਸੰਘਰਸ਼ ਤੇਜ਼ ਕਰਨ ਦਾ ਸੱਦਾ ਦਿੱਤਾ। ਇਸੇ ਤਰ੍ਹਾਂ ਆਜ਼ਾਦ ਰੰਗ ਮੰਚ ਬਰਨਾਲਾ ਦੇ ਕਲਾਕਾਰਾਂ ਨੇ ਆਪਣੀਆਂ ਕਿਰਤਾਂ ਰਾਹੀਂ ਪਹਿਲੀ ਮਈ ਦੇ ਸ਼ਹੀਦਾ ਨੂੰ ਸਰਧਾਂਜਲੀ ਭੇਂਟ ਕੀਤੀ।

**14 ਮਈ :** ਇਨਕਲਾਬੀ ਕੇਂਦਰ ਪੰਜਾਬ ਦੇ ਸੱਦੇ ਤੇ ਲੁਧਿਆਣਾ ਜਿਲ੍ਹੇ ’ਚ ਲੁਧਿਆਣਾ, ਜਗਰਾਉਂ, ਗਾਲਿਬ ਕਲਾਂ, ਭੁਮਾਲ, ਹੰਬੜਾ, ਮੁਲਾਂਪੁਰ, ਡਗਰੀ ਅਤੇ ਲੁਧਿਆਣਾ ਦੀਆਂ ਮਜਦੂਰ ਬਸਤੀਆਂ ’ਚ ਕਿਰਤ ਕਾਨੂੰਨਾਂ ਦੀ ਬਹਾਲੀ, ਤੇਲ ਕੀਮਤਾਂ ’ਚ ਵਾਧਾ ਵਾਪਸ ਲੈਣ, ਪ੍ਰਵਾਸੀ ਮਜਦੂਰਾਂ ਨੂੰ ਸਨਮਾਨ ਸਹਿਤ ਘਰ ਭੇਜਣ, ਮਹਿੰਗਾਈ ਤੇ ਕਾਲਾ ਬਾਜਾਰੀ ਰੋਕਣ ਆਦਿ ਮੰਗਾਂ ਨੂੰ ਲੈ ਕੇ ਸਫਲ ਰੋਸ ਪ੍ਰਦਰਸ਼ਨ ਕੀਤੇ ਗਏ।

**4 ਜੂਨ :** ਜਮਹੂਰੀ ਅਧਿਕਾਰ ਸਭਾ ਦੇ ਸੱਦੇ ਤੇ ਲੁਧਿਆਣਾ ਜਿਲ੍ਹੇ ’ਚ ਜਗਰਾਓ, ਰਾਏਕੋਟ, ਮੁਲਾਂਪੁਰ ਅਤੇ ਲੁਧਿਆਣਾ ਵਿਖੇ ਇਨਕਲਾਬੀ ਕੇਂਦਰ ਪੰਜਾਬ, ਬੀ.ਕੇ.ਯੂ.ਏਕਤਾ (ਡਕੋਂਦਾ), ਡੀ.ਟੀ.ਐਫ., ਟੀ.ਐਸ.ਯੂ., ਲੋਕ ਕਲਾਂ ਮੰਚ ਮੁਲਾਂਪੁਰ, ਪੇਂਡੂ ਮਜਦੂਰ ਯੂਨੀਅਨ, ਏਟਕ ਦੇ ਸਾਥੀਆਂ ਨੇ ਇਕੱਠੇ ਹੋ ਕੇ ਸਿਵਲ ਅਧਿਕਾਰੀਆਂ ਨੂੰ ਮੰਗ ਪੱਤਰ ਦਿੱਤੇ। ਕਾਲੇ ਕਾਨੂੰਨ ਰੱਦ ਕਰਨ, ਦੋ ਸਾਲਾਂ ਤੋਂ ਝੂਠੇ ਕੇਸਾਂ ’ਚ ਬੰਦ ਬੁੱਧੀਜੀਵੀ ਰਿਹਾ ਕਰਨ, ਸੀ.ਏ.ਏ. ਵਿਰੋਧੀ ਘੋਲ ਦੇ ਕਾਰਕੁੰਨਾਂ ਖਿਲਾਫ ਕੇਸ ਰੱਦ ਕਰਨ ਅਤੇ ਬਿਨ੍ਹਾਂ ਸ਼ਰਤ ਰਿਹਾਈ ਦੀ ਮੰਗ ਨੂੰ ਲੇ ਕੇ ਜਨਤਕ ਵਫਦਾਂ ਨੇ ਰਾਸ਼ਟਰਪਤੀ ਦੇ ਨਾਂ ਮੰਗ ਪੱਤਰ ਭੇਜੇ।

# ਕੈਪਟਨ ਸਰਕਾਰ ਨੇ ਬਠਿੰਡਾ ਥਰਮਲ ਪਲਾਂਟ ਦੀਆਂ ਨਾਸਾਂ ਕੀਤੀਆਂ ਬੰਦ, ਨਹੀਂ ਨਿਕਲੇਗਾ ਸਾਹ, ਪੁੱਡਾ ਹਵਾਲੇ ਕੀਤੀ ਜਾਵੇਗੀ ਮਰੇ ਹੋਏ ਥਰਮਲ ਪਲਾਂਟ ਦੀ ਲਾਸ਼

ਚੰਡੀਗੜ੍ਹ (ਰਮਨਦੀਪ) - ਪੰਜਾਬ ਵਿੱਚ ਕੈਪਟਨ ਸਰਕਾਰ ਨੂੰ ਸੱਤਾ ਸੰਭਾਲੇ ਸਾਢੇ ਤਿੰਨ ਸਾਲ ਹੋਣ ਜਾ ਰਹੇ ਹਨ। ਇਨਾਂ ਸਾਢੇ ਤਿੰਨਾਂ ਸਾਲਾਂ ਦੇ ਜੇਕਰ ਔਸਤਨ ਰਿਕਾਰਡ ਦੀ ਗੱਲ ਕਰੀਏ ਤਾਂ ਆਪਣੇ ਮੈਨੀਫੈਸਟੋ ਵਿੱਚ ਕੀਤੀਆਂ ਗੱਲਾਂ ਅਤੇ ਉਨਾਂ ਤੇ ਕੀਤਾ ਗਿਆ ਅਮਲ ਮਹਿਲ ਜ਼ੀਰੋ ਫੀਸਦ ਨਜਰ ਆਉਦਾ ਹੈ। ਜਾਂ ਫਿਰ ਇਹ ਕਹੋ ਲਵੋ ਕਿ ਪੰਜਾਬ ਦੀ ਜਨਤਾ ਦੇ ਮੈਨੀਫੈਸਟੋ ਰਾਹੀਂ ਅੱਖੀ ਘੱਟਾ ਪਾਇਆ ਗਿਆ ਤੇ ਇਸ ਅੱਖੀ ਘੱਟੇ ਨਾਲ ਜੋ ਹਨੇਰ ਗਰਦੀ ਕਪਤਾਨ ਸਾਹਿਬ ਦੀ ਸਰਕਾਰ ਨੇ ਕੀਤੀ ਉਹ ਸਭ ਦੇ ਸਾਹਮਣੇ ਹੈ। ਘਰ ਘਰ ਨੌਕਰੀ, ਕਰਜ਼ਾ ਮੁਕਤੀ ਸਕੀਮ, ਐਸਸੀ ਵਿਦਿਆਰਥੀਆਂ ਨੂੰ ਵਜ਼ੀਫੇ, ਸਮਾਰਟ ਫੋਨ, ਵਿਧਵਾ ਪੈਨਸ਼ਨ, ਸ਼ਗਨ ਸਕੀਮ ਇਹ ਤਾਂ ਵਾਅਦੇ ਸੀ ਜੋ ਕੈਪਟਨ ਦੀ ਵਾਂਗਡੋਰ ਵਾਲੀ ਪੰਜਾਬ ਕਾਂਗਰਸ ਨੇ ਆਪਣੇ ਮੈਨੀਫੈਸਟੋ 2017 ਵਿੱਚ ਕੀਤੇ ਇਸ ਤੋਂ ਇਲਾਵਾ ਜੋ ਜਨਤਕ ਤੌਰ ’ਤੇ ਕਿਹਾ ਗਿਆ ਉਨਾਂ ਵਿੱਚ ਨਿੱਜੀ ਥਰਮਲ ਪਲਾਂਟ ਬੰਦ ਕਰਨ, ਬਿਜਲੀ ਸਸਤੀ ਕਰਨ, ਇੰਡਸਟਰੀ ਨੂੰ 5 ਰੁਪਏ ਬਿਜਲੀ ਦੇਣ ਅਤੇ ਸਿੱਖਿਆ ਢਾਂਚੇ ਵਿੱਚ ਮੋਟੀ ਤਬਦੀਲੀ ਕਰਨ ਦਾ ਜਿਕਰ ਅਕਸਰ ਕੀਤਾ ਜਾਂਦਾ ਰਿਹਾ। ਘਰ ਘਰ ਨੌਕਰੀ, ਕਰਜ ਮੁਕਤ ਕਿਸਾਨੀ, ਐਸਸੀ ਵਿਦਿਆਰਥੀਆਂ ਦੇ ਵਜੀਫੇ, ਸਮਾਰਟ ਫੋਨ ਕੀ ਬਣਿਆ ਸਭ ਨੂੰ ਪਤਾ ਹੈ। ਸ਼ਾਇਦ ਇਸ ਲਈ ਕੈਪਟਨ ਸਰਕਾਰ ਖਜ਼ਾਨੇ ਖਾਲੀ ਹੋਣ ਦਾ ਰੋਣਾ ਰੋ ਕੇ ਡੰਗ ਟਪਾਉਂਦੀ ਰਹੀ ਪਰ ਹੈਰਾਨੀ ਦੀ ਗੱਲ ਹੈ ਜਿਹੜਾ ਮਨਪ੍ਰੀਤ ਬਾਦਲ ਆਪਣੇ ਆਪ ਨੂੰ ਵੱਡਾ ਅਰਥ ਸ਼ਾਸਤਰੀ ਦੱਸ ਰਿਹਾ ਉਸ ਦੇ ਹੱਥ ਡੇਢ ਸਾਲ ਬਾਅਦ ਵੀ ਖਾਲੀ ਨੇ ਸਿਰਫ ਤੇ ਸਿਰਫ ਉਰਦੂ ਸ਼ੇਅਰੋ ਸ਼ਾਇਰੀ ਵਿੱਚ ਜਵਾਬ ਦੇ ਕੇ ਖਹਿੜਾ ਛੁਡਾਉਂਦੇ ਹਨ। ਹੁਣ ਤੁਹਾਨੂੰ ਬਠਿੰਡਾ ਦੇ ਸ੍ਰੀ ਗੁਰੂ ਨਾਨਕ ਦੇਵ ਥਰਮਲ ਪਲਾਂਟ ਦੇ ਬੰਦ ਕਰਨ ਵਾਲੇ ਫਰਮਾਨ ਬਾਰੇ ਦੱਸਦੇ ਹਾਂ। ਆਜ਼ਾਦੀ ਦੇ ਦੂਸਰੇ ਦਹਾਕੇ ਦੌਰਾਨ ਮਾਲਵੇ ਦੇ ਕੇਂਦਰੀ ਟਿੱਬਿਆਂ ਦੀ ਧਰਤੀ ਬਠਿੰਡਾ ਤੇ ਥਰਮਲ ਪਲਾਂਟ ਲਗਾਉਣ ਦੀ ਗੱਲ ਹੋਈ ਜਿਸ ਨੂੰ ਸਾਲ 1960 ਦੌਰਾਨ ਮਨਜ਼ੂਰੀ ਮਿਲੀ।



ਹਾਲਾਂਕਿ ਜ਼ਮੀਨ ਐਕਵਾਈਰ ਕਰਨ ਅਤੇ ਢਾਂਚੇ ਵਿਸਥਾਰ ਨੂੰ ਲੈ ਕੇ 9 ਸਾਲ ਲੱਗੇ ਆਖਿਰਕਾਰ ਨਵੰਬਰ 1969 ਵਿੱਚ ਨੀਂਹ ਪੱਥਰ ਰੱਖ ਦਿੱਤਾ ਗਿਆ। ਢਾਂਚੇ ਦੀ ਰਫਤਾਰ ਤੇਜ ਹੋਈ ਤੇ 22 ਸਤੰਬਰ 1974 ਨੂੰ ਪਹਿਲੀ ਯੂਨਿਟ ਚੋਂ 110 ਮੈਗਾਵਾਟ ਬਿਜਲੀ ਪੈਦਾ ਕੀਤੀ ਗਈ ਜਿਸ ਤੋਂ ਬਾਅਦ ਮਾਲਵੇ ਨੂੰ ਕੁਝ ਆਸ ਬੱਝੀ। ਆਸਾਂ ਅਤੇ ਉਮੀਦ ਦੀ ਡੋਰ ਨਾ ਟੁੱਟੀ 19 ਸਤੰਬਰ 1975 ਨੂੰ ਦੂਸਰੀ ਯੂਨਿਟ ਤਿਆਰ ਹੋਈ । ਇਸ ਤੋਂ ਬਾਅਦ 29 ਮਾਰਚ 1978 ਨੂੰ ਤੀਸਰੀ ਅਤੇ 31 ਜਨਵਰੀ 1979 ਨੂੰ ਚੌਥੀ ਯੂਨਿਟ ਤਿਆਰ ਹੋਈ। ਸਾਲ 1980 ਤੋਂ ਲੈ ਕੇ 1995 ਤੱਕ ਗੁਰੂ ਨਾਨਕ ਥਰਮਲ ਪਲਾਟ ਆਪਣੇ ਜੋਬਨ ਤੇ ਰਿਹਾ ਬਹੁਤ ਸਾਰੇ ਲੋਕਾਂ ਨੂੰ ਰੁਜ਼ਗਾਰ ਮਿਲਿਆ। ਬਿਜਲੀ ਵਧੇਰੇ ਹੋਈ ਤਾਂ ਮਾਲਵੇ ਦੀ ਧਰਤੀ ਦਾ ਵੱਡਾ ਹਿੱਸਾ ਖੇਤੀਯੋਗ ਬਣਿਆ।

ਪਰ ਹੁਣ ਪੰਜਾਬ ਦੀ ਕੈਪਟਨ ਸਰਕਾਰ ਨੇ ਬਾਦਲਾਂ ਤੋਂ ਦੋ ਰੱਤੀਆਂ ਉਪਰ ਹੋ ਕੇ ਇਸ ਥਰਮਲ ਪਲਾਂਟ ਦਾ ਪਹਿਲਾਂ ਸਾਹ ਬੰਦ ਕੀਤਾ ਫਿਰ ਆਪਣੀ ਕੈਬਨਿਟ ਵਿੱਚ ਮਤਾ ਪਾਸ ਕਰ ਕੇ ਇਸ ਦੀ ਜ਼ਮੀਨ ਨੂੰ ਪੁੱਡਾ ਹਵਾਲੇ ਕਰ ਦਿੱਤਾ। ਜੇਕਰ ਥਰਮਲ ਪਲਾਟ ਅਧੀਨ ਆਉਦੇ ਰਕਬੇ ਦੀ ਗੱਲ ਕੀਤੀ ਜਾਵੇ ਤਾਂ 1764 ਏਕੜ ਵਿੱਚ ਫੈਲੇ ਥਰਮਲ ਪਲਾਟ ਦਾ 250 ਏਕੜ ਰਕਬਾ ਥਰਮਲ ਖੇਤਰ ਅਧੀਨ ਆਉਦਾ ਹੈ। 220 ਏਕੜ ਰਕਬਾ ਰੇਲਵੇ ਖੇਤਰ ਅਧੀਨ, 850 ਏਕੜ ਰਕਬਾ ਰਾਖ ਦੇ ਡੰਪ, 280 ਏਕੜ ਰਕਬਾ ਥਰਮਲ ਕਾਲੋਨੀ ਅਤੇ 164 ਏਕੜ ਰਕਬਾ ਤਿੰਨ ਝੀਲਾਂ ਦੇ ਹੇਠ ਆਉਦਾ ਹੈ। ਪਰ ਹੁਣ ਥਰਮਲ ਪਲਾਟ ਨੂੰ ਲੋਥ ਬਣਾਉਣ ਦਾ ਕੰਮ ਕੀਤਾ ਜਾ ਰਿਹਾ ਤੇ ਥਰਮਲ ਦੀ ਮਰੀ ਹੋਈ ਲਾਸ਼ ਨੂੰ ਪੁੱਡਾ ਦੇ ਹਵਾਲੇ ਕਰਨ ਨੂੰ ਮਨਜ਼ੂਰੀ ਦਿੱਤੀ ਗਈ ਜਿਥੇ ਪੁੱਡਾ ਆਪਣੇ ਪਹਿਨਾਏ ਕਫਨ ’ਚ ਪਾਈ ਥਰਮਲ ਦੀ ਲਾਸ਼ ਦੇ ਟੁਕੜਿਆਂ ਨੂੰ ਵੇਚ ਕੇ ਮੋਟਾ ਪੈਸਾ ਕਮਾਵੇਗਾ। ਜਿਹੜਾ ਖਜ਼ਾਨਾ ਮੰਤਰੀ ਆਪਣੀ ਹਰ ਜਨਤਕ ਰੈਲੀ ਚ ਕਹਿਦਾ ਸੀ ਕਿ ਚਿਮਨੀਆਂ ’ਚੋਂ ਧੂੰਆਂ ਨਿਕਲੇਗਾ ਉਹ ਖਾਮੋਸ਼ ਹੈ ਤੇ ਕਿਸੇ ਉਰਦੂ ਸ਼ਾਇਰ ਤਿਆਰ ਕਰਨ ਵਿੱਚ ਲੱਗਾ ਹੋਇਆ ਹੈ।

# ਭਾਰਤੀ ਚੋਣਾਂ ਦਾ ਲੋਕਤੰਤਰ ਜਾਂ ਛੜ੍ਹਿਅੰਤਰ

- ਮੱਖਣ ਕਾਲਸਾਂ

ਭਾਰਤ ਦੀ ਰਾਜ ਸਤਾ 'ਤੇ ਕਾਬਜ ਲੁਟੇਰੀਆਂ ਤੇ ਜਾਬਰ ਹਾਕਮ ਜਮਾਤਾਂ ਤੇ ਇਨਾ ਦੀ ਨੁਮਾਇੰਦਗੀ ਕਰਦੀਆਂ ਵੋਟ ਪਾਰਟੀਆਂ ਆਮ ਰੂਪ 'ਚ ਅਤੇ ਵਿਸ਼ੇਸ਼ ਤੌਰ 'ਤੇ ਚੋਣ ਧੋਖੇ ਤੇ ਅਖੌਤੀ ਜਮਹੂਰੀਅਤ ਦੀ ਖੇਡ (ਜਿਵੇਂ ਮੌਜੂਦਾ ਸਮੇਂ 2014 'ਚ 16 ਵੀਂ ਲੋਕ ਸਭਾ ਦੀਆਂ ਚੋਣਾਂ) ਦਾ ਪ੍ਰਪੰਚ ਰਚਣ ਵੇਲੇ ਭਾਰਤ ਦੀ ਗੁਲਾਮੀ ਦੇ ਕਾਲੇ ਇਤਿਹਾਸ 'ਤੇ ਪੜਦਾ ਪਾਉਂਦੀਆਂ ਹਨ ਤੇ ਨਾਲੋਂ ਨਾਲ ਇਸ ਹਕੀਕਤ ਨੂੰ ਵੀ ਛੁਪਾਉਂਦੀਆਂ ਹਨ ਕਿ ਭਾਰਤ ਦੇ ਲੋਕਤੰਤਰ ਦੇ ਇਤਿਹਾਸ 'ਚ ਜਮਹੂਰੀਅਤ ਤੇ ਇਸਦੇ ਸੰਵਿਧਾਨ, ਕਾਨੂੰਨ ਦੇ ਪ੍ਰਬੰਧ ਅਤੇ ਇਸ ਤਹਿਤ ਖੜ੍ਹੀ ਕੀਤੀ ਹਕੂਮਤੀ ਮਸ਼ੀਨਰੀ ਦਾ ਪਿਛੋਕੜ ਕੀ ਹੈ? ਅੰਗਰੇਜ਼ ਹਾਕਮਾਂ ਨਾਲ ਇਸ ਪਿਛੋਕੜ ਦਾ ਕੀ ਸਬੰਧ ਹੈ?

ਭਾਰਤ ਦਾ ਸੰਵਿਧਾਨ ਜਿਸ 'ਤੇ ਇਹਨਾਂ ਦੀ ਜਮਹੂਰੀਅਤ ਟਿਕੀ ਹੋਈ ਹੈ ਕੀ ਉਹ ਸੱਚੀ ਅਜ਼ਾਦੀ ਜਾਂ ਗੁਲਾਮੀ ਦਾ ਦਸਤਾਵੇਜ ਹੈ? ਇਨਕਲਾਬੀ ਸ਼ਕਤੀਆਂ ਦੀ ਇਹ ਲੋੜ ਬਣਦੀ ਹੈ ਕਿ ਉਹ ਇਨਾ ਸਵਾਲਾਂ ਬਾਰੇ ਹੋਰ ਵਧੇਰੇ ਸਪਸ਼ਟਤਾ ਹਾਸਲ ਕਰਦੇ ਹੋਏ, ਇਨਾ ਦੀ ਅਖੌਤੀ ਜਮਹੂਰੀਅਤ ਦੇ ਥੋਥ ਨੂੰ ਨੰਗਾ ਕਰਦੇ ਹੋਏ ਹਾਕਮਾਂ ਦੀ ਰਾਖੀ ਖੜ੍ਹੀ ਕੀਤੀ ਹਕੂਮਤੀ ਮਸ਼ੀਨਰੀ ਤੇ ਇਸ ਦੇ ਜਾਬਰ ਚਿਹਰੇ ਨੂੰ ਨੰਗਾ ਕਰਨ 'ਤੇ ਵੀ ਪ੍ਰਚਾਰ ਪਸਾਰ ਨੂੰ ਕੇਂਦਰਤ ਕਰਨ। ਹੱਥਲੀ ਲਿਖਤ 'ਚ ਅਸੀਂ ਇਨਾ ਮੁੱਦਿਆਂ ਨੂੰ ਮੋਟੇ ਤੌਰ 'ਤੇ ਸੰਬੋਧਿਤ ਹੋ ਰਹੇ ਹਾਂ।

**1935 ਦੇ ਕਾਨੂੰਨ ਰਾਹੀਂ ਧੋਖਾ** - ਭਾਰਤ ਦੇ ਮੌਜੂਦਾ ਲੋਕਤੰਤਰ ਦੀ ਅਧਾਰ ਸਿਲਾ ਅੰਗਰੇਜ਼ੀ ਹਕੂਮਤ ਦੇ ਅਧੀਨ ਬਣਿਆ 1935 ਦਾ ਗੌਰਮਿੰਟ ਇੰਡੀਆ ਦਾ ਕਾਨੂੰਨ (ਐਕਟ) ਹੈ। ਇਹ ਮੁੱਖ ਤੌਰ 'ਤੇ ਅੰਗਰੇਜੀ ਹਾਕਮਾਂ ਦੀ ਪਿਠੂ ਕਾਂਗਰਸ ਪਾਰਟੀ ਦੀਆਂ ਸਮਝੌਤਾ ਪ੍ਰਸਤ ਨੀਤੀਆਂ 'ਚੋਂ ਪੈਦਾ ਹੋਇਆ ਸੀ। ਇਸ ਕਾਨੂੰਨ ਦੇ ਬਨਾਉਣ ਤੋਂ ਪਹਿਲਾਂ 1928 'ਚ ਸਾਈਮਨ ਕਮਿਸ਼ਨ ਦੀ ਨਿਯੁਕਤੀ ਹੋਈ ਸੀ। ਅੰਗਰੇਜ਼ੀ ਹਾਕਮਾਂ ਵੱਲੋਂ ਭਾਰਤੀ ਰਾਜ ਅੰਦਰ ਆਪਣੇ ਬਸਤੀਵਾਜ ਰਾਜ ਨੂੰ ਹੋਰ ਵੀ ਵੱਧ ਪੱਕੇ ਪੈਰੀਂ ਕਰਨ ਲਈ ਇਸ ਕਮਿਸ਼ਨ ਦੀ ਸਥਾਪਨਾ ਕੀਤੀ ਸੀ। ਜਿਸ ਦਾ ਭਾਰਤੀ ਲੋਕਾਂ ਨਾਲ ਕੋਈ ਲਾਗਾ ਦੇਗਾ ਨਹੀਂ ਸੀ। ਸ਼ਹੀਦ ਭਗਤ ਸਿੰਘ ਤੇ ਉਸਦੇ ਸਾਥੀਆਂ ਅਤੇ ਹੋਰ ਬਹੁਤ ਸਾਰੇ ਭਾਰਤੀ ਲੋਕਾਂ ਨੇ ਇਸ ਕਮਿਸ਼ਨ ਦਾ ਵਿਰੋਧ ਕੀਤਾ।

ਉਸ ਸਮੇਂ ਕਾਂਗਰਸ ਨੇ ਵੀ ਇਸ ਦਾ ਵਿਰੋਧ ਕੀਤਾ ਸੀ ਪਰ ਕਾਂਗਰਸ ਦੀ ਇਕ ਜਾਂ ਦੂਜੀ ਸ਼ਕਲ 'ਚ ਅੰਗਰੇਜ਼ਾਂ ਨਾਲ ਚਲਦੀ ਆ ਰਹੀ ਮਿਲੀ ਭੁਗਤ 'ਚੋਂ ਅਗਸਤ 1935 ਨੂੰ ਗੌਰਮਿੰਟ ਆਫ ਇੰਡੀਆ ਐਕਟ ਬਣਾ ਦਿੱਤਾ ਗਿਆ। ਇਸ ਕਾਨੂੰਨ ਰਾਹੀਂ ਭਾਰਤੀ ਲੋਕਾਂ ਦੇ ਨਾਂ 'ਤੇ ਜਮਹੂਰੀਅਤ ਦੇ ਪਰਦੇ ਹੇਠ ਸੰਵਿਧਾਨ ਬਨਾਉਣ ਦੀ ਸਾਜਸ਼ ਰਚੀ ਗਈ। ਇਸ ਗੁਲਾਮੀ ਦੇ ਦਸਤਾਵੇਜ 'ਚ ਭਾਰਤੀ ਲੋਕਾਂ ਦੀ ਕੋਈ ਹਿੱਸੇਦਾਰੀ ਨਹੀਂ ਸੀ ਤੇ ਅੰਗਰੇਜੀ ਰਾਜ ਦੇ ਕਾਇਮ ਰਹਿੰਦਿਆਂ, ਉਨਾਂ ਦੀ ਸਰਪ੍ਰਸਤੀ ਹੇਠ ਬਨਣ ਵਾਲੇ ਅਜਿਹੇ ਸੰਵਿਧਾਨ 'ਚ ਭਾਰਤੀ ਲੋਕਾਂ ਦੀ ਕੋਈ ਹਿੱਸੇਦਾਰੀ ਹੋ ਵੀ ਨਹੀਂ ਸਕਦੀ ਸੀ। ਇਸ ਕਾਨੂੰਨ ਰਾਹੀਂ ਬਰਤਾਨਵੀ ਭਾਰਤ ਦੇ ਗਵਰਨਰਾਂ ਨੂੰ ਵਿਸ਼ੇਸ਼ ਅਧਿਕਾਰ ਤੇ ਸ਼ਕਤੀਆਂ ਦੇਣ ਰਾਹੀਂ ਹਕੂਮਤੀ ਮਸ਼ੀਨਰੀ ਦੀ ਤਾਕਤ ਰਾਹੀਂ ਲੋਕਾਂ 'ਤੇ ਤਾਨਾਸ਼ਾਹੀ ਮੜਨ ਦੀ ਖੁੱਲ ਦੇ ਦਿੱਤੀ ਗਈ। ਆਪਣੇ ਚਹੇਤੇ ਮੰਤਰੀਆਂ ਨੂੰ ਵੀ ਬਹੁਤ ਸਾਰੇ ਮਾਮਲਿਆਂ 'ਚ ਸਲਾਹ ਦੇਣ ਦੇ ਅਧਿਕਾਰ ਤੋਂ ਵੀ ਵਾਂਝੇ ਕੀਤਾ ਗਿਆ। ਅਸਲ 'ਚ ਭਾਰਤ ਦੀ ਆਜ਼ਾਦੀ ਦੇ ਤਿਖੇ ਹੋ ਰਹੇ ਸੰਗਰਾਮ ਦੇ ਰੋਹ ਫੁਟਾਰੇ ਨੂੰ ਇਸ ਕਾਨੂੰਨ ਰਾਹੀਂ ਭਾਰਤ ਦਾ ਸੰਵਿਧਾਨ ਬਨਾਉਣ ਤੇ ਭਾਰਤੀ ਲੋਕਾਂ ਲਈ ਅਖੌਤੀ ਜਮਹੂਰੀਅਤ ਦਾ ਧੋਖਾ ਰਚਣ ਦੇ 'ਸੇਫਟੀਵਾਲਵ' ਰਾਹੀਂ ਠੰਡਾ ਕਰਨਾ ਸੀ। ਲੋਕਾਂ 'ਤੇ ਆਪਣੇ ਗੁਲਾਮੀ ਦੇ ਰਾਜ ਨੂੰ ਹੋਰ ਵਧੇਰੇ ਪੱਕਾ ਕਰਨ ਲਈ ਲਿਆਂਦਾ ਇਹ ਕਾਨੂੰਨ ਸੁਧਾਰ ਤੋਂ ਵੱਧ ਕੁਝ ਵੀ ਨਹੀਂ ਸੀ। ਇਸ ਤੋਂ ਅੱਗੇ ਭਾਰਤ ਅੰਦਰ ਅੰਗਰੇਜੀ ਹਕੂਮਤ ਦੀਆਂ ਜਾਬਰ ਧਾੜਾਂ ਦੇ ਜ਼ਬਰ 'ਤੇ ਕਾਨੂੰਨ ਤੇ ਸੰਵਿਧਾਨ ਦਾ ਮੁਲੰਮਾ ਚਾੜਨਾ ਸੀ

1935 ਦੇ ਇਸ ਕਾਨੂੰਨ ਤਹਿਤ ਸੂਬਿਆਂ ਦੀਆਂ ਅਸੰਬਲੀਆਂ ਹੋਂਦ 'ਚ ਆਈਆਂ। ਅੰਗਰੇਜ਼ਾਂ ਦੇ ਅਧੀਨ ਹੀ ਹੋਰ ਅਖੌਤੀ ਲੋਕਤੰਤਰ ਦੇ ਵੱਖੋ ਵੱਖਰੇ ਅਦਾਰੇ ਤੇ ਸੰਸਥਾਵਾਂ ਸਥਾਪਤ ਕੀਤੀਆਂ ਗਈਆਂ। 1935 ਦੇ ਕਾਨੂੰਨ ਤਹਿਤ ਦਿੱਤੇ ਨਾ ਮਾਤਰ ਅਧਿਕਾਰਾਂ ਨੂੰ ਹੋਰ ਵੀ ਸੀਮਤ ਕਰਨ ਲਈ 1935 'ਚ ਹੀ ਗਵਰਨਰ ਐਕਟ ਬਨਾਇਆ ਗਿਆ। ਜਿਸ ਅਨੁਸਾਰ ਸੂਬੇ ਦੇ ਪ੍ਰਸ਼ਾਸ਼ਨ ਨੂੰ ਅਨਿਸਚਿਤ ਸਮੇਂ ਲਈ ਆਪਣੇ ਅਧੀਨ ਰੱਖਣ ਦਾ ਤਹਿ ਕੀਤਾ ਗਿਆ। ਇਨਾ ਹੀ ਨਹੀਂ ਪ੍ਰਸਤਾਵਿਤ ਸੰਘੀ ਢਾਂਚਾ ਉਸ ਸਮੇਂ ਹੀ ਲਾਗੂ ਹੋ ਸਕਦਾ ਸੀ ਜਦੋਂ 50 ਫੀਸਦੀ ਰਜਵਾੜੇ, (ਜੋ ਅੰਗਰੇਜ਼ੀ ਹਕੂਮਤ ਦਾ ਸਮਾਜਿਕ ਅਧਾਰ ਸਨ) ਜੋ ਅੰਗਰੇਜ਼ ਹਕੂਮਤ ਦੇ ਹਿਮਾਇਤੀ ਸਨ, ਆਪਣੀ ਸਹਿਮਤੀ ਦੇਣਗੇ, ਕੇਂਦਰ ਦੀ ਦੋ ਸਦਨਾਂ ਵਾਲੀ (ਕੌਂਸਲ ਆਫ ਸਟੈਟ ਤੇ ਫੈਡਰਲ ਅਸੰਬਲੀ) ਵਿਧਾਨ ਪਾਲਕਾ 'ਚ 30 ਤੋਂ 40 ਫੀਸਦੀ ਸੀਟਾਂ ਰਜਵਾੜਿਆਂ ਨੂੰ ਨਾਮਜਦ ਕਰਨ ਦਾ ਅਧਿਕਾਰ ਦਿੱਤਾ ਗਿਆ। ਇਸ ਤੋਂ ਇਲਾਵਾ ਅੰਗਰੇਜ਼ ਹਕੂਮਤ ਵੱਲੋਂ ਸਥਾਪਤ ਕੀਤੇ ਮੰਡਲਾਂ ਨੂੰ ਵੀ ਸਿੱਧੇ ਤੌਰ 'ਤੇ ਵਿਧਾਨ ਪਾਲਕਾ 'ਚ ਨਾਮਜਦ ਕਰਨ ਦਾ ਸਮਾਂ ਤਹਿ ਕੀਤਾ ਗਿਆ। ਇਸ ਤਰਾ 1935 ਦੇ ਐਕਟ ਅਧੀਨ ਬਰਤਾਨਵੀ ਭਾਰਤ 'ਚ ਸਥਾਪਤ ਕੀਤਾ ਗਿਆ ਲੋਕਤੰਤਰ ਨੰਗੇ ਨਿਟੇ ਤੌਰ 'ਤੇ ਗੁਲਾਮੀ ਦਾ ਤੰਤਰ ਸੀ 1947 ਤੋਂ ਪਹਿਲਾਂ ਇਸ ਕਾਨੂੰਨ ਰਾਹੀਂ ਕਈ ਵਾਰੀ ਚੋਣਾਂ ਕਰਕੇ ਲੋਕਾਂ ਦੇ ਅੱਖੀ ਘੱਟਾ ਪਾਇਆ ਜਾਂਦਾ ਰਿਹਾ। ਵੋਟ ਦਾ ਅਧਿਕਾਰ ਉਚ ਸਿੱਖਿਆ ਪ੍ਰਾਪਤ ਲੋਕਾਂ, ਰਜਵਾੜਿਆਂ ਤੇ ਜਗੀਰਦਾਰਾਂ ਨੂੰ ਹੀ ਪ੍ਰਾਪਤ ਸੀ। ਜਿਨਾਦੀ ਸੰਖਿਆ ਕੁੱਲ ਅਬਾਦੀ ਦਾ ਸਿਰਫ 11 ਫੀਸਦੀ ਸੀ। ਅਬਾਦੀ ਦਾ 87 ਫੀਸਦੀ ਹਿੱਸਾ-ਮਜਦੂਰ, ਕਿਸਾਨ, ਵਪਾਰੀ ਤੇ ਮੱਧ ਵਰਗ ਦੇ ਵੱਖ ਵੱਖ ਧੰਦਿਆਂ ਨਾਲ ਜੁੜੇ ਲੋਕਾਂ ਨੂੰ ਵੋਟ ਦੇ ਅਧਿਕਾਰ ਤੋਂ ਵਾਂਝੇ ਰੱਖਿਆ ਗਿਆ। ਉਸ ਸਮੇਂ ਆਮ ਲੋਕਾਂ ਨੂੰ ਵੋਟ ਦਾ ਅਧਿਕਾਰ ਦੇਣਾ ਅੰਗਰੇਜੀ ਹਾਕਮਾਂ ਨੂੰ ਖਤਰਾ ਲੱਗਦਾ ਸੀ।

**1935 ਦੇ ਕਾਨੂੰਨ ਦਾ ਪਿਛੋਕੜ ਅਤੇ ਹਕੂਮਤੀ ਸੰਸਥਾਵਾ ਤੇ ਅਖੌਤੀ ਜਮਹੂਰੀਅਤ ਸਬੰਧੀ** : 1935 ਦੇ ਕਾਨੂੰਨ ਰਾਹੀਂ ਜੋ ਸੰਵਿਧਾਨ ਬਨਾਇਆ ਗਿਆ ਸੀ, ਉਸਦਾ ਅੰਗਰੇਜ਼ੀ ਰਾਜ ਦੇ ਸਮੇਂ ਦਾ ਪਿਛੋਕੜ ਵੀ ਇਹ ਸਾਬਤ ਕਰਦਾ ਹੈ ਕਿ ਕਿਵੇਂ ਅੰਗਰੇਜ਼ ਹਾਕਮ ਜਮਾਤਾਂ ਭਾਰਤ 'ਚ ਆਪਣੀਆਂ ਪਿੱਠੂ ਜਮਾਤਾਂ ਨੂੰ ਸਿਰਜਦੀਆਂ ਤੇ ਉਹਨਾਂ ਨੂੰ ਹਕੂਮਤੀ ਸੰਸਥਾਵਾਂ ਦਾ ਅੰਗ ਬਨਾਉਂਦੀਆਂ ਹੋਈਆਂ ਉਹਨਾਂ ਦੇ ਹਿੱਤਾਂ ਦੀ ਜਾਮਨੀ ਕਰਦੀਆਂ ਗਈਆਂ।

ਜੇਕਰ ਅਸੀਂ 2 ਅਗਸਤ 1861 ਦਾ ਕਾਨੂੰਨ, 1858 ਨੂੰ ਮਲਕਾ ਵਿਕਟੋਰੀਆਂ ਵੱਲੋਂ ਕੀਤਾ ਐਲਾਨ ਅਤੇ1861 ਦਾ ਐਕਟ ਜਿਸਨੂੰ ਇੰਡੀਅਨ ਕੌਂਸਲਜ ਐਕਟ ਕਿਹਾ ਗਿਆ ਨੂੰ ਦੇਖੀਏ ਤਾਂ ਇਹ ਗੱਲ ਨੰਗੇ ਚਿੱਟੇ ਰੂਪ 'ਚ ਸਾਹਮਣੇ ਆਉਂਦੀ ਹੈ ਕਿ ਜਿਨਾਰਾਜਿਆਂ, ਨਵਾਬਾਂ ਤੇ ਸਾਮੰਤੀ ਸ਼ਾਹਾਂ ਨੇ 1857 ਦੇ ਗਦਰ ਸਮੇਂ ਬਰਤਾਨਵੀ ਬਸਤੀਵਾਦੀਆਂ ਦਾ ਸਾਥ ਦਿੱਤਾ ਸੀ ਅਤੇ ਭਾਰਤੀ ਜੰਗੇ ਆਜ਼ਾਦੀ ਦੇ ਉਲਟ ਭੁਗਤੇ ਸੀ ਉਹਨਾਂ ਨੂੰ ਗਦਾਰੀ ਦੇ ਇਵਜਾਨੇ ਵਜੋਂ ਤੋਹਫਿਆਂ, ਜਗੀਰਾਂ ਤੇ ਹੋਰ ਰਾਜਸੀ ਸੰਸਥਾਵਾਂ ਤੇ ਨੌਕਰਸ਼ਾਹੀ 'ਚ ਫਿਟ ਕਰਨ ਵਰਗੇ ਅਧਿਕਾਰਾਂ ਨਾਲ ਮਾਲੋ ਮਾਲ ਕੀਤਾ ਗਿਆ ਸੀ। ਨਾਲ ਹੀ ਜਿਮੀਂਦਾਰਾ, ਰਾਇਤਵਾੜੀ ਤੇ ਮਾਹਲਵਾੜੀ ਜਮੀਨੀ ਸੁਧਾਰਾਂ (1793 ਤੋਂ) ਨੂੰ ਹੋਰ ਤਿੱਖੇ ਤੇ ਕੁੱਝ ਨਵੇਂ ਰੂਪਾਂ ਰਾਹੀਂ ਲਾਗੂ ਕਰਦਿਆਂ ਬਸਤੀਵਾਦੀਆਂ ਨੇ ਜਾਗੀਰੂ ਜਮਾਤਾਂ ਨੂੰ ਆਪਣੇ ਥੰਮ ਵਜੋਂ ਉਸਾਰਿਆ। ਇਹਨਾਂ ਨੂੰ ਫੌਜੀ ਦਸਤੇ ਰੱਖਣ ਦਾ ਅਧਿਕਾਰ ਦਿੱਤਾ ਗਿਆ ਤਾਂ ਕਿ ਬਸਤੀਵਾਦੀ ਅਤੇ ਜਾਗੀਰਦਾਰੀ ਵਿਰੋਧੀ ਲਹਿਰਾਂ ਨੂੰ ਕੁਚਲਿਆ ਜਾਵੇ। ਰਾਠਸ਼ਾਹੀ ਨੂੰ ਫੌਜੀ ਨੌਕਰਸ਼ਾਹੀ ਦੀ ਮਸ਼ੀਨ 'ਚ ਫਿਟ ਹੋਣ ਲਈ ਥਾਂ ਮੁਹੱਈਆ ਕੀਤਾ ਗਿਆ ਜਿਹਨਾਂ ਦੇ ਲਾਰਡ ਡਲਹੋਜੀ ਨੇ ਹੱਕ ਖੋਹ ਲਏ ਸਨ ਹੌਲੀ ਹੌਲੀ ਬਹਾਲ ਕਰ ਦਿੱਤੇ ਗਏ। ਇਹਨਾਂ ਵੱਲੋਂ ਇਵਜਾਨੇ 'ਚ ਬਰਤਾਨੀਆਂ ਦੀ ਮਲਕਾ ਦੇ ਸ਼ਾਹ ਬੇਗਮ ਹੋਣ ਦੇ ਫੁਰਮਾਨ ਨੂੰ ਮੰਨ ਲਿਆ ਜਿਸ ਰਾਂਹੀਂ ਰਿਆਸਤਾਂ ਬਰਤਾਨਵੀ ਸਲਤਨਤ ਦਾ ਹਿੱਸਾ ਬਣ ਗਈਆਂ ਸਨ। ਇਸ ਵਿਕਾਸ ਅਮਲ ਰਾਹੀਂ ਭਾਰਤੀ ਲੁਟੇਰੀ ਤੇ ਜਾਬਰ ਬਸਤੀਵਾਦੀ ਮਸ਼ੀਨ ਨੂੰ ਪੱਕੇ ਪੈਰੀ ਕੀਤਾ ਗਿਆ। ਜਗੀਰੂ ਜਮਾਤਾਂ ਸਾਮਰਾਜੀਆਂ ਲਈ ਥੰਮਾ ਵਾਂਗ ਉਸਾਰੀਆਂ ਗਈਆਂ ਸਾਮੰਤੀ ਸ਼ਾਹਾਂ ਨੂੰ ਤੇ ਹੋਰ ਜਗੀਰੂ ਜਮਾਤਾਂ ਨੂੰ ਵਾਇਸਰਾਏ, ਤਿੰਨ ਪ੍ਰੈਜੀਡੈਂਸੀਆਂ ਦੇ ਗਵਰਨਰਾਂ ਅਤੇ ਉਤਰ ਪੱਛਮੀ ਸੂਬਿਆਂ ਅਤੇ ਪੰਜਾਬ ਦੇ ਲੈਫਟੀਨੈਂਟ ਗਵਰਨਰਾਂ ਅਧੀਨ ਕਾਨੂੰਨ ਘੜਨੀਆਂ ਕੌਂਸਲਾਂ ਵਿੱਚ ਸ਼ਾਮਲ ਕਰਨ ਲਈ ਅੱਧੀਆਂ ਸੀਟਾਂ ਤਹਿ ਕਰਨ ਦੀ ਕੋਸ਼ਿਸ਼ ਕੀਤੀ ਗਈ। 1861 ਦੇ ਐਕਟ ਰਾਹੀਂ ਜੋ ਇਹ ਤਬਦੀਲੀਆਂ ਕੀਤੀਆਂ ਗਈਆਂ ਤੇ ਢਾਂਚਾ ਉਸਾਰਿਆ ਗਿਆ, ਉਸ ਸੰਬੰਧੀ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਇਹ ਭਾਰਤ ਅੰਦਰ ਅਖੌਤੀ ਤੇ ਧੋਖੇ ਭਰੇ ਪਾਰਲੀਮਾਨੀ ਪ੍ਰਬੰਧ ਦੀ ਸ਼ੁਰੂਆਤ ਹੀ ਸੀ।

ਇਸ ਤੋਂ ਅੱਗੇ ਦਾ ਵਿਕਾਸ ਅਮਲ ਇਹ ਹੈ ਕਿ ਬਰਤਾਨਵੀ ਸਾਮਰਾਜੀਆਂ ਦੇ ਹੱਥਾਂ 'ਚ ਪਲੀ ਭਾਰਤੀ ਦਲਾਲ ਸਰਮਾਏਦਾਰੀ ਵਿਤ, ਤਕਨੀਕ, ਮੰਡੀ ਤੇ ਸੁਰੱਖਿਆ ਪਖੋਂ ਸਾਮਰਾਜੀਆਂ ਤੇ ਨਿਰਭਰ ਸੀ/ਹੈ। ਉਹ ਵਪਾਰੀਆਂ ਸੂਦ ਖੋਰਾਂ ਤੇ ਸਾਮੰਤੀ ਸ਼ਾਹਾਂ 'ਤੇ ਵੀ ਨਿਰਭਰਤਾ ਰੱਖਦੀ ਸੀ। ਉਹ ਬਰਤਾਨਵੀ ਸਾਮਰਾਜ ਦੇ ਸਹਾਇਕ ਵਜੋਂ ਹੀ ਵਿਕਸਤ ਹੋਈ। ਉਹ ਬਰਤਾਨਵੀਆਂ ਤੋਂ ਰਿਐਤਾਂ ਮੰਗਣ ਦੇ ਘੇਰੇ 'ਚ ਰਹਿਣ ਦੀ ਕੋਸ਼ਿਸ਼ ਕਰਦੀ ਸੀ। ਇਹ ਕਿਸੇ ਰੂਪ 'ਚ ਵੀ ਨਹੀਂ ਸੋਚ ਸਕਦੀ ਸੀ ਕਿ ਸਾਮਰਾਜ ਦਾ ਖਾਤਮਾ ਹੋਵੇ। ਕਿਉਂਕਿ ਭਾਰਤ ਅੰਦਰ ਸਾਮਰਾਜੀ ਸਰਮਾਏ ਦੇ ਵਧਾਰੇ ਨਾਲ ਹੀ ਇਹ ਵਿਕਾਸ ਕਰ ਰਹੀ ਸੀ ਜੋ ਅੱਜ ਤੱਕ ਜਾਰੀ ਹੈ।



1885 'ਚ ਕਾਂਗਰਸ ਨੂੰ ਖੁਦ ਬਸਤੀਵਾਦੀਆਂ ਨੇ ਕੌਮੀ ਪੱਧਰ 'ਤੇ ਜਥੇਬੰਦ ਕਰਨ ਦੀ ਕੋਸ਼ਿਸ਼ ਕੀਤੀ ਜੋ ਪਹਿਲਾਂ 1840 ਵਿਆਂ ਤੋਂ 1870 ਵਿਆਂ ਤੱਕ ਸਥਾਨਕ ਪੱਧਰ 'ਤੇ ਬ੍ਰਿਟਿਸ਼ ਇੰਡੀਅਨ ਐਸੋਸੀਏਸ਼ਨ ਅਤੇ ਬੰਬੇ ਪ੍ਰੈਜੀਡੈਂਸੀ ਨਾਮੀ ਜਥੇਬੰਦੀਆਂ ਦੇ ਰੂਪ 'ਚ ਹੋਂਦ 'ਚ ਆਈਆਂ ਸਨ। ਜੋ ਬਸਤੀਵਾਦੀ ਰਾਜ ਪ੍ਰਬੰਧ ਨੂੰ ਕਾਇਮ ਰੱਖਣ ਦੀਆਂ ਦੁਆਵਾਂ ਕਰਦੀਆਂ ਹੋਈਆਂ ਕੁੱਝ ਰਿਐਤਾਂ ਲਈ ਕਾਨੂੰਨੀ ਚਾਰਾਜੋਈ ਕਰਦੀਆਂ ਸਨ। ਬੇਸ਼ਕ ਉਸ ਤੋਂ ਪਹਿਲਾਂ 1857 ਦਾ ਗਦਰ ਦਬਾ ਦਿੱਤਾ ਗਿਆ ਸੀ। ਪਰ 1870 ਵਿਆਂ ਤੇ 1880 ਵਿਆਂ ਦੇ ਇਨਕਲਾਬੀ ਉਭਾਰ ਨੇ ਵਿਰੋਧਾਂ ਦਾ ਸਿਲਸਿਲਾ ਪੈਦਾ ਕਰ ਦਿੱਤਾ ਸੀ। ਬਸਤੀਵਾਦੀਏ-ਗਰਮ ਖਿਆਲੀਆਂ, ਜਨਤਕ ਲਹਿਰਾਂ ਅਤੇ ਬਗਾਵਤਾਂ ਤੋਂ ਘਬਰਾਏ ਹੋਏ ਸਨ। ਇਹਨਾਂ ਹਾਲਤਾਂ ਨੂੰ ਦੇਖਦਿਆਂ ਇੱਕ ਵਰਿਸ਼ਟ ਆਈ ਸੀ. ਐਸ. ਅਫਸਰ ਐਲਨ ਹਿਊਮ ਨੇ ਆਪਣੀਆਂ ਰਿਪੋਰਟਾਂ ਰਾਹੀਂ ਇਸ ਗੱਲ ਵੱਲ ਧਿਆਨ ਦੁਆਇਆ ਕਿ ਜੇਕਰ ਪੜੀਆਂ -ਲਿਖੀਆਂ ਜਮਾਤਾਂ ਦੇ ਪ੍ਰਤੀਨਿਧਾਂ ਨੇ ਹਥਿਆਰਬੰਦ ਬਗਾਵਤਾਂ ਦੀ ਅਗਵਾਈ ਕੀਤੀ ਤਾਂ ਇਹ ਵਧੇਰੇ ਮਨੋਰਥ ਭਰਭੂਰ ਹੋਵੇਗੀ। ਇਹ ਕੌਮ ਵਿਆਪੀ ਬਗਾਵਤਾਂ ਦਾ ਰੂਪ ਧਾਰ ਸਕਦੀ ਹੈ। ਅੰਗਰਜ਼ਾਂ ਵਲੋਂ ਕੀਤੀਆਂ ਕੋਸ਼ਿਸ਼ਾਂ ਦੇ ਸਿੱਟੇ ਵਜੋਂ ਬੰਬਈ 'ਚ ਕਾਂਗਰਸ ਦੀ ਪਹਿਲੀ ਕਾਂਨਫਰੰਸ 1885 'ਚ ਬੁਲਾਈ ਗਈ। ਵਾਇਸਰਾਏ ਲਾਰਡ ਡਫਰਨ (1884-88) ਦੀ ਸਲਾਹ ਨਾਲ ਹਿਊਮ ਨੂੰ ਹੀ ਇਸਦਾ ਜਨਰਲ ਸਕੱਤਰ ਥਾਪਿਆ ਗਿਆ। ਪਹਿਲੇ 6 ਸਮਾਗਮਾਂ ਵਿੱਚ ਸੌ ਵਿਚੋਂ 50 ਡੈਲੀਗੇਟ ਸਰਮਾਏਦਾਰੀ ਅਤੇ ਭੌ ਮਾਲਕ ਜਮਾਤਾਂ ਨਾਲ ਸੰਬੰਧਤ ਬੁੱਧੀਜੀਵੀਆਂ ਵਿੱਚੋਂ ਸਨ, 25 ਵਪਾਰ ਅਤੇ ਸੂਦਖੋਰੀ ਕਰਨ ਵਾਲਿਆਂ ਦੇ ਹਿੱਤਾਂ ਦੀ ਪ੍ਰਤੀਨਿਧਤਾ ਕਰਨ ਵਾਲਿਆਂ 'ਚੋਂ ਸਨ ਅਤੇ 25 ਜਗੀਰਦਾਰ ਸਨ। ਇਹ ਦੋਵਾਮੀ ਬੰਦੋਬਸਤ ਨੂੰ ਠੀਕ ਸਮਝਦੇ ਸਨ। ਲੋਕਾਂ ਦੀਆਂ ਗੈਰਕਾਨੂੰਨੀ ਤੇ ਲੁਟੇਰੀਆਂ ਜਮਾਤਾਂ ਦੀ ਸ਼ਾਂਤੀ ਭੰਗ ਕਰਨ ਵਾਲੀਆਂ ਲਹਿਰਾਂ ਨੂੰ ਗਲਤ ਸਮਝਦੇ ਸਨ। ਲੋਕਾਂ ਨੂੰ ਬਸਤੀਵਾਦੀਆਂ ਦੀ ਗੁਲਾਮੀ ਮਨਜ਼ੂਰ ਕਰਾਉਂਦਿਆਂ ਕਾਨੂੰਨੀ ਚਾਰਾਜੋਈ ਕਰਨਾ ਸਿਖਾਉਂਦੇ ਸਨ। 1893 'ਚ ਨਾਰੋਜੀ ਨੇ ਕਾਂਗਰਸ ਦੇ ਇੱਕ ਸਮਾਗਮ 'ਚ ਕਿਹਾ ਕਿ ਹਕੂਮਤ ਨੂੰ ਜਰੂਰ ਹੀ ਦ੍ਰਿੜ ਅਤੇ ਨਿਆਂਸੀਲ ਹੋਣਾ ਚਾਹੀਦਾ ਹੈ। ਉਸਦਾ ਕਾਰਜ ਸਖਤੀ ਨਾਲ ਕਿਸੇ ਵੀ ਗੈਰ ਕਾਨੂੰਨੀ ਜਾਂ ਨਾਗਰਕ ਅਮਨ ਭੰਗ ਕਰਨ ਦੇ ਯਤਨਾਂ ਨੂੰ ਕੁਚਲ ਦੇਣਾ ਚਾਹੀਦਾ ਹੈ।

ਬਰਤਾਨਵੀ ਸਾਮਰਾਜ ਨੇ ਆਪਣੇ ਵੱਖੋਂ-ਵੱਖ ਹਿੱਤਾਂ ਅਨੁਸਾਰੀ ਅਤੇ ਵੱਖੋਂ ਵੱਖ ਮੋੜਾਂ 'ਤੇ ਸਿੱਧੇ ਜਾਂ ਅਸਿੱਧੇ ਢੰਗਾਂ ਰਾਹੀਂ ਮੁਸਲਿਮ ਲੀਗ, ਹਿੰਦੂ ਮਹਾਂ ਸਭਾ (1900 ਦੇ ਸ਼ੁਰੂ 'ਚ) ਲਿਬਰਲ ਫੈਂਡਰੇਸ਼ਨ, ਮੁਹੰਮਦ ਸਫੀ ਦੀ ਅਗਵਾਈ ਵਾਲੀ ਮੁਸਲੀਮ ਲੀਗ, ਕੇਂਦਰੀ ਸਿੱਖ ਲੀਗ, ਆਲ ਇੰਡੀਆ ਅਛੂਤ (1ਫੀਚਵ) ਫੈਡਰੇਸ਼ਨ ਬੀ. ਆਰ. ਅੰਬੇਦਕਰ ਵਾਲੀ ਡੀਪ੍ਰੈਸਡ ਕਲਾਸਿਜ਼ ਲੀਗ, ਪੰਜਾਬ 'ਚ ਯੂਨੀਅਨਿਸਟ ਪਾਰਟੀ ਅਤੇ ਮਦਰਾਸ ਵਿੱਚ ਜਸਟਿਸ ਪਾਰਟੀ ਵਰਗੀਆਂ ਪਾਰਟੀਆਂ ਨੂੰ ਉਸਾਰਨ ਅਤੇ ਓਗਾਸਾ ਦੇਣ 'ਚ ਮੱਦਦ ਕੀਤੀ ਜਿਨਾਦਾ ਰੋਲ ਪਿਛਾਖੜੀ ਸੀ ਜੋ ਨਵੇਂ ਰੂਪਾਂ 'ਚ ਅੱਜ ਵੀ ਆਪਣਾ ਪਿਛਾਖੜੀ ਰੋਲ ਅਦਾ ਕਰ ਰਹੀਆਂ ਹਨ। ਇਸ ਤਰਾ ਜਿਉਂ ਜਿਉਂ ਅੰਗਰੇਜ਼ ਹਾਕਮ ਆਪਣੀਆਂ ਪਿਠੂ ਲੁਟੇਰੀਆਂ ਜਮਾਤਾਂ ਤੇ ਇਨਾ ਦੀ ਨੁਮਾਇੰਦਗੀ ਕਰਦੀਆਂ ਪਾਰਟੀਆਂ ਤੇ ਫਿਰਕੂ ਧਾਰਮਿਕ ਸੰਸਥਾਵਾਂ ਆਦਿ ਦੀ ਉਸਾਰੀ ਕਰਦੇ ਗਏ, ਤਿਉਂ ਤਿਉਂ ਨਾਂ ਵਲੋਂ ਵੋਟ ਦੇ ਅਧਿਕਾਰ ਨੂੰ ਮੋਕਲਾ ਕੀਤਾ ਜਾਂਦਾ ਰਿਹਾ। ਜਿਵੇਂ 1892 'ਚ ਕਾਂਗਰਸ ਪਾਰਟੀ ਦੀ ਮੰਗ ਨੂੰ ਪੂਰਾ ਕਰਦਿਆਂ ਵਿਧਾਨ ਘੜਨੀਆਂ ਕੌਂਸਲਾਂ 'ਚ ਜਾਇਦਾਦ ਦੀਆਂ ਮਾਲਕ ਜਮਾਤਾਂ ਦੀਆਂ ਸੀਟਾਂ 'ਚ ਵਾਧਾ ਕਰ ਦਿੱਤਾ ਗਿਆ ਇਨਾ ਬਦਲੀਆਂ ਹਾਲਤਾਂ 'ਚ 2 ਅਗਸਤ 1858 ਦੇ ਐਕਟ ਅਤੇ 1861 ਦੇ ਇੰਡੀਅਨ ਨੈਸਨਲ ਐਕਟ ਰਾਹੀਂ ਗਦਾਰੀ ਦੇ ਇਵਜਾਨੇ ਵਜੋਂ ਕਾਨੂੰਨ ਘੜਨੀਆਂ ਕੌਂਸਲਾ 'ਚ ਅਤੇ ਇਸ ਤੋਂ ਅੱਗੇ ਮਿਊਸਪਲ ਚੋਣਾ 'ਚ ਕਾਨੂੰਨੀ ਚਾਰਾਜੋਈ ਕਰਨ ਦੇ ਹੱਕ ਦਿੱਤੇ ਗਏ। ਹੇਠਾਂ ਦੀ ਅਫਸਰਸ਼ਾਹੀ 'ਚ ਥਾਵਾਂ ਦੇਣ ਦਾ ਰਾਹ ਖੋਹਲਿਆ ਗਿਆ। 1909 ਦੇ ਮਿੰਟੋ ਮਾਰਲੇ ਸੁਧਾਰਾਂ ਰਾਹੀਂ ਇਹਨਾਂ ਜਮਾਤਾ 'ਚੋਂ 0.02 ਫੀਸਦੀ ਵਸੋਂ ਨੂੰ ਵੋਟ ਪਾਉਣ ਦਾ ਹੱਕ ਦਿੱਤਾ ਗਿਆ। ਇਸ ਤੋਂ ਬਾਅਦ ਪਹਿਲੀ ਸੰਸਾਰ ਜੰਗ ਸਮੇਂ ਮਾਟੇਂਗ ਚੈਮਸਫੋਰਡ ਸੁਧਾਰਾਂ ਰਾਹੀਂ ਇੱਕ ਹੋਰ ਜਾਲ ਸੁਟਿਆ ਗਿਆ। ਜੋ ਇੱਕ ਪੱਖੋਂ ਪਹਿਲੀ ਸੰਸਾਰ ਜੰਗ 'ਚ ਇਹਨਾਂ ਜਮਾਤਾਂ ਵੱਲੋਂ ਬਰਤਾਨੀਆਂ ਦੇ ਪੱਖ 'ਚ ਨਿਭਾਏ ਪਿਠੂਆਂ ਵਾਲੇ ਰੋਲ ਦਾ ਇਵਜਾਨਾ ਦੇਣ ਵਜੋਂ ਵੀ ਸੀ। ਇਸ ਐਕਟ ਰਾਹੀਂ ਮਾਲਕ ਜਮਾਤਾਂ ਦੇ ਵੋਟਰਾਂ ਦੀ ਗਿਣਤੀ 'ਚ ਹੋਰ ਵਾਧਾ ਕਰ ਦਿੱਤਾ ਗਿਆ ਇਸ ਮੁਤਾਬਿਕ ਕੇਂਦਰੀ ਲੈਜਿਸਲੇਟਿਵ ਅਸੰਬਲੀਆਂ 'ਚ ਇੱਕ ਫੀਸਦੀ ਅਤੇ ਸੂਬਾਈ ਅਸੰਬਲੀਆਂ 'ਚ ਤਿੰਨ ਫੀਸਦੀ ਵਸੋਂ ਵੋਟਾਂ 'ਚ ਭਾਗ ਲੈਂਦੀ ਸੀ। ਇਸ ਤਰਾ 1935 ਦਾ ਐਕਟ ਭਾਰਤੀ ਲੋਕਾਂ ਦੀ ਗੁਲਾਮੀ ਦਾ ਕਾਨੂੰਨ ਸੀ। ਇਹ ਉਪਰ ਜਿਕਰ ਕੀਤੇ ਵਿਕਾਸ ਅਮਲ ਰਾਹੀਂ ਹੋਂਦ 'ਚ ਆਇਆ ਸੀ। ਇਸ ਰਾਹੀਂ ਸਿਰਫ 11.5 ਫੀਸਦੀ ਜਾਇਦਾਦ ਦੀਆਂ ਮਾਲਕ ਜਮਾਤਾਂ ਨੂੰ ਵੋਟ ਦਾ ਹੱਕ ਦਿੱਤਾ ਗਿਆ। ਇਹ ਹੱਕ ਅੰਗਰੇਜ਼ਾਂ ਨੇ ਇਹ ਗਰੰਟੀ ਕਰਕੇ ਦਿੱਤਾ ਸੀ ਕਿ ਇਹ ਜਮਾਤਾਂ ਪੂਰੀ ਤਰਾ ਉਹਨਾਂ ਦੀ ਤਾਬਿਆਦਾਰੀ 'ਚ ਕੰਮ ਕਰਨਗੀਆਂ 1935 ਦੇ ਗੌਰਮਿੰਟ ਆਫ ਇੰਡੀਆ ਐਕਟ ਦੇ ਅਜਿਹੇ ਰੋਲ ਸਬੰਧੀ ਅਸੀਂ ਇਸ ਲਿਖਤ ਦੇ ਸ਼ੁਰੂ 'ਚ ਚਰਚਾ ਕੀਤੀ ਹੈ।

ਅੰਗਰੇਜ਼ੀ ਰਾਜ ਸਮੇਂ ਹਕੂਮਤੀ ਮਸ਼ੀਨਰੀ ਤੇ ਅਖੌਤੀ ਜਮਹੂਰੀਅਤ ਬਾਰੇ ਅੰਗਰੇਜ਼ੀ ਹਾਕਮਾਂ ਨੇ ਭਾਰਤ ਅੰਦਰ ਚੋਣਾਂ ਤੇ ਪਾਰਲੀਮਾਨੀ ਢਾਂਚੇ ਦੀ ਉਸਾਰੀ ਇੱਕ ਲੰਬੇ ਗੇੜ ਰਾਹੀਂ ਕੀਤੀ। ਉਹ ਆਪਣੇ ਬਸਤੀਵਾਦੀ ਰਾਜ ਦੀ ਰਾਖੀ ਕਰਨ ਵਾਲੀ ਜਾਬਰ ਹਕੂਮਤੀ ਮਸ਼ੀਨਰੀ ਨੂੰ ਪਹਿਲਾਂ ਤੋਂ ਹੀ ਵਧੇਰੇ ਮਜਬੂਤ ਕਰਦੇ ਆ ਰਹੇ ਸਨ। ਹਕੂਮਤੀ ਮਸ਼ੀਨਰੀ ਸਮੇਤ ਇਸਦੀਆਂ ਹਥਿਆਰਬੰਦ ਧਾੜਾਂ ਹੀ ਭਾਰਤ ਅੰਦਰ ਅੰਗਰੇਜ਼ ਹਕੂਮਤ ਦਾ ਥੰਮ ਬਣ ਰਹੀਆਂ ਸਨ। 19 ਵੀਂ ਸਦੀ ਦੇ ਅੱਧ ਤੋਂ ਬਾਅਦ ਖਾਸ ਕਰਕੇ 1857 ਦੀ ਭਾਰਤ ਦੀ ਆਜ਼ਾਦੀ ਦੀ ਪਹਿਲੇ ਜੰਗੇ ਅਜ਼ਾਦੀ (ਗ਼ਦਰ) ਤੋਂ ਬਾਅਦ 1861 ਦੇ ਇੰਡੀਅਨ ਕੌਂਸ਼ਲਜ ਐਕਟ ਰਾਹੀਂ ਪਾਰਲੀਮਾਨੀ ਧੋਖੇ ਦੀ ਖੇਡ ਰਾਹੀਂ ਆਪਣੇ ਵਹਿਸ਼ੀ ਰਾਜ 'ਤੇ ਜਮਹੂਰੀਅਤ ਦੀ ਪੜਦਾਪੋਸ਼ੀ ਕਰਨੀ ਸ਼ੁਰੂ ਕੀਤੀ ਗਈ। ਇਹ ਅਮਲ ਕਈ ਮੋੜਾਂ ਘੋੜਾਂ ਰਾਹੀਂ ਅੱਗੇ ਵਧਿਆ। ਪਹਿਲੀ ਸੰਸਾਰ ਜੰਗ ਤੋਂ ਬਾਅਦ ਉਹਨਾਂ ਲਈ ਇੱਕ ਨਵਾਂ ਪੰਗਾ ਰੂਸੀ ਮਜ਼ਦੂਰ ਜਮਾਤ ਦੀ ਅਗਵਾਈ ਹੇਠ ਹੋਏ ਸਫ਼ਲ ਅਕਤੂਬਰ ਇਨਕਲਾਬ ਨੇ ਖੜ੍ਹਾ ਕਰ ਦਿੱਤਾ। ਇਹ ਇਨਕਲਾਬ ਲਹਿਰਾਂ ਦੇ ਕੇਂਦਰ ਵਜੋਂ ਖਾਸ ਕਰਕੇ ਭਾਰਤ ਵਰਗੇ ਏਸ਼ੀਆ, ਅਫਰੀਕਾ ਤੇ ਲਾਤੀਨੀ ਅਮਰੀਕਾ ਦੇ ਦੱਬੇ ਕੁਚਲੇ ਮੁਲਕਾਂ 'ਚ ਬਸਤੀਵਾਦੀ ਰਾਜ ਵਿਰੁੱਧ ਉੱਠ ਰਹੇ ਕੌਮੀ ਮੁਕਤੀ ਦੇ ਘੋਲਾਂ ਨੂੰ ਸਿਆਸਤ ਤੇ ਤਾਕਤ ਪ੍ਰਦਾਨ ਕਰ ਰਿਹਾ ਸੀ। ਅੰਗਰੇਜ਼ਾਂ ਨੇ ਜਦੋਂ 1917 'ਚ ਮਾਟੇਂਗ ਚੈਮਸ ਫੋਰਡ ਸੁਧਾਰ ਲਿਆਂਦਾ ਸੀ, ਉਸ ਰਾਹੀ ਉੱਠ ਰਹੇ ਘੋਲਾਂ 'ਚ ਸੰਨ

ਲਾਉਣਾ ਤੇ ਘੋਲ ਦੇ ਗਦਾਰਾ ਨੂੰ ਆਪਣੀ ਬੁੱਕਲ ’ਚ ਲੈਣਾ ਸੀ। ਉਨਾਂ ਨੂੰ ਤਰਾ ਤਰਾ ਦੀਆਂ ਰਿਆਇਤਾ ਤੇ ਬਖਸਸਾਂ ਦੇਣਾ ਤੇ ਆਪਣੇ ਪਿਠੂ ਬਨਾਉਣਾ ਸੀ। ਪਰ ਜਦੋਂ 1917 ਦੇ ਅਕਤੂਬਰ ਇਨਕਲਾਬ ਦੀ ਜਿੱਤ ਤੋਂ ਬਾਅਦ ਦੇ ਸਮੇਂ ’ਚ ਕੌਮੀ ਮੁਕਤੀ ਲਹਿਰ ਦੀ ਜਾਗ ਭਾਰਤ ਅੰਦਰ ਵੀ ਹੋਰ ਵਧੇਰੇ ਤੇਜ਼ ਹੋ ਗਈ ਤਾਂ ਅੰਗਰੇਜ਼ੀ ਹਾਕਮਾਂ ਨੇ ਇਸ ਨੂੰ ਦਬਾਉਣ ਕੁਚਲਣ ਲਈ ਹਕੂਮਤੀ ਮਸ਼ੀਨਰੀ ਦੇ ਜਬਰ ਦੇ ਨਾਲੋਂ ਨਾਲ ਪਾਰਲੀਮਾਨੀ ਧੋਖੇ ਦੀ ਖੇਡ ਨੂੰ ਵੀ ਹੋਰ ਵਧੇਰੇ ਜੋਰ ਨਾਲ ਵਰਤਣਾ ਸ਼ੁਰੂ ਕਰ ਦਿੱਤਾ ਗਿਆ। ਅੰਗਰੇਜ਼ਾਂ ਦੀ ਚਾਕਰੀ ਕਰ ਰਹੀਆਂ ਤਾਕਤਾਂ ਦੇ ਇੱਕ ਮਹੱਤਵਪੂਰਨ ਹਿੱਸੇ ਨੇ ਜਮਹੂਰੀਅਤ ਤੇ ਅਮਨ ਅਮਾਨ ਰੱਖਣ ਦੀ ਬੂ ਦੁਹਾਈ ਪਾਉਂਦੇ ਹੋਏ ਘੋਲਾਂ ’ਤੇ ਠੰਡਾ ਛਿੜਕਨ ਤੇ ਅੰਗਰੇਜ਼ ਹਾਕਮਾਂ ਨੂੰ ਲੁੱਟ ਤੇ ਜਬਰ ਕਰਨ ਦੀ ਖੁੱਲ ਦੇਣ ਵਾਲੀ ਜਮਹੂਰੀਅਤ ਦੀ ਚਾਕਰੀ ਕੀਤੀ।

ਜਿਵੇਂ 1921 ’ਚ ਮਾਪੋਲਿਆ ’ਚ ਟਰਾਵਨ ਕੋਰ ਵਿਖੇ ਉਠੀ ਕਿਸਾਨ ਬਗਾਵਤ ਦੀ ਗਾਂਧੀ ਨੇ ਸਾਂਤੀ ਤੇ ਅਮਨ ਦਾ ਰੌਲਾ ਪਾਉਂਦੇ ਹੋਏ ਨਿਖੇਧੀ ਕੀਤੀ। 1921 ’ਚ ਗਾਂਧੀ ਨੇ ਨਾ ਫੁਰਮਾਨੀ ਲਹਿਰ ਨੂੰ ਵਾਪਸ ਲੈ ਲਿਆ। ਜਦੋਂ ਯੂ. ਪੀ. ਦੇ ਕਿਸਾਨਾਂ ਵੱਲੋਂ ਚੌਰਾ ਚੌਰੀ (1922) ਦੇ ਸਥਾਨ ’ਤੇ ਗੋਲੀ ਚਲਾ ਰਹੇ ਪੁਲਸੀਆਂ ਨੂੰ ਥਾਣੇ ਅੰਦਰ ਵਾਪਸ ਧੱਕ ਦਿੱਤਾ ਗਿਆ ਤੇ ਥਾਣੇ ਨੂੰ ਅੱਗ ਲਾ ਦਿੱਤੀ ਸੀ ਤਾਂ ਗਾਂਧੀ ਨੇ ਇਸ ਦੀ ਵੀ ਨਿਖੇਧੀ ਕੀਤੀ। ਜਦੋਂ ਮੁਲਕ ਭਰ ’ਚ ਇਸ ਕਿਸਮ ਦੀਆਂ ਬਗਾਵਤਾਂ ਤੇ ਵਿਰੋਧ (ਖਾਸ ਕਰਕੇ ਕਿਸਾਨ ਵਿਦਰੋਹ) ਆਦਿ ਉਠ ਰਹੇ ਸਨ ਤੇ ਇਹ ਅੰਗਰੇਜ਼ੀ ਰਾਜ ਤੇ ਇਸ ਦੀ ਹਕੂਮਤੀ ਮਸ਼ੀਨਰੀ ’ਤੇ ਭਰਵੀਂ ਸੱਟ ਮਾਰ ਰਹੇ ਸਨ ਤਾਂ ਗਾਂਧੀ ਤੇ ਇਸ ਵਰਗੇ ਹੋਰ ਅੰਗਰੇਜ਼ ਭਗਤ ਆਪਣੇ ਵਿਰੋਧ ਰਾਹੀਂ ਜੋ ਥੋੜੀ ਮੋਟੀ ਸੱਟ ਅੰਗਰੇਜ਼ੀ ਰਾਜ ’ਤੇ ਮਾਰ ਰਹੇ ਸਨ, ਉਸ ਨੂੰ ਵੀ ਵਾਪਸ ਲੈਣਾ ਸ਼ੁਰੂ ਕਰ ਦਿੱਤਾ ਗਿਆ। ਉਲਟਾ ਪੁਰਅਮਨ ਤੇ ਵੋਟਾਂ ਰਾਹੀਂ ਤਬਦੀਲੀ ਕਰਨ ਦੀ ਸੁਰ ਨੂੰ ਉਚਾ ਚੱਕਿਆ ਗਿਆ।

1920ਵਿਆਂ ਦੇ ਅਖੀਰ ’ਚ ਅੰਗਰੇਜ਼ ਹਾਕਮਾਂ ਵੱਲੋਂ ਉੱਠ ਰਹੇ ਲੋਕ ਰੋਹ ਨੂੰ ਕੁਚਲਣ ਲਈ ਬਲ ਤੇ ਛਲ ਦੀ ਨੀਤੀ ਦਾ ਸੁਮੇਲ ਕਰਨ ’ਤੇ ਹੋਰ ਵਧੇਰੇ ਜੋਰ ਦਿੰਦੇ ਹੋਏ ਆਪਣੀਆਂ ਪਿੱਠੂ ਜਮਾਤਾਂ ਨਾਲ ਸਾਂਝ ਨੂੰ ਪੱਕੀ ਕਰਨ ਤੇ ਉਸ ’ਤੇ ਜਮਹੂਰੀਅਤ ਦਾ ਫੱਟਾ ਲਾਉਣ ਦੇ ਅਮਲ ਨੂੰ ਹੋਰ ਵਧੇਰੇ ਤੇਜ ਕਰ ਦਿੱਤਾ ਗਿਆ। 1930 ’ਚ ਕਾਂਗਰਸ ਵੱਲੋਂ ਗਾਂਧੀ ਦੀ ਅਗਵਾਈ ਹੇਠ ਅੰਗਰੇਜ਼ਾਂ ਵਿਰੁਧ ਸਿਵਲ ਨਾਂ ਫੁਰਮਾਨੀ ਦੀ ਲਹਿਰ ਅੱਗੇ ਵਧਦੀ ਆ ਰਹੀ ਸੀ। ਅੰਗਰੇਜ਼ਾਂ ਨੇ ਇਸ ਨੂੰ ਰੋਕਣ ਲਈ ਤਰਾ ਤਰਾ ਦੇ ਤਰੀਕੇ ਵਰਤੇ। ਇਸ ’ਚੋਂ 12 ਨਵੰਬਰ 1930 ਨੂੰ ਲੰਦਨ ਵਿਖੇ ਪਹਿਲੀ ਗੋਲ ਮੇਜ ਕਾਨਵਰੰਸ ਸੱਦੀ ਗਈ ਜਿਸ ’ਚ ਬਹੁਤ ਸਾਰੇ ਰਾਜਿਆਂ, ਨਵਾਬਾਂ, ਮੁਸਲਮ ਲੀਗ ਤੇ ਹਿੰਦੂ ਮਹਾਂ ਸਭਾ ਵਰਗੀਆਂ ਫਿਰਕੂ ਜਥੇਬੰਦੀਆਂ ਅਤੇ ਲਿਬਰਲ ਫੈਡਰੇਸ਼ਨ, ਬੀ. ਆਰ ਅੰਬੇਦਕਰ ਵੱਲੋਂ ਸਥਾਪਤ ਕੀਤੀ ਡੀਪ੍ਰੈਸਡ ਕਲਾਸਿਜ ਲੀਗ (ਦਬਾਈਆ ਜਮਾਤਾਂ) ਨੇ ਸਮੂਲੀਅਤ ਕਰਕੇ ਅੰਗਰੇਜ਼ਾਂ ਨਾਲ ਸਮਝੌਤਾ ਕਰ ਲਿਆ। ਕਾਂਗਰਸ ਇਸ ’ਚ ਸ਼ਾਮਲ ਨਹੀਂ ਹੋਈ ਜੋ ਸਿਵਲ ਨਾ ਫੁਰਮਾਨੀ ਨੂੰ ਚਲਾ ਰਹੀ ਸੀ। ਇਸ ਤੋਂ ਬਾਅਦ 5 ਮਾਰਚ 1931 ਨੂੰ ਗਾਂਧੀ ਇਰਵਨ ਸਮਝੌਤਾ ਹੋਇਆ। ਕਾਂਗਰਸ ਨੇ ਇਸ ਸਮਝੌਤੇ ਤਹਿਤ ਸਿਵਲ ਨਾ ਫੁਰਮਾਨੀ ਨੂੰ ਵਾਪਸ ਲੈ ਲਿਆ। ਇਹ ਸਮਝੌਤਾ ਗਿਣੀ ਮਿਥੀ ਸਾਜਸ਼ ਤਹਿਤ ਸ਼ਹੀਦ ਭਗਤ ਸਿੰਘ ਨੂੰ 23 ਮਾਰਚ 1931 ਨੂੰ ਫਾਂਸੀ ਲੱਗਣ ਤੋਂ 18 ਦਿਨ ਪਹਿਲਾਂ ਕੀਤਾ ਗਿਆ। 23 ਮਾਰਚ ਦੇ ਸ਼ਹੀਦ ਤੇ ਹੋਰ ਦੇਸ਼ ਭਗਤ ਜਿਨਾਨੇ ਅੰਗਰੇਜ਼ੀ ਰਾਜ ਤੇ ਵਦਾਨੀ ਸੱਟ ਮਾਰੀ ਸੀ, ਨੂੰ ਇਸ ਸਮਝੌਤੇ ਰਾਹੀਂ ਸਜਾ ਦੇ ਹੱਕਦਾਰ ਘੋਸ਼ਿਤ ਕੀਤਾ ਗਿਆ ਤੇ ਸ਼ਾਂਤੀਵਾਦੀਆਂ ਨੂੰ ਰਿਹਾ ਕਰਾਇਆ ਗਿਆ। ਇਸ ਗਦਾਰੀ ਭਰੇ ਸਮਝੌਤੇ ਦਾ ਦੇਸ਼ ਭਰ ’ਚ ਵਿਰੋਧ ਹੋਇਆ ਸੀ। ਇਸ ਤਰ੍ਹਾਂ ਗਾਂਧੀ ਤੇ ਕਾਂਗਰਸ ਦੀ ਮੁੱਖ ਲੀਡਰਸ਼ਿਪ ਅਤੇ ਹੋਰ ਮੌਕਾਪ੍ਰਸਤਾਂ ਨੇ ਅੰਗਰੇਜੀ ਰਾਜ ਤੇ ਇਸ ਦੀ ਜਾਬਰ ਹਕੂਮਤੀ ਮਸ਼ੀਨਰੀ ਨੂੰ ਬਚਾਉਣ ਲਈ ਲੁਟੇਰਿਆਂ ਦੀ ਜਮਹੂਰੀਅਤ ਨੂੰ ਲੋਕਾਂ ਦੀ ਬਣਾ ਕੇ ਪੇਸ਼ ਕਰਨ ਲਈ ਪੂਰਾ ਤਾਣ ਲਾਇਆ।

ਇਹਨਾਂ ਵੱਲੋਂ ਸਵਰਾਜ ਦੇ ਅਰਥਾਂ ਦੇ ਅਨਰਥ ਕੀਤੇ ਗਏ। ਕਦੇ ਇਸ ਨੂੰ ਡੁਮੀਨੀਅਨ ਸਟੇਟਸ ਵਜੋਂ ਪੇਸ਼ ਕੀਤਾ ਗਿਆ, ਕਦੇ ਬਸਤੀਵਾਦੀ ਰਾਜ ਅੰਦਰ ਹੋਮ ਰੂਲ (ਘਰੇਲੂ ਰਾਜ) ਦਾ ਨਾਂ ਦਿੱਤਾ ਗਿਆ, ਕਦੇ ਅੰਗਰੇਜ਼ੀ ਰਾਜ ਨੂੰ ਸਲਾਮਤ ਰੱਖਦਿਆਂ ਚੋਣਾਂ ਰਾਹੀਂ ਪੂਰਨ ਸਵਰਾਜ ਦੀ ਪ੍ਰਾਪਤੀ ਦਾ ਨਾਂ ਦਿੱਤਾ ਗਿਆ। ਕੁੱਲ ਮਿਲਾਕੇ ਕਾਂਗਰਸ, ਗਾਂਧੀ ਤੇ ਹੋਰ ਅਜਿਹੀਆਂ ਤਾਕਤਾਂ ਨੇ ਅੰਗਰੇਜ਼ ਹਾਕਮਾਂ ਨੂੰ ਇਹ ਸਪਸ਼ਟ ਕਰ ਦਿੱਤਾ ਕਿ ਉਨਾਂ ਦੇ ਬਸਤੀਵਾਦੀ ਰਾਜ ਪ੍ਰਬੰਧ ਤੇ ਇਸਦੀ ਹਕੂਮਤੀ ਮਸ਼ੀਨਰੀ ’ਚ ਕਿਸੇ ਵੀ ਕਿਸਮ ਦੀ ਬੁਨਿਆਦੀ ਤਬਦੀਲੀ ਕਰੇ ਬਿਨਾਂ ਲਾਰਡ ਇਰਵਨ ਦੀ ਥਾਂ ’ਤੇ ਜਵਾਹਰ ਲਾਲ ਨਹਿਰੂ ਦੇ ਬੈਠਣ ਨਾਲ ਮਸਲਾ ਹੱਲ ਹੋ ਸਕਦਾ ਹੈ। 1947 ਦੀ ਅਖੌਤੀ ਅਜ਼ਾਦੀ ਤੋਂ ਪਹਿਲਾਂ ਵਾਇਸਰਾਏ ਦੇ ਦੂਜੇ ਨੰਬਰ ਦੇ ਪਦ ਉਪਰ ਚੋਣਾਂ ਰਾਹੀ 24 ਅਗਸਤ 1946 ਨੂੰ ਮੀਤ ਪ੍ਰਧਾਨ ਵਜੋਂ ਸਥਾਪਤ ਸੀ। ਅਜ਼ਾਦੀ ਦੇ ਨਾਂ ਹੇਠ ਸਵਰਾਜ ਦੇ ਰਚੇ ਇਸ ਫਰਾਡ ’ਚ ਉਸ ਸਮੇਂ ਦੀ ਸੀ. ਪੀ. ਆਈ. ਦੀ ਲੀਡਰਸ਼ਿਪ ਵੀ ਸ਼ਾਮਲ ਸੀ ਜੋ ਕਾਂਗਰਸ ਨੂੰ ਅਗਾਂਹ ਵਧੂ ਸਮਝਦੀ ਸੀ।

**1947 ਦੀ ਸਤਾ ਬਦਲੀ ਤੇ ਨਵੇਂ ਸੰਵਿਧਾਨ ਬਾਰੇ** : ਜਦੋਂ 1947 ’ਚ ਸਤਾ ਬਦਲੀ ਹੋਈ ਤਾਂ ਇਸ ਨੂੰ ਅਜ਼ਾਦੀ ਤੇ ਜਮਹੂਰੀਅਤ ਦਾ ਨਾਂ ਦਿੱਤਾ ਗਿਆ। ਇਹ ਤਬਦੀਲੀ ਭਾਵੇਂ ਇਕ ਬਹੁਤ ਵੱਡੀ ਤਬਦੀਲੀ ਸੀ, ਜਿਸ ਰਾਹੀਂ ਨੰਗੇ ਚਿੱਟੇ ਤੌਰ ਤੇ ਚੱਲ ਰਹੇ ਅੰਗਰੇਜ਼ੀ ਬਸਤੀਵਾਦੀ ਰਾਜ ਦਾ ਖਾਤਮਾ ਹੋ ਗਿਆ। ਪਰ ਇਹ ਤਬਦੀਲੀ ਅੰਗਰੇਜ਼ੀ ਹਾਕਮਾਂ ਦੇ ਪਿੱਠੂ ਭਾਰਤੀ ਵੱਡੇ ਦਲਾਲ ਸਰਮਾਏਦਾਰਾਂ ਤੇ ਵੱਡੇ ਭੋਇਮਾਲਕਾਂ ਦੀ ਅੰਗਰੇਜ਼ੀ ਹਕੂਮਤ ਨਾਲ ਚੱਲਦੀ ਆ ਰਹੀ ਮਿਲੀਭੁਗਤ ਰਾਹੀਂ ਤੇ ਇੱਕ ਫਰੇਬੀ ਸਮਝੌਤੇ ਰਾਹੀਂ ਤੇ ਭਾਰਤੀ ਲੋਕਾਂ ਨੂੰ ਆਜ਼ਾਦੀ ਦੇ ਨਾਂ ਹੇਠ ਧੋਖਾ ਦੇਣ ਰਾਹੀਂ ਹੋਂਦ ’ਚ ਆਈ ਸੀ। ਅੰਗਰੇਜ਼ੀ ਹਾਕਮ ਪਰਦੇ ਪਿੱਛੇ ਹੋ ਗਏ ਤੇ ਸਤਾ ਕਾਲੇ ਅੰਗਰੇਜ਼ਾਂ ਨੂੰ ਸੌਂਪ ਦਿੱਤੀ ਗਈ। ਵੱਡੀ ਜਾਇਦਾਦ ਦੀਆਂ ਮਾਲਕ ਜਮਾਤਾਂ ਦੀ ਪ੍ਰਤੀਨਿਧਤਾ ਤਹਿਤ ਚੁਣੀ ਹੋਈ ਸਭਾ ਨੂੰ ਹੀ ਸੰਵਿਧਾਨ ਸਭਾ ਦਾ ਦਰਜਾ ਦੇ ਦਿੱਤਾ ਗਿਆ। ਇਸ ਸੰਵਿਧਾਨ ਸਭਾ ਨੇ 1935 ਦੇ ਕਾਨੂੰਨ ’ਚ ਕੁੱਝ ਸੁਧਾਰ ਕਰਕੇ ਭਾਰਤ ਦਾ ਸੰਵਿਧਾਨ ਘੜਿਆ ਜੋ ਵੱਡੇ ਜਾਇਦਾਦ ਮਾਲਕਾਂ ਤੇ ਉਹਨਾਂ ਦੇ ਮਾਲਕ ਵਿਦੇਸ਼ੀ ਲੁਟੇਰਿਆਂ ਦੀ ਤਰਜਮਾਨੀ ਕਰਦਾ ਆ ਰਿਹਾ ਹੈ। ਇਸ ’ਚ ਜਾਇਦਾਦ ਮਾਲਕੀ ਦੇ ਅਧਿਕਾਰ ਨੂੰ ਸੁਰੱਖਿਅਤ ਕੀਤਾ ਗਿਆ। ਪਰ ਜਾਇਦਾਦ ਤੋਂ ਵਾਂਝੇ ਮਜਦੂਰਾਂ, ਕਿਸਾਨਾਂ ਤੇ ਹੋਰ ਮੇਹਨਤਕਸ਼ਾ ਤੇ ਹੋਰ ਬਹੁਤ ਹੀ ਸੀਮਤ ਸਾਧਨ ਦੇ ਮਾਲਕ ਲੋਕਾਂ ਦੇ ਰੁਜਗਾਰ ਤੇ ਜਮੀਨ ’ਤੇ ਗੁਜਾਰੇ ਲਈ ਨਿਰਭਰ ਲੋਕਾਂ ਨੂੰ ਜਮੀਨ ਮੁਹੱਈਆਂ ਕਰਨ ਅਤੇ ਜਮੀਨ ਦੀ ਕਾਣੀ ਵੰਡ ਦੂਰ ਕਰਨ ਦੀ ਕੋਈ ਗਰੰਟੀ ਨਹੀਂ ਕੀਤੀ ਗਈ। ਸੰਵਿਧਾਨ ਦੀ ਲੋਕ ਪੱਖੀ ਦਿੱਖ ਬਨਾਉਣ ਲਈ ਆਮ ਰੂਪ ’ਚ ਨਿਰਦੇਸ਼ਕ ਸਿਧਾਤਾਂ ਵੱਲੋਂ ਸਾਮਰਾਜ ਦਾ ਵਿਰੋਧ, ਜਗੀਰਦਾਰੀ ਦਾ ਖਾਤਮਾ, ਬਰਾਬਰਤਾ ਤੇ ਜਮਹੂਰੀਅਤ ਦੀ ਕਾਇਮੀ ਆਦਿਕ ਗੱਲਾਂ ਨੂੰ ਦਰਜ ਕਰ ਲਿਆ ਗਿਆ।

ਕਾਂਗਰਸ ਦੇ ਮੇਰਟ ਸੈਸ਼ਨ ’ਚ 1946 ’ਚ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ ਕਿ “ਜਦੋਂ ਅਸੀਂ ਆਜ਼ਾਦੀ ਪ੍ਰਾਪਤ ਕਰ ਲਵਾਂਗੇ ਤਾਂ ਅਸੀਂ ਇੱਕ ਹੋਰ ਵਿਧਾਨ ਘੜਨੀ ਅਸੰਬਲੀ ਬਣਾਵਾਂਗੇ ਜੋ ਬਾਲਗ ਵੋਟ ’ਤੇ ਅਧਾਰਤ ਹੋਵੇਗੀ।” ਪਰ ਇਹ ਨਿਰਾ ਫਰੇਬ ਸੀ। ਜਿਵੇਂ ਉਪਰ ਸਪਸ਼ਟ ਕੀਤਾ ਕਿ ਨਵਾਂ ਸੰਵਿਧਨ 1935 ਦੇ ਕਾਨੂੰਨ ਅਧੀਨ ਹੀ ਬਣਿਆ ਜਿਸ ਬਾਰੇ ਮਾਈਕਲ ਵਰੀਚਰ ਜਿਸ ਨੇ ਨਹਿਰੂ ਦੀ ਜੀਵਨੀ ਲਿਖੀ, ਨੇ ਕਿਹਾ ਕਿ “ਭਾਰਤੀ ਨਵੇਂ ਸੰਵਿਧਾਨ ਦਾ ਇਕ ਸਿਰਕੱਢ ਚਿੰਨ ਇਸਦਾ ਬਰਤਾਨਵੀ ਅਮਲ ਦੇ ਅਨੁਸਾਰੀ ਹੋਣਾ ਹੈ, ਅੰਦਾਜੇ ਮੁਤਾਬਿਕ ਇਸ ਦੀਆਂ 250 ਧਾਰਾਵਾਂ (ਆਰਟੀਕਲ) 1935 ਦੇ ਗੌਰਮਿੰਟ ਆਫ਼ ਇੰਡੀਆਂ ਦੇ ਐਕਟ ਦੀਆਂ ਧਾਰਾਵਾਂ ਦੀਆਂ ਮਮੂਲੀ ਸੋਧਾਂ ਕਰਕੇ ਜਾ ਹੂ-ਬ-ਹੂ ਰੂਪ ’ਚ ਹੀ ਲੈ ਲਈਆਂ ਹਨ।”

ਐਲਨ ਕੈਪ ’ਚ ਜੌਹਨਸਨ ਨੇ ਮਾਊਂਟ ਬੈਟਨ ਨਾਲ ਆਪਣੀ ਯਾਤਰਾ ਦੌਰਾਨ ਇਸੇ ਤਰਾ ਦੇ ਪ੍ਰਗਟਾਵੇ ਕੀਤੇ। ਭਾਰਤੀ ਸਰਮਾਏਦਾਰੀ ਦੇ ਇੱਕ ਉਚ ਕੋਟੀ ਦੇ ਨੁਮਾਇੰਦੇ ਜੀ. ਡੀ ਬਿਰਲਾ ਤੇ ਉਸ ਦੇ ਇੱਕ ਸਲਾਹਕਾਰ ਨੇ ਬਹੁਤ ਹੀ ਮਾਣ ਨਾਲ ਇਹ ਦਾਅਵਾ ਕੀਤਾ ਕਿ ਅਸੀਂ ਅੰਤਮ ਤੌਰ ’ਤੇ ਪਾਸ ਕੀਤੇ ਸੰਵਿਧਾਨ ’ਚ 1935 ਦੇ ਐਕਟ ਦੇ ਵੱਡੇ ਹਿੱਸਿਆਂ ਨੂੰ ਸ਼ਾਮਲ ਕਰ ਲਿਆ ਹੈ, ਜਿਸ ਦੀ ਬਣਤਰ ਅਸੀਂ ਆਪ ਤਿਆਰ ਕੀਤੀ। ਇਹ ਗੱਲ ਸਾਬਤ ਕਰਦੀ ਹੈ 1935 ਦੇ ਐਕਟ ਤਹਿਤ ਭਾਰਤੀ ਲੋਕਾਂ ਦੀ ਗੁਲਾਮੀ ਦੇ ਦਸਤਾਵੇਜ ਵਜ਼ੋਂ ਪਹਿਲਾਂ 1935 ’ਚ ਤਹਿ ਕੀਤੇ ਸੰਵਿਧਾਨ ’ਚ ਕੁੱਝ ਸੋਧਾਂ ਤੇ ਸੁਧਾਰ ਕਰਕੇ 1947 ਦੀ ਸਤਾ ਬਦਲੀ ਤੋਂ ਬਾਅਦ 1950 ’ਚ ਜਾਰੀ ਕੀਤਾ ਗਿਆ।

ਇਸ ਤਰ੍ਹਾਂ ਇਹ ਸਪਸ਼ਟ ਹੈ ਕਿ 1950 ’ਚ ਜੋ “ਸਭ ਤੋਂ ਵੱਡਾ ਲੋਕ ਤੰਤਰ” ਤੇ “ਸਭ ਤੋਂ ਵੱਡਾ ਸੰਵਿਧਾਨ” ਹੋਂਦ ’ਚ ਆਇਆ, ਉਹ ਭਾਰਤ ਦੇ ਵਿਸ਼ਾਲ ਮਜਦੂਰਾਂ, ਕਿਸਾਨਾਂ ਸਮੇਤ ਹੋਰ ਮੇਹਨਤਕਸ਼ ਲੋਕਾਂ ਦੇ ਹਿੱਤਾਂ ਦੀ ਨੁਮਾਇੰਦਗੀ ਨਹੀਂ ਕਰਦਾ ਸੀ। ਸਗੋਂ ਉਹ ਵਿਦੇਸ਼ੀ ਤੇ ਦੇਸੀ ਲੁਟੇਰਿਆਂ ਦੇ ਹਿੱਤਾਂ ਦੇ ਉਸੇ ਤਰਾ ਅਨੁਸਾਰੀ ਸੀ ਜਿਵੇਂ ਪਹਿਲਾਂ ਅੰਗਰੇਜ਼ੀ ਰਾਜ ਸਮੇਂ ਸੀ। ਇਸ ਸੰਵਿਧਾਨ ਦੇ ਅਧਾਰ ’ਤੇ ਲੋਕ ਰਾਜ ਦੇ ਨਾਂ ਹੇਠ ਅੰਗਰੇਜ਼ੀ ਰਾਜ ਸਮੇਂ ਸਥਾਪਤ ਕੀਤੀਆਂ ਰਾਜਕੀ ਸੰਸਥਾਵਾਂ ਨੂੰ ਨਵੀਂ ਸ਼ਕਲ ’ਚ ਜਾਰੀ ਰੱਖਦੇ ਹੋਏ ਵਿਧਾਨ ਪਾਲਿਕਾ, ਕਾਰਜ ਪਾਲਕਾ ਤੇ ਨਿਆਂਪਾਲਿਕਾ ਦੀ ਸਥਾਪਤੀ ਕੀਤੀ ਗਈ ਅਤੇ ਵਿਧਾਨ ਪਾਲਿਕਾ ਦੀ ਚੋਣ ਕਰਨ ਲਈ ਧੋਖੇ ਭਰੀ ਵੋਟ ਪ੍ਰਣਾਲੀ ਸਥਾਪਤ ਕੀਤੀ ਗਈ। ਪਾਰਲੀਮਾਨੀ ਪ੍ਰਬੰਧ ਤੇ ਰਾਜਕੀ ਸੰਸਥਾਵਾਂ ਭਾਰਤ ਅੰਦਰ ਅਗਰੇਜ਼ੀ ਰਾਜ ਦੇ ਸਮੇਂ ਤੋਂ ਲੈ ਕੇ 1947 ’ਚ ਹੋਈ ਸਤਾ ਤਬਦੀਲੀ ਤੱਕ ਅਖੌਤੀ ਜਮਹੂਰੀਅਤ ਤਹਿਤ ਪਾਰਲੀਮਾਨੀ ਪ੍ਰਬੰਧ (ਸਮੇਤ ਸੰਵਿਧਾਨ ਤੇ ਕਾਨੂੰਨੀ ਪ੍ਰਬੰਧ) ਅਤੇ ਜਾਬਰ ਹਕੂਮਤੀ ਮਸ਼ਨਰੀ ਦੇ ਆਪਸੀ ਸਬੰਧ ਨਾਲ ਜੋੜਕੇ ਕੀਤੀ ਉਪਰੋਕਤ ਚਰਚਾ ਇਹ ਸਪਸ਼ਟ ਕਰਦੀ ਹੈ ਕਿ ਅਸਲ ਰੂਪ ’ਚ ਹਾਕਮਾਂ ਦੇ ਲੁੱਟ ਤੇ ਮੁਨਾਫ਼ੇ ਦੇ ਰਾਜ ਦੀ ਰੱਖਿਆ ਕਰਨ ਤੇ ਇਸਦੇ ਵਧਾਰੇ ਲਈ ਖੜੀ ਕੀਤੀ ਹਕੂਮਤੀ ਮਸ਼ੀਨਰੀ (ਕਾਰਜ ਪਾਲਿਕਾਂ ਤੇ ਨਿਆਂ ਪਾਲਿਕਾ) ਹੀ ਹੈ ਜੋ ਇਸ ਰਾਜ ਨੂੰ ਚਲਾਉਂਦੀ ਹੈ ਤੇ ਲੋਕਾਂ ਨੂੰ ਦਬਾਉਂਦੀ ਕੁਚਲਦੀ ਹੈ। ਇਸ ਮਸ਼ੀਨਰੀ ਦੀਆਂ ਇਹ ਦੋਵੇਂ ਸੰਸਥਾਵਾਂ ਹਨ ਜੋ ਪੱਕੇ ਤੌਰ ਤੇ ਸਥਾਪਤ ਰਹਿੰਦੀਆਂ ਹਨ ਤੇ ਮਜਬੂਤ ਕੀਤੀਆਂ ਜਾਂਦੀਆਂ ਹਨ (ਜਿਵੇਂ ਪਹਿਲਾਂ ਅੰਗਰੇਜ਼ੀ ਰਾਜ ਸਮੇਂ ਤੇ ਬਾਅਦ ’ਚ ਹੁਣ ਤੱਕ ਦੇ ਭਾਰਤੀ ਰਾਜ ’ਚ)। ਹਾਕਮਾਂ ਲਈ ਇਨਾ ਸੰਸਥਾਵਾਂ ਦੀਆਂ ਚੋਣਾਂ ਕਰਾਉਣ ਦਾ ਕੋਈ ਸਵਾਲ ਨਹੀਂ ਹੁੰਦਾ। ਇਸ ਕਰਕੇ ਹਾਕਮਾਂ ਦੀ ਲੋਕਾਂ ਨੂੰ ਲੁੱਟਣ ਤੇ ਕੁੱਟਣ ਵਾਲੀ ਇਹ ਪੱਕੀ ਸਰਕਾਰ ਹੈ। ਇਸ ਤੋਂ ਅੱਗੇ ਲੋਕਾਂ ਨਾਲ ਛਲ ਦੀ ਖੇਡ ਖੇਡਣ ਵਾਲੀ ਵਿਧਾਨ ਪਾਲਿਕਾ ਹੈ ਜੋ ਜਮਹੂਰੀਅਤ ਦੇ ਨਾਂ ’ਤੇ ਲੋਟੂ ਤੇ ਜਾਬਰ ਰਾਜ ’ਤੇ ਪੜਦਾ ਪਾਉਂਦੀ ਹੈ। ਇਸ ’ਚ ਪਾਰਲੀਮੈਂਟ ਦੇ ਦੋਵੇਂ ਸਦਨ, ਰਾਜਾਂ ਦੀਆਂ ਵਿਧਾਨ ਸਭਾਵਾਂ, ਜਿਲਾਂ ਪ੍ਰੀਸਦਾ, ਬਲਾਕ ਪ੍ਰੀਸ਼ਦਾ, ਮਿਉਂਸਪਲਟੀਆਂ ਤੇ ਪੰਚਾਇਤਾਂ ਆਦਿ ਸ਼ਾਮਲ ਹਨ। ਇਨਾ ਸੰਸਥਾਵਾਂ ਨੂੰ ਹਾਕਮ ਜਮਾਤਾਂ ਆਪਣੀ ਲੋੜ ਤੇ ਸਹੂਲਤ ਮੁਤਾਬਿਕ ਭੰਗ ਵੀ ਕਰ ਦਿੰਦੀਆਂ ਹਨ। ਲੋਕਾਂ ’ਤੇ ਜਮਹੂਰੀਅਤ ਦੇ ਨਾਂ ’ਤੇ ਜਾਬੂਰ ਹਕੂਮਤੀ ਮਸ਼ੀਨਰੀ ਰਾਹੀਂ ਚੱਲ ਰਹੀ ਤਾਨਾਸ਼ਾਹੀ ਨੂੰ ਨੰਗੇ ਚਿੱਟੇ ਤੌਰ ’ਤੇ ਮੜ ਦਿੰਦੀਆਂ ਹਨ। ਪਰ ਹਾਕਮ ਇਸ ਚੋਣ ਧੋਖੇ ਦੀ ਖੇਡ ਨੂੰ ਵਰਤਣ ’ਤੇ ਬਾਰ ਬਾਰ ਜੋਰ ਦਿੰਦੇ ਹਨ ਤਾਂ ਕਿ ਉਹਨਾਂ ਵੱਲੋਂ ਜਾਬਰ ਹਥਿਆਰਬੰਦ ਧਾੜਾਂ ਰਾਹੀਂ ਕੀਤੇ ਜਾ ਰਹੇ ਰਾਜ ’ਤੇ ਜਮਹੂਰੀਅਤ ਦਾ ਪੜਦਾ ਪਿਆ ਰਹੇ। ਭਾਰਤ ਅੰਦਰ ਪੰਜ ਸਾਲਾਂ ਜਾਂ ਵੱਧ ਘੱਟ ਸਮੇਂ ਬਾਅਦ ਕਰਾਈਆਂ ਜਾਂਦੀਆਂ ਚੋਣਾਂ ਰਾਹੀਂ ਲੋਕਾਂ ਦੇ ਇਸ ਪ੍ਰਬੰਧ ਵਿਰੁੱਧ ਜਮਾਂ ਹੋਏ ਰੋਸ, ਨਫ਼ਰਤ ਤੇ ਗੁੱਸੇ ਨੂੰ ਖਾਰਜ ਕਰਨ ਲਈ ਹਾਕਮ ਇਹ ਧੋਖੇ ਭਰੀ ਖੇਡ ਖੇਡਦੇ ਆ ਰਹੇ ਹਨ। ਮੌਜੂਦਾ ਹਾਲਤਾਂ ’ਚ ਜਦੋਂ ਹੁਣ 16ਵੀਂ ਲੋਕ ਸਭਾ ਦੀਆਂ ਚੋਣਾਂ ਹੋ ਰਹੀਆਂ ਹਨ, ਤਾਂ ਹਾਕਮ ਜਮਾਤਾਂ ਨੂੰ ਇਹ ਚਿੰਤਾ ਵੱਢ-ਵੱਢ ਖਾ ਰਹੀ ਹੈ ਕਿ ਪਿਛਲੇ ਦੋ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਉਹਨਾਂ ਦੇ ਪਾਰਲੀਮਾਨੀ ਪ੍ਰਬੰਧ ਤੇ ਚੋਣ ਧੋਖੇ ਦੀ ਖੇਡ ਲੋਕਾਂ ’ਚ ਬੁਰੀ ਤਰਾ ਬੇਪੜਦ ਹੋ ਚੁੱਕੀ ਹੈ, ਉਹਨਾਂ ਦੀ ਸਿਆਸਤ ਮੌਕਾਪ੍ਰਸਤੀ, ਸਿਧਾਂਤਹੀਣਤਾ ਤੇ ਭ੍ਰਿਸ਼ਟਾਚਾਰ ਤੇ ਫਿਰਕਾ ਪ੍ਰਸਤੀ ’ਚ ਗਰਕ ਚੁੱਕੀ ਹੈ। ਲੋਕਾਂ ਨੂੰ ਭਰਮਾਉਣ ਲਈ ਕੋਈ ਵੀ ਪਾਏਦਾਰ ਬਦਲ ਨਹੀਂ ਬਣ ਰਿਹਾ ਹੈ। ਚੋਣਾਂ ਦੀ ਭਰਮਾਊ ਤੇ ਭਟਕਾਊ ਸਮਰੱਥਾ ਸੁੰਗੜ ਚੁੱਕੀ ਹੈ। ਇਸ ’ਚੋਂ ਉਹਨਾਂ ਵੱਲੋਂ ਆਪਣੀ ਪੱਕੀ ਸਰਕਾਰ (ਹਕੂਮਤੀ ਮਸ਼ੀਨਰੀ) ’ਤੇ ਹੋਰ ਵਧੇਰੇ ਟੇਕ ਰੱਖੀ ਜਾ ਰਹੀ ਹੈ ਤੇ ਇਸ ਨੂੰ ਮਜਬੂਤ ਕੀਤਾ ਜਾ ਰਿਹਾ ਹੈ। ਲੋਕਾਂ ’ਤੇ ਕੀਤੇ ਜਾ ਰਹੇ ਜੁਲਮ ਖਾਸ ਕਰਕੇ ਲੋਕਾਂ ਦੇ ਘੋਲਾਂ ਤੇ ਸੰਘਰਸ਼ਾਂ ਤੇ ਉਠ ਰਹੀਆਂ ਤੇ ਕਬਾਇਲੀ ਆਦਿ ਖੇਤਰਾਂ ’ਚ ਅੱਗੇ ਵੱਧ ਰਹੀਆਂ ਲਹਿਰਾਂ (ਸਮੇਤ ਕੌਮੀਅਤਾਂ) ਨੂੰ ਕਾਲੇ ਕਾਨੂੰਨਾਂ ਤੇ ਫ਼ਾਸ਼ੀ ਜਬਰ ਦੇ ਝੱਖੜ ਰਾਹੀਂ ਦਬਾਉਣ ਕੁਚਲਣ ਨੂੰ ਤੇਜ਼ ਕੀਤਾ ਜਾ ਰਿਹਾ ਹੈ। ਹਕੂਮਤੀ ਮਸ਼ੀਨਰੀ ਨੂੰ ਤਰਾ ਤਰਾ ਦੇ ਹੋਰ ਵਧੇਰੇ ਜਾਬਰ ਤੇ ਕਾਲੇ ਕਾਨੂੰਨਾਂ ਨਾਲ ਲੈਸ ਕੀਤਾ ਜਾ ਰਿਹਾ ਹੈ। ਭਾਰਤੀ ਦੰਡਾਵਲੀ ਦੀ ਧਾਰਾ ਤਹਿਤ ਭਾਰਤੀ ਅਪਰਾਧ ਕਾਨੂੰਨ ਸਮੇਤ ਹੋਰ ਕਾਨੂੰਨਾਂ ਜਿਨ੍ਹਾਂ ਨੂੰ ਅੰਗਰੇਜ਼ਾਂ ਨੇ ਭਾਰਤ ’ਚ ਆਪਣੇ ਰਾਜ ਨੂੰ ਚਲਾਉਣ ਲਈ ਬਨਾਇਆਂ ਸੀ, ਉਹ ਨਾ ਸਿਰਫ਼ ਜਾਰੀ ਹਨ ਸਗੋਂ ਉਹਨਾਂ ਨੂੰ ਸੋਧਾਂ ਰਾਹੀਂ ਹੋਰ ਵੀ ਵਧੇਰੇ ਲੋਕ ਵਿਰੋਧੀ ਬਣਾਇਆ ਗਿਆ ਹੈ। ਇਨਾ ਕਾਨੂੰਨਾਂ ਰਾਹੀਂ ਲੋਕਾਂ ਨੂੰ ਅਪਰਾਧੀ ਤੇ ਮੁਜਰਮ ਕਰਾਰ ਦਿੱਤਾ ਜਾ ਰਿਹਾ ਹੈ ਜਦਕਿ ਲੁਟੇਰੇ ਟੋਲੇ ਤੇ ਇਨ੍ਹਾਂ ਦੀਆਂ ਪਾਰਟੀਆਂ ਜੋ ਤਰ੍ਹਾਂ ਤਰ੍ਹਾਂ ਦੇ ਜੁਰਮਾਂ ਸਮੇਤ ਭਰਿਸ਼ਟਾਚਾਰ ਆਦਿ ਦੇ ਜੁਰਮਾਂ ਤਹਿਤ ਮੁਜਰਮਾਂ ਦੇ ਕਟਿਹਰੇ ’ਚ ਹਨ, ਉਹ ਓੜਕਾਂ ਦੀ ਕੱਠੀ ਕੀਤੀ ਆਪਣੀ ਧਨ ਦੌਲਤ ਦੇ ਜੋਰ ’ਤੇ ਇਨਾ ਹੀ ਕਾਨੂੰਨਾਂ ਦੀਆਂ ਧੱਜੀਆਂ ਉਡਾ ਰਹੇ ਹਨ।

**ਵੋਟਾਂ ਤੇ ਹਕੂਮਤੀ ਮਸ਼ਨਰੀ ਦੇ ਆਪਸੀ ਰਿਸ਼ਤੇ ਬਾਰੇ**: ਉਪਰੋਕਤ ਸਾਰੀ ਵਿਚਾਰਚਰਚਾ ’ਚੋਂ ਸਾਡੇ ਸਾਹਮਣੇ ਇਹ ਅਹਿਮ ਸੁਆਲ ਹੈ ਕਿ ਲੁਟੇਰੇ ਤੇ ਜਾਬਰ ਰਾਜ ਪ੍ਰਬੰਧ ’ਚ ਵੋਟਾ ਤੇ ਹਕੂਮਤੀ ਮਸ਼ੀਨਰੀ ਦਾ ਅਸਲੀ ਰਿਸ਼ਤਾ ਕੀ ਹੈ? ਇਸ ਸਬੰਧੀ ਜਦੋਂ ਅਸੀਂ ਭਾਰਤ (ਸਮੇਤ ਸੰਸਾਰ) ਦੇ ਬੀਤੇ ਦੇ ਸੈਂਕੜੇ ਨਹੀਂ ਦੋ ਹਜ਼ਾਰ ਤੋਂ ਵੀ ਵੱਧ ਸਮੇਂ ਦੇ ਇਤਿਹਾਸ ’ਤੇ ਮੋਟੀ ਝਾਤ ਮਾਰਦੇ ਹਾਂ ਤਾਂ ਇਹ ਹਕੀਕਤ ਸਾਹਮਣੇ ਆਉਂਦੀ ਹੈ ਕਿ ਵੱਖੋਂ ਵੱਖਰੇ ਸਮਿਆਂ ’ਤੇ ਇੱਕ ਤੋਂ ਬਾਅਦ ਦੂਜੀ ਤਰਾ ਦੇ ਸਥਾਪਤ ਹੁੰਦੇ ਰਹੇ ਹਾਕਮ ਜਮਾਤਾਂ ਦੇ ਲੁੱਟ ਤੇ ਜਬਰ ਦੇ ਰਾਜ ਪ੍ਰਬੰਧ ’ਚ ਹਮੇਸ਼ਾਂ ਹੀ ਸਭ ਵੰਨਗੀ ਦੇ ਹਾਕਮਾਂ ਵੱਲੋਂ ਆਪਣੇ ਰਾਜ ਦੀ ਰਾਖੀ ਲਈ ਹਥਿਆਰਬੰਦ ਧਾੜਾਂ ਨੂੰ ਖੜਾ ਕੀਤਾ ਤੇ ਮਜਬੂਤ ਕੀਤਾ ਜਾਂਦਾ ਰਿਹਾ ਹੈ, ਇਨਾ ਰਾਜਾਂ ਦੀ ਸਲਾਮਤੀ ਲਈ ਵੱਖੋਂ ਵੱਖਰੀਆਂ ਹਾਲਤਾਂ ’ਚ ਇਹ ਧਾੜਾਂ ਲੋਕਾਂ ਦੇ ਵਹਿਸ਼ੀ ਕਤਲੇਆਮ ਕਰਦੀਆਂ ਆ ਰਹੀਆਂ ਹਨ। ਇਹੀ ਹਥਿਆਰਬੰਦ ਧਾੜਾਂ ਹਨ ਜੋ ਉਹਨਾਂ ਦੇ ਰਾਜ ਦੀ ਰੀੜ ਦੀ ਹੱਡੀ ਬਣੀਆਂ ਹੋਈਆਂ ਹਨ। ਬੀਤੇ ’ਚ ਜਦੋਂ ਲੁੱਟ ਤੇ ਜਬਰ ਦੇ ਰਾਜ ਪ੍ਰਬੰਧ ਦਾ ਭਰੂਣ ਰੂਪ ਤੋਂ ਪੂਰੇ ਸੂਰੇ ਰਾਜਕੀ ਢਾਂਚੇ ਵਜੋਂ ਵਿਕਾਸ ਹੋਇਆ ਤਾਂ ਉਸ ’ਚ ਹਥਿਆਰਬੰਦ ਤਾਕਤਾਂ ਦੀ ਫੈਸਲਾਕੁੰਨ ਭੂਮਿਕਾ ਸੀ। ਸਤਾ ਹਕੀਕੀ ਤੌਰ ’ਤੇ ਕਿਵੇਂ ਕੰਮ ਕਰਦੀ ਹੈ? ਇਸ ਸਬੰਧੀ ਇਤਿਹਾਸਕ ਤੌਰ ’ਤੇ ਸਮਾਜਾਂ ਦੇ ਵਿਗਿਆਨਕ ਵਿਸ਼ਲੇਸ਼ਣ ’ਚੋਂ ਸਮਝ ਪੈਂਦੀ ਹੈ। ਜਦੋਂ ਅਸੀਂ ਕਿਸੇ ਵੀ ਸਮਾਜ ’ਤੇ ਨਿਗਾ ਮਾਰਦੇ ਹਾਂ ਤਾਂ ਸਚਾਈ ਸਾਹਮਣੇ ਆਉਂਦੀ ਹੈ ਕਿ ਰਾਜਕੀ ਢਾਂਚਾ (ਸਰਕਾਰਾਂ) ਹਾਕਮ ਜਮਾਤਾਂ ਵੱਲੋਂ ਖੜਾ ਕੀਤਾ ਗਿਆ ਸੀ ਤਾਂ ਕਿ ਉਹ ਉਹਨਾਂ ਜਮਾਤਾਂ ਨੂੰ ਦਬਾ ਸਕਣ, ਜਿਨਾ’ਤੇ ਉਹ ਰਾਜ ਕਰ ਰਹੀਆਂ ਹਨ। ਬੀਤੇ ਦਾ ਸਮੁੱਚਾ ਇਤਿਹਾਸ ਇਹ ਦਰਸਾਉਂਦਾ ਹੈ ਕਿ ਲੁੱਟ ਕਰਨ ਵਾਲੀਆਂ ਜਮਾਤਾਂ ਨੇ ਲੁੱਟੇ ਜਾਣ ਵਾਲਿਆਂ ਨੂੰ ਦਬਾਉਣ ਕੁਚਲਣ ਤੇ ਮਾਰ ਮੁਕਾਉਣ ਲਈ ਹਥਿਆਰਬੰਦ ਦਸਤੇ ਖੜੇ ਕੀਤੇ। ਇਹ ਤਾਕਤ ਹੀ ਉਨਾਂ ਦੇ ਰਾਜ ਦੀ ਫੈਸਲਾਕੁੰਨ ਤਾਕਤ ਬਣੀ ਜਿਵੇਂ ਭਾਰਤ ’ਚ ਪਹਿਲਾਂ ਅੰਗਰੇਜ਼ੀ ਰਾਜ ਸਮੇਂ ਤੇ ਬਾਅਦ ’ਚ 1947 ਦੀ ਸਤਾ ਬਦਲੀ ਤੋਂ ਬਾਅਦ ਦੇ ਹੁਣ ਤੱਕ ਦੇ ਸਮੇਂ ’ਚ ਹਾਕਮ ਜਮਾਤਾਂ ਭਾਰਤ ਪੱਧਰ ’ਤੇ ਆਪਣੀ ਕੌਮੀ ਪੱਧਰ ਦੀ ਫੌਜ, ਨੀਮ ਫੌਜ ਦਲ ਸਮੇਤ ਵਿਸ਼ੇਸ਼ ਪੁਲਸ ਬਲ ਤੇ ਸੂਬਾ ਪੱਧਰਾਂ ’ਤੇ ਪੁਲਸ ਤੇ ਸੀਮਾ ਸੁਰੱਖਿਆ ਬਲ ਤੇ ਕੇਂਦਰੀ ਤੇ ਸੂਬਾ ਪੱਧਰ ’ਤੇ ਵੱਖੋਂ ਵੱਖਰੇ ਖੁਫੀਆਂ ਵਿਭਾਗ, ਕਾਰਜ ਪਾਲਕਾਂ ਦੀ ਕੇਂਦਰੀ ਤੇ ਸੂਬਾ ਪੱਧਰਾਂ ਦੀ ਅਫਸਰਸ਼ਾਹੀ, ਕਚਹਿਰੀਆਂ ਕਾਨੂੰਨ ਤੇ ਜੇਲਾ ਆਦਿ ਦੇ ਅਧਾਰ ’ਤੇ ਖੜੇ ਕੀਤੇ ਰਾਜਕੀ ਢਾਂਚੇ ਰਾਹੀਂ ਰਾਜ ਕਰਦੀਆਂ ਆ ਰਹੀਆਂ ਹਨ। ਹਕੂਮਤੀ ਮਸ਼ੀਨਰੀ ਦੇ ਕਮਾਂਡ ਹੈਡਕੁਆਟਰ ਅੰਗਰੇਜ਼ਾਂ ਤੋਂ ਲੈ ਕੇ ਹੁਣ ਤੱਕ ਉਪਰ ਫੌਜ ਆਦਿ ਤੋਂ ਲੈ ਕੇ ਹੇਠਾਂ ਗਵਰਨਰਾਂ ਤੇ ਪੜਦੇ ਪਿਛੇ ਕੰਮ ਕਰ ਰਹੇ ਸਭ ਕਿਸਮ ਦੇ ਅਦਾਰਿਆਂ ’ਚ ਮੌਜੂਦ ਹੈ। ਇਹ ਰਾਜਕੀ ਪ੍ਰਬੰਧ ਬਣਿਆ ਹੀ ਇਸ ਗੱਲ ਲਈ ਹੈ ਕਿ ਇਹ ਭਾਰਤ ਦੇ ਲੁਟੇਰੇ ਪ੍ਰਬੰਧ ਦੀ ਰੱਖਿਆ ਕਰੇ। ਇਸ ਕਰਕੇ ਜਦੋਂ ਵੀ ਇਸ ਪ੍ਰਬੰਧ ਨੂੰ ਲੋਕਾਂ ਤੇ ਲੋਕਾਂ ਦੀਆਂ ਲਹਿਰਾਂ ਤੇ ਸੰਘਰਸ਼ਾਂ ਤੋਂ ਖ਼ਤਰਾ ਖੜਾ ਹੋਇਆ ਹੈ ਤਾਂ ਇਸ ਦੀਆਂ ਹਥਿਆਰਬੰਦ ਤਾਕਤਾਂ ਵੱਲੋਂ ਲੋਕਾਂ ’ਤੇ ਵਹਿਸੀ ਜਬਰ ਜੁਲਮ ਢਾਹ ਕੇ ਉਨਾਂ ਨੂੰ ਪ੍ਰਬੰਧ ਦੀ ਕੀਲ ’ਚ ਰੱਖਿਆ ਗਿਆ ਹੈ ਅਤੇ ਰੱਖਿਆ ਜਾ ਰਿਹਾ ਹੈ। ਇਸ ਤਰਾ ਭਾਰਤ ਦਾ ਲੁਟੇਰਾ ਤੇ ਜਾਬਰ ਰਾਜ ਪ੍ਰਬੰਧ ਇਸ ਦੀਆਂ ਹਥਿਆਰਬੰਦ ਤਾਕਤਾਂ ਦੇ ਜੋਰ ’ਤੇ ਲੋਕਾਂ ’ਤੇ ਮੜੀ ਤਾਨਾਸ਼ਾਹੀ ਹੈ। ਕੀ ਵੋਟਾਂ ਭਾਰਤ (ਸਮੇਤ ਸੰਸਾਰ) ਦੇ ਲੁਟੇਰੇ ਤੇ ਜਾਬਰ ਪ੍ਰਬੰਧ ਦੇ ਰਾਜਕੀ ਢਾਂਚੇ ਦੀ ਇਸ ਤਾਨਾਸ਼ਾਹੀ ਨੂੰ ਚੁਣੌਤੀ ਦੇ ਸਕਦੀਆਂ ਹਨ? ਸਚਾਈ ਇਹ ਹੈ ਕਿ ਵੋਟਾਂ ਇਸ ਰਾਜਕੀ ਪ੍ਰਬੰਧ ਦੀਆਂ ਹਥਿਆਰਬੰਦ ਸੰਸਥਾਵਾਂ ਤੇ ਇਸਦੀ ਤਾਕਤ ਨੂੰ ਚੁਣੌਤੀ ਨਹੀਂ ਦਿੰਦੀਆਂ ਤੇ ਨਾ ਹੀ ਇਨਾ ਨੂੰ ਲਈ ਵੋਟਾਂ ਪਵਾਈਆਂ ਜਾਂਦੀਆਂ ਹਨ ਕਿ ਨਵੀਂ ਸਰਕਾਰ ਚੁਣਨੀ ਹੈ। ਜਦ ਕਿ ਲੋਕਾਂ ’ਤੇ ਰਾਜ ਕਰਨ ਵਾਲੀ ਰਾਜਕੀ ਮਸ਼ੀਨਰੀ (ਪੱਕੀ ਸਰਕਾਰ) ਤਾਂ ਪੱਕੇ ਤੌਰ ’ਤੇ ਮੌਜੂਦ ਰਹਿੰਦੀ ਹੈ। ਲੋਕਾਂ ਨੂੰ ਧੋਖਾ ਦੇਣ ਲਈ ਵੋਟਾਂ ਦਾ ਪ੍ਰਬੰਧ ਇਸ ਤਰਾ ਉਸਾਰਿਆ ਗਿਆ ਹੈ ਕਿ ਇਹ ਜਮਹੂਰੀਅਤ ਦੇ ਨਾਂ ’ਤੇ ਰਾਜਕੀ ਮਸ਼ੀਨਰੀ ਦੇ ਜਬਰ ਜੁਲਮ ’ਤੇ ਪਰਦਾ ਪਾਵੇ।

ਬਹੁਤ ਸਾਰੇ ਲੋਕ ਇਹ ਕਹਿੰਦੇ ਹਨ ਕਿ ਜਦੋਂ ਹਰ ਇੱਕ ਨੂੰ ਵੋਟ ਪਾਉਣ ਦਾ ਹੱਕ ਹੈ ਤੇ ਉਹ ਆਪਣੇ ਸਿਆਸੀ ਆਗੂਆਂ ਦੀ ਚੋਣ ਕਰ ਸਕਦੇ ਹਨ ਤਾਂ ਚੋਣਾਂ ’ਚ ਹਿੱਸਾ ਲੈਣਾ ਕਿਵੇਂ ਗਲਤ ਹੈ? ਇਸ ਦਾ ਜਵਾਬ ਉਪਰ ਜਿਕਰ ਕੀਤੀ ਹਕੀਕਤ ’ਚ ਮੌਜੂਦ ਹੈ ਕਿ ਭਾਰਤ ਵਰਗੇ ਸਮਾਜ ’ਚ ਚੋਣਾਂ ਤੇ ਜਮਹੂਰੀਅਤ ਦੀ ਸਾਰੀ ਪ੍ਰਕਿਰਿਆ ਧੋਖੇ ਭਰੀ ਹੈ। ਅਸਲ ’ਚ ਇਹ ਇੱਕ ਪੜਦਾ ਹੈ ਤੇ ਇੱਕ ਸੰਦ ਹੈ, ਜਿਸ ਰਾਹੀਂ ਦੱਬੇ ਕੁਚਲਿਆਂ ਤੇ ਲੁੱਟੇ ਪੁੱਟੇ ਜਾਂਦੇ ਲੋਕਾਂ ’ਤੇ ਹਾਕਮ ਜਮਾਤਾਂ ਆਪਣੇ ਲੁੱਟ ਤੇ ਦਾਬੇ ਦੇ ਗਲਬੇ ਨੂੰ ਜਾਰੀ ਰੱਖਦੀਆਂ ਹਨ ਤੇ ਰਾਜਕੀ ਮਸ਼ੀਨਰੀ ਵੱਲੋਂ ਲੋਕਾਂ ’ਤੇ ਢਾਹੇ ਜਾ ਰਹੇ ਜਬਰ ਜੁਲਮ ਨੂੰ ਵਾਜਬੀਅਤ ਮੁਹੱਈਆ ਕਰਦੀਆਂ ਹਨ। ਵੋਟਾਂ ਰਾਹੀਂ ਸਰਕਾਰ (ਕੱਚੀ) ਬਣਾਉਣਾ ਤੇ ਇਸ ਦੀ ਫਿਰ ਕੁੱਝ ਅਰਸੇ ਬਾਅਦ ਅਦਲਾ ਬਦਲੀ ਕਰਨਾ ਹਾਕਮ ਜਮਾਤਾਂ ਦੇ ਹੱਥ ਇੱਕ ਅਜਿਹਾ ਹਥਿਆਰ ਹੈ ਜਿਸਨੂੰ ਉਹ ਆਪਣੀ ਅਸਲ ਤਾਕਤ ’ਤੇ ਪੜਦਾ ਪਾਉਣ ਲਈ ਵਰਤਦੀਆਂ ਹਨ। ਚੋਣ ਧੋਖੇ ਦੀ ਖੇਡ ਸਬੰਧੀ ਸਾਰੀਆਂ ਖਰੀਆਂ ਕਮਿਊਨਿਸਟ ਇਨਕਲਾਬੀ, ਇਨਕਲਾਬੀ ਜਮਹੂਰੀ ਤੇ ਅਗਾਂਹ ਵਧੂ ਤਾਕਤਾਂ ਨੂੰ ਲੈਨਿਨ ਦੀ ਸਮਝ ਮੁਤਾਬਿਕ ਪੇਸ਼ ਕੀਤੀ ਉਪਰੋਕਤ ਸਚਾਈ ਨੂੰ ਬੁਲੰਦ ਕਰਨਾ ਚਾਹੀਦਾ ਹੈ ਅਤੇ ਆਪਣੇ ਅਮਲ ਦਾ ਰਾਹ ਦਰਸਾਵਾ ਬਨਾਉਣਾ ਚਾਹੀਦਾ ਹੈ।

# Defunding the police: What will it mean for survivors of sexual violence?



Heather Lawson

The recent killing of unarmed Black Americans George Floyd and Breonna Taylor by police officers sparked a new wave of Black Lives Matter protests around the world. In the seven short years since its inception, the Black Lives Matter movement has fought to protect Black lives against police brutality. This message has not always found a receptive audience. But in the wake of these recent deaths, and following a rapid succession of racist episodes ranging from Central Park Karen to the murder of Ahmaud Arbery, we reached a cultural tipping point and suddenly a seemingly unimpeachable subject was up for debate: police department budgets.

Defunding the police is a concept that would affect many communities in myriad ways. Some have asked what would police defunding mean for those experiencing, or who will experience, sexual violence.

In order to advance policy discussions about RCMP and police budgets, it is important to consider this: police are largely ineffective at responding to sexual violence and often exacerbate violence.

The assumption that police presence saves those who experience sexual violence contradicts the experiences of many survivors.

Sexual violence is experienced at high rates by those who are most marginalized. In Canada, Indigenous women report experiencing sexual assault at a rate triple that of non-Indigenous women.

If police intervention helped survivors of sexual violence, those benefits would be most realized by Indigenous people. The opposite here is true. A Human Rights Watch report surveying the relationship between RCMP and Indigenous women and girls in Northern B.C. documents disturbing assault allegations against officers, inappropriate strip searches, and other forms of racist and sexist abuse.

Despite evidence that police presence in Indigenous communities makes members less safe, the federal government relies on the RCMP, an organization failing to address sexual harassment among its own staff, to address widespread sexual violence experienced by Indigenous women. While Ottawa delays a promised National Action Plan for Missing and Murdered Indigenous Women and Girls, police departments across Canada are tasked with, and failing to deliver, a coordinated and effective response.

Other forms of inaction also constitute the failure of law enforcement to respond adequately to sexual violence. For instance, the link between domestic violence and mass shootings has long been documented, yet complaints of domestic violence are often dismissed by police. This particular issue was brought to public attention in May, when it became known that the Nova Scotia man responsible for killing 22 people in Canada's worst mass shooting had been reported to the RCMP for physically assaulting his partner.

Dismissal of the type of violence most often faced by women and transgender people is by no means unique. In 2017, the Globe and Mail released its report, Unfounded, which found that one in every five sexual assault allegations is deemed unfounded by the police—meaning that an officer concludes that no crime has occurred.

The authority allotted to police in the criminal justice system leaves individuals vulnerable to re-victimization, reduces public safety, and bolsters stigmas survivors face about credibility.

**Decreasing police reliance: reducing the demand**

To imagine sexual violence response with less reliance on police, consider why survivors who file reports do so.

In June 2016, the Ontario government instituted a pilot project that offers free legal advice over the phone to survivors. Keetha Mercer, manager of violence prevention programs at the Canadian Women's Foundation, said that women often use the service to ask about housing, employment, child care, and immigration needs.

Similarly, the Canadian Department of Justice conducted a survey of male survivors of sexual violence in order to understand their experiences with law enforcement. Although they often face different barriers and stigmas to reporting than women and transgender people, the report suggests that they are often trying to secure the same support through the police.

One of the men interviewed, who had made an official report, cited his need for therapy through victim's compensation as the reason: "There's some money to help you cope … help you deal with it and pay for your counseling and all that stuff. So that's why I decided to report. I wouldn't be able to afford to come to therapy if it wasn't for that." These findings echo much of my own experience working at a sexual assault centre in Montreal. Although I worked for a service offering accompaniment to police stations, the work I found myself doing included gathering mental health resources for survivors, dealing with housing needs, ensuring they had food to eat, and explaining other processes—like university or union complaint procedures—that could hold perpetrators accountable without involving police.

The takeaway is this: much of what survivors want and deserve after an assault can be distributed or secured through other means.

Directing resources towards mental health initiatives is especially important for addressing police brutality. In a CBC investigation from 2000-18, it was found that the substantial majority of individuals killed by police were dealing with mental health or substance abuse issues.

A common argument for defunding police is that they are often called to respond to wellness checks and mental health interventions, something they are ill-equipped and untrained to do. The recent deaths of Regis Korchinksi-Paquet and Chantel Moore, less than two weeks apart, both happened while police were asked to check on the safety of these two women in distress.

**Intervention and accountability without police**

Other reasons survivors decide to go forward with police reports include holding perpetrators to account and protecting others from being violated by the same person. These objectives can be and are pursued outside of police involvement.

Expanding and improving these forms of response also have the potential to afford survivors more agency and involvement throughout whichever process they move through. Unlike criminal complaints—which are brought forward by prosecutors, not survivors—individuals could have more say in their hopes, expectations, and fears about a process.

They also have the benefit of meeting the needs of survivors at a cultural level. For instance, restorative justice and community-based intervention methods have been useful in Indigenous communities. Recognizing that survivors will experience sexual violence differently and recover differently promotes multi-faceted approaches to healing and re-integration. Empowering communities and other environments, schools, workplaces, etc., to address sexual violence internally can also increase accountability for individuals assaulted in places they regularly access.




Bills in several provinces have mandated that universities implement stand-alone sexual violence policies. With these policies, survivors can make complaints to see that their abuser isn't also on their campus or teaching them in class.

In my experience in Quebec, one of the provinces with this legislation, many adjustments still need to be made to improve these policies. This alone is a sign that they should have been developed years earlier. However, they offer the opportunity to address sexual violence at a level that more practically helps survivors.

Having a perpetrator of sexual violence expelled from class rather than thrown in jail isn't a consolation prize, it's a way to hold individuals accountable for their actions, to hold institutions accountable for fostering cultures that have too long brushed off rape culture, and to avoid victims' experience of being traumatized by legal procedures.

**Policy options**

Calls to reduce police budgets are calls to allocate funds elsewhere. The planned gross spending of the RCMP in the 2019-20 fiscal year is $5.1 billion dollars. Greater funding for sexual violence, housing, mental health, and Indigenous community services would not only help those who have been assaulted, it would reduce some of the marginalizing factors that leave many vulnerable to assault.

In Canada, victim compensation is a program in all provinces and territories except Newfoundland and Nunavut. It provides payment to survivors to secure some of these needs.

In six of the nine provinces and territories where it is available, filing a police report is an eligibility requirement survivors must meet to receive funds. Additionally, cooperation with police is required and taken into consideration when decisions about an amount of money are made.

To be eligible in Ontario, a report may be made to police or a sexual assault centre, domestic violence shelter, hospital, Indigenous social service, or other relevant community service. This model should be adopted by all provinces so that survivors are not reliant on law enforcement for security or redress after an assault.

Legislation promoting and equipping communities to implement survivor-centered policies for sexual violence on school campuses and workplaces offer more avenues for people after a violent incident and may offer better and more material outcomes when it comes to holding perpetrators accountable and protecting others.

Survivors want to hold perpetrators accountable, they want to heal and to be believed. They want many things that are better left to support services and social security without police involvement.

Heather Lawson is the McInturff Fellow at the Canadian Centre for Policy Alternatives. She is a graduate of McGill University where she supported and advocated for survivors of sexual violence at the Sexual Assault Centre of the McGill Students' Society. Follow her on Twitter @heatherm_lawson.

**CATEGORIES: Gender Equality, Human Rights, Indigenous Issues, LGBTQ2+, Racism**

# Most Recent Tracking Report Shows that Ministry of Long-Term Care & Public Health Ontario Have Discontinued Public Reporting of Vital COVID-19 Data, Outbreaks in Health Settings Down but Death Rate Continues to Rise

Toronto – The Ontario Health Coalition released its most recent two-week report tracking the spread of COVID-19 among patients, residents and staff in health care settings today. The Coalition has been tracking every case it has been able to find from reliable sources (all sources footnoted) since March 12 and has regularly released a report analysing the trends and charting the changes every few weeks through the pandemic. The reports contain comparisons to Public Health Ontario's data and the Ministry of Health and Long-Term Care's data.

The Coalition reported that it was shocked to find that both Public Health Ontario and the Ministry of Long-Term Care have stopped reporting on vital data, including the cumulative totals of residents/patients and staff infected in hospitals and long-term care homes and those totals for each long-term care home. There has been no explanation published for discontinuing the public release of this data. For researchers, families and the media, this change means that there is no longer a consistent data set that is publicly available to enable the public to compare data across time and see the trends. The Coalition is calling on the Ford government to publish the data back to early June when it was discontinued and to maintain public reporting of a consistent data set. We support adding in new data (such as data on outbreaks in private industry and agriculture where there is significant growth of COVID-19 and race-based data) but the removal of vital data about long-term care, hospitals and overall health care staff infection rates is unacceptable and should be reversed.

Here are the key findings from the most recent tracking contained in this report of cases in health care settings across Ontario up to the afternoon of June 17:

- Public Health Ontario has ceased to report the total number of health care workers infected as of June 10. (June 9 was the last time they included this information in the daily epidemiologic report.) They have also stopped reporting key information for health care outbreaks as follows: the total number of cases, the number of cases reported among staff and patients/residents, total number of deaths, deaths among residents/patients, and deaths reported among staff in retirement and hospital outbreaks; the numbers of confirmed cases by likely source of acquisition (exposure). They have not provided any explanation for discontinuing the reporting of these vital pieces of data.

- The Ministry of Long-Term Care data has also been changed. For the aggregate numbers, they are now only reporting the currently active cases each day in long-term care homes (see Chart 2) not the cumulative totals of residents and staff infected by COVID-19 in long-term care outbreaks to date. In their chart of outbreaks in long-term care homes they are now only reporting currently




active cases and have discontinued reporting the totals to date. Again, there is no explanation for discontinuing this reporting.

- The total number of people infected by COVID-19 in health and congregate care settings including staff and patients/residents is 11,173 as of June 17, up from 10,837 as of June 2. This total increased by 336 people or 3.1 percent in two weeks, a significantly slower growth rate from the previous two-weeks when the increase was 21.1 percent.

- The total number outbreaks in health care and congregate care settings that the Ontario Health Coalition found as of June 17 is 664 (including 526 resolved) in 557 facilities including hospitals, long-term care homes, retirement homes, Public Health Units, clinics and other congregate care settings. As of June 2, we found 615 outbreaks (including 386 resolved) in 535 facilities. The number of outbreaks that are active across health care settings that we have found is now 138 compared to 289 two weeks prior (June 2), thus, the first significant decrease (though we may not have been able to find all outbreaks as there is less public reporting now than there was in April through to early May).

- There are, however, some long-term care homes that had declared outbreaks over and are now seeing new outbreaks, and there are some new outbreaks in long-term care homes that did not previously have outbreaks. There are a few new retirement home outbreaks also. There are new outbreaks in two private mental health and addiction treatment centres.

- The total number of patients/residents that have been infected by COVID-19 in health and congregate care settings has also increased. By June 2 we have tracked a total of 6,868 patients/residents who have contracted COVID-19 in health and congregate care settings. This is an increase of 157 patients/residents in two weeks (since June 2) or 2.3 percent. This is down from the 9.7 percent increase we calculated between May 19 and June 2.

- Despite the decrease in infection rates, tragically, the death toll among patients, residents and staff in health and congregate care settings has continued to increase dramatically although the rate of increase has slowed. The Ontario Health Coalition is deeply sorry to report that as of June 17, we found a total of 2,107 patients and residents deceased in outbreaks in health and congregate care settings, up from 1,919 deceased as at June 2. That increase amounts to a heartbreaking 198 residents and patients over two weeks, an increase of 9.8 percent. This is down from the 18.4 percent increase we calculated between May 19 and June 2.

As we were walking with the other demonstrators to protest against the killing of our 62 years old mentally and physically sick Mr Chaudhary by the special armed police without any specific reason. We have a big numbers of our community living around this area and the police is also related to our almost Punjabi community Brampton city . We shocked that ther was none of our self claimed leaders there. But later we find out there were few people but they were their to make their photos to put on social media. We are suppose to be a part of the demonstration organizers but we fail to do that. This police is controlled by our Punjabi politicians. Ron chatha is a member of the peel police commission and Malton area MPP is Deepak Anand . More than enough politicians are ours . Do they have any answer to say anything that why a sick and handicapped 62 years old man has been killed while he was inside his house and was not bothering anyone? Who gave the order to kill him ? Now police is making the excuse the man was having the knife. What a shame ! In his kitchen there were some more knife there. Now the question is which kind of investigation our politicians are looking for ? We suggest' If there's any shame left for the politicians and their police related agent then they should resign from their positions. We are requesting to our other community people to raise your voice against the dictatorship of our out of control police force and our police puppets politicians. 62 years old sick and handicapped person killed by police without any reason, our elected leaders are hiding! ! ! ! Kuldip Boparai -647 571 2800 ,





ਕੁਲਦੀਪ ਸਿੰਘ ਦੀਪ (ਡਾ.)
ਦੀਪ ਦੁਨੀਆ
9876820600

''ਜ਼ਿੰਦਗੀ-ਦੀ-ਕੈਨਵਸ-ਤੋਂ''

# ਤੇਲ ਦੇਖੋ ਤੇਲ ਦੀ ਧਾਰ ਦੇਖੋ...




ਤਮਾਸ਼ਾ ਚੱਲ ਰਿਹਾ ਹੈ..ਮਦਾਰੀ ਖੇਡ ਦਿਖਾਉਣ ਵਿਚ ਪੂਰਾ ਮਾਹਿਰ ਹੈ। ਉਸ ਨੂੰ ਹੁਣ 'ਝੁਰਲੂ' ਦਿਖਾ ਕੇ ਸਿਰਫ ਹੱਥ ਦੀ ਸਫ਼ਾਈ ਹੀ ਨਹੀਂ ਕਰਨੀ ਆਉਂਦੀ, ਤੁਹਾਡੀ ਜ਼ੇਬ ਦੀ ਸਫਾਈ ਕਰਨੀ ਵੀ ਆਉਂਦੀ ਹੈ। ਉਸ ਨੂੰ ਪਤਾ ਹੈ ਕਿ ਗੋਲ ਘੇਰਾ ਬੰਨ੍ਹ ਕੇ ਖੜੇ ਦਰਸ਼ਕਾਂ ਨੂੰ ਦਿਖਾਉਣਾ ਕੀ ਹੈ, ਪਰ ਅਸਲ ਵਿਚ ਕਰਨਾ ਕੀ ਹੈ। ਉਸ ਨੂੰ ਪਤਾ ਹੈ ਕਿ ਲੋਕਾਂ ਦੀਆਂ ਜ਼ੇਬਾਂ ਨੂੰ ਚੂਨਾ ਲਾਉਣਾ ਹੈ ਤਾਂ ਆਪਣੇ 'ਜਮੂਰਿਆਂ' ਨੂੰ ਮੂਹਰੇ ਲਾ ਕੇ ਚੀਨੀ ਸਮਾਨ ਦੇ ਬਾਈਕਾਟ ਦਾ ਨਾਹਰਾ ਲਗਾਉਣਾ ਬਹੁਤ ਜ਼ਰੂਰੀ ਹੈ। ਦੇਸ਼ਭਗਤੀ ਉਹ ਦਰੀ ਹੈ ਜਿਸ ਦੇ ਥੱਲੇ ਮੁਲਕ ਦਾ ਸਾਰਾ ਗੰਦ ਲੁਕਾਇਆ ਜਾ ਸਕਦਾ ਹੈ। ਗੰਦ ਦਾ ਇਹ ਸਿਧਾਂਤ ਹੈ ਕਿ ਜਿਹੜੇ ਲੋਕ ਪਹਿਲੀ ਵਾਰ ਗੰਦ ਦੇ ਕੋਲ ਜਾਂਦੇ ਹਨ, ਉਹਨਾਂ ਨੂੰ ਬਦਬੂ ਮਾਰਦੀ ਹੈ, ਪਰ ਜਦ ਉਹ ਗੰਦ ਦੇ ਵਿਚ ਲਗਾਤਾਰ ਰਹਿੰਦੇ ਹਨ ਤਾਂ ਉਹਨਾਂ ਦੇ 'ਨੱਕ' ਮਰ ਜਾਂਦੇ ਹਨ ਅਤੇ ਸਥਿਤੀ 'ਸਭ ਅੱਛਾ ਹੈ' ਵਾਲੀ ਹੋ ਜਾਂਦੀ ਹੈ। ਆਪਣੇ ਪਿੰਡਾਂ ਵਿਚ ਇਹ ਅਖਾਣ ਅਕਸਰ ਵਰਤਿਆ ਜਾਂਦਾ ਹੈ ਕਿ 'ਨੱਕ ਭੇਡਾਂ ਵਾਲਿਆਂ ਦੀ ਨੂੰਹ' ਵਰਗਾ ਹੋ ਗਿਆ ਹੈ। ਦਰਅਸਲ ਇਸ ਦੇ ਪਿੱਛੇ ਕਹਾਣੀ ਇਹ ਹੈ ਕਿ ਜਦੋਂ ਭੇਡਾਂ ਵਾਲਿਆਂ ਦੇ ਘਰ ਨਵੀਂ ਵਿਆਹੀ ਵਹੁਟੀ ਆਈ ਸੀ ਤਾਂ ਪਸ਼ੂਆਂ ਦੇ ਸਰੀਰ ਅਤੇ ਮਲਮੂਤਰ ਦੀ ਬੂ ਉਸ ਦੇ ਨੱਕ ਨੂੰ ਚੜ੍ਹਦੀ ਸੀ ਤੇ ਉਹ ਚੀਕਦੀ ਸੀ। ਬਾਕੀ ਸਾਰਾ ਟੱਬਰ ਕਹਿੰਦਾ ਸੀ : ਕੋਈ ਨਾ ਦਸ ਵੀਹ ਦਿਨਾਂ ਵਿਚ ਇਹ ਬੂ ਹਟ ਜਾਏਗੀ। ਉਹੀ ਗੱਲ ਹੋਈ। ਦਸ ਵੀਹ ਦਿਨਾਂ ਬਾਅਦ ਬੂ ਘਟ ਆਉਣ ਲੱਗ ਪਈ ਤੇ ਥੋੜੇ ਦਿਨਾਂ ਤੱਕ ਬੂ ਬਿਲਕੁਲ ਆਉਣੋਂ ਬੰਦ ਹੋ ਗਈ। ਹੁਣ ਫੈਸਲਾ ਤੁਸੀਂ ਕਰ ਲਉ ਕਿ ਬੂ ਬੰਦ ਹੋ ਗਈ ਸੀ ਕਿ 'ਨੱਕ' ਮਰ ਗਿਆ ਸੀ? ਅਸੀਂ ਸਾਰੇ ਭੇਡਾਂ ਵਾਲਿਆਂ ਦੀਆਂ ਨੂਹਾਂ ਹਾਂ ਤੇ ਸਾਡਾ ਆਜ਼ੜੀ ਬਹੁਤ ਸ਼ਾਤਿਰ ਹੈ। ਉਹ ਸਿਰਫ ਭੇਡਾਂ ਨੂੰ ਹੀ ਨਹੀਂ ਮੁੰਨਦਾ, ਬਲਕਿ ਸਾਡੇ ਨੱਕ ਦੀ ਸਰਜਰੀ ਕਰਕੇ ਸਾਨੂੰ 'ਮੁਸ਼ਕ-ਪਰੂਫ' ਵੀ ਕਰ ਰਿਹਾ ਹੈ। ਕਿਉਂਕਿ ਉਂਝ ਤਾਂ ਅਸੀਂ ਵੀ ਨੱਕ ਤੇ ਮੱਖੀ ਨਹੀਂ ਬਹਿਣ ਦਿੰਦੇ। ਹਰ ਗੱਲ ਤੇ ਸਾਡਾ ਨੱਕ ਮੂਹਰੇ ਆ ਜਾਂਦਾ ਹੈ। ਅਸੀਂ ਕਹਿੰਦੇ ਰਹੇ ਕਿ ਨੱਕ ਸੁੰਨਾ ਹੈ, ਇਸ ਵਿਚ 'ਨੱਥ' ਪਾਉਣੀ ਹੈ...ਉਹ ਕਹਿੰਦਾ 'ਨੱਥ' ਤਾਂ ਮੈਨੂੰ ਪਾਉਣੀ ਆਉਂਦੀ ਹੀ ਹੈ, ਮੈਂ ਤਾਂ ਨੱਕ ਵਢਾਉਣੀ ਹੈ ਤਾਂ ਜੋ ਰੋਜ਼-ਰੋਜ਼ ਦਾ ਕਜ਼ੀਆ ਹੀ ਮੁੱਕੇ। ਸਮਝਣ ਵਾਲੇ ਤਾਂ ਸਮਝ ਜਾਂਦੇ ਹਨ, ਕਿ ਜਦ ਵੀ ਦੇਸ਼ ਦੀਆਂ ਸਰਹੱਦਾਂ ਉਸੱਲਵੱਟੇ ਲੈਂਦੀਆਂ ਹਨ ਤਾਂ ਮਦਾਰੀ ਨਵੀਂ ਖੇਡ ਖੇਡਣ ਲਈ ਤਿਆਰ ਹੋ ਰਿਹਾ ਹੁੰਦਾ ਹੈ। ਜਦ ਵੀ ਦੇਸ਼ਭਗਤੀ ਦੇ ਥਰਮਾਮੀਟਰ ਵਿਚ ਉਛਾਲਾ ਆਉਂਦਾ ਹੈ ਤਾਂ ਮੰਦਾਰੀ ਨੇ ਦਰੀ ਨੂੰ ਹਿਲਾਉਣਾ ਹੁੰਦਾ ਹੈ ਤੇ ਉਸ ਦੇ ਥੱਲੇ ਹੋਰ ਗੰਦ ਛੁਪਾਉਣਾ ਹੁੰਦਾ ਹੈ। ਹੁਣ ਤਾਂ ਕੁਝ ਗੱਲਾਂ ਸਿੱਧੀਆਂ ਹੀ ਸਮਝ ਆਉਂਦੀਆਂ ਹਨ। ਜਦ ਵੀ ਸਰਹੱਦ ਤੇ ਹੂ-ਹੱਲਾ ਹੁੰਦਾ ਹੈ ਤਾਂ ਇਹਨਾਂ ਵਿੱਚੋਂ ਕੁਝ ਨਾ ਕੁਝ ਹੋਣਾ ਹੁੰਦਾ ਹੈ:

**ਕਿਸੇ ਚੀਜ਼ ਦੀ ਕੀਮਤ ਵਧਾਉਣੀ ਹੁੰਦੀ ਹੈ।**

**ਕੋਈ ਨਵਾਂ ਤੇ ਲੋਕਵਿਰੋਧੀ ਕਨੂੰਨ ਬਣਾਉਣਾ ਹੁੰਦਾ ਹੈ...**

**ਕਿਸੇ ਕਾਰਪੋਰੇਟ ਸੈਕਟਰ ਦਾ ਵੱਡਾ ਫਾਇਦਾ ਕਰਨਾ ਹੁੰਦਾ ਹੈ..**

**ਲੋਕਾਂ ਦੇ ਬੁਨਿਆਦੀ ਮੁੱਦਿਆਂ ਤੋਂ ਧਿਆਨ ਭਟਕਾਉਣਾ ਹੁੰਦਾ ਹੈ..**

ਪੂਰੇ ਦੇਸ਼ ਜਾਂ ਰਾਜ ਦੇ ਕਿਸੇ ਹਿੱਸੇ ਵਿਚ ਚੋਣਾਂ ਕਰਾਉਣੀਆਂ ਹੁੰਦੀਆਂ ਹਨ..

ਕੋਈ ਲੁਕਿਆ ਏਜੰਡਾ ਲਾਗੂ ਕਰਨਾ ਹੁੰਦਾ ਹੈ..

ਇਸ ਵੇਲੇ ਦੇਸ਼ ਕਰੋਨਾ ਦੀ ਮਾਰ ਨਾਲ ਝੰਬਿਆ ਤੇ ਹੰਭਿਆ ਪਿਆ ਹੈ। ਸਿਹਤ ਸਿਸਟਮ ਪੂਰੀ ਤਰ੍ਹਾਂ ਬਦਹਾਲ ਹੈ। ਪਹਿਲਾਂ ਮਜ਼ਦੂਰ ਜਮਾਤ ਨੇ ਸਾਡੇ ਸਾਰੇ ਪ੍ਰਬੰਧਾਂ ਅਤੇ 'ਸ਼ਾਇਨਿੰਗ ਇੰਡੀਆਂ' ਦਾ ਹੀਜ-ਪਿਆਜ ਫੋਲ ਦਿੱਤਾ ਹੈ ਤੇ ਹੁਣ 'ਤਾਲੀਆਂ ਤੇ ਥਾਲੀਆਂ' ਵਾਲੀ ਮੱਧਵਰਗੀ ਜਮਾਤ ਨਿਸ਼ਾਨੇ ਤੇ ਹੈ। 14 ਕਰੋੜ ਦੇ ਕਰੀਬ ਲੋਕਾਂ ਦੇ ਰੁਜ਼ਗਾਰ ਦਾ ਚਲੇ ਜਾਣਾ ਅਤੇ ਲੱਖਾਂ-ਕਰੋੜਾਂ ਦੇ ਨਿੱਕੇ ਨਿੱਕੇ ਕਾਰੋਬਾਰਾਂ ਦਾ ਠੱਪ ਹੋਣਾ, ਦਿੱਲੀ, ਮੁੰਬਈ, ਅਹਿਮਦਾਬਾਦ, ਸੂਰਤ, ਚੇਨਈ, ਬੰਗਲੂਰੂ ਤੇ ਗੁਹਾਟੀ ਵਿਚ ਕਰੋਨਾ ਦੇ ਲਗਤਾਰ ਵਧਦੇ ਕੇਸਾਂ ਕਾਰਨਾਂ ਹਸਪਤਾਲਾਂ ਵਿਚ ਬੈਡ ਅਤੇ ਆਕਸੀਜਨ ਤੱਕ ਨਾ ਮਿਲਣਾ ਅਤੇ ਲਗਾਤਾਰ ਕੰਮ ਧੰਦਿਆਂ ਦੇ ਠੱਪ ਹੋਣ ਕਾਰਨ ਕਿਰਸ ਕਰਕੇ ਇੱਕਠੀ ਕੀਤੀ ਜਮ੍ਹਾਂ ਪੂੰਜੀ ਦਾ ਮੁੱਕਣ ਵੱਲ ਵਧਣਾ ਆਉਣ ਵਾਲੇ ਸਮੇਂ ਦੇ ਭਿਆਨਕ ਸੰਕਟ ਹਨ, ਜਿੰਨਾ ਦਾ ਨਾ ਤਾਂ ਆਜ਼ਾਦੀ ਤੋਂ ਹੁਣ ਤੱਕ ਦਾ ਰਾਜਭਾਗ ਸੰਭਾਲਣ ਵਾਲੀ ਸੱਤਾ ਕੋਲ ਕੋਈ ਹੱਲ ਸੀ ਤੇ ਨਾ ਹੁਣ ਵਾਲੀ ਕੋਲ ਕੋਈ ਹੱਲ ਹੈ। ਵੀਹ ਹਜ਼ਾਰ ਕਰੋੜ ਦੀ ਰਾਹਤ ਦੇ ਸੁਪਨੇ ਜੋ ਜੁਆਕਾਂ ਦੁਆਰਾ ਸਾਬਣ ਵਾਲੇ ਪਾਣੀ ਦੀ ਝੱਗ ਵਿਚ ਫੂਕ ਮਾਰਕੇ ਉਡਦੇ ਬੁਲਬਲਿਆਂ ਦੀ ਤਰ੍ਹਾਂ ਕੁਝ ਦਿਨ ਹਵਾ ਵਿਚ ਤੈਰਦੇ ਦਿਖਾਈ ਦਿੱਤੇ ਸਨ, ਕਿਤੇ ਭੂੰਜੇ ਉੱਤਰੇ ਦਿਖਾਈ ਹੀ ਨਹੀਂ ਦਿੱਤੇ। ਸਾਰਾ ਕੁਝ ਮੁੜ-ਘੁੜ 'ਫੱਤੋ ਦੇ ਭੈੜੇ ਭੈੜੇ ਯਾਰਾਂ' (ਧਨ ਕੁਬੇਰਾਂ) ਦੀਆਂ ਚੁੰਬਕਾਂ ਵੱਲ ਹੀ ਖਿੱਚਿਆ ਗਿਆ, ਆਮ ਆਦਮੀ ਦੀ ਜ਼ੇਬ ਤਾਂ ਪਾਟੀ ਦੀ ਪਾਟੀ ਰਹੀ, ਜਿਸ ਵਿਚ ਨਾ ਕੁਝ ਪਿਆ ਤੇ ਨਾ ਕੁਝ ਨਿਕਲਿਆ। ਹੁਣ ਇਕ ਗੱਲ ਤਾਂ ਸਾਫ਼ ਹੈ ਕਿ ਸਰਕਾਰਾਂ ਆਮ ਆਦਮੀ ਨੂੰ ਕੁਝ ਦੇਣਗੀਆਂ ਜਾਂ ਨਹੀਂ ਦੇਣਗੀਆਂ, ਇਸ ਗੱਲ ਤੇ ਦੋ ਰਾਏ ਹੋ ਸਕਦੀ ਹੈ, ਪਰ ਇਹਨਾਂ ਨੇ ਤੁਹਾਡੇ ਕੋਲ ਛੱਡਣਾ ਕੁਝ ਨਹੀਂ, ਇਹ ਬਾਰੇ ਕੋਈ ਦੋ ਰਾਏ ਨਹੀਂ ਹੈ। ਚੀਨ-ਭਾਰਤ ਦੇ ਰੌਲੇ ਰੱਪੇ ਵਿਚ ਗ਼ਰੀਬ ਤੇ ਕਿਰਤੀ ਕਿਸਾਨਾਂ ਦੇ ਪੁੱਤ ਮਰਵਾ ਕੇ ਤੇ ਚੀਨੀ ਸਮਾਨ ਦੇ ਬਾਈਕਾਟ ਦਾ ਲੌਲੀਪਾਪ ਦਿਖਾ ਕੇ ਇਕ ਪਾਸੇ ਬਿਹਾਰ ਦੀਆਂ ਚੋਣਾਂ ਨੂੰ ਟਾਰਗੇਟ ਕੀਤਾ ਜਾ ਰਿਹਾ ਹੈ, ਦੂਜੇ ਪਾਸੇ 'ਤੇਲ ਦਾ ਖੇਲ' ਖੇਲ ਕੇ ਤੁਹਾਡੀਆਂ ਜ਼ੇਬਾਂ ਵਿਚ ਕੁਝ ਪਾਉਣ ਤੋਂ ਬਿਨਾ ਹੀ ਬਹੁਤ ਕੁਝ ਕੱਢਣ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ।

ਯਾਦ ਕਰੋ ਸੱਤ ਜਨਵਰੀ ਦੀ ਉਹ ਤਾਰੀਖ ਜਦ ਅਮਰੀਕਾ ਵਿਚ ਤੇਲ ਦੀਆਂ ਕੀਮਤਾਂ ਮਾਈਨਸ 37 ਡਾਲਰ ਪ੍ਰਤੀ ਬੈਰਲ ਤੱਕ ਡਿੱਗ ਪਈਆਂ ਸਨ। ਮਾਈਨਸ 37 ਡਾਲਰ ਦਾ ਮਤਲਬ ਇਹ ਸੀ ਕਿ ਤੇਲ ਵੀ ਦੇਵਾਂਗੇ ਤੇ ਨਾਲ ਇਕ ਬੈਰਲ ਦੇ ਮਗਰ 37 ਡਾਲਰ ਵੀ ਦੇਵਾਂਗੇ। ਉਦੋਂ ਕਿਤੇ ਆਪਣੇ ਵਰਗਿਆਂ ਦਾ ਜੀਅ ਵੀ ਕੀਤਾ ਸੀ ਕਿ ਕਾਸ਼ ਕਰੋਨਾ ਨਾ ਹੁੰਦਾ ਤਾਂ ਸਿੱਧੇ ਅਮਰੀਕਾ ਜਾਂਦੇ ਤੇ ਨਾਲੇ 37 ਡਾਲਰ ਲੈਂ ਆਉਂਦੇ ਤੇ ਨਾਲੇ ਕਾਰ ਦੀ ਟੈਂਕੀ ਭਰਾ ਲਿਆਉਂਦੇ। ਪਰ ਆਪਣੇ ਵਰਗਿਆਂ ਦੇ ਕਰਮਾਂ ਵਿਚ ਇਹ ਸਾਰਾ ਕੁਝ ਕਿੱਥੇ ਹੁੰਦਾ ਹੈ? ਜਦ ਪੱਲੋਂ ਪੈਸੇ ਦਿੰਦੇ ਸੀ ਤਾਂ ਲਾਕਡਾਉਨ ਕਰਕੇ ਕਾਰਾਂ ਨੂੰ ਹੈਂਡਬਰੇਕਾਂ ਲੱਗੀਆਂ ਸੀ। ਹੁਣ ਜਦ ਕਾਰਾਂ ਦੀਆਂ ਹੈਂਡਬਰੇਕਾਂ ਖੁਲ੍ਹਣੀਆਂ ਸ਼ੁਰੂ ਹੋਈਆਂ ਹਨ ਤਾਂ ਕੀਮਤਾਂ ਦੀ ਪਾਵਰ ਬਰੇਕ ਵੀ ਫੇਲ੍ਹ ਹੋ ਗਈ ਹੈ। ਪਰ ਮਦਾਰੀ ਦਾ ਸਟੇਅਰਿੰਗ ਤੇ ਪੂਰਾ ਕੰਟਰੌਲ ਹੈ। ਉਸ ਨੇ ਚੁਪ ਚੁਪੀਤੇ 14 ਮਾਰਚ ਨੂੰ ਪੈਟਰੌਲ ਤੇ ਡੀਜ਼ਲ 'ਤੇ ਤਿੰਨ ਰੁਪਏ ਐਕਸਾਈਜ ਡਿਉਟੀ ਵਧਾ ਦਿੱਤੀ ਅਤੇ ਫਿਰ 5 ਮਈ ਨੂੰ ਪੈਟਰੌਲ ਤੇ 10 ਰੁਪਏ ਅਤੇ ਡੀਜ਼ਲ ਤੇ 13 ਰੁਪਏ ਐਕਸਾਈਜ਼ ਡਿਉਟੀ ਵਧਾ ਦਿੱਤੀ। 'ਤਾਏ ਦੀ ਧੀ ਚੱਲੀ ਤੇ ਮੈਂ ਕਿਉਂ ਰਹਾਂ ਇੱਕਲੀ' ਦੇ ਅਖਾਣ ਦੀ ਤਰਜ ਤੇ ਕੇਂਦਰ ਦੀ ਦੇਖਾਦੇਖੀ ਪੰਜਾਬ ਨੇ ਵੀ 2 ਰੁਪਏ ਵੈਟ ਵਧਾ ਦਿੱਤਾ।

ਉਸ ਵਕਤ ਇਹ ਕਿਹਾ ਗਿਆ ਸੀ ਕਿ ਇਸ ਦਾ ਬੋਝ ਆਮ ਲੋਕਾਂ ਤੇ ਨਹੀਂ ਪਾਇਆ ਜਾਵੇਗਾ ਬਲਕਿ ਘਟੀਆਂ ਹੋਈਆਂ ਕੀਮਤਾਂ ਕਰਕੇ ਕੰਪਨੀਆਂ ਦੇ ਵਧੇ ਹੋਏ ਮੁਨਾਫ਼ਿਆਂ ਵਿੱਚੋਂ ਕੱਢਿਆ ਜਾਏਗਾ। ਅਸੀਂ ਸੋਚਿਆ ਚਲੋ ਸਾਨੂੰ ਕੀ...ਆਪੋ ਵਿਚ ਜਿਵੇਂ ਮਰਜੀ ਕਰੀਂ ਜਾਣ। ਪਰ ਬੱਕਰੇ ਦੀ ਮਾਂ ਕਦ ਤਕ ਖੈਰ ਮਨਾਏਗੀ। ਆਖਰ ਬਿੱਲੀ ਥੈਲੇ ਵਿਚੋਂ ਬਾਹਰ ਆ ਗਈ। ਉਸ ਵਕਤ ਲਾਕ ਡਾਉਨ ਕਰਕੇ ਖਪਤ ਘਟ ਸੀ, ਕੀਮਤਾਂ ਡਾਉਨ ਆ ਗਈਆਂ। ਪਰ ਹੁਣ ਅਨਲਾਕ ਹੋਣ ਤੋਂ ਬਾਅਦ ਦੇਸ਼ ਤਾਂ ਅਜੇ ਆਤਮ ਨਿਰਭਰ ਹੋਇਆ ਨਹੀਂ, ਤੇਲ ਪਹਿਲਾਂ ਹੀ ਆਤਮਨਿਰਭਰ ਹੋਣਾ ਸ਼ੁਰੂ ਹੋ ਗਿਆ। ਹੁਣ ਵੀ ਕੱਚੇ ਤੇਲ ਦੀ ਵਿਸ਼ਵ ਮੰਡੀ ਵਿਚ ਕੀਮਤ 42 ਕੁ ਡਾਲਰ ਪ੍ਰਤੀ ਬੈਰਲ ਹੈ ਜੋ ਕਰੋਨਾ ਤੋਂ ਪਹਿਲਾਂ ਦੇ 70 ਡਾਲਰ ਪ੍ਰਤੀ ਬੈਰਲ ਤੋਂ ਕਿਤੇ ਘੱਟ ਹੈ, ਪਰ ਸਾਡੇ ਦੇਸ਼ ਵਿਚ ਤੇਲ ਨੇ ਲੋਕਾਂ ਦਾ 'ਤੇਲ' ਕੱਢ ਦਿੱਤਾ ਹੈ? ਆਖਿਰ ਵਿਸ਼ਵ ਮੰਡੀ ਵਿਚ ਕੀਮਤਾਂ ਪਿਛਲੇ ਰੇਟ ਤੋਂ ਬਹੁਤ ਥੱਲੇ ਹੋਣ ਦੇ ਬਾਵਜ਼ੂਦ ਹਿੰਦੁਸਤਾਨ ਵਿਚ ਤੇਲ ਦੀਆਂ ਕੀਮਤਾਂ ਕਿਉਂ ਵਧ ਰਹੀਆਂ ਹਨ?

ਜੇ ਥੋੜਾ ਜਿਹਾ ਖੋਪੜੇ ਵਿਚ ਫਿੱਟ ਸਾਢੇ ਤੇਰਾਂ ਸੌ ਗਰਾਮ ਦੇ ਪੁਰਜੇ ਤੋਂ ਕੰਮ ਲੈ ਲਈਏ ਤਾਂ ਗੱਲ ਸਮਝ ਆ ਸਕਦੀ ਹੈ। ਜਦੋਂ ਕੰਪਨੀਆਂ ਪਾਣੀ ਨਾਲੋਂ ਵੀ ਸਸਤਾ ਤੇਲ ਖਰੀਦ ਰਹੀਆਂ ਸਨ ਤਾਂ ਸਰਕਾਰ ਨੇ ਉਹਨਾਂ ਦੀ ਜ਼ੇਬ ਵਿਚੋਂ 13 ਰੁਪਏ ਪ੍ਰਤੀ ਲੀਟਰ ਦੀ ਇਹ ਕਹਿਕੇ ਕੁੰਡੀ ਲਾ ਲਈ ਕਿ ਏਨੇ ਕੁ ਸਾਨੂੰ ਦੁ ਦਿਓ, ਤੁਸੀਂ ਤਾ ਫੇਰ ਵੀ ਬਥੇਰੀ ਕਮਾਈ ਕਰੀਂ ਜਾਦੇ ਹੋ। ਹੁਣ ਜੇ ਤਾਂ ਪਿੰਡਾਂ ਵਾਲੇ 'ਜੈਲੇ' ਵਾਂਗੂ ਕੁੰਡੀ ਹੁੰਦੀ ਆਰਜੀ ਫੇਰ ਤਾਂ ਹੁਣ ਜਦ ਕੀਮਤਾਂ ਕੁਝ ਵਧੀਆ ਹਨ ਤਾਂ ਕੁੰਡੀ ਪੁੱਟ ਲੈਣੀ ਸੀ ਤੇ ਰੇਟ ਉਥੇ ਜਿਹੇ ਰੁਕ ਸਕਦੇ ਸੀ। ਪਰ ਕੁੰਡੀ ਵਾਲੇ ਭਾਈ ਕਹਿੰਦੇ ਇਹ ਤੇਰਾਂ ਤਾਂ ਸਾਡੇ ਪੱਕੇ ਨੇ, ਬਾਕੀ ਤੁਹਾਨੂੰ ਖੁੱਲ੍ਹੀਆਂ ਛੋਟਾਂ ਨੇ ਤੁਸੀਂ ਜੋ ਕੁਝ ਮਰਜੀ ਕਰੀਂ ਜਾਓ। ਫੇਰ ਜਦ 'ਸਈਆਂ ਭਏ ਕੋਤਵਾਲ, ਅਬ ਡਰ ਕਾਹੇ ਕਾ' ਉਹਨਾਂ ਨੇ ਜੋ ਕੁਝ ਕੀਤਾ ਉਹ ਤੁਹਾਡੇ ਸਭ ਦੇ ਸਾਮ੍ਹਣੇ ਹੈ। ਲਗਾਤਾਰ 18 ਦਿਨ ਬਿਨਾ ਨਾਗਾ ਡੀਜ਼ਲ-ਪੈਟਰੋਲ ਦੀਆਂ ਕੀਮਤਾਂ ਵਧਾਉਂਦੇ ਰਹੇ। ਪੈਟਰੋਲ ਤੇ ਹੱਥ ਥੋੜਾ ਟਾਈਟ ਰੱਖਿਆ ਤੇ ਡੀਜ਼ਲ ਤੇ ਮਿਹਰਬਾਨੀ ਵਧਾ ਦਿੱਤੀ। ਤੇ ਦੇਖੋ ਤੁਹਾਡੇ ਸਾਮਣੇ ਡੀਜ਼ਲ ਦੀ ਗੱਡੀ ਪੈਟਰੋਲ ਤੇ ਮੂਹਰੇ ਨਿਕਲ ਗਈ ਤੇ ਜਿਹੜੀਆਂ ਗੱਡੀਆਂ ਡੀਜ਼ਲ ਤੇ ਚਲਦੀਆਂ ਸੀ, ਉਹ ਸਾਰੀਆਂ ਰਾਤੋ ਰਾਤ 'ਕੱਚਾ ਧੂੰਆਂ' ਮਾਰਨ ਲੱਗ ਗਈਆਂ।

ਘੁੱਗੀ ਕੀ ਜਾਣੇ ਸਤਗੁਰ ਦੀਆਂ ਬਾਤਾਂ ! ਅਸੀਂ ਸਰੋਂ, ਤੋਰੀਏ ਤੇ ਤਿਲਾਂ ਦੇ ਤੇਲ ਵਾਲੇ ਕੀ ਜਾਣੀਏ ਡੀਜ਼ਲ ਤੇ ਪੈਟਰੋਲ ਦੀਆਂ ਗੱਲਾਂ...ਅਸੀਂ ਤਾਂ ਸਰੋਂ ਬੀਜ ਕੇ ਪਹਿਲਾਂ ਸਾਰਾ ਸਿਆਲ ਸਾਗ ਖਾਈ ਜਾਂਦੇ ਹਾਂ ਤੇ ਬਾਅਦ ਵਿਚ ਸਰੋਂ ਕੱਢ ਕੇ ਘਾਣੀਆਂ ਕਢਾ ਲਿਆਉਂਦੇ ਹਾਂ ਤੇ ਸੱਲਰਿਆਂ ਦੀਆਂ ਸਿਆਲਾਂ ਵਿਚ ਧੂਣੀ ਪਾ ਕੇ ਸੇਕ ਲੈਂਦੇ ਹਾਂ। ਉਹੀ ਤੇਲ ਖਾ ਲੈਂਦੇ ਸਾਂ ਤੇ ਉਹੀ ਜਦ ਕੋਈ ਪ੍ਰਾਹੁਣਾ ਆਉਂਦਾ ਸੀ ਤਾਂ ਦਰਵਾਜ਼ਿਆਂ ਦੇ ਢਾਲ ਲੈਂਦੇ ਸਾਂ ਤੇ ਉਸੇ ਨੂੰ ਸਿਰ ਤੇ ਮਲਕੇ ਖੁਸ਼ਕੀ ਦੂਰ ਕਰ ਲੈਂਦੇ ਸਾਂ। ਇਹਨਾਂ ਡੀਜ਼ਲ-ਪੈਟਰੋਲਾਂ ਨਾਲ ਤਾਂ ਸਾਡਾ ਉਦੋਂ ਵਾਹ ਪਿਆ ਜਦ ਪਹਿਲੀ ਵਾਰ ਮਸ਼ੀਨਾਂ ਆਈਆਂ ਤੇ 'ਛੁੱਕ ਛੁਕ' ਕਰਨ ਵਾਲਾ ਪੰਜ ਹਾਰਸ ਪਾਵਰ ਦਾ ਪੀਟਰ ਇੰਜਣ ਜਾਂ 'ਤੁਕ ਤੁਕ' ਕਰਨ ਵਾਲਾ ਕਾਲੇ ਤੇਲ ਤੇ ਚੱਲਣ ਵਾਲਾ ਦੋ ਵੀਲ੍ਹਾਂ ਵਾਲਾ ਇੰਜਣ ਸਾਡੇ ਘਰਾਂ ਵਿਚ ਆਇਆ ਤਾਂ ਵੀਹ ਲੀਟਰ ਵਾਲੀ ਲੋਹੇ ਦੀ ਢੋਲੀ (ਕੈਨੀ), ਜਿਹੜੀ ਅੱਜ ਕੱਲ੍ਹ ਲੰਡੀਆਂ ਜੀਪਾਂ ਦੇ ਪਿੱਛੇ ਟੰਗੀ ਹੁੰਦੀ ਹੈ, ਉਹ ਸਾਡੀ ਸਾਥਣ ਬਣ ਗਈ। ਮੇਰੀ ਕੁ ਉਮਰ ਦੇ ਦੋਸਤਾਂ ਨੇ 100 ਡੇਢ ਸੌ ਰੁਪਏ ਵਿਚ ਪੂਰਾ ਡਰੰਮ ਤੇਲ ਦਾ ਲਿਆਂਦਾ ਦੇਖਿਆ ਸੀ ਤੇ ਉਹਦੇ ਵਿਚ ਤੇਲ ਕੱਢਣ ਵਾਲਾ ਨਲਕਾ ਲਾ ਕੇ ਜਦ ਤੇਲ ਕੱਢਦੇ ਸੀ ਤਾਂ ਇੰਝ ਲਗਦਾ ਸੀ ਕਿ ਤੇਲ ਵੀ ਕਿਤੇ ਪਾਣੀ ਵਾਂਗੂ ਧਰਤੀ ਵਿੱਚੋਂ ਹੀ ਨਿਕਲਦਾ ਹੈ। ਇਕ ਡਰੰਮ ਦੋ ਤਿੰਨ ਮਹੀਨੇ ਕੱਢ ਜਾਂਦਾ ਸੀ, ਪਰ ਹੁਣ ਮੋਟਰਸਾਈਕਲਾਂ ਤੇ ਕਾਰਾਂ ਦੇ ਬੱਬਰ ਨਹੀਂ ਭਰਦੇ। ਤੜਕੇ ਪਵਾਉਂਦੇ ਹਾਂ..ਸ਼ਾਮ ਨੂੰ ਮੂੰਹ ਟੱਡ ਲੈਂਦੇ ਹਨ ਤੇ ਮਹੀਨੇ ਦੀ ਕਮਾਈ ਦਾ ਅੱਧਾ ਹਿੱਸਾ ਤੇਲ ਦੇ ਲੇਖੇ ਲੱਗ ਜਾਂਦਾ ਹੈ।

ਮਦਾਰੀ ਬਹੁਤ ਸ਼ਾਤਿਰ ਹਨ...ਯੂਪੀਏ ਨੇ ਪੈਟਰੋਲ ਨੂੰ ਸਰਕਾਰੀ ਕੰਟਰੌਲ ਤੋਂ ਬਾਹਰ ਕੱਢ ਕੇ ਖੁੱਲ੍ਹੀ ਮੰਡੀ ਨਾਲ ਜੋੜਿਆ ਸੀ ਤੇ ਬਾਅਦ ਵਿਚ ਆ ਕੇ ਭਾਜਪਾ ਨੇ ਉਸੇ ਰਾਹ ਤੇ ਤੁਰਦਿਆਂ ਡੀਜ਼ਲ ਨੂੰ ਵੀ ਖੁਲ੍ਹੀ ਮੰਡੀ ਨਾਲ ਜੋੜ ਦਿਤਾ। ਪਹਿਲਾਂ ਰੇਟ ਸਰਕਾਰ ਵਧਾਉਂਦੀ ਸੀ ਤਾਂ ਲੋਕ ਸੜਕਾਂ ਤੇ ਨਿਕਲ ਆਉਂਦੇ ਸੀ। ਹੁਣ ਕੰਨ ਹੋਰ ਪਾਸਿਓਂ ਦੀ ਫੜ੍ਹ ਲਿਆ ਹੈ। ਹੁਣ ਸਰਕਾਰ ਆਪਣਾ ਹਿੱਸਾ ਕੰਪਨੀਆਂ ਦੀ ਜ਼ੇਬਾਂ 'ਚੋਂ ਕਢਦੀ ਹੈ ਤੇ ਕੰਪਨੀਆਂ ਸਬਜ਼ੀ ਮੰਡੀ ਵਾਂਗ ਰੋਜ਼ ਦੀ ਰੋਜ਼ ਤੇਲ ਦਾ ਭਾਅ ਤੈਅ ਕਰਨ ਲੱਗ ਗਈਆਂ। ਸਵੇਰੇ ਛੇ ਵਜੇ, ਜਦ ਕਈ ਮਹਾਨ ਹਸਤੀਆਂ ਅਜੇ ਕਰੋਨਾ ਕਾਲ ਦਾ ਅਨੰਦ ਲੈਂਦੇ ਹੋਏ ਸੁੱਤੀਆਂ ਨਹੀਂ ਉਠੀਆਂ ਹੁੰਦੀਆਂ, ਉਸ ਵਕਤ ਕੰਪਨੀਆਂ ਰੋਜ਼ ਤੁਹਾਡੀ ਧੌਣ ਤੇ ਰੱਖੇ ਗੋਡੇ ਤੇ ਵਜ਼ਨ ਥੋੜਾ ਜਿਹਾ ਵਧਾ ਦਿੰਦੀਆਂ ਹਨ। ਅਮਰੀਕਾ ਦੇ ਜਾਰਜ਼ ਫਲਾਇਡ ਨੂੰ ਤਾਂ ਪਤਾ ਲਗ ਗਿਆ ਸੀ ਕਿ ਉਸ ਨੂੰ ਸਾਹ ਨਹੀਂ ਆ ਰਿਹਾ, ਪਰ ਤੁਸੀਂ ਬਹੁਤ ਭੋਲੇ ਹੋ..ਤੁਹਾਡੀ ਧੌਣ ਤੇ ਗੋਡਾ ਰੋਜ਼ ਦੱਬਿਆ ਜਾ ਰਿਹਾ ਹੈ ਤੁਸੀਂ ਕਹਿ ਰਹੇ ਹੋ..ਚੀਨੀ ਭਜਾਓ, ਸਵਦੇਸੀ ਅਪਨਾਓ..ਅਸਕੇ ਜਾਈਏ ਤੁਹਾਡੀ ਮਾਸੂਮੀਅਤ ਦੇ..

ਉਂਝ ਸਰ੍ਹੋਂ, ਤੋਰੀਏ ਤੇ ਤਿਲਾਂ ਦੇ ਤੇਲ ਤੋਂ ਬਿਨਾ ਬਾਕੀ ਤੇਲ ਆਪਾਂ ਨੂੰ ਮੁਆਫ਼ਕ ਵੀ ਘੱਟ ਹੀ ਆਏ ਹਨ। ਇਸ ਦੀਆਂ ਕੁਝ ਤੰਦਾਂ ਇਤਿਹਾਸ ਨਾਲ ਵੀ ਜੁੜਦੀਆਂ ਹਨ। ਇੱਕਲੇ ਡੀਜ਼ਲ-ਪੈਟਰੋਲ ਨੇ ਹੀ ਸਾਡੇ ਨੱਕ ਵਿਚ ਦਮ ਨਹੀਂ ਕੀਤਾ ਇਸ ਤੋਂ ਬਹੁਤ ਸਾਲ ਪਹਿਲਾਂ ਨਾਰੀਅਲ ਦੇ ਤੇਲ ਨੇ ਵੀ ਸਾਡੇ ਜਿਗਰਿਆਂ ਦੀ ਪਰਖ ਕੀਤੀ ਸੀ। ਯਾਦ ਕਰੋ ਕਾਲੇ ਪਾਣੀਆਂ ਦੇ ਨਾਂ ਨਾਲ ਮਸ਼ਹੂਰ ਅੰਡੇਮਾਨ ਨਿੱਕੋਬਾਰ ਦੇ ਟਾਪੂਆਂ 'ਤੇ ਬਣੀ ਸੈਲੂਲਰ ਜੇਲ੍ਹ ਦੀਆਂ ਉਹ ਚੱਕੀਆਂ ਜਿੰਨ੍ਹਾਂ ਵਿਚ ਕਦੇ ਸਾਡੇ ਗਦਰੀ ਬਾਬੇ ਕੈਦ ਸਨ ਤੇ ਉਹਨਾਂ ਨੂੰ ਦਿਨ ਵਿਚ ਕੋਹਲੂ ਨਾਲ ਜੋੜਿਆ ਜਾਂਦਾ ਸੀ ਅਤੇ ਉਹਨਾਂ ਨੂੰ 30 ਪੌਂਡ ਨਾਰਿਅਲ ਦਾ ਤੇਲ ਰੋਜ਼ ਕੱਢਣ ਲਈ ਕਿਹਾ ਜਾਂਦਾ ਸੀ ਤੇ ਨਾਲ ਹੀ ਨਾਰੀਅਲ ਦਾ ਛਿਲਕਾ ਕੁੱਟਣ ਲਈ ਦਿੱਤਾ ਜਾਂਦਾ ਸੀ ਤਾਂ ਜੋ ਉਸ ਦੀਆਂ ਜਟਾਵਾਂ ਕੱਢੀਆਂ ਜਾ ਸਕਣ। ਇਹ ਸਾਰਾ ਕੁਝ ਨਾ ਕਰਨ ਤੇ ਗਾਲ੍ਹਾਂ ਕੱਢੀਆਂ ਜਾਂਦੀਆਂ ਸਨ ਅਤੇ ਏਨੇ ਕੋਹੜੇ ਮਾਰੇ ਜਾਂਦੇ ਸਨ ਕਿ ਤੇਲ ਨਾਲੋਂ ਵੱਧ ਉਹਨਾਂ ਦੇ ਪਿੰਡਿਆਂ ਚੋਂ ਖੂਨ ਨੁਚੜਨ ਲੱਗ ਜਾਂਦਾ ਸੀ। ਬਸ ਹਾਕਮ ਬਦਲ ਗਏ ਹਨ..ਤੌਰ ਤਰੀਕੇ ਬਦਲ ਗਏ ਹਨ, ਨਾਰੀਅਲ ਦੀ ਥਾਂ ਤੇ ਡੀਜ਼ਲ-ਪੈਟਰੋਲ ਆ ਗਏ ਹਨ , ਕੋੜਿਆਂ ਦੀ ਥਾਂ ਤੇ ਜ਼ੇਬਾਂ ਨੂੰ ਸੰਨ੍ਹ ਲਗ ਰਹੀ ਹੈ ਤੇ ਉਦੋਂ ਖੂਨ ਨੁਚੜਦਾ ਸੀ ਤੇ ਹੁਣ ਖੂਨ ਸੁੱਕਦਾ ਹੈ।

ਤੇਲ ਉਸ ਵਕਤ ਜ਼ੁਲਮ ਦਾ ਹਥਿਆਰ ਸੀ, ਹੁਣ ਲੁੱਟ ਦਾ ਹਥਿਆਰ ਹੈ। ਕਸੂਰ ਨਾ ਨਾਰੀਅਲ ਦਾ ਸੀ ਤੇ ਨਾ ਹੁਣ ਡੀਜ਼ਲ ਦਾ ਹੈ..ਕਸੂਰ ਤਾਂ ਉਹਨਾਂ ਮਾਲਕਾਂ ਦੀ ਨੀਅਤ ਦਾ ਹੈ, ਜਿੰਨਾ ਦਾ ਏਜੰਡਾ ਸਾਦਾ ਸੋਸ਼ਣ ਰਹਿੰਦਾ ਹੈ। ਹੁਣ ਵੀ ਪੈਟਰੋਲ ਦੀ ਕੀਮਤ ਤਾਂ ਸਿਰਫ 22 ਰੁਪਏ ਲੀਟਰ ਹੈ। ਇਸ ਦੇ ਉਪਰ ਦਸ ਰੁਪਏ ਕੰਪਨੀਆਂ ਦਾ ਮੁਨਾਫ਼ਾ ਹੈ, 20 ਰੁਪਏ ਦੇ ਕਰੀਬ ਸਟੇਟ ਗੌਰਮਿੰਟ ਦਾ ਮੁਨਾਫ਼ਾ ਹੈ ਤੇ 30 ਰੁਪਏ ਦੇ ਕਰੀਬ ਕੇਂਦਰ ਸਰਕਾਰ ਦਾ ਮੁਨਾਫ਼ਾ ਹੈ। ਪੰਜਾਬੀ ਦੀ ਅਖਾਣ ਹੈ, ਡੂਢ ਆਨੇ ਦੀ ਬੱਛੀ ਢਾਈ ਫਾਟਕ ਦੇ।

ਹੁਣ ਤੁਸੀਂ ਸੋਚੋ ਕਿ ਅਜੇ ਤਾਂ ਤੇਲ ਨੇ ਹੀ ਤੇਲ ਕੱਢਿਆ ਹੈ, ਜੇਕਰ ਇਕ ਲੀਟਰ ਦੇ ਪਿੱਛੇ ਸੱਠ ਰੁਪਏ ਮੁਨਾਫ਼ੇ ਦੇ ਸਾਡੀਆਂ ਜ਼ੇਬਾਂ ਵਿਚੋਂ ਨਕਦੋ-ਨਕਦ ਕੱਢਣ ਵਾਲੀ ਸਰਕਾਰ ਕਲ੍ਹ ਨੂੰ ਚੀਨੀ ਸਮਾਨ ਦੀ ਥਾਂ ਤੇ 'ਸਵਦੇਸੀ' ਸਮਾਨ ਬਣਾ ਕੇ ਇੰਝ ਹੀ ਉਸ ਉਪਰ ਮਨ ਮਰਜੀ ਦਾ 'ਸਵਦੇਸੀ' ਟੈਕਸ ਵਸੂਲਣ ਲਗ ਪਈ ਤਾਂ ਸਾਰੇ 'ਸਵਦੇਸੀਆਂ' ਨੂੰ ਜਾਰਜ ਫਲਾਇਡ ਵਾਂਗੂ ਉੱਚੀਂ ਉਚੀ ਚੀਕਣਾ ਪਏਗਾ ਕਿ ਮੈਨੂੰ ਸਾਹ ਨਹੀਂ ਆ ਰਿਹਾ...

ਸੋ ਵੇਲਾ ਹੁਣ ਨਾ ਤੇਲ ਦੇਖਣ ਦਾ ਹੈ, ਨਾ ਉਸ ਦੀ ਧਾਰ ਦੇਖਣ ਦਾ ਹੈ..ਆਪਣੇ ਵਿਚਾਰਾਂ ਦੀ ਧਾਰ ਨੂੰ ਤਿੱਖਾ ਕਰਨ ਦਾ ਹੈ ਤਾਂ ਕਿ ਅਸੀਂ ਇਸ ਗੋਰਖ ਧੰਦੇ ਨੂੰ ਸਮਝ ਕੇ ਉਸ 'ਚੋਂ ਬਾਹਰ ਆਉਣ ਦਾ ਤਰੀਕੇ ਲੱਭ ਸਕੀਏ।



# ...ਤੇ ਹੁਣ ਕਿਸਾਨੀ ਕਾਰਪੋਰੇਟੀ ਪੂੰਜੀ ਦੇ ਜਬਾੜ੍ਹਿਆਂ ’ਚ



-ਨਰਭਿੰਦਰ

ਪਿਛਲੇਰੇ ਸਾਲਾਂ ’ਚ ਮੋਦੀ ਜਿਸ-ਕਿਸਾਨਾਂ ਦੀ ਆਮਦਨ ਦੁੱਗਣੀ ਕਰ ਦਿਆਂਗੇ ਦੀ ਰੱਟ ਲਾਉਂਦਾ ਸੀ, ਉਸ ਦੀ ਹਕੀਕਤ ਉਜਾਗਰ ਹੋ ਗਈ ਹੈ। 3 ਜੂਨ ਨੂੰ ਕੈਬਨਿਟ ਨੇ ਜਿਹੜੇ ਤਿੰਨ ਆਰਡੀਨੈਂਸ ਜਾਰੀ ਕੀਤੇ ਹਨ, ਉਹ ਖੇਤੀ ਨੂੰ ਕਾਰਪੋਰੇਟੀ ਪੂੰਜੀ ਦੇ ਜਬਾੜ੍ਹਿਆਂ ’ਚ ਦੇਣ ਵਾਲੇ ਸਾਬਤ ਹੋਣਗੇ। ਦਰਅਸਲ ਮੋਦੀ ਹਕੂਮਤ ਨਾ ਮੱਧਵਰਗ ਦੀ ਹਮਾਇਤੀ ਹੈ, ਨਾ ਮਜ਼ਦੂਰਾਂ ਦੀ ਤੇ ਨਾ ਹੀ ਕਿਸਾਨਾਂ ਦੀ। ਇਹਦੀ ਵਫਾਦਾਰੀ ਕਾਰਪੋਰੇਟੀ ਪੂੰਜੀ ਨਾਲ ਹੈ ਅਤੇ ਪਹਿਲੀਆਂ ਹਕੂਮਤਾਂ ਨਾਲੋਂ ਵਧੇਰੇ ਨੰਗੇ ਚਿੱਟੇ ਰੂਪ ਵਿੱਚ ਕਾਰਪੋਰੇਟਾਂ ਨੂੰ ਵਧਣ-ਫੁੱਲਣ ਲਈ ਉਹ ਸਾਰੇ ਰਾਹ ਮੋਕਲੇ ਕਰ ਰਹੀ ਹੈ, ਜਿਹੜੇ ਸੰਵਿਧਾਨ ਜਾਂ ਕਾਨੂੰਨ ਕੁਝ ਬੰਦਸ਼ਾਂ ਲਾਉਂਦਾ ਸੀ। ਵੈਸੇ ਵੀ ਮੋਦੀ ਜਿਸ ਵਿਚਾਰਧਾਰਾ ਦੀ ਅਗਵਾਈ ਕਰਦਾ ਹੈ, ਭਾਵ ਆਰ ਐੱਸ ਐੱਸ (ਸੰਘੀ) ਉਸ ਬ੍ਰਾਹਮਣੀ ਵਿਚਾਰਧਾਰਾ ਦਾ ਮੂਲ ਹੈ ਕਿ ‘ਲੋਕਾਂ ਨੂੰ ਸਾਧਨ ਵਿਹੂਣੇ ਕਰ ਦਿਓ। ਕੰਗਾਲ ਤੇ ਭੁੱਖਮਰੀ ਦਾ ਸ਼ਿਕਾਰ ਲੋਕ ਸਿਰ ਸੁੱਟ ਕੇ ਗੁਲਾਮ ਬਣੇ ਰਹਿਣ ਨੂੰ ਪ੍ਰਵਾਨ ਕਰ ਲੈਣਗੇ।’

ਮੋਦੀ ਦੇ ਦੂਸਰੇ ਪੜਾਅ ਵਾਲੀ ਸਰਕਾਰ ਨੇ ਕਦਮ-ਬ-ਕਦਮ ਸੰਵਿਧਾਨ ਤੇ ਜਮਹੂਰੀ ਢਾਂਚੇ ਨੂੰ ਖ਼ਤਮ ਕਰਨ ਦੇ ਕਦਮ ਪੁੱਟੇ ਹਨ ਅਤੇ ਇੱਕ ਕੇਂਦਰੀਕ੍ਰਿਤ ਢਾਂਚੇ ਨੂੰ ਅਮਲੀ ਜਾਮਾ ਪਹਿਨਾਉਣਾ ਸ਼ੁਰੂ ਕੀਤਾ ਹੋਇਆ ਹੈ। ਧਾਰਾ 370 ਖ਼ਤਮ ਕਰਨ, ਇੱਕ ਦੇਸ਼ ਇੱਕ ਨਾਗਰਿਕ ਰਜਿਸਟਰ ਜਾਂ ਇੱਕ ਵਿਧਾਨ ਇੱਕ ਸਿੱਖਿਆ ਪ੍ਰਬੰਧ, ਇੱਕ ਧਰਮ ਆਦਿ ਦੀ ਮੁਹਾਰਨੀ ਪਿੱਛੋਂ ਇੱਕ ਦੇਸ਼ ਇੱਕ ਮੰਡੀ ਦੇ ਨਾਂਅ ਹੇਠ ਹੁਣ ਕਿਸਾਨੀ ਨੂੰ ਆਪਣਾ ਨਿਸ਼ਾਨਾ ਬਣਾ ਲਿਆ ਹੈ।

ਬੇਸ਼ੱਕ ਅਜਿਹੇ ਕਦਮਾਂ ਦੀ ਜ਼ਮੀਨ 1991 ਵਿੱਚ ਉਦੋਂ ਤਿਆਰ ਹੋ ਰਹੀ ਸੀ, ਜਦੋਂ ਨਵ-ਉਦਾਰਵਾਦੀ ਨੀਤੀਆਂ ਲਾਗੂ ਕਰਨ ਲਈ ਭਾਰਤ ਨੇ ਵਿਸ਼ਵ ਵਪਾਰ ਸੰਗਠਨ ਮੂਹਰੇ ਗੋਡੇ ਟੇਕ ਦਿੱਤੇ ਸਨ ਅਤੇ ਸਹਿਜੇ-ਸਹਿਜੇ ਪਹਿਲਾਂ ਖੇਤੀ ਖੇਤਰ ਵਿੱਚ ਸਬਸਿਡੀਆਂ ਘਟਾਉਣੀਆਂ ਅਤੇ ਫਿਰ ਸਿੱਧੇ ਕਿਸਾਨ ਦੇ ਖਾਤੇ ’ਚ ਸਬਸਿਡੀ ਪਾਉਣ ਦੇ ਨਾਂਅ ਹੇਠ ਮੁਕੰਮਲ ਬੰਦ ਕਰਨ ਵੱਲ ਕਦਮ ਚੁੱਕੇ ਜਾਂਦੇ ਰਹੇ ਸਨ ਅਤੇ ਇਹਦੇ ਮੁਕਾਬਲੇ ਉੱਤੇ ਦੇਸ਼ ਭਰ ਵਿੱਚ ਇੱਕ ਵਿਸ਼ਾਲ ਕਿਸਾਨ ਰੋਸ ਵੀ ਸਾਹਮਣੇ ਆ ਰਹੇ ਸਨ। ਉਧਰ ਪਿਛਲੇਰੇ 15-20 ਸਾਲਾਂ ਤੋਂ ਜਦੋਂ ਤੋਂ ਨਵਉਦਾਰਵਾਦੀ ਨੀਤੀਆਂ ਲਾਗੂ ਹੋਈਆਂ, ਮੰਡੀ ’ਚ ਕਿਸਾਨ ਨਾਲ ਹੁੰਦੀ ਬੇਇਨਸਾਫ਼ੀ ਨੇ ਕਿਸਾਨਾਂ ਨੂੰ ਨਾ ਸਿਰਫ਼ ਕੰਗਾਲੀ ਤੇ ਕਰਜ਼ੇ ਦੀ ਗ੍ਰਿਫ਼ਤ ’ਚ ਲੈ ਆਂਦਾ ਸੀ, ਸਗੋਂ ਖੁਦਕੁਸ਼ੀਆਂ ਦਾ ਵੀ ਇੱਕ ਵਿਆਪਕ ਵਰਤਾਰਾ ਸਾਹਮਣੇ ਆਇਆ। ਸਿੱਟੇ ਵਜੋਂ ਦੇਸ਼ ਦੀ ਅਬਾਦੀ ਦੇ ਲੱਗਭੱਗ 65 ਫ਼ੀਸਦੀ ਹਿੱਸੇ ਵਿੱਚ ਬੇਚੈਨੀ ਤੇ ਰੋਸ ਨੂੰ ਬੇਸ਼ੱਕ ਕੋਈ ਸਾਰਥਿਕ ਸੇਧ ਨਹੀਂ ਸੀ ਮਿਲ ਰਹੀ ਅਤੇ ਕਿਸਾਨ ਲਹਿਰ ਅਲੱਗ-ਅਲੱਗ ਛੋਟੇ-ਛੋਟੇ ਗਰੁੱਪਾਂ ਵਿੱਚ ਸਿਮਟੀ ਹੋਈ ਸੀ ਅਤੇ ਇਹੋ ਕਾਰਨ ਕਿ ਸੱਤਾ ਪ੍ਰਾਪਤ ਕਰਨ ਵਾਲੀਆਂ ਧਿਰਾਂ ਕਿਸਾਨਾਂ ਨੂੰ ਲੋਲੋ-ਪੋਪੋ ਦਿਖਾ ਕੇ ਉਨ੍ਹਾਂ ਦੀ ਬੇਚੈਨੀ ਨੂੰ ਵੋਟ ਡੱਬਿਆਂ ’ਚ ਢਾਲ ਲੈਂਦੀਆਂ ਰਹੀਆਂ । ਸੱਤਾ ਹਥਿਆਉਣ ਲਈ ਭਾਜਪਾ ਨੇ ਵੀ ਇਹੋ ਪੱਤਾ ਖੇਡਿਆ ਅਤੇ ਪਿਛਲੇਰੇ ਸਾਲਾਂ ਤੋਂ ਦੁੱਗਣੀ ਆਮਦਨ ਕਰਨ ਦੇ ਸਬਜ਼ਬਾਗ ਵੀ ਦਿਖਾਏ, ਪਰ ਹੁਣ ਜਿਹੜੇ ਆਰਡੀਨੈਂਸ ਲਿਆਂਦੇ ਹਨ, ਉਹਦੀ ਕਹਿਣੀ ਤੇ ਕਰਨੀ ਵਿਚਲੇ ਫ਼ਰਕ ਨੂੰ ਬੇਪੜਦ ਕਰ ਦਿੰਦੇ ਹਨ।

ਇਹ ਤਿੰਨ ਆਰਡੀਨੈਂਸ ਕੀ ਹਨ?

(1) ਪਹਿਲਾ ਹੈ ਜ਼ਰੂਰੀ ਵਸਤਾਂ ਐਕਟ 1955 ਵਿੱਚ ਸੋਧਾਂ ਵਾਲਾ ਆਰਡੀਨੈਂਸ 2020। ਇਸ ਆਰਡੀਨੈਂਸ ਨਾਲ ਸਰਕਾਰ ਨੇ ਜ਼ਰੂਰੀ ਵਸਤਾਂ ’ਚੋਂ ਅਨਾਜ, ਦਾਲਾਂ, ਤੇਲ ਦੇ ਬੀਜਾਂ ਵਾਲੀਆਂ ਫਸਲਾਂ ਸਮੇਤ ਆਲੂ, ਪਿਆਜ਼ ਨੂੰ ਜ਼ਰੂਰੀ ਵਸਤਾਂ ਦੀ ਸੂਚੀ ’ਚੋਂ ਬਾਹਰ ਕਰ ਦਿੱਤਾ ਹੈ। ਨਵੀਂ ਸੋਧ ਮੁਤਾਬਕ ਸਰਕਾਰ ਇਨ੍ਹਾਂ ਨੂੰ ਖ਼ਰੀਦਣ, ਸਟਾਕ ਕਰਨ ਅਤੇ ਫਿਰ ਮਾਰਕੀਟਿੰਗ ਕਰਨ ਜਾਂ ਇਸ ਉੱਤੇ ਨਿਗਰਾਨੀ ਰੱਖਣ ਤੋਂ ਬਿਲਕੁੱਲ ਪਾਸੇ ਹੋ ਗਈ ਹੈ ਅਤੇ ਇਹ ਨਿੱਜੀ ਤੇ ਪ੍ਰਾਈਵੇਟ ਪੂੰਜੀ ਦੇ ਰਹਿਮੋ-ਕਰਮ ਉੱਤੇ ਸੁੱਟ ਦਿੱਤਾ ਗਿਆ ਹੈ। ਕਿਸਾਨਾਂ ਦੀ ਮੰਗ ਇਹ ਰਹੀ ਹੈ ਕਿ ਫ਼ਸਲਾਂ ਦੀ ਲਾਗਤ ਮੁਤਾਬਕ ਸਮਰਥਨ ਮੁੱਲ ਦਿੱਤਾ ਜਾਵੇ, ਅਜਿਹੀਆਂ ਸਿਫ਼ਾਰਸ਼ਾਂ ਪਹਿਲੀਆਂ ਸਰਕਾਰਾਂ ਵੱਲੋਂ ਬਿਠਾਏ ਕਮਿਸ਼ਨਾਂ ਨੇ ਵੀ ਦਿੱਤੀਆਂ ਸਨ, ਜਿਨ੍ਹਾਂ ’ਚ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਵੀ ਇੱਕ ਹੈ। ਭਾਜਪਾ ਸੱਤਾ ਹਥਿਆਉਣ ਲਈ ਉਸ ਰਿਪੋਰਟ ਨੂੰ ਲਾਗੂ ਕਰਨ ਦੇ ਵੀ ਦਮਗਜੇ ਮਾਰਦੀ ਰਹੀ ਹੈ, ਪਰ ਨਵੀਂ ਸੋਧ ਨਾਲ ਬੇਸ਼ੱਕ ਸਰਕਾਰ ਕੋਈ ਸਮੱਰਥਨ ਮੁੱਲ ਨਿਰਧਾਰਤ ਵੀ ਕਰ ਦੇਵੇ, ਕਿਸਾਨ ਦੀ ਫ਼ਸਲ ਉਸੇ ਕੀਮਤ ’ਤੇ ਵਿਕੇਗੀ, ਜਿਹੜੀ ਨਿਰਧਾਰਤ ਕੀਤੀ ਹੈ, ਦੀ ਕੋਈ ਗਾਰੰਟੀ ਨਹੀਂ ਰਹੀ। ਵਿਸਥਾਰ ’ਚ ਨਾ ਜਾਈਏ-ਜਵਾਰ-ਬਾਜਰਾ, ਮੱਕੀ, ਛੋਲੇ, ਮਾਂਹ ਆਦਿ ਫ਼ਸਲਾਂ ਜਿਹੜੀਆਂ ਜ਼ਿਆਦਾਤਰ ਰਾਜਸਥਾਨ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼, ਬਿਹਾਰ, ਮਹਾਂਰਾਸ਼ਟਰ ਦੇ ਬਜ਼ਾਰਾਂ ’ਚ ਵਧੇਰੇ ਆਉਂਦੀਆਂ ਹਨ, ਦੀ ਸਰਕਾਰ ਵੱਲੋਂ ਨਿਰਧਾਰਤ ਕੀਮਤ ਕਦੇ ਵੀ ਕਿਸਾਨ ਨੂੰ ਨਹੀਂ ਮਿਲਦੀ, ਇਹ ਪ੍ਰਾਈਵੇਟ ਵਪਾਰੀ ਹੀ ਖ਼ਰੀਦਦੇ ਹਨ ਅਤੇ ਸਸਤੇ ਰੇਟ ’ਤੇ ਖ਼ਰੀਦਦੇ ਹਨ। ਪੰਜਾਬ ਵਿੱਚ ਮੱਕੀ ਦਾ ਸਮਰਥਨ ਮੁੱਲ 1850 ਰੁਪਏ ਪ੍ਰਤੀ ਕਵਿੰਟਲ ਹੈ, ਪਰ ਵਿਕੀ 1110 ਰੁਪਏ ਕਵਿੰਟਲ। ਹੁਣ ਨਵੀਂ ਸੋਧ ਨਾਲ ਇੱਕ ਵਪਾਰੀ-ਜ਼ਖੀਰੇਬਾਜ਼ ਜਿੰਨੀ ਸਮਰੱਥਾ ਹੋਵੇਗੀ, ਇਹ ਫ਼ਸਲ ਖ਼ਰੀਦ ਕੇ ਸਟਾਕ ਕਰ ਸਕੇਗਾ। ਪਹਿਲਾਂ ਕੁਝ ਬੰਦਸ਼ਾਂ ਸਨ ਹੁਣ ਇਸ ਦਾ ਵਪਾਰ ਬੰਦਸ਼ਾਂ ਤੋਂ ਮੁਕਤ ਹੋ ਗਿਆ ਹੈ। ਭਾਵ ਜ਼ਖੀਰੇਬਾਜ਼ੀ ਨੂੰ ਕਾਨੂੰਨੀ ਜਾਮਾ ਪਹਿਨਾ ਦਿੱਤਾ ਗਿਆ ਹੈ ਅਤੇ ਫਿਰ ਕਾਲਾ ਬਾਜ਼ਾਰੀ ਭਾਵ ਸਸਤੀ ਖ਼ਰੀਦ ਕੇ ਨਕਲੀ ਕਿੱਲਤ ਪੈਦਾ ਕਰਨੇ ਮਹਿੰਗੀ ਵੇਚਣ ਦੇ ਧੰਦੇ ਨੂੰ ਵਪਾਰ ਦਾ ਬੁਰਕਾ ਪਹਿਣਾ ਕੇ ਮਾਨਤਾ ਪ੍ਰਦਾਨ ਕਰ ਦਿੱਤੀ ਗਈ ਹੈ। ਇਸ ਦੇ ਨਾਲ ਜੁੜਵਾਂ ਦੂਸਰਾ ਆਰਡੀਨੈਂਸ-ਖੇਤੀਬਾੜੀ ਪੈਦਾਵਾਰ ਦਾ ਦੇਸ਼-ਵਿਆਪੀ ਖੁੱਲ੍ਹਾ ਬਾਜ਼ਾਰ ਤੇ ਵਪਾਰ ਆਰਡੀਨੈਂਸ 2020 ਇਸ ਨੂੰ ਹੋਰ ਵਿਸਥਾਰ ਦਿੰਦਾ ਹੈ। ਇਹ-ਇਕ ਦੇਸ਼-ਇੱਕ ਬਾਜ਼ਾਰ ਦੀ ਸੰਘੀ ਮੁਹਾਰਨੀ ਦੇ ਨਾਂਅ ਹੇਠ ਲਿਆਂਦਾ ਜਾ ਰਿਹਾ ਹੈ ਅਤੇ ਕਿਹਾ ਜਾ ਰਿਹਾ ਹੈ ਕਿ ਇਸ ਨਾਲ ਕਿਸਾਨ ਨੂੰ ਸ਼ਸ਼ਕਤੀਕਰਨ ਭਾਵ ਅਮੀਰ ਤੇ ਸਮਰੱਥ ਬਣਨ ਲਈ ਰਾਹ ਖੁੱਲ੍ਹੇਗਾ। ਹਕੀਕਤ ਕੀ ਹੈ? ਦੇਸ਼ ਦੀ ਕੁੱਲ ਕਿਸਾਨੀ ਦਾ ਤਿੰਨ ਚੌਥਾਈ ਹਿੱਸਾ ਭਾਵ ਵੱਡਾ ਹਿੱਸਾ ਬੇਹੱਦ ਗਰੀਬ ਕਿਸਾਨੀ ’ਚ ਆਉਂਦਾ ਹੈ, ਜਿਨ੍ਹਾਂ ਪਾਸ ਡੇਢ ਏਕੜ ਤੋਂ ਪੰਜ ਏਕੜ ਜਾਂ 7 ਏਕੜ ਤੱਕ ਜ਼ਮੀਨ ਹੈ। ਨਵੇਂ ਆਰਡੀਨੈਂਸ ਮੁਤਾਬਕ ਸਰਕਾਰ ਦਾਅਵਾ ਕਰਦੀ ਹੈ ਕਿ ਉਹਨੇ ਮੰਡੀਆ ਦੇ ਸਥਾਨਕ ਢਾਂਚੇ ਨੂੰ ਖ਼ਤਮ ਕਰਕੇ ਪੂਰੇ ਦੇਸ਼ ਨੂੰ ਇੱਕ ਮੰਡੀ ਦਾ ਰੂਪ ਦੇ ਦਿੱਤਾ ਹੈ, ਜਿਸ ਨਾਲ ਪੰਜਾਬ ਦਾ ਕਿਸਾਨ ਆਪਣੀ ਫ਼ਸਲ ਮੱਧ ਪ੍ਰਦੇਸ਼, ਕਰਨਾਟਕ, ਕੇਰਲਾ, ਪੱਛਮੀ ਬੰਗਾਲ ’ਚ ਜਾ ਕੇ ਵੇਚ ਸਕੇਗਾ ਅਤੇ ਵੱਧ ਮੁਨਾਫ਼ੇ ਲੈਣ ਦੇ ਸਮਰੱਥ ਹੋ ਸਕੇਗਾ। ਮੌਜੂਦਾ ਪ੍ਰਬੰਧ ਵਿੱਚ ਵੀ ਪੰਜਾਬ ਤੇ ਹਰਿਆਣੇ ਦੀ ਕਣਕ ਦਾ ਭਾਅ ਦੱਖਣੀ ਤੇ ਮੱਧ ਭਾਰਤ ਦੀਆਂ ਮੰਡੀਆਂ ਦੇ ਭਾਅ ਮੁਤਾਬਕ ਘੱਟ ਹੈ। ਭਾਵ ਜਿੱਥੇ ਅਨਾਜ ਦੀ ਪੈਦਾਵਾਰ ਘੱਟ ਹੋਵੇਗੀ, ਉਥੇ ਅਨਾਜ ਦੀ ਮੰਗ ਦੇ ਲਿਹਾਜ਼ ਨਾਲ ਕੀਮਤ ਵੀ ਉੱਚੀ ਹੋਵੇਗੀ। ਇਸ ਦਾ ਲਾਹਾ ਕਿਸਾਨ ਲੈ ਸਕੇਗਾ। ਅਸੀਂ ਉਪਰ ਜ਼ਿਕਰ ਕੀਤਾ ਸੀ ਕਿ ਜਿਸ ਦੇਸ਼ ’ਚ 75 ਫ਼ੀਸਦੀ ਛੋਟੀ ਕਿਸਾਨੀ ਹੋਵੇ, ਦੂਸਰੇ ਪਾਸੇ ਸਿਰਫ਼ ਇੱਕ ਜਾਂ ਦੋ ਫ਼ੀਸਦੀ ਹੀ ਅਮੀਰ ਕਿਸਾਨੀ ਹੋਵੇ, ਬਾਕੀ ਮੱਧ ਵਰਗੀ ਕਿਸਾਨੀ ਹੋਵੇ, ਉਸ ਵਿੱਚ ਛੋਟੇ ਤੇ ਮੱਧਵਰਗੀ ਕਿਸਾਨੀ ਵੀ ਆਪਣੀ ਫ਼ਸਲ ਦੀ ਮਾਰਕੀਟਿੰਗ ਕਰਨ ਦੇ ਸਮਰੱਥ ਕਿੱਥੋਂ ਹੋਵੇਗੀ। ਸਾਫ਼ ਹੈ ਕਿ ਜਦੋਂ ਸਥਾਨਕ ਮੰਡੀਕਰਨ ਸਿਸਟਮ ਜਿਹੜਾ ਕਈ ਸਾਲਾਂ ਦੀ ਜੱਦੋ-ਜਹਿਦ ਪਿੱਛੋਂ ਉਸਰਿਆ ਸੀ ਅਤੇ ਜਿਹੜਾ ਸਰਕਾਰੀ ਨਿਗਰਾਨੀ ਹੇਠ ਚੱਲ ਰਿਹਾ ਸੀ, ਨੂੰ ਚੁਪਕੇ ਜੇ ਜਿਹੇ ਪ੍ਰਾਈਵੇਟ ਪੂੰਜੀ (ਵਪਾਰੀਆਂ) ਦੇ ਹੱਥਾਂ ’ਚ ਦੇਣ ਵੱਲ ਰਾਹ ਖੋਲ੍ਹ ਦਿੱਤਾ ਗਿਆ ਹੈ। ਸਰਕਾਰ ਓਨੀ ਕੁ ਹੀ ਫ਼ਸਲ ਦੀ ਖਰੀਦ ਕਰੇਗੀ, ਜਿੰਨੀ ਕੁ ਪਬਲਿਕ ਵੰਡ ਪ੍ਰਣਾਲੀ ਤਹਿਤ ਉਹ ਆਮ ਲੋਕਾਂ ਨੂੰ ਵੰਡਦੀ ਹੈ ਅਤੇ ਹੋ ਸਕਦਾ ਇਹ ਵੀ ਸਿੱਧੀ ਖ਼ਰੀਦ ਬੰਦ ਕਰਕੇ, ਪ੍ਰਾਈਵੇਟ ਵਪਾਰੀਆਂ ਤੋਂ ਹੀ ਖ਼ਰੀਦ ਲਿਆ ਕਰੇ।

ਇਹ ਆਰਡੀਨੈਂਸ ਕਿੰਨਾ ਖ਼ਤਰਨਾਕ ਹੋਵੇਗਾ ਅਤੇ ਇਹਦਾ ਘੇਰਾ ਕਿੰਨਾ ਵਿਸ਼ਾਲ ਹੋਵੇਗਾ ਅਤੇ ਕਿੰਨੇ ਰੂਪ ਵਿੱਚ ਪ੍ਰਭਾਵਤ ਕਰੇਗਾ। ਇਹ ਇੱਕ ਬਹੁਤ ਹੀ ਗਹਿਰਾਈ ਦੇ ਅਧਿਐਨ ਵਾਲਾ ਵਿਸ਼ਾ ਹੈ। ਮੋਟੇ ਰੂਪ ਵਿੱਚ ਕਿਹਾ ਜਾਵੇ। ਕਿਸਾਨ-ਆੜ੍ਹਤੀਏ, ਮੰਡੀ ਮਜ਼ਦੂਰ, ਮੁਨੀਮ, ਢੋਆ-ਢੁਆਈ ਆਦਿ ਦੇ ਨਾਲ ਮੰਡੀ ਬੋਰਡ ’ਤੇ ਖ਼ਰੀਦ ਏਜੰਸੀਆਂ ਸਟੋਰੇਜ਼ ਅਮਲਾ-ਫੈਲਾ ਆਦਿ ਦਾ ਪੂਰਾ ਨੈੱਟਵਰਕ ਹੀ ਪ੍ਰਭਾਵਤ ਨਹੀਂ ਹੋਵੇਗਾ, ਉਹ ਮੰਡੀ ਬੋਰਡ ਜਿਵੇਂ ਪੰਜਾਬ ਜਾਂ ਹਰਿਆਣੇ ਵਿੱਚ ਹੈ, ਜਿਹੜਾ ਫ਼ਸਲਾਂ ਦੀ ਖ਼ਰੀਦ-ਵੇਚ ਤੋਂ ਹਾਸਲ ਹੋਣ ਵਾਲੀ ਮਾਰਕੀਟ ਫ਼ੀਸ ਨਾਲ ਪੇਂਡੂ ਸੜਕਾਂ ਤੇ ਹੋਰ ਨਿਰਮਾਣ ਕੰਮਾਂ ਵਿੱਚ ਭੂਮਿਕਾ ਨਿਭਾਉਂਦਾ ਸੀ। ਇਹ ਵਿਕਾਸ ਕੰਮ ਵੀ ਪ੍ਰਭਾਵਤ ਹੋਣਗੇ। ਇਹ ਲੱਗਭੱਗ 5000 ਕਰੋੜ ਦੀ ਰਾਸ਼ੀ ਇਕੱਲਾ ਪੰਜਾਬ ਹੀ ਵਸੂਲਦਾ ਸੀ।

ਇਸ ਖੁੱਲ੍ਹੀ ਮਾਰਕੀਟਿੰਗ ਵਿੱਚ ਸਭ ਤੋਂ ਪਹਿਲਾਂ ਛੋਟਾ ਕਿਸਾਨ ਪ੍ਰਭਾਵਿਤ ਹੋਵੇਗਾ, ਉਹ ਟਿਕ ਨਹੀਂ ਸਕੇਗਾ। ਮਰੇਗਾ, ਤਬਾਹ ਹੋਵੇਗਾ। ਸਸਤੀ ਫਸਲ ਵੇਚਣ ਲਈ ਮਜਬੂਰ ਹੋਵੇਗਾ। ਬਚੇਗਾ ਮੱਧ ਵਰਗੀ ਕਿਸਾਨ ਵੀ ਨਹੀਂ। ਫ਼ਸਲ ਦੇ ਸਟਾਕ ਤੇ ਮਾਰਕੀਟਿੰਗ ਵਿੱਚ ਮਹਿਜ਼ ਇੱਕ ਫ਼ੀਸਦੀ ਤੋਂ ਵੀ ਘੱਟ ਕਿਸਾਨ ਹੀ ਇਸ ਸਮਰੱਥ ਹੋਣਗੇ, ਜੋ ਦੂਸਰੇ ਰਾਜਾਂ ’ਚ ਫਸਲ ਵੇਚਣ ਲਈ ਇੱਕ ਦੇਸ਼ ਦੀ ਮੰਡੀ ਦੀ ਵਰਤੋਂ ਕਰ ਸਕਣਗੇ। ਵਧਣਗੇ, ਫੁੱਲਣਗੇ ਉਹੀ ਜਿਨ੍ਹਾਂ ਦੀ ਕਾਰਪੋਰੇਟੀ ਪੂੰਜੀ ਨਾਲ ਸਾਂਝ-ਭਿਆਲੀ ਹੋਵੇਗੀ। ਬਾਜ਼ਾਰ ਦਾ ਅਸੂਲ ਹੈ ਇੱਥੇ ਮਾੜਾ ਲੁੱਟਿਆ ਜਾਂਦਾ ਹੈ, ਤਕੜਾ ਵਧਦਾਫੁੱਲਦਾ ਹੈ। ਸੋ ਇਹ ਸੋਧਾਂ ਛੋਟੀ ਕਿਸਾਨੀ ਲਈ ਮੌਤ ਦਾ ਖੰਜਰ ਸਾਬਤ ਹੋਣਗੀਆਂ। ਇਹ ਦੇ ਨਾਲ ਹੀ ਇੱਕ ਹੋਰ ਸਵਾਲ ਕਿ ਕੀ ਪਹਿਲਾਂ ਕਿਸਾਨ ਲਈ ਆਪਣੀ ਫ਼ਸਲ ਦੂਸਰੇ ਰਾਜਾਂ ’ਚ ਵੇਚਣ ਲਈ ਸਾਰੇ ਰਾਹ ਬੰਦ ਸਨ। ਤੁਸੀਂ ਦੇਸ਼ ਭਰ ਵਿੱਚ ਸਬਜ਼ੀ ਮੰਡੀਆਂ ’ਤੇ ਨਿਗ੍ਹਾ ਮਾਰੋ ਤਾਂ 350 ਕਿਲੋਮੀਟਰ ਦਾ ਸਫ਼ਰ ਤਹਿ ਕਰਕੇ ਦਿੱਲੀ, ਹਰਿਆਣਾ ਤੇ ਰਾਜਸਥਾਨ ਦੀਆਂ ਸਬਜ਼ੀ ਮੰਡੀਆਂ’ਚ ਕਿਸਾਨ ਆਪਣੀ ਸਬਜ਼ੀ ਤੇ ਫ਼ਲ ਲੈ ਕੇ ਜਾਂਦਾ ਹੀ ਹੈ। ਮਿਸਾਲ ਲਈ ਨਾਸਿਕ ਦੇ ਕਿਸਾਨਾਂ ਨੂੰ ਉੱਥੇ ਪਿਆਜ਼ ਦੇ ਜੇ ਦੋ ਰੁਪਏ ਕਿਲੋ ਰੇਟ ਮਿਲਦਾ ਹੈ ਤਾਂ ਉਹ ਪੰਜਾਬ ’ਚ ਲਿਆ ਕੇ ਵੇਚ ਸਕਦਾ ਸੀ, ਪਰ ਜਿਵੇਂ ਅਸੀਂ ਜ਼ਿਕਰ ਕੀਤਾ ਹੈ ਕਿ ਕਿਸਾਨੀ ਖੁਦ ਮਾਰਕੀਟਿੰਗ ਕਰਨ ਦੇ ਸਮਰੱਥ ਹੈ ਹੀ ਨਹੀਂ। ਇਹ ਦੋਵੇਂ ਹੀ ਆਰਡੀਨੈਂਸ ਕਿਸਾਨਾਂ ਦੇ ਨਾਂਅ ’ਤੇ ਛੋਟ ਦੇਣ ਦੇ ਪਰਦੇ ਹੇਠ ਵਪਾਰੀਆਂ ਤੇ ਕਾਰਪੋਰੇਟ ਘਰਾਣਿਆਂ ਲਈ ਰੋਕਾਂ ਸਾਫ਼ ਕਰਨ ਵਾਲੇ ਹੀ ਹਨ।

ਤੀਸਰਾ ਆਰਡੀਨੈਂਸ ਹੈ-ਕਿਸਾਨ ਭਰੋਸੇ ਤੇ ਕਿਸਾਨ ਸਮਝੌਤਾ ਖੇਤੀਬਾੜੀ ਸੇਵਾ ਆਰਡੀਨੈਂਸ-2020। ਇਹ ਕੰਟਰੈਕਟ ਫਾਰਮਿੰਗ ਭਾਵ ਠੇਕਾ ਸਮਝੋਤਾ ਖੇਤੀ ਨਾਲ ਸੰਬੰਧਤ ਹੈ। ਕਾਰਪੋਰੇਟ ਘਰਾਣਿਆਂ ਅਤੇ ਵਿਸ਼ਵ ਵਪਾਰ ਸੰਗਠਨ ਦੀ ਚਿਰੋਕਣੀ ਮੰਗ ਸੀ, ਕਿਉਂਕਿ ਭਾਰਤੀ ਖੇਤੀ ਖੇਤਰ ਵਿੱਚ ਬਹੁਕੌਮੀ ਕਾਰਪੋਰੇਸ਼ਨਾਂ ਬੇਰੋਕ-ਟੋਕ ਦਖ਼ਲ ਦੀ ਮੰਗ ਕਰਦੀਆਂ ਆ ਰਹੀਆਂ ਸਨ। ਇਹ ਦੋ ਰੂਪਾਂ ਵਿੱਚ ਅੱਜ ਵੀ ਪ੍ਰਚੱਲਤ ਹੈ। ਪਹਿਲਾ ਰੂਪ ਹੈ ਕਿ ਕੰਪਨੀ ਕਿਸਾਨ ਨਾਲ ਇੱਕ ਸਮਝੌਤਾ ਕਰਦੀ ਹੈ। ਉਹ ਬੀਜ, ਦਵਾਈਆਂ, ਖਾਦ ਆਦਿ ਮੁਹੱਈਆ ਕਰਾਉਂਦੀ ਹੈ ਅਤੇ ਫ਼ਸਲ ਖ਼ਰੀਦਣ ਦਾ ਸਮਝੌਤਾ ਕਰ ਲੈਂਦੀ ਹੈ। ਦੂਸਰਾ ਉਹ ਕਈ ਕਿਸਾਨਾਂ ਤੋਂ ਇਕੱਠਾ ਇੱਕ 500-700 ਏਕੜ ਦਾ ਪਲਾਟ ਲੈ ਕੇ ਖੁਦ ਖੇਤੀ ਕਰਦੀ ਹੈ। ਪਹਿਲੇ ਕਿਸਮ ਦੇ ਠੇਕੇ ਵਿੱਚ ਕਿਸਾਨ ਨੂੰ ਮਜ਼ਦੂਰੀ ਮਿਲ ਜਾਂਦੀ ਹੈ, ਪੂਰਾ ਪਰਵਾਰ ਮਜ਼ਦੂਰੀ ’ਚ ਖਪ ਸਕਦਾ ਹੈ, ਦੂਸਰੇ ਵਿੱਚ ਕਿਸਾਨ ਵਿਹਲਾ ਹੋ ਜਾਂਦਾ ਹੈ, ਕਿਰਤ ’ਚੋਂ ਬਾਹਰ ਹੋ ਜਾਂਦਾ ਹੈ। ਪਹਿਲੇ ਵਿੱਚ ਬੇਸ਼ੱਕ ਕੰਪਨੀ ਫਸਲ ਤਿਆਰ ਕਰਨ ਵਾਲੇ ਖਰਚੇ ਖੁਦ ਮੁਹੱਈਆ ਕਰਵਾ ਕੇ ਉਨ੍ਹਾਂ ਦੀ ਲਾਗਤ ਕੱਟ ਕੇ ਨਿਰਧਾਰਤ ਸਮਝੌਤੇ ਮੁਤਾਬਕ ਰੇਟ ’ਤੇ ਫ਼ਸਲ ਚੁੱਕਣ ਲਈ ਵਚਨਬੱਧਤਾ ਰੱਖਦੀ ਸੀ, ਪਰ ਵੇਖਣ ਵਿੱਚ ਆਇਆ ਕਿ ਆਮ ਤੌਰ ’ਤੇ ਜੇ ਮੰਡੀ ’ਚ ਉਹਨੂੰ ਯੋਗ ਮੁਨਾਫ਼ਾ ਨਹੀਂ ਮਿਲਦਾ ਸੀ ਤਾਂ ਕਿਸਾਨ ਦੀ ਫ਼ਸਲ ਦੀ ਕੁਆਲਟੀ, ਮਿਕਦਾਰ ਆਦਿ ਦਾ ਬਹਾਨਾ ਲਾ ਕੇ ਪਿੱਛੇ ਹਟ ਜਾਂਦੀ ਸੀ, ਕਿਉਂਕਿ ਨਿਰਧਾਰਤ ਸਮਝੌਤੇ ਮੁਤਾਬਕ-ਕੁਆਲਟੀ ਮਿਕਦਾਰ ਤੇ ਡਲਿਵਰੀ ਆਦਿ ਦੀਆਂ ਸ਼ਰਤਾਂ ਫ਼ਸਲ ਤੋਂ ਪਹਿਲਾਂ ਹੀ ਤਹਿ ਹੁੰਦੀਆਂ ਸਨ, ਪਰ ਕਮਜ਼ੋਰ ਕੁਆਲਟੀ ਦੇ ਬਹਾਨੇ ਹੇਠ ਉਹ ਪਿੱਛੇ ਹਟ ਜਾਂਦੀ ਸੀ। ਪਹਿਲੇ ਕਾਨੂੰਨ ਮੁਤਾਬਕ ਜੇ ਕੰਪਨੀ ਤੇ ਕਿਸਾਨ ਦਰਮਿਆਨ ਕੋਈ ਟਕਰਾਅ ਆਉਂਦਾ ਸੀ ਤਾਂ ਕਿਸਾਨ ਕੋਰਟ ’ਚ ਜਾ ਸਕਦਾ ਸੀ, ਪਰ ਨਵੇਂ ਆਰਡੀਨੈਂਸ ਮੁਤਾਬਕ ਕਿਸਾਨ ਲਈ ਕੋਰਟ ਦੇ ਸਾਰੇ ਰਾਹ ਬੰਦ ਕਰ ਦਿੱਤੇ ਗਏ ਹਨ ਇਹ ਤਕਰਾਰ ਜਾਂ ਝਗੜਾ ਸਥਾਨਕ ਪ੍ਰਸ਼ਾਸਨ ਦੇ ਹੀ ਹਵਾਲੇ ਕਰ ਦਿੱਤਾ ਗਿਆ ਹੈ। ਭ੍ਰਿਸ਼ਟ ਅਫ਼ਸਰਸ਼ਾਹੀ ਵਿੱਚ ਕੀਹਦੀ ਜਿੱਤ ਹੋਵੇਗੀ ਇਹ ਸਾਫ਼ ਹੈ। ਨਵੇਂ ਆਰਡੀਨੈਂਸ ਮੁਤਾਬਕ ਕਿਸਾਨ ਸਸਤੀ ਫ਼ਸਲ ਵੇਚਣ ਲਈ ਵੀ ਮਜਬੂਰ ਹੋਵੇਗਾ ਅਤੇ ਪਹਿਲੇ ਪ੍ਰਬੰਧ ਵਿੱਚ ਸ਼ਾਹੂਕਾਰ ਜਾਂ ਆੜ੍ਹਤੀਆ ਇੱਕ ਸਮਾਜਿਕ ਰਿਸ਼ਤਾ ਬਣਾ ਕੇ ਰੱਖਦਾ ਸੀ। ਕਿਸਾਨ ਦੀ ਫ਼ਸਲ ਦੀ ਜੇ ਸਰਕਾਰੀ ਖ਼ਜ਼ਾਨੇ ’ਚੋਂ ਅਦਾਇਗੀ ਨਹੀਂ ਸੀ ਆਉਂਦੀ ਤਾਂ ਵੀ ਇਧਰੋਂ-ਉਧਰੋਂ ਅਦਾਨ-ਪ੍ਰਦਾਨ ਕਰ ਦਿੰਦਾ ਸੀ, ਪਰ ਨਵੇਂ ਆਰਡੀਨੈਂਸ ਮੁਤਾਬਕ ਕੰਪਨੀ ਸਮੇਂ ਸਿਰ ਅਦਾਇਗੀ ਕਰਨ ਲਈ ਵੀ ਵਚਨਬੱਧ ਨਹੀਂ ਹੋਵੇਗੀ। ਸੋ ਕਿਸਾਨ ਭੁੱਖਮਰੀ ਦੇ ਸੰਕਟ ਵਿੱਚ ਫਸਿਆ ਰਹੇਗਾ। ਇਹ ਕੰਟਰੈਕਟ ਫਾਰਮਿੰਗ ਐਕਟ 2003 ਨਾਲੋਂ ਕੰਪਨੀਆਂ ਦੇ ਹੱਕ ਵਿੱਚ ਕਿਤੇ ਜ਼ਿਆਦਾ ਭਾਰਤ ਦਾ ਹੈ।

ਭਾਰਤ ਵਿੱਚ ਪਹਿਲਾਂ ਹੀ ਕੁਝ ਵਿਦੇਸ਼ੀ ਕੰਪਨੀਆਂ ਖੇਤੀ ਖੇਤਰ ਵਿੱਚ ਸਰਗਰਮ ਹਨ, ਜਿਨ੍ਹਾਂ ’ਚ ਆਈ ਟੀ ਸੀ, ਗੋਦਰੇਜ, ਰਿਲਾਇੰਸ, ਮੈਟਰੋ, ਅਦਾਨੀ, ਹਿੰਦੋਸਤਾਨ ਯੂਨੀਲੀਵਰ, ਮਹਿੰਦਰਾ, ਕਾਰਗਿਲ, ਪੈਪਸਿਕੋ, ਮੈਕਰੇਨ, ਟਾਟਾ, ਡੀ ਸੀ ਐੱਮ, ਸ੍ਰੀ ਰਾਮ, ਪਤੰਜਲੀ, ਮਾਰਸਗਿਰਲੇ, ਕਨਫੈਸ਼ਨ ਆਦਿ। ਪੰਜਾਬ ਵਿੱਚ ਰਿਲਾਇੰਸ ਅਤੇ ਅਦਾਨੀ ਨੇ ਪਿਛਲੇ ਸਾਲਾਂ ਵਿੱਚ ਹੀ ਬਹੁਤ ਵੱਡੀ ਸਮਰੱਥਾ ਵਾਲੇ ਅਨਾਜ ਭੰਡਾਰ ਉਧਾਰ ਲਏ ਸਨ ਜਦੋਂ ਪੁਰਾਣੇ ਐੱਫ਼ ਸੀ ਆਈ ਦੇ ਗੁਦਾਮਾਂ ਨੂੰ ਨਕਾਰਾ ਕਹਿ ਕੇ ਅਨਾਜ ਸਟੋਰ ਕਰਨ ਤੋਂ ਟਾਲਾ ਵੱਟ ਲਿਆ ਸੀ ਅਤੇ ਜਦੋਂ ਐੱਫ਼ ਸੀ ਆਈ ਤੋੜਨ ਦੇ ਚਰਚੇ ਵੀ ਚੱਲੇ ਸਨ। ਹੁਣ ਐੱਫ਼ ਸੀ ਆਈ ਵਰਗੇ ਅਦਾਰੇ ਨੂੰ ਖ਼ਤਮ ਕਰਨ ਲਈ ਰਾਹ ਸਾਫ਼ ਹੋ ਜਾਵੇਗਾ।

ਪਹਿਲਾ ਦਰਅਸਲ ਸਰਕਾਰ ਹਰ ਖੇਤਰ ਵਿੱਚੋਂ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਹੋਣ ਜਾ ਰਹੀ ਹੈ। ਪਹਿਲਾਂ ਸਿਹਤ ਤੇ ਸਿੱਖਿਆ ਖੇਤਰ ਨੂੰ ਪੂੰਜੀ ਦੇ ਹਵਾਲੇ ਕੀਤਾ, ਫਿਰ ਸਨਅਤ ਤੇ ਪਬਲਿਕ ਸੈਕਟਰ ਨੂੰ ਕਾਰਪੋਰੇਟੀ ਪੂੰਜੀ ਦੇ ਹੱਥ ਸੌਂਪਿਆ, ਲਾਕਡਾਊਨ ਦੇ ਦੌਰ ਹੇਠ ਛੋਟੀ ਤੇ ਮਝੋਲੀ ਸਨਅਤ ਤਬਾਹ ਕਰ ਦਿੱਤੀ, ਜਿਸ ਦੇ ਮੁੜ ਪੈਰਾਂ ਸਿਰ ਖਲੋਣਾ ਇੱਕ ਗੁੰਝਲਦਾਰ ਪ੍ਰਕ੍ਰਿਆ ਹੈ। ਇਹਦੇ ਨਾਲ ਹੀ ਮਜ਼ਦੂਰ ਰੁਜ਼ਗਾਰ ਵਿਹੂਣੇ ਕਰ ਦਿੱਤੇ। ਹੁਣ ਕਿਸਾਨੀ ਖੇਤਰ ਜਿੱਥੇ ਵੱਡੀ ਪੱਧਰ ਉੱਤੇ ਕਿਸਾਨੀ ਤੇ ਖੇਤ ਮਜ਼ਦੂਰਾਂ ਦੇ ਨੌਜਵਾਨ ਖਪ ਜਾਂਦੇ ਸਨ, ਨੂੰ ਉਜਾੜਨ ਦਾ ਰਾਹ ਫੜ ਲਿਆ ਹੈ।

ਚਾਹੀਦਾ ਤਾਂ ਇਹ ਸੀ ਕਿ ਮਨੁੱਖੀ ਜ਼ਿੰਦਗੀ ਦੇ ਆਧਾਰ ’ਤੇ ਇਸ ਖੇਤਰ ਨੂੰ ਅਤੇ ਵੱਡੀ ਆਬਾਦੀ (ਕਿਸਾਨ-ਮਜ਼ਦੂਰਾਂ) ਨੂੰ ਇੱਥੇ ਹੀ ਰੁਜ਼ਗਾਰ ਦੇਣ ਲਈ ਇਸ ਦੀ ਕੋਈ ਸਮਰੱਥ ਕਾਇਆ-ਕਲਪ ਕੀਤੀ ਜਾਂਦੀ। ਜਿੱਥੇ ਇਹ ਆਬਾਦੀ ਰੁਜ਼ਗਾਰ ’ਚ ਖਪ ਸਕਦੀ, ਪਰ ਸਰਕਾਰ ਜਿਹੜੀਆਂ ਨੀਤੀਆਂ ਲਿਆਉਂਦੀ ਹੈ, ਉਸ ’ਚ ਮਨੁੱਖੀ ਆਬਾਦੀ ਪ੍ਰਤੀ (ਕੰਮ ਤੇ ਚੰਗੇਰੀ ਜ਼ਿੰਦਗੀ) ਕੋਈ ਜ਼ਿੰਮੇਵਾਰੀ ਨਹੀਂ ਹੁੰਦੀ, ਸਗੋਂ ਸਿਰਫ਼ ਮੁਨਾਫ਼ਾ ਪ੍ਰਧਾਨ ਹੁੰਦਾ ਹੈ ਅਤੇ ਇਹ ਮੁਨਾਫ਼ਾ ਵੀ ਵੱਡੇ ਘਰਾਣਿਆਂ ਲਈ ਹੀ। ਸੋ ਭਾਰਤ ਦਾ ਖੇਤੀ ਖੇਤਰ ਜਿਸ ਵਿੱਚ ਵਿਸ਼ਵ ਬੈਂਕ ਅਤੇ ਵਿਸ਼ਵ ਵਪਾਰ ਸੰਗਠਨ ਜਾਂ ਕਹੋ ਵਿਦੇਸ਼ੀ ਕਾਰਪੋਰੇਟੀ ਪੂੰਜੀ ਦੀ ਵਿਸ਼ੇਸ਼ ਅੱਖ ਰਹੀ ਹੈ, ਦੇ ਸੁਪਨੇ ਮੋਦੀ ਸਰਕਾਰ ਪੂਰੇ ਕਰਨ ਜਾ ਰਹੀ ਹੈ। ਯਾਦ ਹੋਵੇਗਾ ਵਿਸ਼ਵ ਬੈਂਕ ਨੇ ਇੱਕ ਰਿਪੋਰਟ ਵਿੱਚ ਕੁਝ ਸਾਲ ਪਹਿਲਾਂ ਨੋਟ ਕੀਤਾ ਸੀ ਕਿ “ਭਾਰਤ ਵਿੱਚ ਛੋਟੀ ਕਿਸਾਨੀ ਬਹੁਤ ਮਹਿੰਗੀ ਪੈ ਰਹੀ ਹੈ ਅਤੇ ਇਹ ਵਿਕਾਸ ਦੇ ਰਾਹ ਵਿੱਚ ਅੜਿੱਕਾ ਹੈ।” ਮੋਦੀ ਸਰਕਾਰ ਆਪਣੇ ਆਕਾਵਾਂ (ਮਾਲਕਾਂ) ਲਈ ਇਹ ਰਾਹ ਸਾਫ਼ ਕਰ ਰਹੀ ਹੈ, ਪਰ ਇਹ ਛੋਟੀ ਕਿਸਾਨੀ ਤੇ ਇਹਦੇ ਨਾਲ ਮਜ਼ਦੂਰ ਭੁੱਖਮਰੀ ਤੇ ਕੰਗਾਲੀ ਦੀ ਹਾਲਤ ਵਿੱਚ ਕਿੱਥੇ ਖਪਣਗੇ, ਇਸ ਦੀ ਕੋਈ ਯੋਜਨਾ ਨਹੀਂ। ਵੈਸੇ ਵੀ ਸਰਕਾਰ ਹੁਣ ਕੋਈ ਲੰਬੀ ਯੋਜਨਾ ਬਣਾ ਕੇ ਨਹੀਂ ਚੱਲਦੀ।

ਕਿਸਾਨੀ ਦੀ ਤਬਾਹੀ ਕਿਹੋ ਜਿਹੀ ਹੋਵੇਗੀ ਇਸ ਦੀ ਭਾਰਤ ਵਿੱਚ ਹੀ ਇੱਕ ਮਿਸਾਲ ਹੈ-ਅੱਜ ਤੋਂ 113 ਸਾਲ ਪਹਿਲਾਂ ਦੀ, ਜਦੋਂ ਬ੍ਰਿਟਿਸ਼ ਕੰਪਨੀਆਂ ਕਿਸਾਨਾਂ ਤੋਂ ਠੇਕੇ ਉੱਤੇ ਨੀਲ ਦੀ ਖੇਤੀ ਕਰਵਾਉਂਦੀਆਂ ਸਨ ਅਤੇ ਜਿਸ ਲੁੱਟ ਦੇ ਵਿਰੁੱਧ ਚੰਪਾਰਨ ਕਿਸਾਨ ਵਿਦਰੋਹ ਸ਼ੁਰੂ ਹੋਇਆ ਸੀ, ਇਸ ਨੂੰ ਨੀਲ ਪੈਦਾ ਕਰਨ ਵਾਲੇ ਕਿਸਾਨ ਵਿਦਰੋਹ ਕਰਕੇ ਵੀ ਇਤਿਹਾਸ ਦੇ ਪੰਨਿਆਂ ’ਤੇ ਦਰਜ ਕੀਤਾ ਗਿਆ ਹੈ। ਉਦੋਂ ਇਹ ਕੰਟਰੈਕਟ (ਸਮਝੌਤਾ) ਫਾਰਮਿੰਗ ਹੀ ਸੀ।

ਮੌਜੂਦਾ ਮੋਦੀ ਸਰਕਾਰ ਢਾਂਚੇ ਦਾ ਕੇਂਦਰੀਕਰਨ ਜਿਸ ਢੁੱਚਰ ਢੰਗ ਨਾਲ ਕਰਦੀ ਆ ਰਹੀ ਹੈ, ਉਹ ਇਨ੍ਹਾਂ ਤਿੰਨਾਂ ਆਰਡੀਨੈਂਸਾਂ ਨੂੰ ਜਾਰੀ ਕਰਨ ਵੇਲੇ ਵੀ ਸਾਹਮਣੇ ਆਇਆ ਹੈ। ਸਿੱਧੇ ਕੈਬਨਿਟ ਦੀ ਮੀਟਿੰਗ ’ਚ ਆਰਡੀਨੈਂਸ ਲਿਆਂਦੇ ਪਾਸ ਕੀਤੇ ਤੇ ਜਾਰੀ ਕਰ ਦਿੱਤੇ। ਵਿਰੋਧੀ ਧਿਰ ਜਾਂ ਪ੍ਰਭਾਵਤ ਧਿਰ ਦੀ ਰਾਏ ਤੱਕ ਵੀ ਨਹੀਂ

ਲਈ ਗਈ। ਇੱਕ ਜਮਹੂਰੀ ਤੇ ਫੈਡਰਲ ਢਾਂਚੇ ਵਿੱਚ ਅਜਿਹੀਆਂ ਵੱਡੀਆਂ ਤੇ ਬੁਨਿਆਦੀ ਤਬਦੀਲੀਆਂ ਸਮੇਂ ਅਜਿਹੇ ਕਦਮ ਪੁੱਟਣ ਸਮੇਂ ਚਰਚਾ ਕਰਨੀ, ਵਿਚਾਰਨਾ ਬਹੁਤ ਜ਼ਰੂਰੀ ਹੁੰਦਾ ਹੈ, ਪਰ ਸੰਘੀ ਸਰਕਾਰ, ਕਿਸੇ ਵੀ ਨਵੇਂ ਫੈਸਲੇ ਲੈਣ ਸਮੇਂ ਇਹਦੀ ਲੋੜ ਹੀ ਨਹੀਂ ਸਮਝਦੀ। ਇੱਥੇ ਇੱਕ ਦੇਸ਼ ਵਿੱਚ ਢਾਈ-ਤਿੰਨ ਦਰਜਨ ਸੂਬੇ ਤੇ ਕੇਂਦਰੀ ਸ਼ਾਸਤ ਪ੍ਰਦੇਸ਼ ਹਨ, ਉਧਰ ਪ੍ਰਭਾਵਿਤ ਹੋਣ ਵਾਲਾ ਅਬਾਦੀ ਦਾ ਵੱਡਾ ਹਿੱਸਾ (65 ਫ਼ੀਸਦੀ ਦੇ ਲੱਗਭੱਗ) ਹੈ। ਕੋਈ ਚਰਚਾ ਨਹੀਂ, ਤੁਗਲਕੀ ਫੁਰਮਾਨ ਜਾਰੀ ਕਰ ਦਿਓ।

ਅੱਜ ਜਦੋਂ ਸਨਅਤੀ ਵਿਕਾਸ ਠੱਪ ਹੈ, ਮੈਨੂੰਫੈਕਚਰਿੰਗ ਵਿਕਾਸ ਦਰ ਮਾਈਨਸ ਹੈ, ਜ਼ੀਰੋ ਹੈ। ਸੇਵਾਵਾਂ ਦਾ ਖੇਤਰ ਵੀ ਘਾਟੇ 'ਚ ਹੈ, ਸਿਰਫ਼ ਖੇਤੀ ਖੇਤਰ ਹੀ ਹੈ, ਜਿੱਥੇ ਵਿਕਾਸ ਦਰ 5.9 ਫ਼ੀਸਦੀ ਹੈ। ਕਾਰਪੋਰੇਟ ਪੂੰਜੀ ਜਿਹਨੇ ਪਿਛਲੇ ਦੌਰ 'ਚ ਬੀਮਾ ਤੇ ਬੈਂਕਾਂ ਦੇ ਖੇਤਰ ਤੱਕ ਹੜੱਪ ਲਏ, ਪਬਲਿਕ ਸੈਕਟਰ ਲਗਾਤਾਰ ਹੜਪ ਰਹੀ ਹੈ, ਹੁਣ ਖੇਤੀ ਨੂੰ ਹੜੱਪਣ ਜਾ ਰਹੀ ਹੈ।

ਇਨ੍ਹਾਂ ਆਰਡੀਨੈਂਸਾਂ ਦੇ ਜਾਰੀ ਹੋਣ ਪਿੱਛੋਂ ਕਿਸਾਨੀ ਹੀ ਨਹੀਂ, ਦੇਸ਼ ਵੀ ਇੱਕ ਤਬਾਹੀ ਵੱਲ ਵਧੇਗਾ। ਅਨਾਜ, ਦਾਲਾਂ ਦੇ ਨਿੱਜੀ ਭੰਡਾਰਨ ਹੋਣ ਨਾਲ, ਖੁੱਲ੍ਹੀ ਖ਼ਰੀਦੋ-ਫਰੋਖਤ ਨਾਲ ਵੱਡੇ ਕਾਰਪੋਰੇਟੀ ਘਰਾਣੇ ਸਸਤੀਆਂ ਫ਼ਸਲਾਂ ਖ਼ਰੀਦ ਲੈਣਗੇ ਤੇ ਫਿਰ ਸੋਮਾਲੀਆ ਜਾਂ ਹੋਰ ਦੱਖਣੀ ਅਫ਼ਰੀਕਨ ਦੇਸ਼ਾਂ ਵਿੱਚ ਜਿੱਥੇ ਅਨਾਜ ਦੀ ਮੰਗ ਵੱਧ ਹੈ। ਮਹਿੰਗੇ ਭਾਅ ਵੇਚਣਗੇ। ਭਾਰਤ ਵਿੱਚ ਅਨਾਜ ਦੀ ਥੁੜ ਪੈਦਾ ਕਰਕੇ ਮੁਨਾਫ਼ਾ ਕਮਾਉਣਗੇ। ਕੰਟਰੈਕਟ (ਸਮਝੌਤਾ) ਖੇਤੀ ਰਾਹੀਂ ਵੱਡੇ ਫਾਰਮ ਠੇਕੇ 'ਤੇ ਲੈ ਕੇ ਖੇਤੀ ਖੇਤਰ ਵਿਚਲੀਆਂ ਮੈਨਸੈਟੋ ਵਰਗੀਆਂ ਕੰਪਨੀਆਂ ਬੀ ਟੀ ਅਨਾਜੀ ਫ਼ਸਲਾਂ ਬੀਜ ਕੇ ਘੱਟ ਰਕਬੇ ਉੱਤੇ ਵਧੇਰੇ ਉਤਪਾਦਨ ਕਰਕੇ ਮੰਡੀ 'ਚ ਸੁੱਟਣਗੀਆਂ। ਬੇਸ਼ਕ ਅਜਿਹੀਆਂ ਫ਼ਸਲਾਂ ਬੀ ਟੀ ਬੀਜਾਂ ਰਾਹੀਂ ਪੈਦਾ ਕੀਤੀਆਂ ਫ਼ਸਲਾਂ ਮਨੁੱਖੀ ਸਿਹਤ ਲਈ ਹਾਨੀਕਾਰਕ ਵੀ ਕਿਉਂ ਨਾ ਹੋਣ। ਇਹ ਉਨ੍ਹਾਂ ਦੀ ਚਿਰੋਕਣੀ ਇੱਛਾ ਸੀ, ਜਿਹਨੂੰ ਉਹ ਅਮਲੀ ਜਾਮਾ ਪਹਿਨਾਉਣ ਜਾ ਰਹੇ ਹਨ।

ਇਹ ਯਾਦ ਰੱਖਣਾ ਪਵੇਗਾ ਕਿ ਵਿਸ਼ਵ ਕਾਰਪੋਰੇਟੀ ਪੂੰਜੀ ਜਿਹਨੂੰ ਲੈਨਿਨ ਸਾਮਰਾਜੀ ਪੂੰਜੀ ਕਹਿੰਦੇ ਹਨ। ਦੁਨੀਆ ਦੇ ਪੈਦਾਵਾਰੀ ਸਾਧਨਾਂ ਉੱਤੇ ਹਾਬੜਿਆਂ ਵਾਂਗੂ ਕਬਜ਼ਾ ਕਰਨ ਲੱਗੀ ਹੋਈ ਹੈ। ਦੇਸ਼ਾਂ ਦੀਆਂ ਸਰਕਾਰਾਂ ਉਸ ਲਈ ਮੈਨੇਜਿੰਗ ਬਾਡੀ ਦਾ ਹੀ ਕੰਮ ਕਰ ਰਹੀਆਂ ਹਨ। ਇਸ ਲੁੱਟ-ਖੋਹ ਵਿੱਚ ਵਿਸ਼ਾਲ ਲੋਕਾਈ ਪ੍ਰਤੀ ਪੂੰਜੀ ਨੇ ਜ਼ਿੰਮੇਵਾਰੀ ਤਾਂ ਕੀ ਨਿਭਾਉਣੀ ਸੀ, ਲੋਕਾਂ ਦੀਆਂ ਚੁਣੀਆਂ ਸਰਕਾਰਾਂ ਵੀ ਨਿਭਾਉਣ ਤੋਂ ਇਨਕਾਰੀ ਹੋ ਚੁੱਕੀਆਂ ਹਨ। ਸੋ ਪੂੰਜੀ ਹੱਥੋਂ ਤਬਾਹ ਹੋਣ ਜਾ ਰਹੀ ਕਿਸਾਨੀ ਨੂੰ, ਇੱਕ ਪੂੰਜੀ ਵਿਰੁੱਧ ਇੱਕ ਲੰਬੀ ਤੇ ਬੇਕਿਰਕ ਲੜਾਈ ਲਈ ਤਿਆਰ ਹੋਣਾ ਪਵੇਗਾ। ਅਜੋਕੀ ਪੂੰਜੀ ਜਦੋਂ ਹਰ ਢਾਂਚੇ ਨੂੰ ਤਬਾਹ ਕਰਨ ਉੱਤੇ ਤੁਲੀ ਹੋਈ ਹੈ, ਉਹ ਪੈਦਾਵਾਰੀ ਢਾਂਚੇ ਹੋਣ ਜਾਂ ਰਾਜਕੀ ਢਾਂਚੇ ਤਾਂ ਇਸ ਦੇ ਮੁਕਾਬਲੇ ਨਵੇਂ ਢਾਂਚਿਆਂ ਦੇ ਖਾਕੇ ਉਲੀਕ ਕੇ ਲੜਾਈ ਦੇ ਮੋਰਚੇ ਵਿੱਚ ਕੁੱਦਣਾ ਪਵੇਗਾ। ਮਨੁੱਖਤਾ ਨੂੰ ਬਚਾਉਣ ਦੀ ਲੜਾਈ ਦੇ ਹਿੱਸੇ ਵਜੋਂ ਕਿਸਾਨ ਲਹਿਰ ਵੀ ਉਸਾਰਨੀ ਪਵੇਗੀ। ਉਹ ਹਰ ਕੁਝ ਤਬਾਹ ਕਰਨ ਵੱਲ ਵਧ ਰਹੇ ਹਨ। ਸਾਨੂੰ ਨਵਾਂ ਉਸਾਰਨ ਲਈ ਬੌਧਿਕ ਮੋਰਚਾ ਮਜ਼ਬੂਤ ਕਰਨਾ ਤੇ ਉਸਾਰਨਾ ਪਵੇਗਾ।

---



ਪਾਵੇਲ ਕੁੱਸਾ
62807-22965

# ਰਾਜਕੀ ਨਸਲੀ ਜਬਰ ਖਿਲਾਫ਼ ਉੱਠੇ ਅਮਰੀਕੀ ਲੋਕ




ਇਹਨੀਂ ਦਿਨੀਂ ਅਮਰੀਕਾ ਅੰਦਰ ਵੱਡੇ ਜਨਤਕ ਮੁਜ਼ਾਹਰੇ ਹੋ ਰਹੇ ਹਨ। ਸਾਧਾਰਨ ਰੋਸ ਪ੍ਰਗਟਾਵਿਆਂ ਤੋਂ ਅੱਗੇ ਵੱਧ ਕੇ ਇਹਨਾਂ ਮੁਜ਼ਾਹਰਿਆਂ 'ਚ ਲੋਕਾਂ ਦਾ ਤਿੱਖਾ ਜੁਝਾਰੂ ਰੌਂਅ ਪ੍ਰਗਟ ਹੋ ਰਿਹਾ ਹੈ? ਪੁਲਿਸ ਦੇ ਜਬਰ ਖ਼ਿਲਾਫ਼ ਲੋਕਾਂ ਨੇ ਤਿੱਖਾ ਮੋੜਵਾਂ ਪ੍ਰਤੀਕਰਮ ਦਿੱਤਾ ਹੈ? ਲੋਕਾਂ ਨੇ ਪੁਲਿਸ ਨਾਲ ਸਿੱਧੀਆਂ ਟੱਕਰਾਂ ਵੀ ਲਈਆਂ ਹਨ, ਉਸ ਦੀਆਂ ਗੱਡੀਆਂ ਅਗਨ ਭੇਂਟ ਕੀਤੀਆਂ ਗਈਆਂ ਹਨ। ਇਹਨਾਂ ਮੁਜਾਹਰਿਆਂ ਨੇ ਦਰਜਨਾਂ ਸ਼ਹਿਰਾਂ ਨੂੰ ਲਪੇਟ 'ਚ ਲੈ ਲਿਆ ਹੈ। 2 ਜੂਨ ਤਕ ਇਹ ਮੁਜ਼ਾਹਰੇ 75 ਸ਼ਹਿਰਾਂ 'ਚ ਫੈਲ ਗਏ। ਲੋਕਾਂ ਅੰਦਰ ਇਸ ਰੋਸ ਫੁਟਾਰੇ ਦਾ ਕਾਰਨ ਇਕ ਅਫਰੀਕਨ ਮੂਲ ਦੇ ਕਾਲੇ ਰੰਗ ਦੇ ਵਿਅਕਤੀ ਜੌਰਜ ਫਲਾਇਡ ਦੀ ਇਕ ਪੁਲਿਸ ਅਫਸਰ ਵੱਲੋਂ ਕੀਤੀ ਗਈ ਹੱਤਿਆ ਹੈ। ਗੋਰੇ ਰੰਗ ਦੀ ਨਸਲ ਦੇ ਇਸ ਅਫਸਰ ਨੇ ਜੌਰਜ ਫਲਾਇਡ ਦੀ ਧੌਣ 'ਤੇ ਗੋਡਾ ਰੱਖਿਆ ਤੇ ਲਗਭਗ 9 ਮਿੰਟ ਤਕ ਇਸ ਹਾਲਤ 'ਚ ਬੈਠਾ ਰਿਹਾ। ਸਾਹ ਘੁਟਣ ਕਰਕੇ ਜੌਰਜ ਫਲਾਇਡ ਦੀ ਮੌਤ ਹੋ ਗਈ। ਇਸ ਅਤਿ ਵਹਿਸ਼ੀ ਤੇ ਦਰਦਨਾਕ ਕਾਰੇ ਦੀ ਵੀਡੀਓ ਬਣ ਗਈ ਜਿਸ ਵਿਚ ਹੇਠਾਂ ਡਿੱਗਿਆ ਕਾਲੇ ਰੰਗ ਦਾ ਵਿਅਕਤੀ ਵਾਰ ਵਾਰ ਇਹ ਕਹਿ ਰਿਹਾ ਹੈ ਕਿ ਉਸ ਨੂੰ ਸਾਹ ਨਹੀਂ ਆ ਰਿਹਾ ਤੇ ਉਸ ਨੂੰ ਛੱਡਿਆ ਜਾਵੇ। ਪਰ ਕੋਲ ਖੜ੍ਹੇ ਲੋਕਾਂ ਵੱਲੋਂ ਕੀਤੀਆਂ ਅਪੀਲਾਂ ਦੀ ਕੋਈ ਪ੍ਰਵਾਹ ਨਾ ਕਰਦਿਆਂ ਪੁਲਿਸ ਅਧਿਕਾਰੀ ਸਿਰੇ ਦੇ ਹੰਕਾਰੀ ਲਹਿਜੇ 'ਚ ਉਵੇਂ ਹੀ ਉਸਦੀ ਧੌਣ ਨੱਪੀ ਰਖਦਾ ਹੈ। ਇਸ ਸਾਰੇ ਘਟਨਾਕ੍ਰਮ ਦੀ ਵੀਡੀਓ ਵਾਇਰਲ ਹੋਣ ਮਗਰੋਂ ਅਮਰੀਕਾ ਦੇ ਕੋਨੇ ਕੋਨੇ 'ਚ ਲੋਕਾਂ ਅੰਦਰ ਰੋਹ ਦੀਆਂ ਤਰੰਗਾਂ ਫੈਲ ਗਈਆਂ। ਲੋਕ ਸੜਕਾਂ 'ਤੇ ?ਤਰ ਆਏ। ਉਸ ਪੁਲਿਸ ਅਧਿਕਾਰੀ ਤੇ ਉਸ ਨੂੰ ਮੂਕ ਦਰਸ਼ਕ ਬਣ ਕੇ ਦੇਖਦੇ ਰਹੇ ਕੋਲ ਖੜ੍ਹੇ ਉਸ ਦੇ ਸਾਥੀ ਮੁਲਾਜ਼ਮਾਂ ਖਿਲਾਫ ਕੇਸ ਦਰਜ ਕਰਕੇ ਕਾਰਵਾਈ ਕਰਨ ਦੀ ਮੰਗ ਨੂੰ ਲੈ ਕੇ ਲੋਕਾਂ ਨੇ ਜਬਰਦਸਤ ਰੋਸ ਪ੍ਰਦਰਸ਼ਨਾਂ ਦਾ ਤਾਂਤਾ ਬੰਨ੍ਹ ਦਿੱਤਾ। ਚਾਹੇ ਇਹਨਾਂ ਪ੍ਰਦਰਸ਼ਨਾਂ 'ਚ ਮੋਹਰੀ ਕਾਲੇ ਰੰਗ ਦੇ ਅਫਰੀਕਨ ਮੂਲ ਦੇ ਲੋਕ ਹਨ ਪਰ ਉਹ ਇਕੱਲੇ ਹੀ ਨਹੀਂ ਹਨ, ਗੋਰੀ ਨਸਲ ਦੇ ਇਨਸਾਫ਼ ਪਸੰਦ ਲੋਕ ਵੀ ਨਾਲ ਸ਼ਾਮਲ ਹਨ। ਇਸ ਪੁਲਿਸ ਅਧਿਕਾਰੀ ਦੇ ਵਹਿਸ਼ੀ ਕਾਰੇ ਦੀ ਅਮਰੀਕੀ ਪੁਲਿਸ ਦੇ ਹਲਕਿਆਂ 'ਚ ਵੀ ਨਿੰਦਾ ਹੋਈ ਹੈ। ਕਈ ਥਾਵਾਂ 'ਤੇ ਪੁਲਿਸ ਮੁਲਾਜ਼ਮ ਵੀ ਲੋਕਾਂ ਦੇ ਪ੍ਰਦਰਸ਼ਨਾਂ 'ਚ ਸ਼ਾਮਲ ਹੋਏ ਹਨ ਤੇ ਮੁਲਕ ਅੰਦਰ ਵੱਖ ਵੱਖ ਥਾਵਾਂ 'ਤੇ ਪੁਲਿਸ ਮੁਲਾਜ਼ਮਾਂ ਦੇ ਇੱਕ ਗਿਣਨਯੋਗ ਹਿਸੇ ਨੇ ਲੋਕਾਂ ਤੋਂ ਇਸ ਕਾਰੇ ਦੀ ਮੁਆਫੀ ਵੀ ਮੰਗੀ ਹੈ। ਜਾਰਜ ਫਲਾਇਡ ਦੇ ਮੂੰਹੋਂ ਨਿੱਕਲੇ ਸ਼ਬਦ "ਮੈਨੂੰ ਸਾਹ ਨਹੀਂ ਆ ਰਿਹਾ" ਇਹਨਾਂ ਪ੍ਰਦਰਸ਼ਨਾਂ ਦਾ ਨਾਅਰਾ ਬਣ ਕੇ ਗੂੰਜ ਉੱਠੇ ਹਨ ਤੇ ਲੋਕਾਂ ਵੱਲੋਂ ਨਸਲੀ ਵਿਤਕਰੇਬਾਜੀ ਤੇ ਜ਼ੁਲਮਾਂ ਖਿਲਾਫ ਪਨਪ ਰਹੇ ਰੋਹ ਦਾ ਪ੍ਰਗਟਾਵਾ ਬਣ ਕੇ ਉੱਭਰ ਆਏ ਹਨ। ਇਹਨਾਂ ਸ਼ਬਦਾਂ ਦੀਆਂ ਤਖਤੀਆਂ ਫੜੀ ਮੁਜਾਹਰਾਕਾਰੀਆਂ ਦੀਆਂ ਤਸਵੀਰਾਂ ਦੁਨੀਆਂ ਭਰ 'ਚ ਪਹੁੰਚੀਆਂ ਤਾਂ ਸੰਸਾਰ ਭਰ ਵਿਚ ਵਿਤਕਰਿਆਂ, ਜਾਤ-ਪਾਤੀ ਤੇ ਨਸਲੀ ਜੁਲਮਾਂ, ਵੱਖ ਵੱਖ ਤਰ੍ਹਾਂ ਦੇ ਦਾਬਿਆਂ ਦੇ ਸ਼ਿਕਾਰ ਲੋਕਾਂ ਲਈ ਇਹ ਆਪਣੇ ਅੰਦਰ ਜਮ੍ਹਾ ਹੋਏ ਰੋਹ ਨੂੰ ਪ੍ਰਗਟਾਉਂਦੇ ਸ਼ਬਦ ਜਾਪੇ ਹਨ? ਇਸ ਨਸਲੀ ਜ਼ੁਲਮ ਖਿਲਾਫ ਦੁਨੀਆਂ ਭਰ ਦੇ ਜਮਹੂਰੀ ਤੇ ਇਨਸਾਫ ਪਸੰਦ ਹਲਕਿਆਂ ਨੇ ਵੀ ਅਮਰੀਕੀ ਜਮਹੂਰੀ ਹਲਕਿਆਂ ਦੀ ਆਵਾਜ਼ ਨਾਲ ਆਵਾਜ਼ ਮਿਲਾਈ ਹੈ। ਕਰੋਨਾ ਵਾਇਰਸ ਦੇ ਸੰਕਟ ਦਰਮਿਆਨ ਅਮਰੀਕੀ ਲੋਕਾਂ ਨੇ ਕਿਸੇ ਇਨਫੈਕਸ਼ਨ ਦੀ ਵੀ ਪ੍ਰਵਾਹ ਨਾ ਕੀਤੀ ਤੇ ਬੇਖੌਫ ਹੋ ਕੇ ਸੜਕਾਂ 'ਤੇ ਨਿੱਤਰ ਆਏ ਹਨ। ਵੱਡੇ ਇਕੱਠ ਹੋਏ ਹਨ ਤੇ ਲੋਕਾਂ ਨੇ ਹਰ ਤਰ੍ਹਾਂ ਦੀਆਂ ਪਾਬੰਦੀਆਂ ਨੂੰ ਇੱਕੋ ਝਟਕੇ ਤੋੜ ਦਿੱਤਾ ਹੈ। ਕੈਨੇਡਾ, ਆਸਟਰੇਲੀਆ ਅਤੇ ਯੂਰਪ ਤੇ ਲਾਤੀਨੀ ਅਮਰੀਕਾ ਦੇ ਕਈ ਮੁਲਕਾਂ ਅੰਦਰ ਵੱਡੇ ਜਨਤਕ ਪ੍ਰਦਰਸ਼ਨ ਹੋ ਰਹੇ ਹਨ।

ਇਨਸਾਫ ਪਸੰਦ ਅਮਰੀਕੀ ਹਲਕਿਆਂ ਦਾ ਇਹ ਵਿਰੋਧ ਏਨਾ ਜੋਰਦਾਰ ਤੇ ਰੋਹ ਭਰਪੂਰ ਹੈ ਕਿ ਸੰਸਾਰ ਭਰ 'ਚ ਸਾਮਰਾਜੀ ਜਾਬਰ ਤਾਕਤ ਦੀ ਚੌਧਰ ਦਾ ਚਿੰਨ੍ਹ ਬਣੇ ਹੋਏ ਵਾਈਟ ਹਾਊਸ ਨੂੰ ਕੰਬਣੀਆਂ ਛਿੜ ਗਈਆਂ ਹਨ। 1960ਵਿਆਂ ਤੋਂ ਬਾਅਦ ਪਿਛਲੇ 70 ਸਾਲਾਂ 'ਚ ਇਹ ਪਹਿਲੀ ਵਾਰ ਸੀ ਕਿ ਨਸਲੀ ਜ਼ੁਲਮਾਂ ਖਿਲਾਫ ਅਜਿਹਾ ਦੇਸ਼-ਵਿਆਪੀ ਲੋਕ-ਉਭਾਰ ਉਠਿਆ ਹੈ? ਵਾਈਟ ਹਾਊਸ ਨੂੰ ਲੋਕਾਂ ਨੇ ਜਿਵੇਂ ਇਕ ਤਰ੍ਹਾਂ ਘੇਰਾ ਪਾ ਲਿਆ ਤੇ ਉਸ ਦੀਆਂ ਲਾਈਟਾਂ ਬੰਦ ਕਰਨੀਆਂ ਪੈ ਗਈਆਂ ਅਤੇ ਰਾਸ਼ਟਰਪਤੀ ਟਰੰਪ ਨੂੰ ਵਾਈਟ ਹਾਊਸ ਦੇ ਭੋਰੇ 'ਚ ਜਾ ਲੁਕਣਾ ਪਿਆ। ਸੰਸਾਰ ਦਾ ਥਾਣੇਦਾਰ ਬਣੇ ਹੋਏ ਅਮਰੀਕਾ ਦੇ ਰਾਸ਼ਟਰਪਤੀ ਦੀ ਅਜਿਹੀ ਹਾਲਤ ਦੁਨੀਆਂ ਨੇ ਦੇਖੀ ਹੈ, ਸੁਣੀ ਹੈ ਤੇ ਮਾਣੀ ਹੈ? ਇਕ ਪਾਸੇ ਟਰੰਪ ਦੀ ਘਬਰਾਹਟ ਦਾ ਅਜਿਹਾ ਪ੍ਰਦਰਸ਼ਨ ਹੋਇਆ ਤੇ ਦੂਜੇ ਪਾਸੇ ਉਸ ਨੇ ਆਪਣੇ ਸਿਰੇ ਦੇ ਆਕੜਖੋਰ ਲਹਿਜ਼ੇ 'ਚ ਮੁਜ਼ਾਹਰਾਕਾਰੀਆਂ ਨੂੰ ਗੋਲੀਆਂ ਨਾਲ ਭੁੰਨਣ ਦੇ ਐਲਾਨ ਕੀਤੇ ਹਨ। ਟਰੰਪ ਦੇ ਅਜਿਹੇ ਬਿਆਨਾਂ ਨੇ ਲੋਕਾਂ ਦਾ ਰੋਹ ਹੋਰ ਭੜਕਾਉਣ ਦਾ ਹੀ ਕੰਮ ਕੀਤਾ ਹੈ? ਕਈ ਦਿਨਾਂ ਦੀ ਇਸ ਮੁਲਕ-ਵਿਆਪੀ ਰੋਸ ਲਹਿਰ ਮਗਰੋਂ ਆਖਿਰ ਨੂੰ ਦੋਸ਼ੀ ਪੁਲਿਸ ਮੁਲਾਜ਼ਮਾਂ ਖਿਲਾਫ ਮੁਕੱਦਮੇਂ ਚਲਾਉਣ ਦਾ ਐਲਾਨ ਕੀਤਾ ਗਿਆ ਹੈ? ਇਸ ਐਲਾਨ ਮਗਰੋਂ ਵੀ ਅਜੇ ਰੋਸ ਪ੍ਰਦਰਸ਼ਨਾਂ ਦੀ ਕਾਂਗ ਮੱਠੀ ਪਈ ਨਹੀਂ ਜਾਪਦੀ।

ਫੌਰੀ ਤੌਰ 'ਤੇ ਇਹ ਪ੍ਰਦਰਸ਼ਨ ਚਾਹੇ ਕਿਸੇ ਵੀ ਨੁਕਤੇ 'ਤੇ ਜਾਕੇ ਮੁੱਕਣ ਪਰ ਇਸ ਰੋਸ ਲਹਿਰ ਨੇ ਇਕ ਵਾਰ ਅਮਰੀਕੀ ਰਾਜ ਸੱਤਾ ਨੂੰ ਹਿਲਾ ਕੇ ਰੱਖ ਦਿੱਤਾ ਹੈ। ਸੰਸਾਰ ਮਹਾਂਸ਼ਕਤੀ ਦੇ ਆਪਣੇ ਵਿਹੜੇ ਅੰਦਰੋਂ ਉੱਠੀ ਲੋਕ ਲਲਕਾਰ ਨੇ ਇਸ ਮਹਾਂਸ਼ਕਤੀ ਦੀ ਆਪਣੀ ਅੰਦਰੂਨੀ ਹਾਲਤ ਨੂੰ ਵੀ ਨਸ਼ਰ ਕਰ ਦਿੱਤਾ ਹੈ ਕਿ ਅਮਰੀਕੀ ਲੋਕ ਕਿਹੋ ਜਿਹੀ ਬੇਚੈਨੀ ਤੇ ਰੋਹ ਨਾਲ ਭਰੇ ਹੋਏ ਹਨ। ਸਭ ਤੋਂ ਅਹਿਮ ਗੱਲ, ਇਹ ਰੋਹ-ਫੁਟਾਰਾ ਅਮਰੀਕੀ ਰਾਜ ਮਸ਼ੀਨਰੀ ਅੰਦਰ ਭਰੀ ਪਈ ਨਸਲਪ੍ਰਸਤੀ ਦੀ ਬਿਮਾਰੀ ਖਿਲਾਫ ਹੋਇਆ ਹੈ। ਰਾਜ ਮਸ਼ੀਨਰੀ ਦੇ ਮਹੱਤਵਪੂਰਨ ਅੰਗ ਵਜੋਂ ਪੁਲਿਸ ਅੰਦਰ ਅਫਰੀਕੀ ਲੋਕਾਂ ਪ੍ਰਤੀ ਮੌਜੂਦ ਤੁਅੱਸਵੀ ਵਿਹਾਰ ਖਿਲਾਫ ਹੋਇਆ ਹੈ। ਨਸਲਪ੍ਰਸਤੀ ਦੇ ਪਾਲਣਹਾਰ ਬਣੇ ਆ ਰਹੇ ਅਮਰੀਕੀ ਰਾਜਕੀ ਢਾਂਚੇ ਦੀ ਇਸ ਪਹੁੰਚ ਨੂੰ ਲੋਕਾਂ ਨੇ ਰਲ਼ ਕੇ ਚੁਣੌਤੀ ਦਿੱਤੀ ਹੈ? ਨਸਲੀ ਵਖਰੇਵਿਆਂ ਨੂੰ ਹਵਾ ਦੇਣ ਵਾਲੀ ਅਮਰੀਕੀ ਹਾਕਮ ਜਮਾਤੀ ਹਲਕਿਆਂ ਦੀ ਸਿਆਸਤ ਦੀ ਇਸ ਪਹੁੰਚ ਨੂੰ ਚੁਣੌਤੀ ਦਿੱਤੀ ਹੈ? ਕਾਲੇ ਲੋਕਾਂ ਨਾਲ ਬਾਕੀ ਦੇ ਸਭ ਰੰਗਾਂ ਦੇ ਜਮਹੂਰੀ, ਇਨਸਾਫ ਪਸੰਦ ਤੇ ਮਨੁੱਖਤਾਵਾਦੀ ਲੋਕਾਂ ਨੇ ਰਲ ਕੇ ਆਵਾਜ਼ ਉਠਾਈ ਹੈ।

ਅਮਰੀਕਾ ਅੰਦਰ ਅਫਰੀਕੀ ਮੂਲ ਦੇ ਕਾਲੇ ਲੋਕਾਂ ਨਾਲ ਵਿਤਕਰਿਆਂ ਤੇ ਜ਼ੁਲਮਾਂ ਦਾ ਇਕ ਲੰਮਾ ਇਤਿਹਾਸ ਹੈ। ਚਾਹੇ ਅਮਰੀਕਾ ਆਪਣੇ ਆਪ ਨੂੰ ਸੰਸਾਰ ਦੀ ਸਭ ਤੋਂ ਪੁਰਾਣੀ ਜਮਹੂਰੀਅਤ ਕਰਾਰ ਦਿੰਦਾ ਹੈ ਪਰ ਕਾਲੇ ਲੋਕਾਂ ਨੂੰ ਏਥੇ ਕਦੇ ਵੀ ਬਰਾਬਰੀ ਨਹੀਂ ਮਿਲੀ, ਗੋਰੇ ਰੰਗ ਦੀ ਨਸਲ ਦਾ ਦਬਦਬਾ ਹੀ ਤੁਰਿਆ ਆ ਰਿਹਾ ਹੈ। ਕਿਸੇ ਵੇਲੇ ਅਮਰੀਕਾ ਅੰਦਰ ਕਾਲੇ ਲੋਕਾਂ ਨੂੰ ਅਫਰੀਕਾ ਤੋਂ ਗੁਲਾਮਾਂ ਵਜੋਂ ਲਿਆਂਦਾ ਗਿਆ ਸੀ ਤੇ ਉਹਨਾਂ ਨਾਲ ਜਾਨਵਰਾਂ ਵਰਗਾ ਵਿਹਾਰ ਕੀਤਾ ਜਾਂਦਾ ਸੀ। ਸਦੀਆਂ ਮਗਰੋਂ ਵੀ, ਚਾਹੇ ਜ਼ੁਲਮਾਂ ਦੇ ਰੂਪ ਬਦਲ ਗਏ ਪਰ ਕਾਲੇ ਲੋਕਾਂ ਦਾ ਅਮਰੀਕੀ ਸਮਾਜ ਅੰਦਰ ਸਥਾਨ ਉਹੀ ਰਿਹਾ ਹੈ। 1790 'ਚ ਅਮਰੀਕੀ ਸੰਵਿਧਾਨ ਪਾਸ ਹੋਣ ਤੋਂ ਮਗਰੋਂ ਵੀ ਅਮਰੀਕਾ ਦੀ ਆਬਾਦੀ ਦਾ 20% ਬਣਦੇ ਕਾਲੇ ਰੰਗ ਦੇ ਲੋਕ ਨਾਗਰਿਕ ਹੱਕਾਂ ਤੋਂ ਵਾਂਝੇ ਸਨ ਤੇ ਮੰਡੀਆਂ 'ਚ ਜਾਨਵਰਾਂ ਵਾਂਗ ਵੇਚੇ ਜਾਂਦੇ ਸਨ। ਉਸ ਤੋਂ ਮਗਰੋਂ 1865 ਤੇ 1876 ਦੇ ਦਰਮਿਆਨ ਸੰਵਿਧਾਨਕ ਸੋਧਾਂ ਨਾਲ ਕਾਲੇ ਲੋਕਾਂ ਨੂੰ ਚਾਹੇ ਨਾਗਰਿਕਤਾ ਹੱਕ ਦਿਤੇ ਗਏ ਤੇ ਵੋਟ ਦਾ ਹੱਕ ਦਿੱਤਾ ਗਿਆ, ਇਸ ਤੋਂ ਮਗਰੋਂ ਕਾਲੇ ਲੋਕਾਂ 'ਚ ਵੀ ਸਥਾਨਕ ਸਰਕਾਰਾਂ ਤੇ ਪਾਰਲੀਮੈਂਟ 'ਚ ਲੋਕ ਜਾਣ ਲੱਗੇ ਪਰ ਮੂਲ ਰੂਪ 'ਚ ਕਾਲੇ ਲੋਕਾਂ ਨਾਲ ਨਸਲੀ ਵਿਤਕਰਾ ਤੇ ਦਾਬਾ ਕਾਇਮ ਰਿਹਾ। ਇਥੋਂ ਤੱਕ ਕਿ ਸੁਪਰੀਮ ਕੋਰਟ ਦੇ ਅੰਦਰ ਵੀ ਗੋਰੀ ਨਸਲ ਦੀ ਉਤਮਤਾ ਨੂੰ ਪ੍ਰਵਾਨ ਕਰਕੇ ਇਸ ਨੂੰ ਉਚਿਆਇਆ ਜਾਂਦਾ ਰਿਹਾ। ਵੱਖ ਵੱਖ ਦੌਰਾਂ 'ਚ ਇਸਦੇ ਰੂਪ ਵੱਖ ਵੱਖ ਰਹੇ। ਇਕ ਦੌਰ 'ਚ ਤਾਂ ਭੀੜਾਂ ਵੱਲੋਂ ਕਾਲੇ ਲੋਕਾਂ ਦੇ ਕਤਲ ਖੁਲ੍ਹੇਆਮ ਕੀਤੇ ਜਾਂਦੇ ਸਨ ਤੇ ਇਹਨਾਂ ਕਤਲਾਂ ਦੀ ਫੋਟੋਗਰਾਫੀ ਕੀਤੀ ਜਾਂਦੀ ਸੀ, ਜਿਸ ਦੀ ਮਗਰੋਂ ਪੋਸਟ ਕਾਰਡਾਂ ਵਜੋਂ ਵਿਆਪਕ ਵਿੱਕਰੀ ਵੀ ਹੁੰਦੀ ਸੀ। ਅਮਰੀਕੀ ਬੁਰਜੂਆ ਜਮਹੂਰੀਅਤ ਦੇ ਇਤਿਹਾਸ ਦੇ ਪੰਨਿਆਂ 'ਤੇ ਅਜਿਹੀਆਂ ਅਣਮਨੁੱਖੀ ਰਵਾਇਤਾਂ ਦੇ ਅਨੇਕਾਂ ਦਰਦਨਾਕ ਕਾਂਡ ਗੂੜ੍ਹੇ ਉੱਕਰੇ ਪਏ ਹਨ? 1950 ਤੇ 60ਵਿਆਂ 'ਚ ਵੱਡੇ ਅੰਦੋਲਨਾਂ ਮਗਰੋਂ ਕਾਨੂੰਨੀ ਰੂਪ 'ਚ ਤਾਂ




Dr. Baltej Parhar, Chiropractor

Tired of living in pain? Relying on pain medications to get you through the day ? Always getting the same answers or treatments with no results?

Dr. Parhar Strives to ensure his patients are pain-free and able to move again so they can get back to work and doing the things they love. Call and book your consultation today!

* Insurance Billing * Multidisciplinary care * Cold Laser Therapy
* 1 on 1 appointments * Rehab facility on-site * Educational Classes

ਕੀ ਤੁਸੀਂ ਦਰਦ ਨਾਲ ਜੀਉਂਦੇ ਥੱਕ ਗਏ ਹੋ? ਡਾ. ਪਰਹਾਰ ਨੂੰ ਜਵਾਬ ਲੱਭਣ ਵਿੱਚ ਤੁਹਾਡੀ ਮੱਦਦ ਕਰਨ ਦਿਓ ਤਾਂ ਜੋ ਤੁਸੀਂ ਉਨ੍ਹਾਂ ਚੀਜ਼ਾਂ ਨੂੰ ਵਾਪਸ ਕਰ ਸਕੋ ਜੋ ਤੁਸੀਂ ਪਸੰਦ ਕਰਦੇ ਹੋ। ਅੱਜ ਹੀ ਸਲਾਹ-ਮਸ਼ਵਰੇ ਲਈ ਕਾਲ ਕਰੋ ਜਾਂ ਈ-ਮੇਲ ਕਰੋ।

FLEXOLOGY WELLNESS CLINIC
#3 2015 32nd Ave NE Calgary, AB T2E 6Z3
Ph. 403-764-3539 (FLEX)
Email: baltej.parhar@flexology.ca

FLEXOLOGY WELLNESS

ਵਖਰੇਵੇਂ ਹਟਾ ਦਿੱਤੇ ਗਏ ਪਰ ਅਮਰੀਕੀ ਸਮਾਜ ਖਾਸ ਕਰਕੇ ਅਮਰੀਕੀ ਰਾਜਕੀ ਢਾਂਚੇ ਅੰਦਰ ਇਹ ਵਿਤਕਰੇਬਾਜ਼ੀ ਘੋਰ ਡੂੰਘੀ ਰਚੀ ਹੋਈ ਹੈ। ਚਾਹੇ ਕਾਲੇ ਰੰਗ ਦੀ ਨਸਲ ਦਾ ਬਰਾਕ ਉਬਾਮਾ 8 ਵਰ੍ਹੇ ਅਮਰੀਕਾ ਦਾ ਰਾਸ਼ਟਰਪਤੀ ਵੀ ਰਿਹਾ, ਪਰ ਇਹਦਾ ਅਰਥ ਅਮਰੀਕਾ ਅੰਦਰ ਕਾਲੇ ਲੋਕਾਂ ਦੀ ਹਕੀਕੀ ਬਰਾਬਰੀ ਨਹੀਂ ਬਣਦਾ। ਇਹ ਤਾਂ ਉਹੋ ਜਿਹਾ ਮਾਮਲਾ ਹੀ ਹੈ ਜਿਵੇਂ ਸਾਡੇ ਮੁਲਕ ਅੰਦਰ ਦਲਿਤਾਂ 'ਚੋਂ ਰਾਸ਼ਟਰਪਤੀ ਜਾਂ ਹੋਰ ਵੱਡੇ ਆਹੁਦਿਆਂ 'ਤੇ ਪਹੁੰਚ ਜਾਣ ਮਗਰੋਂ ਵੀ ਮੁਲਕ ਅੰਦਰ ਦਲਿਤਾਂ ਦੀ ਹਾਲਤ ਨਹੀਂ ਬਦਲਦੀ। ਦਬਾਏ ਹੋਏ ਲੋਕਾਂ ਲਈ ਇਹ ਸਿਰਫ ਛਲਾਵਾ ਹੀ ਹੁੰਦਾ ਹੈ। ਇਹ ਛਲਾਵਾ ਅਮਰੀਕਾ ਦੇ ਕਾਲੇ ਲੋਕਾਂ ਨੇ ਵੀ ਹੰਢਾਇਆ ਹੈ?

ਕਾਲੇ ਅਫਰੀਕਨਾਂ ਨੂੰ ਆਮ ਕਰਕੇ ਜਰਾਇਮਪੇਸ਼ਾ ਲੋਕਾਂ ਵਜੋਂ ਪੇਸ਼ ਕੀਤਾ ਜਾਂਦਾ ਹੈ। ਅਸਲ ਵਿੱਚ ਸਦੀਆਂ ਤੋਂ ਇਹ ਅਮਰੀਕੀ ਸਮਾਜ ਦਾ ਸਭ ਤੋਂ ਪਛੜਿਆ ਰੱਖਿਆ ਗਿਆ ਤਬਕਾ ਹੈ। ਇਹ ਅਮਰੀਕਾ 'ਚ ਜਮਾਤੀ ਤੌਰ 'ਤੇ ਹੇਠਲੀ ਸ਼ਰੇਣੀ ਬਣਦੀ ਹੈ। ਇਹ ਨਸਲੀ ਜਬਰ ਜਮਾਤੀ ਦਾਬੇ ਦੀ ਇਕ ਸ਼ਕਲ ਵੀ ਹੈ। ਅਮਰੀਕੀ ਸਮਾਜ ਅੰਦਰ ਕਾਲੇ ਲੋਕਾਂ ਦੀ ਹਾਲਤ ਦਾ ਇੱਕ ਨਮੂਨਾ ਇਹ ਹੈ ਕਿ ਹੁਣ ਕਰੋਨਾ ਵਾਇਰਸ ਮਹਾਂਮਾਰੀ ਕਾਰਨ ਹੋਈਆਂ ਕੁੱਲ ਮੌਤਾਂ ਚ ਬਹੁਤ ਵੱਡਾ ਹਿੱਸਾ ਇਨ੍ਹਾਂ ਕਾਲੇ ਰੰਗ ਦੇ ਲੋਕਾਂ ਦਾ ਹੀ ਹੈ? ਅੱਧ ਅਪ੍ਰੈਲ ਦੇ ਅੰਕੜਿਆਂ ਤੱਕ ਕੁੱਲ ਮੌਤਾਂ 'ਚ 70% ਹਿੱਸਾ ਕਾਲੇ ਲੋਕ ਸਨ? 2019 ਚ ਅਮਰੀਕਾ 'ਚ ਹੋਇਆ ਇੱਕ ਅਧਿਐਨ ਦੱਸਦਾ ਹੈ ਕਿ ਦਸ ਵਿੱਚੋਂ ਅੱਠ ਕਾਲੇ ਵਿਅਕਤੀਆਂ ਨੇ ਕਿਹਾ ਕਿ ਉਨ੍ਹਾਂ ਦਾ ਗ਼ੁਲਾਮਾਂ ਵਜੋਂ ਬੀਤਿਆ ਇਤਿਹਾਸ ਅੱਜ ਵੀ ਉਨ੍ਹਾਂ ਦੀ ਜ਼ਿੰਦਗੀ ਨੂੰ ਪ੍ਰਭਾਵਿਤ ਕਰਦਾ ਹੈ ? ਅਮਰੀਕੀ ਜੇਲ੍ਹਾਂ ਵੀ ਕਾਲੇ ਲੋਕਾਂ ਨਾਲ ਭਰੀਆਂ ਪਈਆਂ ਹਨ। ਅਮਰੀਕਾ 'ਚ ਇਹ ਕਾਲੇ ਰੰਗ ਦੇ ਲੋਕ ਕੁਲ ਅਬਾਦੀ ਦਾ 12% ਹਿੱਸਾ ਬਣਦੇ ਹਨ। ਪਰ ਜੇਲ੍ਹਾਂ 'ਚ ਇਹਨਾਂ ਲੋਕਾਂ ਦੀ ਪ੍ਰਤੀਸ਼ੱਤ 38 ਹੈ। ਮੁਲਕ ਅੰਦਰ ਹਰ ਜੁਰਮ ਨੂੰ ਕਾਲੇ ਲੋਕਾਂ ਨਾਲ ਹੀ ਜੋੜ ਦੇਣ ਦੀ ਆਮ ਧਾਰਨਾ ਹੈ। ਅਮਰੀਕੀ ਰਾਜ ਮਸ਼ੀਨਰੀ ਦੀਆਂ ਰਗਾਂ 'ਚ ਤਾਂ ਨਸਲੀ ਵਿਤਰਕੇਬਾਜ਼ੀ ਭਰੀ ਪਈ ਹੈ। ਪੁਲਿਸ ਵੱਲੋਂ ਆਮ ਕਰਕੇ ਹੀ ਕਾਲੇ ਲੋਕਾਂ 'ਤੇ ਜ਼ੁਲਮ ਕੀਤੇ ਜਾਂਦੇ ਹਨ ਪਰ ਪੁਲੀਸ ਅਧਿਕਾਰੀ ਸਜਾਵਾਂ ਤੋਂ ਮੌਜ ਨਾਲ ਹੀ ਬਚ ਨਿਕਲਦੇ ਹਨ। ਅਦਾਲਤਾਂ 'ਚ ਵੀ ਜੱਜ ਇਨਸਾਫ ਦੀ ਤੱਕੜੀ 'ਚ ਰੰਗਾਂ ਦਾ ਵਜਨ ਵੱਖਰਾ ਜੋਖਦੇ ਹਨ। ਇੱਕ ਸਰਵੇ ਇਹ ਵੀ ਦੱਸਦਾ ਹੈ ਕਿ ਡਰੱਗਜ਼ ਲੈਣ ਦੇ ਮਾਮਲੇ 'ਚ ਗੋਰੇ ਲੋਕ ਵੀ ਪਿੱਛੇ ਨਹੀਂ ਹਨ ਪਰ ਇਸ ਜੁਰਮ 'ਚ ਗ੍ਰਿਫਤਾਰ ਆਮ ਕਰਕੇ ਕਾਲੇ ਲੋਕ ਹੀ ਕੀਤੇ ਜਾਂਦੇ ਹਨ? ਨਸਲ ਦੇ ਅਧਾਰ 'ਤੇ ਕਾਲੇ ਲੋਕਾਂ ਨਾਲ ਅਮਰੀਕਾ ਅੰਦਰ ਵਿਤਕਰੇ ਦਾ ਲੰਮਾ ਇਤਿਹਾਸ ਹੈ ਤੇ ਅਨੇਕਾਂ ਦਿਲ-ਕੰਬਾਊ ਕਹਾਣੀਆਂ ਨਾਲ ਭਰਿਆ ਪਿਆ ਹੈ।

ਮੌਜੂਦਾ ਘਟਨਾਕ੍ਰਮ 'ਚ ਰਾਸ਼ਟਰਪਤੀ ਟਰੰਪ ਦੀ ਟੇਕ ਨਸਲਪ੍ਰਸਤੀ ਦੇ ਇਸ ਵਿਤਕਰੇ ਦੇ ਅਧਾਰ 'ਤੇ ਅਮਰੀਕੀ ਸਮਾਜ 'ਚ ਪਾਲਾਬੰਦੀ ਤੇਜ਼ ਕਰਨ ਤੇ ਇਸਦਾ ਸਿਆਸੀ ਲਾਹਾ ਲੈਣ ਦੀ ਹੀ ਹੈ। ਸੱਜੇ ਪੱਖੀ ਸਿਆਸਤ 'ਤੇ ਟੇਕ ਰੱਖ ਕੇ ਚਲਦੇ ਆ ਰਹੇ ਟਰੰਪ ਨੇ ਪਿਛਲੀਆਂ ਚੋਣਾਂ ਵੀ ਅਜਿਹੇ ਮੁੱਦੇ ਉਭਾਰ ਕੇ ਤੇ ਪਿਛਾਖੜੀ ਪਾਲਾਬੰਦੀਆਂ ਤੇਜ਼ ਕਰਕੇ ਜਿੱਤੀਆਂ ਸਨ। ਉਸ ਦਾ ਵੋਟ ਅਧਾਰ ਵੀ ਗੋਰੀ ਨਸਲ ਦੇ ਘੋਰ ਪਿਛਾਖੜੀ ਹਿੱਸਿਆਂ 'ਚ ਹੈ। ਹੁਣ ਵੀ ਉਸ ਨੇ ਇਹਨਾਂ ਹਿੱਸਿਆਂ ਦੀ ਪਿਛਾਖੜੀ ਲੀਹਾਂ 'ਤੇ ਲਾਮਬੰਦੀ ਲਈ ਭੜਕਾਊ ਬਿਆਨ ਦਿੱਤੇ ਹਨ। ਉਹ ਵਾਈਟ ਹਾਊਸ ਨੇੜਲੀ ਚਰਚ 'ਚ ਹੱਥ 'ਚ ਬਾਈਬਲ ਲੈ ਕੇ ਗਿਆ। ਇਹ ਇਸਾਈ ਮੱਤ ਦੇ ਧਾਰਨੀਆਂ ਦੇ ਵੋਟ ਬੈਂਕ ਨੂੰ ਸੰਬੋਧਿਤ ਟਰਿਕ ਸੀ ਤੇ ਇਉਂ ਟਰੰਪ ਨੇ ਇਸ ਮੌਕੇ ਨੂੰ ਆਪਣੀ ਚੋਣ ਮੁਹਿੰਮ ਨੂੰ ਹੋਰ ਭਖਾਉਣ ਦੇ ਮੌਕੇ ਵਜੋਂ ਵਰਤਿਆ ਹੈ। ਇਕ ਹੱਥ ਮੁਜਾਹਰਾਕਾਰੀਆਂ ਨੂੰ ਕੁਚਲਣ ਦੇ ਐਲਾਨ ਤੇ ਦੂਜੇ ਹੱਥ ਬਾਈਬਲ ਲੈ ਕੇ ਆਏ ਟਰੰਪ ਦਾ ਇਹ ਭਰਮਾਊ ਪੈਂਤੜਾ ਘੋਰ ਪਿਛਾਖੜੀ ਪੈਂਤੜਾ ਹੈ। ਇਸੇ ਘੋਰ ਪਿਛਾਖੜੀ ਪੈਂਤੜੇ ਦੇ ਸਿਰ 'ਤੇ ਟਰੰਪ ਦੁਬਾਰਾ ਰਾਸ਼ਟਰਪਤੀ ਦੀ ਗੱਦੀ 'ਤੇ ਬੈਠਣ ਦੇ ਸੁਪਨੇ ਪਾਲ ਰਿਹਾ ਹੈ।

ਇਸ ਸਮੁੱਚੇ ਘਟਨਾਕ੍ਰਮ ਦੇ ਦਰਸਾਇਆ ਹੈ ਕਿ ਲੋਕ ਰੋਹ ਦਾ ਇਹ ਫੁਟਾਰਾ ਚਾਹੇ ਨਸਲੀ ਜਬਰ ਦੀ ਇਕ ਹਿਰਦੇ ਵੇਦਿਕ ਘਟਨਾ ਰਾਹੀਂ ਹੋਇਆ ਹੈ ਪਰ ਇਸਦੀ ਤਹਿ ਹੇਠਾਂ ਅਮਰੀਕੀ ਸਮਾਜ 'ਚ ਪਸਰ ਰਹੀ ਡੂੰਘੀ ਬੇਚੈਨੀ ਤੇ ਰੋਹ ਵੀ ਮੌਜੂਦ ਹੈ। ਲੰਘੇ ਕੁਝ ਮਹੀਨਿਆਂ ਦੌਰਾਨ ਹੀ ਕਈ ਕਾਲੇ ਵਿਅਕਤੀਆਂ ਦੀਆਂ ਮੌਤਾਂ ਤੇ ਉਨ੍ਹਾਂ 'ਤੇ ਹਮਲਿਆਂ ਦੀਆਂ ਘਟਨਾਵਾਂ ਵਾਪਰੀਆਂ ਸਨ? ਇਸ ਰੋਸ 'ਚ ਅਮਰੀਕਾ ਅੰਦਰ ਡੂੰਘੇ ਹੋਏ ਆਰਥਕ ਸੰਕਟ ਦੇ ਅਸਰਾਂ ਦੀ ਮਾਰ ਹੰਢਾ ਰਹੇ ਲੋਕਾਂ ਦੀਆਂ ਮੁਸ਼ਕਲਾਂ ਦਾ ਰੋਲ ਵੀ ਸ਼ਾਮਲ ਹੈ। ਸਰਕਾਰੀ ਸਿਹਤ ਢਾਂਚੇ ਦੀ ਗੈਰ ਮੌਜੂਦਗੀ ਚ ਮਾਰ ਕਰ ਰਹੀ ਕਰੋਨਾ ਵਾਇਰਸ ਦੀ ਬਿਮਾਰੀ ਦੇ ਸੰਕਟ ਲਈ ਜ਼ਿੰਮੇਵਾਰ ਦਿਖਦੀ ਟਰੰਪ ਹਕੂਮਤ ਖਿਲਾਫ਼ ਰੋਸ ਵੀ ਸ਼ਾਮਲ ਹੈ? ਕਰੋਨਾ ਦੌਰ 'ਚ ਹੋਰ ਡੂੰਘੇ ਹੋ ਗਏ ਆਰਥਿਕ ਸੰਕਟ ਕਾਰਨ ਬੇਰੁਜ਼ਗਾਰ ਹੋਏ ਲੋਕਾਂ ਦਾ ਰੋਹ ਵੀ ਸ਼ਾਮਿਲ ਹੈ। ਟਰੰਪ ਦੀ ਸੱਜੇ ਪੱਖੀ ਸਿਆਸਤ ਦੀ ਇਸ ਸੰਕਟ 'ਤੇ ਵਿਸ਼ੇਸ਼ ਮੋਹਰਸ਼ਾਪ ਵੀ ਮੌਜੂਦ ਹੈ। ਇਸ ਸਿਆਸਤ ਨੇ ਅਮਰੀਕੀ ਰਾਜ ਤੇ ਸਮਾਜ ਦੇ ਘੋਰ ਪਿਛਾਖੜੀ ਅੰਸ਼ਾਂ ਨੂੰ ਹੋਰ ਤਕੜਾਈ ਦਿੱਤੀ ਹੈ। ਨਾਲ ਹੀ ਲੋਕਾਂ ਦਾ ਇਹ ਰੋਸ ਪ੍ਰਦਰਸ਼ਨ ਇਕ ਤਰ੍ਹਾ ਇਸ ਸੱਜੇ ਪੱਖੀ ਸਿਆਸਤ ਖਿਲਾਫ ਅਮਰੀਕੀ ਸਮਾਜ ਦੇ ਜਮਹੂਰੀ ਤੇ ਇਨਸਾਫਪਸੰਦ ਹਲਕਿਆਂ ਦੀ ਇਕਜੁੱਟ ਹੋ ਗੂੰਜੀ ਆਵਾਜ਼ ਵੀ ਹੈ। ਨਸਲਪ੍ਰਸਤੀ ਦੇ ਇਸ ਵਰਤਾਰੇ ਖ਼ਿਲਾਫ਼ ਅਮਰੀਕੀ ਸਮਾਜ ਦੇ ਅੰਦਰੋਂ ਹੀ ਇਨਸਾਫ਼ਪਸੰਦ, ਜਮਹੂਰੀਅਤ ਪਸੰਦ ਤੇ ਮਨੁੱਖਤਾਵਾਦੀ ਹਲਕਿਆਂ ਦੇ ਜ਼ੋਰਦਾਰ ਵਿਰੋਧ ਦੀ ਸੰਗਰਾਮੀ ਵਿਰਾਸਤ ਦੀ ਲਗਾਤਾਰਤਾ ਦਾ ਪ੍ਰਗਟਾਵਾ ਵੀ ਹੈ? ਕੁਲ ਮਿਲਾ ਕੇ ਇਸ ਸਮੁੱਚੇ ਘਟਨਾਕ੍ਰਮ ਨੇ ਅਮਰੀਕੀ ਸਮਾਜ ਦੇ ਡੂੰਘੇ ਹੋ ਰਹੇ ਚੌਤਰਫੇ ਸੰਕਟ ਨੂੰ ਉਘਾੜ ਕੇ ਦਰਸਾ ਦਿੱਤਾ ਹੈ।

ਅਮਰੀਕੀ ਸਾਮਰਾਜ ਦੀ ਇਹ ਹਾਲਤ ਦੁਨੀਆਂ ਨੂੰ ਜਮਹੂਰੀਅਤ ਦਾ ਪਾਠ ਪੜ੍ਹਾਉਣ ਦੇ ਉਸ ਵੱਲੋਂ ਕੀਤੇ ਜਾਂਦੇ ਰਹੇ ਦੰਭੀ ਦਾਅਵਿਆਂ ਦੀ ਖਿੱਲੀ ਉਡਾ ਰਹੀ ਹੈ। ਲੋਕਾਂ ਵੱਲੋਂ ਰੋਸ ਪ੍ਰਗਟਾਉਣ ਦੇ ਆਮ ਜਮਹੂਰੀ ਹੱਕ ਨੂੰ ਵੀ ਪੁਲਿਸ ਵੱਲੋਂ ਜਿਵੇਂ ਕੁਚਲਿਆ ਜਾ ਰਿਹਾ ਹੈ ਇਹ ਬੁਰਜੂਆ ਜਮਹੂਰੀਅਤ ਦੀ "ਉੱਤਮ ਅਮਰੀਕੀ ਵੰਨਗੀ" ਦਾ ਹੀ ਮੁਜ਼ਾਹਰਾ ਹੈ? ਹੁਣ ਤੱਕ "ਜ਼ਿਦਗੀ ਦੇ ਅਮਰੀਕੀ ਅੰਦਾਜ਼" ਨੂੰ ਬਚਾਉਣ ਦੇ ਦਾਅਵਿਆਂ ਉਹਲੇ ਅਮਰੀਕਾ ਨੇ ਥਾਂ-ਥਾਂ ਜੰਗਾਂ ਥੋਪੀਆਂ ਹਨ। ਜਾਰਜ ਦੀ ਮੌਤ ਰਾਹੀਂ ਉਸ ਅਮਰੀਕੀ ਅੰਦਾਜ਼ ਨੂੰ ਦੁਨੀਆਂ ਨੇ ਫਿਰ ਦੇਖ ਲਿਆ ਹੈ।

ਦੁਨੀਆਂ ਦੇ ਮੁਲਕਾਂ 'ਚ ਜਮਹੂਰੀ ਸਰਕਾਰਾਂ ਕਾਇਮ ਕਰਨ ਦੇ ਨਾਂ ਹੇਠ ਥਾਂ-ਥਾਂ ਰਾਜ ਪਲਟੇ ਕਰਦੇ ਆ ਰਹੇ ਅਮਰੀਕੀ ਸਾਮਰਾਜ ਦੀ ਆਪਣੀ "ਜਮਹੂਰੀਅਤ" 'ਤੇ ਨਸਲਪ੍ਰਸਤੀ ਦੀ ਇਹ ਝਾਲਰ ਫਿਰ ਚਮਕ ਉਠੀ ਹੈ। ਇਹ ਰੋਸ ਲਹਿਰ ਸੰਸਾਰ ਮਹਾਂਸ਼ਕਤੀ ਵਜੋਂ ਸ਼ੁਰੂ ਹੋ ਚੁੱਕੇ ਅਮਰੀਕੀ ਸਾਮਰਾਜ ਦੇ ਬੁਰੇ ਦਿਨਾਂ ਦਾ ਨਵਾਂ ਸਿਰਨਾਵਾਂ ਬਣ ਗਈ ਹੈ। ਸੰਸਾਰ ਸਾਮਰਾਜ ਦੇ ਚੌਧਰੀ ਅਮਰੀਕੀ ਸਾਮਰਾਜ ਦੇ ਵਿਹੜੇ 'ਚੋਂ ਉੱਠੀ ਇਹ ਲਲਕਾਰ ਦੁਨੀਆਂ ਭਰ 'ਚ ਸਾਮਰਾਜ ਖਿਲਾਫ ਜੂਝਦੇ ਲੋਕਾਂ 'ਚ ਵੀ ਨਵੇਂ ਜੋਸ਼ ਦਾ ਸੰਚਾਰ ਕਰਨ ਵਾਲੀ ਹੈ। ਦੁਨੀਆਂ ਦੇ ਵੱਖ ਵੱਖ ਮੁਲਕਾਂ ਅੰਦਰੋਂ ਇਸ ਜਬਰ ਤੇ ਵਿਤਕਰੇ ਖ਼ਿਲਾਫ਼ ਉੱਠੀ ਰੋਸ ਆਵਾਜ਼ ਵਿੱਚ ਨਸਲਪ੍ਰਸਤੀ ਨੂੰ ਚੁਣੌਤੀ ਦੇ ਨਾਲ ਨਾਲ ਅਮਰੀਕੀ ਸਾਮਰਾਜੀ ਲੁੱਟ ਤੇ ਜਬਰ ਨੂੰ ਚੁਣੌਤੀ ਦੇਣ ਦੀ ਭਾਵਨਾ ਵੀ ਸ਼ਾਮਿਲ ਹੈ? ਹਰ ਤਰ੍ਹਾਂ ਦੇ ਵੱਖਰੇਵਿਆਂ ਤੋਂ ਉੱਪਰ ਉੱਠ ਕੇ ਕਿਰਤੀਆਂ ਵਜੋਂ ਇੱਕ ਹੋਣ ਦੀ ਭਾਵਨਾ ਵੀ ਸ਼ਾਮਲ ਹੈ? ਨਸਲਪ੍ਰਸਤੀ ਦੇ ਵਰਤਾਰੇ ਖਿਲਾਫ ਆਵਾਜ਼ ਉਠਾਉਂਦਿਆਂ ਹੋਇਆਂ ਦੁਨੀਆਂ ਭਰ ਅੰਦਰ ਹਰ ਤਰ੍ਹਾਂ ਦੇ ਪਿਛਾਖੜੀ ਵਿਚਾਰਾਂ ਦੇ ਪਾਲਣਹਾਰ ਬਣੇ ਆ ਰਹੇ ਅਮਰੀਕੀ ਸਾਮਰਾਜ ਖ਼ਿਲਾਫ਼ ਲੋਕ ਸੰਗਰਾਮਾਂ ਦੀ ਇਹ ਭਾਵਨਾ ਵੀ ਹੋਰ ਬੁਲੰਦ ਹੋਣੀ ਚਾਹੀਦੀ ਹੈ? ਰੰਗ, ਜਾਤ, ਧਰਮ ਤੇ ਨਸਲ ਸਮੇਤ ਹਰ ਤਰ੍ਹਾਂ ਦੇ ਵਿਤਕਰਿਆਂ ਦੇ ਖਾਤਮੇ ਦੇ ਕਾਰਜ ਨੂੰ ਇਸ ਧਰਤੀ ਤੋਂ ਸਾਮਰਾਜੀ ਲੁੱਟ ਤੇ ਦਾਬੇ ਦੇ ਖਾਤਮੇ ਦੇ ਕਾਰਜ ਨਾਲ ਜੋੜਨਾ ਚਾਹੀਦਾ ਹੈ?

(ਸੁਰਖ ਲੀਹ 'ਚੋਂ ਧੰਨਵਾਦ ਸਹਿਤ)

*3 ਜੁਲਾਈ ਨੂੰ ਬਰਸੀ ਮੌਕੇ ਵਿਸ਼ੇਸ਼*

# ਗੁੰਮਨਾਮ ਦੇਸ਼-ਭਗਤ ਯੋਧੇ-ਸੰਤ ਬਾਬਾ ਮੇਹਰ ਸਿੰਘ ਅਲੀਪੁਰ

ਦੇਸ਼ ਅੰਦਰ ਖਰੀ ਆਜ਼ਾਦੀ ਦਾ ਸੁੱਚਾ ਪਰਚਮ ਲਹਿਰਾਉਣ ਤੇ ਨਵਾਂ ਕੌਮੀ ਜਮਹੂਰੀ ਰਾਜ ਪ੍ਰਬੰਧ ਸਿਰਜਣ ਲਈ ਰਣ-ਤੱਤੇ ਵਿੱਚ ਜੂਝਣ ਵਾਲੀਆਂ ਦੇਸ਼ ਭਗਤ ਲੋਕ ਲਹਿਰਾਂ ਅੰਦਰ ਏਨੀਂ ਖਿੱਚਣ-ਸ਼ਕਤੀ ਹੁੰਦੀ ਹੈ ਕਿ ਉਹ ਕਹਿਣੀ ਕਰਨੀ ਦੇ ਪੂਰੇ ਸੰਤਾਂ-ਮਹਾਤਮਾਂ ਨੂੰ ਵੀ ਆਪਣੇ ਵਿੱਚ ਆਤਮ-ਸਾਤ ਕਰ ਲੈਂਦੀਆ ਹਨ । ਅਜੇਹੇ ਮਹਾਂ-ਪੁਰਸ਼ ਸਨ - ਸੰਤ ਬਾਬਾ ਮੇਹਰ ਸਿੰਘ ਅਲੀਪੁਰ।

ਮੇਹਰ ਸਿੰਘ ਦਾ ਜਨਮ 1885 ਸੰਨ 'ਚ ਮਾਤਾ ਚੰਦ ਕੌਰ ਜੀ ਦੀ ਕੁੱਖੋਂ, ਪਿਤਾ ਗੁਲਾਬ ਸਿੰਘ ਜੀ ਦੇ ਘਰ ਪਿੰਡ ਬ੍ਰਹਮਪੁਰਾ ਤਹਿ-ਪੱਟੀ ਜ਼ਿਲ੍ਹਾ ਅੰਮ੍ਰਿਤਸਰ (ਹੁਣ ਜ਼ਿਲ੍ਹਾ ਤਰਨਤਾਰਨ) ਵਿਖੇ ਹੋਇਆ। ਆਪ ਜੀ ਬਚਪਨ ਵਿੱਚ ਹੀ ਅਲੀਪੁਰ ਚਲੇ ਗਏ ਤੇ ਉਥੇ ਹੀ ਪੱਕੇ ਤੌਰ 'ਤੇ ਵਸ ਗਏ। ਆਪ ਦੇ ਦੂਜੇ ਭਰਾ ਵਧਾਵਾ ਸਿੰਘ ਵੀ ਧਾਰਮਿਕ ਵਿਚਾਰਧਾਰਾ 'ਚ ਪਰਪੱਕ ਤੇ ਗੁਰੂ ਘਰ ਦੇ ਨਾਮਵਰ ਗਰੰਥੀ ਅਤੇ ਤਿਆਗੀ ਸੱਜਣ ਸਨ। ਮੇਹਰ ਸਿੰਘ ਭਾਵੇਂ ਘੱਟ-ਪੜ੍ਹੇ ਲਿਖੇ ਸਨ, ਲੇਕਿਨ ਗੁਰੂ ਘਰਾਂ 'ਚੋਂ ਹਾਸਲ ਸਿੱਖਿਆ ਰਾਹੀਂ ਪੰਜਾਬੀ ਪੜ੍ਹਨ-ਲਿਖਣ ਦੇ ਸਮਰੱਥ ਬਣ ਗਏ ਸਨ। ਆਪ ਭਜਨ ਬੰਦਗੀ ਦੇ ਨਾਲ-ਨਾਲ ਜੜ੍ਹੀ-ਬੂਟੀਆਂ ਤੋਂ ਦਵਾਈਆਂ ਤਿਆਰ ਕਰਨੀਆਂ ਵੀ ਸਿੱਖ ਲਏ। ਸੋ ਵੈਦਗੀ ਰਾਹੀਂ ਆਮ ਜਨਤਾ ਦੀਆਂ ਬਿਮਾਰੀਆਂ ਦਾ ਸੇਵਾ-ਭਾਵਨਾ ਨਾਲ ਇਲਾਜ ਕਰਨ 'ਚ ਵੀ ਚੰਗੀ ਮਹਾਰਤ ਹਾਸਲ ਕਰਦੇ ਗਏ। ਆਪ ਜੀ ਪਾਸ ਗਦਰੀ ਯੋਧਿਆ ਦਾ ਗੁਪਤ ਰੂਪ 'ਚ ਆਉਣ-ਜਾਣ ਬਣਿਆ ਹੋਇਆ ਸੀ। ਜਿਥੇ ਦਿਨ ਵੇਲੇ ਆਪ ਗਊਆਂ ਦੀ ਸੇਵਾ-ਸੰਭਾਲ ਕਰਦੇ ਤੇ ਮਰੀਜਾਂ ਨੂੰ ਦੁਆਈਆਂ ਦਿੰਦੇ, ਉਥੇ ਰਾਤ ਨੂੰ ਗਦਰੀਆਂ ਲਈ ਰੋਟੀ-ਪਾਣੀ ਤੇ ਰਹਿਣ-ਸਹਿਣ ਦਾ ਪ੍ਰਬੰਧ ਕਰਦੇ।

ਗਦਰ ਲਹਿਰ ਤੋਂ ਪ੍ਰਭਾਵਿਤ ਹੋ ਕੇ ਆਪ 13 ਅਪ੍ਰੈਲ 1919 ਦੀ ਵਿਸਾਖੀ ਮੌਕੇ, ਜੱਲਿਆਂਵਾਲਾ ਬਾਗ ਅੰਮ੍ਰਿਤਸਰ ਵਿਖੇ ਹੋਣ ਵਾਲੇ ਇਤਿਹਾਸਕ ਤੇ ਸਾਂਝੇ ਇਕੱਠ ਵਿੱਚ ਸ਼ਾਮਲ ਹੋਣ ਵਾਲੀਆਂ ਸੰਗਤਾਂ ਲਈ ਗੁੜ ਤੇ ਛੋਲੇ ਲੈ ਕੇ 8 ਦਿਨ ਪਹਿਲਾਂ ਹੀ ਪੈਦਲ ਯਾਤਰਾ 'ਤੇ ਚੱਲ ਪਏ। ਗਵਰਨਰ- ਜਨਰਲ ਉਡਵਾਇਰ ਦੇ ਹੁਕਮਾਂ ਤੇ ਜਨਰਲ ਡਾਇਰ ਦੀ ਸਿੱਧੀ ਕਮਾਨ ਹੇਠ ਜ਼ਾਲਮ ਅੰਗਰੇਜੀ ਫੌਜਾਂ ਨੇ ਗੋਲੀਆਂ ਦਾ ਮੀਂਹ ਵਰ੍ਹਾਇਆ, ਜਿਸ ਵਿੱਚ ਹਜ਼ਾਰਾਂ ਦੀ ਗਿਣਤੀ 'ਚ ਭਾਰਤੀ ਸ਼ਹੀਦ ਤੇ ਬੁਰੀ ਤਰ੍ਹਾਂ ਫੱਟੜ ਹੋਏ। ਅਨੇਕਾਂ ਲੋਕਾਂ ਨੇ ਜਾਨਾਂ ਬਚਾਉਣ ਲਈ ਖੂਹ 'ਚ ਛਾਲਾਂ ਮਾਰੀਆਂ। ਮੇਹਰ ਸਿੰਘ ਦੀ ਸੱਜੀ ਵੱਖੀ ਨੂੰ ਛੂਹ ਕੇ ਗੋਲੀ ਲੰਘ ਗਈ, ਫੱਟੜ ਹੋਏ, ਪ੍ਰੰਤੂ ਬਚ ਗਏ।

ਉਨ੍ਹਾਂ ਦੀ ਬੇਟੀ-ਬੀਬੀ ਪ੍ਰਕਾਸ਼ ਕੌਰ ਦੱਸਦੇ ਸਨ ਕਿ ਜਦੋਂ ਉਹ ਜੱਲਿਆਂਵਾਲੇ ਬਾਗ ਦੇ ਸਾਕੇ ਦਾ ਅੱਖੀਂ ਡਿੱਠਾ ਹਾਲ ਸੁਣਾਉਦੇ, ਤਾਂ ਸਰੋਤਿਆਂ ਦੀਆਂ ਅੱਖਾਂ ਚੋ ਅੱਥਰੂ ਵਹਿ ਤੁਰਦੇ ਸਨ। 1920-25 ਦੌਰਾਨ, ਗੁਰਦੁਆਰਿਆਂ ਨੂੰ ਅੰਗਰੇਜ਼ ਦੇ ਝੋਲੀ ਚੁੱਕ ਤੇ ਭ੍ਰਿਸ਼ਟ ਮਸੰਦਾਂ ਤੋਂ ਮੁਕਤ ਕਰਵਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਜ਼ੋਰਾਂ 'ਤੇ ਚੱਲੀ। ਲਹੌਰ ਨੇੜੇ ਭਾਈ ਫੇਰੂ ਦਾ ਮੋਰਚਾ ਲੱਗਿਆ, ਜਿਸ ਵਿੱਚ ਹਿੱਸਾ ਲੈਣ ਕਰਕੇ ਸੰਤ ਮੇਹਰ ਸਿੰਘ ਨੂੰ 19 ਜਨਵਰੀ 1924 ਨੂੰ ਗ੍ਰਿਫਤਾਰ ਕਰ ਲਿਆ ਗਿਆ। ਸੰਖੇਪ ਮੁਕੱਦਮੇ ਪਿਛੋਂ, ਆਪ ਨੂੰ 2 ਸਾਲ ਦੀ ਕੈਦ ਤੇ 500 ਰੁਪਏ ਜੁਰਮਾਨਾ ਹੋਇਆ। ਜੁਰਮਾਨਾ ਨਾ ਭਰ ਸਕਣ ਕਰਕੇ, ਮੁਲਤਾਨ ਜੇਲ ਵਿੱਚ 2-1/2 ਸਾਲ ਕੈਦ ਕੱਟੀ। ਵਰਨਣਯੋਗ ਹੈ ਕਿ ਇਸ ਜੇਲ੍ਹਾਂ ਵਿੱਚ ਕੈਦੀਆਂ ਨੂੰ ਕੱਚ ਤੇ ਰੋੜ੍ਹਾ ਪੀਸ ਕੇ ਕੈਦੀਆਂ ਦੀਆ ਰੋਟੀਆਂ 'ਚ ਪਾਇਆ ਜਾਂਦਾ ਸੀ, ਜਿਸ ਦੇ ਸਿੱਟੇ ਵਜੋਂ ਕਈ ਕੈਦੀ ਸ਼ਹੀਦ ਹੋਏ ਤੇ ਅਨੇਕਾਂ ਬਿਮਾਰ ਹੋਣ ਲੱਗੇ ।

ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਰਿਹਾਈ ਲਈ ਉਭਰੀ ਵਿਸ਼ਾਲ ਕੌਮੀ ਲਹਿਰ ਵੇਲੇ 1930 'ਚ ਆਪ 'ਤੇ ਪਿਸਤੌਲ ਦਾ ਮੁਕੱਦਮਾ ਪਾ ਕੇ 1-1/2 ਸਾਲ ਰਾਵਲਪਿੰਡੀ ਤੇ ਕਸੂਰ ਜੇਲਾਂ ਅੰਦਰ ਡੱਕੀ ਰੱਖਿਆ। 1940 'ਚ ਆਪ ਦੇਸ਼ ਦੀ ਆਜ਼ਾਦੀ ਦੀ ਲਹਿਰ ਦੇ ਕਾਰਜਾਂ ਹਿਤ ਮੈਕਾਲਿਸਟਰ ਰੋਡ, ਜਾਰਜ ਟਾਊਨ ਮਲੇਸ਼ੀਆ ਤੇ ਇਸ ਤੋਂ ਉਪਰੰਤ ਸਿੰਘਾਪੁਰ ਵੀ ਗਏ। 1942 'ਚ 'ਭਾਰਤ ਛੱਡੋ ਅੰਦੋਲਨ' 'ਚ 6 ਮਹੀਨੇ ਕੈਦ ਕੱਟੀ । 1965 ਦੀ ਹਿੰਦ-ਪਾਕਿ ਜੰਗ ਮੌਕੇ ਆਪ ਬਿਰਧ ਹੋਣ ਦੇ ਬਾਵਜੂਦ ਪਿੰਡ ਮਹਿਮੂਦਪੁਰਾ (ਨੇੜੇ ਅਮਰਕੋਟ) ਵਿਖੇ ਵਰ੍ਹਦੀਆਂ ਗੋਲੀਆਂ ਦੌਰਾਨ 8 ਦਿਨ ਖੂਹ ਗੇੜ ਕੇ ਫੌਜੀਆਂ ਲਈ ਪਾਣੀ ਦੀ ਸੇਵਾ ਕਰਦੇ ਰਹੇ। 3 ਜੁਲਾਈ 1974 ਨੂੰ ਦੇਸ਼ਵਾਸੀਆਂ ਨੂੰ ਸੰਤ ਮੇਹਰ ਸਿੰਘ ਜੀ ਦੀ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੀ ਸਤਿਕਾਰਯੋਗ ਧਰਮ-ਪਤਨੀ ਮਾਤਾ ਖੇਮ ਕੌਰ ਜੀ 7 ਮਾਰਚ 1982 ਨੂੰ ਗੁਜਰ ਗਏ। ਆਪ ਜੀ ਦੇ ਸਪੁੱਤਰ ਬਾਬਾ ਗੁਰਨਾਮ ਸਿੰਘ ਸਪੁੱਤਰੀ ਬੀਬੀ ਬਚਨ ਕੌਰ ਕਾਲਜ ਰੋਡ ਪੱਟੀ ਰਹਿੰਦੇ ਹਨ। ਦੂਜੀ ਸਪੁੱਤਰੀ ਬੀਬੀ ਪ੍ਰਕਾਸ਼ ਕੌਰ ਮਿੱਡਾ (ਮੁਕਤਸਰ) 30 ਅਪ੍ਰੈਲ, 2018 ਨੂੰ ਸਦੀਵੀ ਵਿਛੋੜਾ ਦੇ ਗਏ, ਜਿਨ੍ਹਾਂ ਦੇ ਬੇਟੇ ਸ. ਰਾਮ ਸਿੰਘ ਦੇਸ਼ ਭਗਤਾਂ ਦੀ ਵਿਰਾਸਤ ਸਾਂਭਣ ਤੇ ਪ੍ਰਚਾਰਨ ਲਈ ਸਰਗਰਮ ਹਨ। ਆਪ ਜੀ ਦੀ ਯਾਦ 'ਚ ਬਣੀ ਸਮਾਧ ਗੁਰਦੁਆਰਾ ਰੋੜੀਵਾਲਾ ਸਾਹਿਬ ਅਲੀਪੁਰ ਵਿਖੇ ਸੁਸ਼ੋਭਿਤ ਹੈ। ਆਪ ਜੀ ਬਰਸੀ ਹਰ ਸਾਲ 20 ਹਾੜ (ਇਸ ਵਾਰ 3 ਜੁਲਾਈ) ਨੂੰ ਪ੍ਰਵਾਰ, ਨਗਰ ਤੇ ਇਲਾਕਾ ਨਿਵਾਸੀਆ ਅਤੇ ਦੇਸ਼-ਪ੍ਰੇਮੀਆਂ ਵੱਲੋਂ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਜਾਂਦੀ ਹੈ। ਦੇਸ਼ ਭਗਤ ਯੋਧੇ-ਸੰਤ ਮੇਹਰ ਸਿੰਘ ਜੀ ਦੇਸ਼ ਤੇ ਦੇਸ਼ਵਾਸੀਆਂ ਲਈ ਕੀਤੇ ਵੱਡੇ ਤਿਆਗ ਤੇ ਕੁਰਬਾਨੀਆ ਸਕਦਾ ਸਦਾ ਲਈ ਅਮਰ ਰਹਿਣਗੇ।

**ਜਸਦੇਵ ਸਿੰਘ ਲਲਤੋਂ**
0161-2805677



Punjabi Rang Radio
CA 10 530 AM
11 pm-12 am
Every Saturday

Chamkaur Singh
Producer/Host
Cell : 416 662 1313
Email punjabirang13@hotmail.com

ਗੋਰਕੀ ਪ੍ਰਕਾਸ਼ਨ
ਲੁਧਿਆਣਾ
ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਕਿਤਾਬਾਂ
ਛਪਵਾਉਣ ਲਈ ਸੰਪਰਕ ਕਰੋ
94176-42785
77172-45945
ਨੋਟ : ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਾਹਿਤ ਉਪਲਬਧ

ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਦੁਕਾਨ ਨੰਬਰ-7, ਪੰਜਾਬੀ ਭਵਨ, ਲੁਧਿਆਣਾ

# ਨਵੇਂ ਆਰਡੀਨੈਂਸ: ਖੇਤੀ ਸੰਕਟ ਨੂੰ ਬੁਲਾਵਾ



-ਨਰਾਇਣ ਦੱਤ

ਇਸ ਮਹੀਨੇ ਦੇ ਪਹਿਲੇ ਹਫਤੇ ਜਾਰੀ ਕੀਤੇ ਤਿੰਨ ਆਰਡੀਨੈਂਸਾਂ ਦੇ ਰੂਪ ਵਿੱਚ ਕੇਂਦਰੀ ਹਕੂਮਤ ਨੇ, ਕਿਸਾਨਾਂ ਦੀ ਆਜਾਦੀ/ਭਲਾਈ ਦੇ ਨਾਂ ਹੇਠ, ਮੁਲਕ ਭਰ ਦੀ ਕਿਸਾਨੀ ਖਾਸ ਕਰ ਛੋਟੀ ਤੇ ਦਰਮਿਆਨੀ ਕਿਸਾਨੀ ਦੀ ਮੌਤ ਦੇ ਵਰੰਟ ਜਾਰੀ ਕਰ ਦਿੱਤੇ ਹਨ। ਇਸ ਤੋਂ ਕੁੱਝ ਦਿਨ ਪਹਿਲਾਂ ਕਰੋਨਾ ਸੰਕਟ ਦੇ ਦੌਰਾਨ ਹੀ ਮੋਦੀ ਹਕੂਮਤ ਨੇ ਸਾਮਰਾਜੀ ਲੁਟੇਰਿਆਂ ਦੀ ਸੇਵਾ ਹਿੱਤ ਆਰਥਿਕ ਸੁਧਾਰਾਂ ਦੀ ਪ੍ਰਕਿਰਿਆ ਨੂੰ ਤੇਜ ਕਰਦਿਆਂ ਵੱਡੇ ਸਰਕਾਰੀ ਅਦਾਰਿਆਂ ਨੂੰ ਦੇਸੀ ਬਦੇਸ਼ੀ ਵਪਾਰਕ ਘਰਾਣਿਆਂ ਨੂੰ ਵੇਚਣ ਸਮੇਤ ਕਿਰਤ ਕਾਨੂੰਨਾਂ ਦਾ ਭੋਗ ਪਾਉਣ ਲਈ ਵੀ ਅਜਿਹੇ ਹੀ ਫੈਸਲੇ ਕੀਤੇ ਹਨ। ਕੇਂਦਰੀ ਕੈਬਨਿਟ ਵੱਲੋਂ ਕਿਸਾਨਾਂ ਦੀ ਆਜਾਦੀ ਤੇ ਖੁਸ਼ਹਾਲੀ ਦੇ ਨਾਂ 'ਤੇ ਜਿਨ੍ਹਾਂ ਤਿੰਨ ਆਰਡੀਨੈਂਸਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ, ਉਨ੍ਹਾਂ ਵਿੱਚ 'ਦ ਫਾਰਮਰਜ਼ ਪ੍ਰੋਡਿਊਸ ਟਰੇਡ ਐਂਡ ਕਾਮਰਸ (ਪ੍ਰਮੋਸ਼ਨ ਐਂਡ ਫੈਸਲੀਟੇਸ਼ਨ) ਆਰਡੀਨੈਂਸ 2020, ਫਾਰਮਰਜ (ਇੰਪਾਵਰਮੈਂਟ ਅਤੇ ਪ੍ਰੋਟੈਕਸ਼ਨ) ਐਗਰੀਮੈਂਟ ਆਨ ਪ੍ਰਾਈਸ ਐਸ਼ੋਰੈਂਸ ਐਂਡ ਫਾਰਮ ਸਰਵਿਸਸ ਅਰਡੀਨੈਸ਼-2020 ਨੂੰ ਅਤੇ ਜ਼ਰੂਰੀ ਵਸਤਾਂ ਬਾਰੇ ਸੋਧ ਕਾਨੂੰਨ, 1955 ਵਿੱਚ ਸੋਧ ਲਈ 'ਦ ਅਸੈਂਸ਼ੀਅਲ ਕੋਮੋਡਿਟੀਜ਼ (ਅਮੈਂਡਮੈਂਟ) ਆਰਡੀਨੈਂਸ ' ਸ਼ਾਮਲ ਹਨ। ਇਨ੍ਹਾਂ ਆਰਡੀਨੈਂਸਾਂ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਤੋਂ ਬਾਅਦ ਨੋਟੀਫਾਈ ਵੀ ਕਰ ਦਿੱਤਾ ਗਿਆ ਹੈ। ਇਨ੍ਹਾਂ ਆਰਡੀਨੈਂਸਾਂ ਨੂੰ ਮਨਜ਼ੂਰੀ ਦੇਣ ਵੇਲੇ ਕੇਂਦਰੀ ਸਰਕਾਰ ਦੇ ਬੁਲਾਰਿਆਂਨੇ ਵੱਡੇ ਵੱਡੇ ਦਾਅਵੇ ਕੀਤੇ ਹਨ ਕਿ ਕਿਸਾਨ ਹੁਣ ਆਪਣੀਆਂ ਫਸਲਾਂ ਕਿਸੇ ਵੀ ਰਾਜ ਵਿੱਚ ਲਿਜਾ ਕੇ ਵੇਚ ਸਕਣਗੇ ; ਈ ਟ੍ਰੇਡਿੰਗ ਰਾਹੀਂ ਆਪਣੀ ਫਸਲ ਦਾ ਅਗਾਊਂ ਸੌਦਾ (ਈ ਟਰੇਡਿੰਗ) ਸਿੱਧਾ ਵਪਾਰੀ ਨਾਲ ਕਰ ਸਕਣਗੇ; ਇੰਸਪੈਕਟਰੀ ਰਾਜ ਜਾਂ ਵਿਚੋਲੇ ਦੀ ਭੂਮਿਕਾ ਖਤਮ ਕਰ ਦਿੱਤੀ ਗਈ ਹੈ ਇਤਿਆਦਿ।

ਪੂਰੇ ਮੁਲਕ ਅੰਦਰ 14 ਕਰੋੜ ਕਿਸਾਨਾਂ ਵਿੱਚੋਂ 85% ਕਿਸਾਨ 2.5 ਏਕੜ ਤੋਂ ਘੱਟ ਦੀਆਂ ਛੋਟੀਆਂ ਜੋਤਾਂ ਦੀ ਮਾਲਕੀ ਵਾਲੇ ਹਨ ਜੋ ਬਹੁਤ ਘੱਟ ਸਾਧਨਾਂ ਵਾਲੇ ਜਾਂ ਬਿਲਕੁਲ ਸਾਧਨਹੀਣ ਹਨ। ਇਹ ਕਿਸਾਨ ਆਪਣੀ ਫਸਲ ਦੂਜੇ ਰਾਜ ਤਾਂ ਕੀ, ਨੇੜਲੀ ਮੰਡੀ ਵਿੱਚ ਲਿਜਾਣ ਲਈ ਵੀ ਕਿਸੇ ਦੂਸਰੇ ਉੱਪਰ ਨਿਰਭਰ ਹਨ। ਅਸਲ ਵਿੱਚ ਇਹ ਆਰਡੀਨੈਂਸ ਅਤੇ ਕਾਨੂੰਨ ਵਿੱਚ ਸੋਧਾਂ ਵਪਾਰੀਆਂ ਦੇ ਹਿੱਤਾਂ ਵਿੱਚ ਜਾਰੀ ਕੀਤੇ/ਸੋਧੇ ਗਏ ਹਨ। ਅਮਰੀਕਾ ਅਤੇ ਯੂਰਪ ਦੇ ਅਮੀਰ ਮੁਲਕਾਂ ਅੰਦਰ ਅਜਿਹੇ ਕਾਨੂੰਨ ਪਹਿਲਾਂ ਹੀ ਲਾਗੂ ਹਨ ਅਤੇ ਬੁਰੀ ਤਰਾਂ ਫੇਲ੍ਹ ਹੋ ਚੁੱਕੇ ਹਨ। ਹਾਲਾਂਕਿ ਅਮੀਰ ਮੁਲਕਾਂ ਅੰਦਰ ਸਾਡੇ ਮੁਲਕ ਵਾਂਗ ਛੋਟੀ ਤੇ ਦਰਮਿਆਨੀ ਕਿਸਾਨੀ ਬਹੁਤ ਘੱਟ ਹੈ। ਸਾਡੇ ਮੁਲਕ ਅੰਦਰ 30 ਸਾਲ ਪਹਿਲਾਂ ਜਦ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਨੇ ਨਵੀਂ ਨੀਤੀ ਲਾਗੂ ਕੀਤੀ ਸੀ, ਉਸ ਸਮੇਂ ਤੋਂ ਲੈ ਕੇ ਹੁਣ ਤੱਕ ਹਰ ਰੋਜ 2045 ਕਿਸਾਨ ਪ੍ਰੀਵਾਰ ਖੇਤੀ ਕਿੱਤੇ ਵਿੱਚੋਂ ਬਾਹਰ ਹੋ ਜਾਣ ਲਈ ਮਜਬੂਰ ਹਨ। ਰੋਜਾਨਾ 46 ਕਿਸਾਨ ਖੁਦਕਸ਼ੀ ਕਰਨ ਲਈ ਸਰਾਪੇ ਹੋਏ ਹਨ। 1991 ਵਿੱਚ 11 ਕਰੋੜ ਕਿਸਾਨ ਪ੍ਰੀਵਾਰ ਖੇਤੀ ਕਰਦੇ ਸਨ ਜੋ 2011 ਵਿੱਚ ਘਟ ਕੇ 9 ਕਰੋੜ 58 ਲੱਖ ਕਿਸਾਨ ਪ੍ਰੀਵਾਰ ਹੀ ਖੇਤੀ ਕਿੱਤੇ ਵਿੱਚ ਰਹਿ ਗਏ ਹਨ। ਅਰਥਾਤ ਇਸ ਅਰਸੇ ਦੌਰਾਨ ਇੱਕ ਕਰੋੜ 42 ਲੱਖ ਕਿਸਾਨ ਪ੍ਰੀਵਾਰ ਖੇਤੀ ਕਿਤੇ ਵਿਚੋਂ ਬਾਹਰ ਧੱਕ ਦਿਤੇ ਗਏ। ਜਦਕਿ ਹਾਲੇ ਵੀ 53% (60 ਕਰੋੜ) ਪੇਂਡੂ ਵਸੋਂ ਖੇਤੀ ਉੱਪਰ ਨਿਰਭਰ ਹੈ। ਪਰ ਦੇਸ ਦੀ ਕੁਲ਼ ਘਰੇਲੂ ਪੈਦਾਵਰ ਵਿੱਚ ਖੇਤੀ ਖੇਤਰ ਦਾ ਹਿੱਸਾ ਘਟਕੇ ਮਹਿਜ 10% ਰਹਿ ਗਿਆ ਹੈ। ਹੁਣ ਖੇਤੀ ਉਤਪਾਦਾਂ ਦੀ ਮੰਡੀ ਵੀ ਵਪਾਰੀਆਂ ਦੇ ਹਵਾਲੇ ਕਰਕੇ ਕਿਸਾਨਾਂ ਨੂੰ ਹੋਰ ਵਧੇਰੇ ਲੁੱਟ ਹੋ ਜਾਣ ਲਈ ਉਨ੍ਹਾਂ ਦੇ ਰਹਿਮੋ ਕਰਮ 'ਤੇ ਛੱਡ ਦਿੱਤਾ ਹੈ। ਛੋਟੀ ਕਿਸਾਨੀ ਦੇ ਬਚਣ ਦਾ ਅਧਾਰ ਸਿਰਫ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਘੱਟੋ ਘੱਟ ਕੀਮਤਾਂ (ਖੇਤੀ ਲਾਗਤਾਂ+50% ਮੁਨਾਫਾ) ਨਿਰਧਾਰਤ ਕਰਨ ਦਾ ਪੈਮਾਨਾ ਸੀ ਜਿਸ ਨੂੰ ਸਰਕਾਰਾਂ ਦੇ ਕਦੇ ਵੀ ਇਮਨਦਾਰੀ ਨਾਲ ਲਾਗੂ ਨਹੀਂ ਕੀਤਾ। ਕਿਸਾਨ ਪੰਜਾਬ ਤੋਂ ਲੈ ਕੇ ਦਿੱਲੀ ਤੱਕ ਆਪਣੀ ਅਵਾਜ ਉਠਾ ਰਹੇ ਅਤੇ ਲਗਾਤਾਰ ਸੰਘਰਸ਼ ਕਰ ਰਹੇ ਹਨ ਕਿ ਸਵਾਨੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਹੂਬਹੂ ਲਾਗੂ ਕੀਤੀਆਂ ਜਾਣ, ਕਿਸਾਨਾਂ-ਮਜਦੂਰਾਂ ਸਿਰ ਚੜ੍ਹਿਆ ਸਰਕਾਰੀ ਅਤੇ ਗੈਰਸਰਕਾਰੀ ਕਰਜਾ ਖਤਮ ਕੀਤਾ ਜਾਵੇ। ਇਨ੍ਹਾਂ ਮੰਗਾਂ ਨੂੰ ਲਾਗੂ ਕਰਨ ਦੇ ਵਾਅਦਿਆਂ ਨੂੰ ਕਾਂਗਰਸ ਤੇ ਬੀਜੇਪੀ ਸਮੇਤ ਸਾਰੀਆਂ ਪਾਰਲੀਮੈਂਟ ਪਾਰਲੀਮਾਨੀ ਪਾਰਟੀਆਂ ਨੇ ਆਪਣੇ ਚੋਣ ਮੈਨੀਫੈਸਟੋਆਂ ਵਿੱਚ ਦਰਜ ਕੀਤਾ ਹੈ। ਮੋਦੀ ਸਰਕਾਰ ਵੱਲੋਂ ਇਨ੍ਹਾਂ ਆਰਡੀਨੈਂਸਾਂ ਰਾਹੀਂ 'ਸ਼ਾਂਤਾ ਕੁਮਾਰ ਕਮੇਟੀ' ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਦਾ ਰਾਹ ਪੱਧਰਾ ਕਰ ਦਿੱਤਾ ਹੈ। 'ਸ਼ਾਂਤਾ ਕੁਮਾਰ ਕਮੇਟੀ' ਨੇ ਜਨਤਕ ਵੰਡ ਪ੍ਰਣਾਲੀ ਦਾ ਹਿੱਸਾ 67% ਤੋਂ ਘਟਾਕੇ 40% ਕਰਨ, ਰਾਜਾਂ ਨੂੰ ਕਿਸਾਨਾਂ ਨੂੰ ਫਸਲਾਂ ਉੱਪਰ ਬੋਨਸ ਦੇਣ ਤੋਂ ਰੋਕਣ, ਫਸਲਾਂ ਦੀ ਖ੍ਰੀਦ ਐਫ.ਸੀ.ਆਈ. ਤੋਂ ਬੰਦ ਕਰਕੇ ਰਾਜਾਂ ਨੂੰ ਦੇਣ, ਚੌਲਾਂ ਦੀ ਕੀਮਤ ਘੱਟ ਕਰਨ, ਖਾਦਾਂ ਉੱਪਰ ਸਬਸਿਡੀ ਘਟਾਉਣ ਅਤੇ ਫਸਲ਼ਾਂ ਦੀ ਸੰਭਾਲ ਲਈ ਸਰਕਾਰੀ ਗੁਦਾਮਾਂ ਦੀ ਥਾਂ ਪ੍ਰਾਈਵੇਟ ਗੁਦਾਮ ਉਸਾਰਨ ਆਦਿ ਬਾਰੇ ਅੱਠ ਸਿਫਾਰਸ਼ਾਂ ਕੀਤੀਆਂ ਸਨ। ਕਿਸਾਨ ਪਹਿਲਾਂ ਹੀ ਸਮੇਂ ਸਮੇਂ ਦੀਆਂ ਸਰਕਾਰਾਂ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਕਿਸਾਨ-ਮਜਦੂਰ ਵਿਰੋਧੀ ਨੀਤੀਆਂ ਕਾਰਨ ਬੁਰੀ ਤਰਾਂ ਕਰਜੇ ਦੇ ਮੱਕੜ ਜਾਲ ਵਿੱਚ ਫਸੇ ਹੋਏ ਹਨ। ਸਿਰਫ ਪੰਜਾਬ ਦੇ ਕਿਸਾਨਾਂ ਸਿਰ ਹੀ ਇਕ ਲੱਖ ਕਰੋੜ ਤੋਂ ਵੱਧ ਦਾ ਕਰਜਾ ਹੈ। ਪੂਰੇ ਮੁਲਕ ਦੇ ਕਿਸਾਨਾਂ ਸਿਰ 30 ਸਤੰਬਰ 2016 ਤੱਕ 12.6 ਲੱਖ ਕਰੋੜ ਦਾ ਕਰਜਾ ਸੀ ਜੋ ਅਮਰ ਵੇਲ ਵਾਂਗ ਲਗਾਤਾਰ ਵਧ ਰਿਹਾ ਹੈ। ਨਾਬਾਰਡ ਦੀ 2018 ਦੀ ਰਿਪੋਰਟ ਅਨੁਸਾਰ 52.5% ਕਿਸਾਨ ਕਰਜੇ ਥੱਲੇ ਦੱਬੇ ਹੋਏ ਹਨ, ਹਰ ਕਿਸਾਨ ਪ੍ਰੀਵਾਰ ਸਿਰ ਔਸਤਨ 1.04 ਲੱਖ ਦਾ ਕਰਜਾ ਹੈ। ਸਿਟੇ ਵਜੋਂ ਨੈਸ਼ਨਲ ਕਰਾਈਮ ਰਿਕਾਰਡ ਬਿਊਰੋ 2005 ਦੇ ਰਿਕਾਰਡ ਅਨੁਸਾਰ 3,21,428 ਕਿਸਾਨ-ਮਜਦੂਰ ਖੁਦਕਸ਼ੀਆਂ ਕਰਨ ਲਈ ਮਜਬੂਰ ਹੋਏ ਹਨ। ਸੋਨ ਰੰਗੀਆਂ ਫਸਲਾਂ ਦੀ ਥਾਂ ਖੁਦਕਸ਼ੀਆਂ ਦੀ ਖੇਤੀ ਉੱਗ ਰਹੀ ਹੈ। ਇਸ ਕਰਕੇ ਕਿਸਾਨਾਂ ਦੀਆਂ ਮੁੱਖ ਮੰਗਾਂ, ਕਿਸਾਨ ਪੱਖੀ ਖੇਤੀ ਨੀਤੀ, ਸਾਰੀਆਂ ਫਸਲਾਂ ਦੇ ਲਾਹੇਬੰਦੇ ਭਾਅ, ਸਾਰੀਆਂ ਫਸਲਾਂ ਦੀ ਘੱਟੋ ਘੱਟੋ ਭਾਅ ਨਿਸ਼ਚਤ ਕਰਨ ਤੇ ਖ੍ਰੀਦ ਕਰਨਾ ਯਕੀਨੀ ਬਨਾਉਣਾ, ਫਸਲੀ ਬੀਮਾ ਸਹੀ ਢੰਗ ਨਾਲ (ਖੇਤ ਨੂੰ ਇਕਾਈ ਮੰਨ ਕੇ) ਲਾਗੂ ਕਰਵਾਉਣਾ, ਬਿਨਾਂ ਵਿਆਜ ਫਸਲੀ ਕਰਜਾ ਦੇਣਾ, ਕਿਸਾਨਾਂ-ਮਜਦੂਰਾਂ ਸਿਰ ਚੜ੍ਹੇ ਕਰਜੇ'ਤੇ ਲਕੀਰ ਮਾਰਨਾ ਹਨ। ਇਕ ਹੋਰ ਮੰਗ, ਜੋ ਪਿਛਲੇ ਸਾਲ ਮੁਲਕ ਭਰ ਦੇ ਹਜਾਰਾਂ ਕਿਸਾਨਾਂ ਨੇ ਦਿਲੀ ਜੰਤਰ ਮੰਤਰ ਵਿਖੇ ਦੋ ਰੋਜਾ ਕਿਸਾਨ ਸ਼ੈਸ਼ਨ ਦੌਰਾਨ ਕੀਤੀ ਸੀ ਕਿ ਖੇਤੀ (ਪੇਂਡੂ ਸੱਭਿਅਤਾ) ਦੇ ਸੰਕਟ ਨੂੰ ਸੰਬੋਧਿਤ ਹੋਣ ਲਈ ਪਾਰਲੀਮੈਂਟ ਦਾ ਵਿਸ਼ੇਸ਼ ਸ਼ੈਸ਼ਨ ਬੁਲਾਇਆ ਜਾਵੇ, ਵੀ ਬਹੁਤ ਮਹੱਤਵਪੂਰਨ ਮੰਗ ਹੈ।

ਅਨਾਜ, ਖੁਰਾਕੀ ਤੇਲਾਂ, ਦਾਲਾਂ, ਆਲੂ ਤੇ ਪਿਆਜ ਨੂੰ ਜ਼ਰੂਰੀ ਵਸਤਾਂ ਦੇ ਘੇਰੇ ਵਿੱਚੋਂ ਬਾਹਰ ਕੱਢਣਾ ਵੀ ਜਖੀਰੇਬਾਜ਼ਾਂ ਦੇ ਹਿੱਤਾਂ ਦੀ ਪੂਰਤੀ ਦਾ ਸੰਦ ਹੀ ਬਣੇਗਾ। ਕਿਉਂਕਿ ਜਦ ਸਰਕਾਰੀ ਕੰਟਰੋਲ ਹੇਠ ਹੋਣ ਦੇ ਬਾਵਜੂਦ ਵੀ ਜਖੀਰੇਬਾਜ ਅਖੌਤੀ ਤੋਟ ਦਾ ਬਹਾਨਾ ਬਣਾਕੇ ਪਿਆਜ 150 ਤੱਕ ਅਤੇ ਆਲੂ 50 ਰੁ. ਤੱਕ ਵੇਚਕੇ ਅਰਬਾਂ ਖਰਬਾਂ ਰੁ. ਦੀ ਅੰਨ੍ਹੀ ਲੁੱਟ ਮਚਾਕੇ ਖਪਤਕਾਰਾਂ ਦੀਆਂ ਜੇਬਾਂ ਤੇ ਡਾਕਾ ਮਾਰ ਰਹੇ ਹਨ ਤਾਂ ਹੁਣ ਇਹ ਆਰਡੀਨੈਂਸ ਪਾਸ ਹੋਣ ਤੋਂ ਬਾਅਦ ਇਨਾਂ ਜਖੀਰੇਬਾਜਾਂ ਨੂੰ ਹੋਰ ਅੰਨ੍ਹੀ ਲੁੱਟ ਮਚਾਉਣ ਦੀ ਖੁੱਲ ਮਿਲ ਜਾਵੇਗੀ। ਇਹੋ ਹਸ਼ਰ ਹੀ ਖ੍ਰੀਦ ਦੀ ਸਰਕਾਰੀ ਕੰਟਰੋਲ ਖਤਮ ਕਰਕੇ ਖੁੱਲੀ ਮੰਡੀ ਦੇ ਹਵਾਲੇ ਕਰਦਿਆਂ ਕਿਸਾਨਾਂ ਨੂੰ ਵਪਾਰੀਆਂ ਨਾਲ ਫਸਲਾਂ ਦੇ ਸਿਧੇ ਸੌਦੇ ਕਰਨ ਨਾਲ ਹੋਵੇਗਾ। ਜਦ ਨਾਸਿਕ (ਮਹਾਂਰਟਾਸ਼ਟਰ) ਦੇ ਕਿਸਾਨਾਂ ਦਾ ਪਿਆਜ ਮੰਡੀ ਵਿੱਚ ਕੁੱਝ ਪੈਸੇ ਪ੍ਰਤੀ ਕਿਲੋ ਦੇ ਰੇਟ 'ਤੇ ਵਿਕ ਰਿਹਾ ਸੀ ਤਾਂ ਪ੍ਰਾਈਵੇਟ ਵਪਾਰੀ ਅਗਾਊਂ ਸੌਦਿਆਂ ਤੋਂ ਪੱਤਰੇ ਵਾਚ ਗਏ। ਇਹੋ ਹਾਲ ਪੰਜਾਬ ਦੇ ਕਿਸਾਨਾਂ ਨਾਲ ਦੋ ਸਾਲ ਪਹਿਲਾਂ ਆਲੂਆਂ ਦੀ ਫਸਲ ਵੇਲੇ ਹੋਇਆ ਜਦ ਕਿਸਾਨ ਆਲੂਆਂ ਨੂੰ ਸੜਕਾਂ ਉੱਪਰ ਸੁੱਟਣ ਲਈ ਮਜਬੂਰ ਹੋਏ ਸਨ। ਜੇਕਰ ਕਿਸਾਨ ਅਗਾਊਂ ਸੌਦੇ ਦੀਆਂ ਸ਼ਰਤਾਂ ਉੱਪਰ ਪੂਰਾ ਨਾਂ ਉੱਤਰ ਸਕੇ ਤਾਂ ਵਪਾਰੀ ਕਿਸਾਨਾਂ ਨੂੰ ਕਾਨੂੰਨੀ ਲੜ੍ਹਾਈ ਵਿੱਚ ਉਲਝਾ ਲੈਂਦੇ ਹਨ ਅਤੇ ਕੇਸ ਵੀ ਚੰਡੀਗੜ੍ਹ ਵਰਗੇ ਦੂਰ ਦੁਰਾਡੇ ਦੀਆਂ ਅਦਾਲਤਾਂ ਵਿੱਚ ਦਾਇਰ ਕਰਦੇ ਹਨ। ਮਹਿੰਗੇ ਵਕੀਲਾਂ ਦੀਆਂ ਫੀਸਾਂ ਕਰਜੇ ਦੇ ਮੱਕੜ ਜਾਲ ਵਿੱਚ ਫਸੇ ਕਿਸਾਨਾਂ ਲਈ ਖਾਲਾ ਜੀ ਦਾ ਵਾੜਾ ਨਹੀਂ ਹੁੰਦੀਆਂ। ਵਪਾਰੀ ਵੱਲੋਂ ਕਿਸਾਨ ਨਾਲ ਧੋਖਾ ਕਰ ਜਾਣ ਦੀ ਸੂਰਤ ਵਿੱਚ ਵੀ ਕਿਸਾਨ ਬਹੁਤੀ ਵਾਰ ਅਦਾਲਤ ਤੱਕ ਪਹੁੰਚ ਕਰਨ ਦੀ ਹਾਲਤ ਵਿੱਚ ਨਹੀਂ ਹੁੰਦਾ। ਹੁਣ ਤਾਂ ਇਹ ਵੀ ਝੰਜਟ ਹੀ ਮੁਕਾ ਦਿਤਾ ਹੈ, ਕਾਨੂੰਨਨ ਹੀ ਕਿਸਾਨ ਕੋਲੋਂ ਅਦਾਲਤ ਵਿੱਚ ਜਾਣ ਦਾ ਹੱਕ ਖੋਹ ਲਿਆ ਹੈ। ਹੁਣ ਤਾਂ ਐਸਡੀਐਮ ਅਤੇ ਡੀਸੀ ਕੋਲ ਹੀ ਚੱਕਰ ਕੱਟਣ ਲਈ ਅਤੇ ਉਨਾਂ ਦੇ ਰਹਿਮੋਕਰਮ ਉੱਪਰ ਛੱਡ ਦਿਤਾ ਹੈ।

ਮੁਲਕ ਅੰਦਰ ਸਿਰਫ 23 ਫਸਲਾਂ ਦੀ ਘੱਟੋ-ਘੱਟ ਕੀਮਤ ਕੀਮਤ ਨਿਰਧਾਰਤ ਕੀਤੀ ਜਾਂਦੀ ਹੈ ਅਤੇ ਇਸ'ਚੋਂ ਵੀ ਸਿਰਫ ਦੋ ਫਸਲਾਂ, ਕਣਕ ਤੇ ਝੋਨਾ ਦੀ ਹੀ ਖ੍ਰੀਦ ਘੱਟੋ-ਘੱਟੋ ਕੀਮਤ 'ਤੇ ਖ੍ਰੀਦ ਕੀਤੀ ਜਾਂਦੀ ਹੈ। ਉਹ ਵੀ ਸਿਰਫ ਪੰਜਾਬ, ਹਰਿਆਣਾ, ਦਿੱਲੀ ਅਤੇ ਯੂ.ਪੀ ਦੇ ਕੁੱਝ ਹਿੱਸਿਆਂ ਵਿੱਚ। ਹੋਰਨਾਂ ਫਸਲਾਂ, ਖਾਸ ਕਰ ਕਪਾਹ ਨਰਮਾ ਦੀ ਖ੍ਰੀਦ ਵੇਲੇ ਦੀ ਹਾਲਤ ਨੂੰ ਵੇਖਣਾ ਹੋਵੇ ਤਾਂ ਕਾਟਨ ਕਾਰਪੋਰੇਸ਼ਨ ਹਰ ਸਾਲ ਉਸ ਸਮੇ ਮੰਡੀਆਂ ਵਿੱਚ ਦਾਖਲ ਹੁੰਦੀ ਹੈ ਜਦ ਤੱਕ ਵਪਾਰੀ ਹਜਾਰ ਤੋਂ ਡੇਢ ਹਜ਼ਾਰ ਰੁ.ਪ੍ਰਤੀ ਕੁਇੰਟਲ ਘੱਟ ਭਾਅ ਤੇ ਖ੍ਰੀਦ ਕੇ ਕਿਸਾਨ ਨੂੰ ਹਜਾਰਾਂ ਕਰੋੜ ਰੁ. ਦਾ ਚੂਨਾ ਲਗਾ ਚੁੱਕੇ ਹੁੰਦੇ ਹਨ। ਕਾਟਨ ਕਾਰਪੋਰੇਸ਼ਨ ਨੂੰ ਮੰਡੀਆਂ ਵਿਚ ਦਾਖਲ ਕਰਵਾਉਣ ਲਈ ਨਰਮਾ ਪੱਟੀ ਦੇ ਕਿਸਾਨਾਂ ਨੂੰ ਸੰਘਰਸ਼ ਕਰਨਾ ਪੈਂਦਾ ਹੈ। ਖੁੱਲੀ ਮੰਡੀ ਦੇ ਸਿਧਾਂਤ ਦੀ ਪੈਰੋਕਾਰ ਸਰਕਾਰ ਕੁੱਝ ਸਮਾਂ ਪਹਿਲਾਂ ਹੀ ਇੱਕ ਸਕੀਮ ਲੈਕੇ ਆਈ ਸੀ ਕਿ ਕਿਸਾਨ ਨੂੰ ਮੰਡੀ ਵਿੱਚ ਫਸਲ ਦਾ ਪੂਰਾ ਮੁੱਲ ਨਾਂ ਮਿਲਣ ਦੀ ਸੂਤ ਵਿੱਚ ਉਸ ਦੇ ਘਾਟੇ ਦੀ ਪੂਰਤੀ ਸਰਕਾਰ ਕਰੇਗੀ। ਪਰ ਉਸ ਸਕੀਮ ਦਾ ਹਸ਼ਰ ਇਹ ਹੋਇਆ ਕਿ ਇੱਕ ਫੁੱਟੀ ਕੌਡੀ ਵੀ ਕਿਸਾਨਾਂ ਦੇ ਪੱਲੇ ਨਹੀਂ ਪਈ। ਹੁਣ ਜਦ ਫਸਲਾਂ ਦਾ ਸਮੁੱਚਾ ਮੰਡੀਕਰਨ ਹੀ ਪ੍ਰਾਈਵੇਟ ਵਪਾਰੀਆਂ ਦੇ ਹਵਾਲੇ ਕਰ ਦਿੱਤਾ ਹੈ ਤਾਂ ਅੰਨ੍ਹੇ ਮੁਨਾਫੇ ਕਮਾਉਣ ਦੀ ਹਵਸ਼ ਵਿੱਚ ਵਪਾਰੀ ਕਿਸਾਨਾਂ ਨੂੰ, ਖਾਸ ਕਰ ਛੋਟੇ ਕਿਸਾਨਾਂ ਨੂੰ, ਹੋਰ ਵੱਡੀ ਗਿਣਤੀ ਵਿੱਚ ਅਤੇ ਵਧੇਰੇ ਤੇਜੀ ਨਾਲ ਖੇਤੀ ਕਿੱਤੇ ਵਿਚੋਂ ਬਾਹਰ ਧੱਕਣ ਵਿੱਚ ਕਾਮਯਾਬ ਹੋਣਗੇ। ਅਜਿਹਾ ਹੋਣ ਦਾ ਸਿਧਾ ਅਸਰ ਛੋਟੇ ਕਿਸਾਨਾਂ ਤੇ ਮਜਦੂਰਾਂ ਉੱਪਰ ਪਵੇਗਾ। ਵੱਡੇ ਘਰਾਣਿਆਂ ਵਲੋਂ ਵਪਾਰਕ ਲੀਹਾਂ 'ਤੇ ਕੀਤੀ ਜਾਣ ਵਾਲੀ ਖੇਤੀ ਦੀ ਤਰਜੀਹ ਮਨੁੱਖੀ ਜਰੂਰਤ ਦੀ ਥਾਂ ਵਪਾਰਕ ਖੇਤੀ ਹੋਵੇਗੀ।

ਮੋਦੀ ਹਕੂਮਤ ਦੇ ਇਸ ਫੈਸਲੇ ਨੂੰ ਪਿਛਲੇ ਸਮੇਂ ਵਿੱਚ ਕੀਤੇ ਕੀਤੇ ਅਨੇਕਾਂ ਲੋਕ ਵਿਰੋਧੀ ਫੈਸਲਿਆਂ ਵਿੱਚੋਂ ਦੋ ਫੈਸਲਿਆਂ, 8 ਨਵੰਬਰ 2016 ਨੂੰ ਨੋਟ ਬੰਦੀ ਵਾਲਾ ਫੈਸਲਾ ਅਤੇ ਪੂਰੇ ਮੁਲਕ ਅੰਦਰ ਇਕੋ ਟੈਕਸ ਦਰ ਵਾਲੇ ਜੀ.ਐਸ.ਟੀ.ਵਾਲੇ ਫੈਸਲੇ, ਦੀ ਰੋਸ਼ਨੀ ਵਿੱਚ ਹੀ ਵੇਖਿਆ ਜਾਣਾ ਚਾਹੀਦਾ ਹੈ। ਜਦ 8 ਨਵੰਬਰ 2016 ਨੂੰ ਨੋਟਬੰਦੀ ਵਾਲਾ ਫੈਸਲਾ ਕੀਤਾ ਸੀ ਤਾਂ ਹੁੱਬ ਕੇ ਐਲਾਨ ਕੀਤਾ ਸੀ ਕਿ ਇਸ ਨਾਲ ਅਮੀਰਾਂ ਕੋਲ ਜਮ੍ਹਾਂ ਕਾਲਾ ਧਨ ਬਾਹਰ ਆ ਜਾਵੇਗਾ, ਜਾਲ੍ਹੀ ਕਰੰਸੀ ਖਤਮ ਹੋ ਜਾਵੇਗੀ, ਅੱਤਵਾਦ ਨੂੰ ਨਕੇਲ ਪੈ ਜਾਵੇਗੀ। ਪਰ ਫੁੱਟੀ ਕੌਡੀ ਵੀ ਕਾਲੇ ਧਨ ਦੀ ਨਹੀਂ ਮਿਲੀ, ਉਲਟਾ ਸੈਂਕੜੇ ਲੋਕਾਂ ਦੀ ਜਾਨ ਦੀ ਬਲੀ ਜਰੂਰ ਲੈ ਲਈ। ਕਰੋੜਾਂ ਕੰਮ ਦੇ ਘੰਟੇ ਬਰਬਾਦ ਹੋ ਗਏ। ਕਿਲੋਮੀਟਰਾਂ ਦੇ ਹਿਸਾਬ ਲੱਗੀਆਂ ਲੰਬੀਆਂ ਲਾਈਨਾਂ ਵਿੱਚ ਖੜ੍ਹਨ ਲਈ ਆਮ ਲੋਕਾਈ ਨੂੰ ਖੱਜਲ ਖੁਆਰ ਹੋਣਾ ਪਿਆ। ਇਸੇ ਹੀ ਤਰ੍ਹਾਂ ਜੀ.ਐਸ.ਟੀ. ਵੇਲੇ ਵਧੇਰੇ ਟੈਕਸ ਇਕਠੇ ਹੋਣ ਦਾ ਇਨਕਲਾਬੀ ਕਦਮ ਕਹਿੰਦਿਆਂ ਅੱਧੀ ਰਾਤ ਤੱਕ ਪਾਰਲੀਮੈਂਟ ਦਾ ਸ਼ੈਸ਼ਨ ਚਲਾਕੇ ਖੇਖਣ ਕੀਤਾ ਗਿਆ। ਹੋਇਆ ਉਲਟ ਕਿ ਰਾਜਾਂ ਦੀ ਸੰਘੀ ਘੁੱਟ ਦਿੱਤੀ ਗਈ। ਟੈਕਸ ਵਧੇਰੇ ਇਕੱਠਾ ਹੋਣ ਦੀ ਥਾਂ ਇਸ ਵਿੱਚ ਕਮੀ ਦਰਜ ਕੀਤੀ ਗਈ। ਸਰਕਾਰਾਂ ਦੇ ਫੈਸਲਿਆਂ ਨੂੰ ਸਿਰਫ ਆਰਥਿਕ ਫੈਸਲੇ ਵਜੋਂ ਨਹੀਂ ਸਗੋਂ ਫੈਸਲੇ ਦੀ ਸਿਆਸੀ ਮਹੱਤਤਾ ਵਜੋਂ ਵੇਖਣਾ ਚਾਹੀਦਾ ਹੈ ਕਿ ਰਾਜ ਕਰਦੀ ਜਮਾਤ ਕਿਸ ਜਮਾਤ ਦੇ ਸਿਆਸੀ ਹਿਤਾਂ ਦੀ ਪੂਰਤੀ ਕਰਦੀ ਹੈ।

ਇਸੇ ਮਹੀਨੇ ਨੋਟੀਫਾਈ ਹੋਇਆ ਆਰਡੀਨੈਂਸ 70 ਵਿਆਂ ਤੋਂ ਬਾਅਦ ਮੁਲਕ ਦੇ ਕਿਸਾਨਾਂ ਉੱਪਰ ਸਭ ਤੋਂ ਵੱਡਾ ਹਮਲਾ ਹੈ। ਇਹ ਹਮਲਾ ਸੰਸਾਰ ਬੈਂਕ ਦੀਆਂ ਨੀਤੀ ਪਾਲਸੀਆਂ ਦਾ ਸਿਟਾ ਹੈ, ਜਿਸ ਵਿਚ 40% ਕਿਸਾਨਾਂ ਨੂੰ ਖੇਤੀ ਕਿਤੇ ਵਿਚੋਂ ਬਾਹਰ ਕਰਨ ਦਾ ਫੁਰਮਾਨ ਹੈ। ਇਸ ਹਮਲੇ ਰਾਹੀਂ ਰਾਜਾਂ ਦੀ ਸੰਘੀ ਵੀ ਘੁੱਟ ਦਿਤੀ ਹੈ। ਇਕਲੇ ਪੰਜਾਬ ਨੂੰ ਹੀ ਸਲਾਨਾ ਫਸਲਾਂ ਦੀ ਖ੍ਰੀਦ ਵਿੱਚੋਂ 3500-3600 ਕਰੋੜ ਰੁ. ਸਲਾਨਾ ਮੰਡੀ ਫੀਸ ਅਤੇ ਦਿਹਾਤੀ ਵਿਕਾਸ ਫੰਡ ਵਜੋਂ ਮਿਲਦਾ ਹੈ ਜਿਸ ਦਾ ਭੋਗ ਪਾ ਦਿੱਤਾ ਹੈ। ਇਹੀ ਪੈਸਾ ਹੁਣ ਵਪਾਰੀਆਂ ਦੀਆਂ ਤਿਜੌਰੀਆਂ ਭਰੇਗਾ। ਗੰਭੀਰ ਆਰਥਿਕ ਸੰਕਟ ਨਾਲ ਜੂਝ ਰਹੀ ਪੰਜਾਬ ਸਰਕਾਰ ਲਈ ਇਹ ਫੈਸਲਾ ਵਡੇਰੀ ਚੁਣੌਤੀ ਹੈ। ਛੋਟੇ ਗਰੀਬ, ਬੇਜਮੀਨੇ ਕਿਸਾਨਾਂ ਨੂੰ ਕਿਸਾਨੀ ਕਿਤੇ ਵਿੱਚੋਂ ਬਾਹਰ ਧੱਕਣ ਅਤੇ ਗਰੀਬ ਲੋਕਾਂ ਨੂੰ ਮਿਲਣ ਵਾਲੇ ਸਸਤੇ ਦਰਾਂ ਤੇ ਅਨਾਜ ਦਾ ਭੋਗ ਪਾਉਣ ਦਾ ਮੁੱਢ ਬੰਨ੍ਹ ਦਿੱਤਾ ਗਿਆ ਹੈ। ਧੰਨਾਂ-ਸੇਠਾਂ ਤੇ ਵਪਾਰੀਆਂ ਦੀ ਰਖੈਲ ਬੀਜੇਪੀ ਦੀ ਅਗਵਾਈ ਵਾਲੀ ਮੋਦੀ ਸਰਕਾਰ ਨੇ ਕਿਸਾਨ-ਮਜਦੂਰ ਸਮੱਸਿਆਵਾਂ/ਸੰਘਰਸ਼ ਨੂੰ ਦਰਕਿਨਾਰ ਕਰਦਿਆਂ ਕਿਸਾਨਾਂ ਨੂੰ ਫਾਇਦਾ ਪਹੁੰਚਾਉਣ ਦੇ ਨਾਂ ਹੇਠ ਕਿਸਾਨਾਂ ਦੇ ਹੀ ਮੌਤ ਦੇ ਵਰੰਟ ਜਾਰੀ ਕਰ ਦਿੱਤੇ ਹਨ ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਪੇਂਡੂ ਸੱਭਿਅਤਾ ਦਾ ਸੰਕਟ ਹੋਰ ਡੂੰਘਾ ਹੋਵੇਗਾ। ਇਸ ਤਾਜ਼ਾ ਹੱਲੇ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਣਾ ਚਾਹੀਦਾ। ਖੇਤੀ ਕਿੱਤੇ ਨੂੰ ਬਚਾਉਣ ਲਈ ਸੂਬੇ ਤੋਂ ਲੈਕੇ ਮੁਲਕ ਪੱਧਰ 'ਤੇ ਸਾਂਝੇ ਸੰਘਰਸ਼ਾਂ ਦੀ ਲਗਾਤਾਰਤਾ ਬਰਕਰਾਰ ਰੱਖੀ ਜਾਣੀ ਚਾਹੀਦੀ ਹੈ।

8427511770



# ਕਾਮਰੇਡ ਹਰਭਜਨ ਸੋਹੀ ਦੀ 11ਵੀਂ ਬਰਸੀ ਮੌਕੇ...



ਕਾਮਰੇਡ ਹਰਭਜਨ ਸੋਹੀ ਇਨਕਲਾਬੀ ਜਥੇਬੰਦੀਆਂ ਦੀਆਂ ਨਜ਼ਰਾਂ 'ਚ (ਸ਼ਰਧਾਂਜਲੀ ਸਮਾਗਮ ਮੌਕੇ ਹਾਸਲ ਹੋਏ ਸ਼ੋਕ ਸੁਨੇਹਿਆਂ ਦੇ ਅੰਸ਼) – ਸੂਬਾ ਕਮੇਟੀ ਸਮਝਦੀ ਹੈ ਕਿ ਕਾਮਰੇਡ ਸੋਹੀ ਇੱਕ ਕਮਿਊਨਿਸਟ ਇਨਕਲਾਬੀ ਦੀ ਜ਼ਿੰਦਗੀ ਜਿਉਇਆ ਅਤੇ ਮਰਿਆ. ਉਨ੍ਹਾਂ ਨੇ ਹਮੇਸ਼ਾ ਮਾਰਕਸਵਾਦ ਲੈਨਿਨਵਾਦ ਮਾਓ ਵਿਚਾਰਧਾਰਾ (ਹੁਣ ਮਾਓਵਾਦ) ਦਾ ਝੰਡਾ ਬੁਲੰਦ ਰੱਖਿਆ। ਉਨ੍ਹਾਂ ਨੇ ਭਾਰਤ ਨੂੰ ਆਜ਼ਾਦ ਮੁਲਕ ਦੀ ਥਾਂ ਅਰਧ ਬਸਤੀਵਾਦੀ ਅਰਧ ਜਗੀਰੂ ਮੁਲਕ ਦੇ ਤੌਰ 'ਤੇ ਚਿੰਨ੍ਹਤ ਕੀਤਾ। ਉਹਨਾਂ ਨੇ ਸਮਾਜਵਾਦੀ ਅਤੇ ਕੌਮਾਂ ਦੇ ਇਨਕਲਾਬਾਂ ਦੇ ਸੋਧਵਾਦੀ ਰੁਝਾਨ ਦੇ ਉਲਟ ਨਵ-ਜਮੂਹਰੀ ਇਨਕਲਾਬ, ਨਵ-ਜਮਹੂਰੀ ਸਿਆਸਤ ਅਤੇ ਇਸ ਦੀ ਆਮ ਸੇਧ ਨੂੰ ਬੁਲੰਦ ਕੀਤਾ। ਉਨ੍ਹਾਂ ਨੇ ਭਾਰਤ ਦੇ ਨਵ-ਜਮਹੂਰੀ ਇਨਕਲਾਬ ਦੇ ਦੋਸਤਾਂ ਦੁਸ਼ਮਣਾਂ ਦੀ ਦਰੁਸਤ ਖਾਸਾ ਪਛਾਣਕਾਰੀ ਕੀਤੀ ਮਜ਼ਦੂਰ ਜਮਾਤ ਦੀ ਅਗਵਾਈ ਵਿੱਚ ਮਜ਼ਦੂਰ ਕਿਸਾਨ ਗੱਠਜੋੜ ਦੇ ਆਧਾਰ 'ਤੇ ਚਾਰ ਜਮਾਤਾਂ ਦੇ ਸਾਂਝੇ ਮੋਰਚੇ ਦੀ ਨਵ ਜਮਹੂਰੀ ਹਕੂਮਤ ਉਸਾਰਨ ਦੀ ਵਜਾਹਤ ਕੀਤੀ। ਉਨ੍ਹਾਂ ਨੇ ਇਸ ਮਕਸਦ ਦੀ ਪੂਰਤੀ ਲਈ ਮਜਦੂਰਾਂ, ਕਿਸਾਨਾਂ, ਵਿਦਿਆਰਥੀਆਂ, ਨੌਜਵਾਨਾਂ ਅਤੇ ਮੁਲਾਜਮਾਂ 'ਤੇ ਟੇਕ ਰੱਖੀ। ਉਨ੍ਹਾਂ ਨੂੰ ਲਾਮਬੰਦ ਅਤੇ ਜਥੇਬੰਦ ਕਰਨ ਦੀ ਕੋਸ਼ਿਸ਼ ਕੀਤੀ. (ਸੀ ਪੀ ਆਈ ਮਾਓਵਾਦੀ, ਸੂਬਾ ਕਮੇਟੀ ਪੰਜਾਬ)–ਸਾਥੀ ਸੋਹੀ ਉਨ੍ਹਾਂ ਸਿਰੜੀ ਅਤੇ ਸਿਦਕੀ ਸਾਥੀਆਂ ਵਿੱਚੋਂ ਇੱਕ ਸਨ ਜਿਨ੍ਹਾਂ ਨੇ ਨਕਸਲਬਾੜੀ ਦੀ ਕਿਸਾਨ ਬਗ਼ਾਵਤ ਦੀ ਹਮਾਇਤ ਅਤੇ ਰਾਖੀ ਦੇ ਕਾਰਜ ਨੂੰ ਬਾਖ਼ੂਬੀ ਉਭਾਰਿਆ। ਸੋਧਵਾਦ ਤੇ ਨਵ ਸੋਧਵਾਦ ਦੇ ਵਿਰੁੱਧ ਸੰਘਰਸ਼ ਕੀਤਾ ਅਤੇ ਸੱਜੇ ਤੇ ਖੱਬੇ ਕੁਰਾਹਿਆਂ ਦੇ ਵਿਰੁੱਧ ਵੀ ਸੰਘਰਸ਼ ਕੀਤਾ। ਉਨ੍ਹਾਂ ਨੇ ਆਪਣੇ ਜਥੇਬੰਦੀ ਦੀ ਅਤੇ ਇਸ ਦੀ ਅਗਵਾਈ ਹੇਠਲੀਆਂ ਲੋਕ ਲਹਿਰਾਂ ਦੀ ਲਗਾਤਾਰ ਅਗਵਾਈ ਕੀਤੀ ਅਤੇ ਨਵੇਂ ਕਾਰਕੁੰਨਾਂ ਨੂੰ ਪ੍ਰੇਰਨਾ ਦਿੱਤੀ। ਸਾਥੀ ਸੋਹੀ ਸਾਡੀ ਕਮਿਊਨਿਸਟ ਲਹਿਰ ਅਤੇ ਇਨਕਲਾਬੀ ਲੋਕ ਲਹਿਰ ਉੱਪਰ ਇੱਕ ਅਮਿੱਟ ਛਾਪ ਛੱਡ ਕੇ ਗਏ ਹਨ। (ਸੂਬਾ ਕਮੇਟੀ ਪੰਜਾਬ, ਭਾਰਤੀ ਕਮਿਊਨਿਸਟ ਪਾਰਟੀ ਐੱਮ ਐੱਲ ਨਿਊ ਡੈਮੋਕ੍ਰੇਸੀ) – 45 ਸਾਲ ਦੇ ਲੰਬੇ ਰਾਜਨੀਤਕ ਜੀਵਨ ਵਿੱਚ ਉਨ੍ਹਾਂ ਨੇ ਕਮਿਊਨਿਸਟ ਇਨਕਲਾਬੀ ਲਹਿਰ ਅਤੇ ਵੱਖ-ਵੱਖ ਉਤਰਾਵਾਂ ਚੜ੍ਹਾਵਾਂ 'ਚੋਂ ਦੀ ਗੁਜਰਦੇ ਹੋਏ, ਵਿਚਾਰਧਾਰਾ ਤੇ ਇਸ ਦੀ ਰਾਖੀ ਵਾਸਤੇ ਦ੍ਰਿੜ੍ਹਤਾ ਨਾਲ ਡਟਦਿਆਂ ਜੋ ਨਿਹਚਾ ਦਿਖਾਈ ਉਸ ਦੀ ਛਾਪ ਸਦਾ ਅਮਿੱਟ ਰਹੇਗੀ। ਮਹਾਨ ਮਾਰਕਸਵਾਦੀ ਲੈਨਿਨਵਾਦੀ ਚਿੰਤਕ ਮਾਓ ਜੇ ਤੁੰਗ ਦੀ ਮੌਤ ਤੋਂ ਬਾਅਦ ਚੀਨ ਦੀ ਕਮਿਊਨਿਸਟ ਪਾਰਟੀ ਵਿੱਚ ਆਈਆਂ ਵਿਚਾਰਧਾਰਕ ਭਟਕਣਾਂ ਦੀ ਫੌਰਨ ਪਹਿਚਾਣ ਕਰਦਿਆਂ ਉਨ੍ਹਾਂ ਨੇ ਵਿਚਾਰਧਾਰਾ ਦੀ ਰਾਖੀ ਦਾ ਝੰਡਾ ਹੀ ਨਹੀਂ ਉਠਾਇਆ ਸਗੋਂ ਭਾਰਤ ਦੇ ਕਮਿਊਨਿਸਟ ਇਨਕਲਾਬੀ ਗਰੁੱਪਾਂ ਵਿੱਚ ਸਮੇਂ ਸਮੇਂ ਸਿਰ ਆਈਆਂ ਭਟਕਣਾਂ, ਤਿਲਨੂੰਕਣਾਂ ਅਤੇ ਗ਼ਲਤ ਰੁਝਾਨਾਂ ਵਿਰੁੱਧ ਵੀ ਵਿਚਾਰਧਾਰਾ ਦੇ ਝੰਡੇ ਨੂੰ ਬੁਲੰਦ ਰੱਖਿਆ (ਮੁੜ-ਜਥੇਬੰਦ ਕਮੇਟੀ, ਭਾਰਤੀ ਕਮਿਊਨਿਸਟ ਲੀਗ ਮ.ਲ.)–ਅੱਜ ਕੌਮਾਂਤਰੀ ਕਮਿਊਨਿਸਟ ਲਹਿਰ ਅਤੇ ਭਾਰਤੀ ਕਮਿਊਨਿਸਟ ਲਹਿਰ ਇੱਕ ਅਜਿਹੇ ਸੰਕਟ ਵਿੱਚੋਂ ਗੁਜ਼ਰ ਰਹੀ ਹੈ ਜੋ ਪਹਿਲਾਂ ਕਦੇ ਪੈਦਾ ਨਹੀਂ ਹੋਇਆ। ਅਜਿਹੀ ਹਾਲਤ ਅੰਦਰ ਕਾਮਰੇਡ ਹਰਭਜਨ ਸੋਹੀ ਦੀ ਮੌਤ ਨਾਲ ਭਾਰਤੀ ਇਨਕਲਾਬੀ ਕਮਿਊਨਿਸਟ ਲਹਿਰ ਕੋਲੋਂ ਇੱਕ ਉੱਚ ਬੌਧਿਕ ਸਮਰੱਥਾ ਵਾਲਾ ਮਾਰਕਸਵਾਦੀ ਲੈਨਿਨਵਾਦੀ ਆਗੂ ਖੁੱਸ ਗਿਆ ਹੈ। ਉਸਦੀ ਮਾਰਕਸਵਾਦ ਲੈਨਿਨਵਾਦ ਮਾਓ ਵਿਚਾਰਧਾਰਾ ਪ੍ਰਤੀ ਸਮਰਪਣ ਭਾਵਨਾ ਤੇ ਸੂਝ ਬੂਝ ਨਾਲ ਇਨਕਲਾਬੀ ਕਮਿਊਨਿਸਟ ਲਹਿਰ ਨੂੰ ਮਹੱਤਵਪੂਰਨ ਲਾਹੇ ਮਿਲੇ ਹਨ (ਕਮਿਊਨਿਸਟ ਲੀਗ ਆਫ ਇੰਡੀਆ ਮ.ਲ.ਰਾਮ ਨਾਥ) – ਲੋਕਾਂ ਦੀ ਮੁਕਤੀ ਹਥਿਆਰਬੰਦ ਸੰਘਰਸ਼ ਰਾਹੀਂ ਹੀ ਸੰਭਵ ਹੈ ਪਾਰਲੀਮਾਨੀ ਰਾਹ ਜ਼ਰੀਏ ਨਹੀਂ, ਇਸ ਮਾਰਕਸਵਾਦੀ ਸੱਚ ਉੱਪਰ ਕਾਮਰੇਡ ਹਰਭਜਨ ਦਾ ਦ੍ਰਿੜ੍ਹ ਭਰੋਸਾ ਸੀ ਪਰ ਉਨ੍ਹਾਂ ਦਾ ਕਹਿਣਾ ਸੀ ਕਿ ਲੋਕਾਂ ਤੋਂ ਟੁੱਟਿਆ ਹੋਇਆ ਕੋਈ ਵੀ ਹਥਿਆਰਬੰਦ ਸੰਘਰਸ਼ ਕਦੇ ਕਾਮਯਾਬ ਨਹੀਂ ਹੋ ਸਕਦਾ... ਉੱਨੀ ਸੌ ਸੱਤਰ ਵਿੱਚ ਕਾਮਰੇਡ ਮਾਓ ਦੀ ਮੌਤ ਤੋਂ ਬਾਅਦ ਚੀਨ ਦੀ ਰਾਜ ਸੱਤਾ ਉੱਪਰ ਕਾਬਜ਼ ਹੋਈ ਤੈਂਗ ਜੁੰਡਲੀ ਦੀ ਸੋਧਵਾਦੀ ਖ਼ਸਲਤ ਨੂੰ ਪਹਿਚਾਨਣ ਵਾਲ਼ੇ ਭਾਰਤ ਵਿੱਚ ਉਹ ਪਹਿਲੇ ਵਿਅਕਤੀ ਸਨ ਇਸ ਤਰ੍ਹਾਂ ਉਨ੍ਹਾਂ ਸੰਸਾਰ ਪੱਧਰ ਦੇ ਮਹੱਤਵਪੂਰਨ ਸਵਾਲ 'ਤੇ ਕਮਿਊਨਿਸਟ ਇਨਕਲਾਬੀਆਂ ਦਾ ਮਾਰਗਦਰਸ਼ਨ ਕੀਤਾ ਅਤੇ ਉਨ੍ਹਾਂ ਨੂੰ ਸਿੱਖਿਅਤ ਕੀਤਾ (ਕੇਂਦਰੀ ਜਥੇਬੰਦਕ ਕੋਰ, ਇਨਕਲਾਬੀ ਕਮਿਊਨਿਸਟ ਲੀਗ ਭਾਰਤ) ...ਸਾਡੀ ਜਥੇਬੰਦੀ ਨੂੰ ਅਤੇ ਕਮਿਊਨਿਸਟ ਇਨਕਲਾਬ ਲਹਿਰ ਨੂੰ ਵੀ ਵੱਡਾ ਹਰਜਾ ਹੋਇਆ ਹੈ ਫਿਰ ਵੀ ਸਾਡੀ ਲੀਹ ਅਤੇ ਸਮਝਦਾਰੀ ਨੂੰ ਵਿਕਸਤ ਕਰਨ ਵਿੱਚ ਆਪਣੀਆਂ ਅਦੁੱਤੀ ਦੇਣਾਂ ਨੂੰ ਉਹ ਵਿਰਸੇ ਦੇ ਰੂਪ ਵਿੱਚ ਸਾਡੇ ਕੋਲ ਛੱਡ ਗਿਆ ਹੈ ਜਿਸ ਦੇ ਅਸੀਂ ਪਾਬੰਦ ਹਾਂ। ਇਨ੍ਹਾਂ ਦੇਣਾ 'ਤੇ ਅਭਿਆਸ ਅਧਿਐਨ ਰਾਹੀਂ ਪਕੜ ਬਣਾਉਣ ਦੀ ਜ਼ਰੂਰਤ ਹੈ। ਜਿਉਂ ਜਿਉਂ ਅਸੀਂ ਆਪਣੇ ਇਨਕਲਾਬੀ ਕਾਰਜਾਂ ਨੂੰ ਪੂਰਾ ਕਰਨ ਲਈ ਅੱਗੇ ਵਧਦੇ ਹਾਂ ਇਹ ਲਾਜ਼ਮੀ ਹੀ ਸਾਡੀ ਅਗਵਾਈ ਕਰਨਗੀਆਂ। ...ਸੱਤਰਵਿਆਂ ਤੋਂ ਹੀ ਕਮਿਊਨਿਸਟ ਪਾਰਟੀ ਨੂੰ ਮੁੜ ਜਥੇਬੰਦ ਕਰਨ ਦਾ ਮੁੱਖ ਕਾਰਜ ਸਾਡੇ ਸਾਹਮਣੇ ਰਿਹਾ ਹੈ ਨੇੜਲੇ ਬੀਤੇ ਸਮੇਂ ਵਿੱਚ ਕਾਮਰੇਡ ਹਰਭਜਨ ਸੋਹੀ ਨੇ ਭਾਰਤ ਦੀ ਇਨਕਲਾਬੀ ਲਹਿਰ ਦੇ ਮੌਜੂਦਾ ਦੌਰ ਅੰਦਰ ਪਾਰਟੀ ਨੂੰ ਮੁੜ ਜਥੇਬੰਦ ਕਰਨ ਦੇ ਭਵਿੱਖ ਅਕਸ਼ੇ ਨਾਲ (ਅਮਲ ਅਤੇ ਵਿਚਾਰ ਵਟਾਂਦਰੇ ਦੇ ਦੋਹਾਂ ਖੇਤਰਾਂ 'ਚ ਕਮਿਊਨਿਸਟ ਇਨਕਲਾਬੀ ਸ਼ਕਤੀਆਂ ਦਰਮਿਆਨ ਘੋਲ-ਏਕਤਾ-ਘੋਲ ਦੀ ਪ੍ਰਕਿਰਿਆ ਰਾਹੀਂ) ਪਾਰਟੀ ਉਸਾਰੀ ਕਰਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਸੀ। ..ਉਸ ਦੀ ਮੌਤ ਨਾਲ ਸਾਡੀ ਪਾਰਟੀ ਜਥੇਬੰਦੀ ਨੂੰ ਹੀ ਭਾਰੀ ਹਰਜਾ ਨਹੀਂ ਹੋਇਆ ਸਗੋਂ ਸਮੁੱਚੇ ਕਮਿਊਨਿਸਟ ਇਨਕਲਾਬੀ ਕੈਂਪ ਅਤੇ ਮੁੜ ਜਥੇਬੰਦ ਕੀਤੀ ਜਾਣ ਵਾਲੀ ਪਾਰਟੀ ਨੂੰ ਵੀ ਹਰਜਾ ਹੋਇਆ ਹੈ।

# 18 ਜੂਨ ਦੇ ਪੰਜ ਗ਼ਦਰੀ ਸ਼ਹੀਦ



ਸੀਤਾ ਰਾਮ ਮਾਧੋਪੁਰੀ

ਪਹਿਲੀ ਸੰਸਾਰ ਜੰਗ ਲਗਦਿਆਂ ਗ਼ਦਰ ਪਾਰਟੀ ਦੇ ਸੱਦੇ ਤੇ ਅੱਠ ਹਜ਼ਾਰ ਗ਼ਦਰੀ ਵੱਖ-ਵੱਖ ਦੇਸ਼ਾਂ ਤੋਂ ਭਾਰਤ ਵਿੱਚ ਹਥਿਆਰਬੰਦ ਸੰਘਰਸ਼ ਕਰਨ ਆਏ। 19 ਫਰਵਰੀ 1915 ਨੂੰ ਗ਼ਦਰ ਅਸਫ਼ਲ ਹੋ ਜਾਣ ਮਗਰੋਂ ਗ਼ਦਰੀ ਦੇਸ਼ ਭਗਤਾਂ ਨੇ ਹਥਿਆਰਾਂ ਦਾ ਪ੍ਰਬੰਧ ਕਰਨ, ਝੋਲੀਚੁੱਕ ਗਦਾਰਾਂ ਨੂੰ ਖ਼ਤਮ ਕਰਨ, ਜੇਲ੍ਹਾਂ ਵਿੱਚੋਂ ਇਨਕਲਾਬੀ ਦੇਸ਼ ਭਗਤਾਂ ਨੂੰ ਛਡਵਾਉਣ ਤੇ ਫਿਰ ਅੰਗਰੇਜ਼ਾਂ ਨੂੰ ਖ਼ਤਮ ਕਰਨ ਲਈ ਮੁੜ ਸੰਘਰਸ਼ ਸ਼ੁਰੂ ਕੀਤਾ। ਅੱਜ ਦੇ ਦਿਨ 18 ਜੂਨ 1916 ਨੂੰ ਪੰਜ ਗ਼ਦਰੀ ਦੇਸ਼ ਭਗਤਾਂ ਨੂੰ ਕੇਂਦਰੀ ਜੇਲ੍ਹ ਲਾਹੌਰ ਵਿੱਚ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਸੀ ਤੇ ਉਨ੍ਹਾਂ ਦਾ ਸੰਸਕਾਰ ਜੇਲ੍ਹ ਦੇ ਅਹਾਤੇ ਵਿੱਚ ਕਰ ਦਿੱਤਾ ਸੀ। 102 ਗ਼ਦਰੀਆਂ ਤੇ ਚੱਲੇ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਵਿੱਚ ਛੇ ਗ਼ਦਰੀਆਂ ਨੂੰ ਫਾਂਸੀ ਦੀ ਸਜ਼ਾ ਹੋਈ ਸੀ ਪਰ ਹੀਰਾ ਸਿੰਘ ਚਰੜ ਜ਼ਿਲ੍ਹਾ ਲਾਹੌਰ ਦੀ ਸਜ਼ਾ ਉਮਰ ਕੈਦ ਵਿੱਚ ਬਦਲ ਦਿੱਤੀ ਸੀ।

**1. ਈਸ਼ਰ ਸਿੰਘ ਢੁੱਡੀਕੇ** (**ਜ਼ਿਲ੍ਹਾ ਮੋਗਾ**)- 1882 ਵਿੱਚ ਮਾਤਾ ਧਰਮ ਕੌਰ



ਦੀ ਕੁੱਖੋਂ ਪਿਤਾ ਸੱਜਣ ਸਿੰਘ ਦੇ ਘਰ ਜਨਮ ਹੋਇਆ। ਗ਼ਦਰ ਪਾਰਟੀ ਦੇ ਸੱਦੇ ਤੇ ਕਨੇਡਾ ਤੋਂ 14 ਦਸੰਬਰ 1914 ਨੂੰ ਭਾਰਤ ਆਇਆ। ਇਸਦੇ ਯਤਨਾਂ ਨਾਲ ਢੁੱਡੀਕੇ ਇਨਕਲਾਬੀ ਸਰਗਰਮੀਆਂ ਦਾ ਗੜ੍ਹ ਬਣ ਗਿਆ ਸੀ। 19 ਫਰਵਰੀ 1915 ਨੂੰ ਫਿਰੋਜ਼ਪੁਰ ਛਾਉਣੀ ਵਿੱਚ ਗ਼ਦਰ ਕਰਾਉਣ ਭਾਈ ਰਣਧੀਰ ਸਿੰਘ ਦੇ 60-70 ਗ਼ਦਰੀਆਂ ਦੇ ਜੱਥੇ ਵਿੱਚ ਉੱਤਮ ਸਿੰਘ ਹਾਂਸ ਨਾਲ ਗਿਆ ਸੀ।

25 ਅਪ੍ਰੈਲ 1915 ਨੂੰ ਆਪਣੇ ਪੰਜ ਸਾਥੀਆਂ ਨਾਲ ਨੰਗਲ ਕਲਾਂ (ਹੁਸ਼ਿਆਰਪੁਰ) ਦੇ ਮੁਖ਼ਬਰ ਜੈਲਦਾਰ ਚੰਦਾ ਸਿੰਘ ਨੂੰ ਕਤਲ ਕਰ ਦਿੱਤਾ।

5 ਜੂਨ 1915 ਨੂੰ ਕਪੂਰਥਲਾ ਰਿਆਸਤ ਦੇ ਅਸਲਾਖਾਨੇ ਤੇ ਹਮਲਾ ਕਰਕੇ ਹਥਿਆਰ ਖੋਹਣ ਲਈ 19 ਗ਼ਦਰੀ ਕਪੂਰਥਲੇ ਇਕੱਠੇ ਹੋਏ ਪਰ ਗਿਣਤੀ ਘੱਟ ਹੋਣ ਕਾਰਨ ਇਹ ਯੋਜਨਾ 12 ਜੂਨ ਤੱਕ ਟਾਲ ਦਿੱਤੀ। ਹਥਿਆਰ ਪ੍ਰਾਪਤ ਕਰਨ ਲਈ ਵੱਲਾ (ਅੰਮ੍ਰਿਤਸਰ) ਪੁਲ ਤੇ ਤਾਇਨਾਤ ਗਾਰਦ ਤੇ 11 ਜੂਨ 1915 ਦੀ ਰਾਤ ਨੂੰ ਹਮਲਾ ਕਰਕੇ ਹਥਿਆਰ ਖੋਹਣ ਚ ਗ਼ਦਰੀ ਕਾਮਯਾਬ ਹੋ ਗਏ। ਦੋ ਸਿਪਾਹੀ ਮਾਰੇ ਗਏ। ਅਗਲੇ ਦਿਨ ਜੈਲਦਾਰਾਂ ਨੇ ਡਾਕੂ ਡਾਕੂ ਕਹਿ ਕੇ ਪਿੰਡਾਂ ਦੇ ਲੋਕਾਂ ਨੂੰ ਗ਼ਦਰੀਆਂ ਦੇ ਪਿੱਛੇ ਲਾ ਦਿੱਤਾ। ਸੱਠ ਮੀਲ ਮੁਕਾਬਲਾ ਕਰਦੇ ਗ਼ਦਰੀ ਵਰ੍ਹਦੀਆਂ ਗੋਲ਼ੀਆਂ ਵਿੱਚ ਗੋਇੰਦਵਾਲ ਸਾਹਿਬ ਦੇ ਪੱਤਣ ਤੋਂ ਬੇੜੀਆਂ ਖੋਹ ਕੇ ਕਪੂਰਥਲਾ ਰਿਆਸਤ ਦੇ ਪਿੰਡਾਂ ਵੱਲ੍ਹ ਨਿੱਕਲ ਗਏ। ਇਸ ਗੋਲੀਬਾਰੀ ਵਿੱਚ ਦੋ ਜਣੇ ਮਾਰੇ ਗਏ ਸਨ।

ਈਸ਼ਰ ਸਿੰਘ ਤੇ ਉੱਤਮ ਸਿੰਘ ਹਾਂਸ ਰਿਆਸਤ ਫ਼ਰੀਦਕੋਟ ਦੇ ਇੱਕ ਪਿੰਡ ਵਿੱਚੋਂ 19 ਸਤੰਬਰ 1915 ਨੂੰ ਹਥਿਆਰਾਂ ਸਮੇਤ ਗ੍ਰਿਫਤਾਰ ਕਰ ਲਏ।

**2. ਸ਼ਹੀਦ ਉੱਤਮ ਸਿੰਘ ਹਾਂਸ** (**ਲੁਧਿਆਣਾ**) - 1880 ਵਿੱਚ ਜੀਤਾ ਸਿੰਘ



ਦੇ ਘਰ ਜਨਮ ਹੋਇਆ। ਕਨੇਡਾ ਵਿੱਚ ਗੁਰੂ ਨਾਨਕ ਜਹਾਜ਼ (ਕਾਮਾਗਾਟਾਮਾਰੂ) ਦੇ ਯਾਤਰੀਆਂ ਨੂੰ ਆਪਣੇ ਗ਼ਦਰੀ ਸਾਥੀਆਂ ਨਾਲ ਇਸ ਜਹਾਜ਼ ਉੱਤੇ ਜਾ ਕੇ 22 ਜੁਲਾਈ 1914 ਨੂੰ ਦੇਸ਼ ਦੀ ਆਜ਼ਾਦੀ ਲਈ ਘੋਲ਼ ਕਰਨ ਲਈ ਭਾਸ਼ਨ ਦਿੱਤਾ।

ਗ਼ਦਰ ਕਰਨ ਲਈ 14 ਦਸੰਬਰ 1914 ਨੂੰ ਭਾਰਤ ਮੁੜ ਆਇਆ। ਝਾਬੇਵਾਲ ਤੇ ਲੋਹਟਬੱਦੀ ਦੀਆਂ ਬੰਬ ਫੈਕਟਰੀਆਂ ਵਿੱਚ ਬੰਬ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ। 19 ਫਰਵਰੀ 1915 ਨੂੰ ਫਿਰੋਜ਼ਪੁਰ ਛਾਉਣੀ ਤੇ ਹਮਲੇ ਦੀ ਯੋਜਨਾ, ਸਿਆਸੀ ਡਾਕਿਆਂ, ਕਪੂਰਥਲਾ ਅਸਲਾਖਾਨੇ ਤੇ ਹਮਲੇ ਅਤੇ ਵੱਲਾ ਪੁਲ਼ ਪੁਲਿਸ ਗਾਰਦ ਹਮਲੇ ਵਿੱਚ ਹਿੱਸਾ ਲਿਆ।

**3. ਸ਼ਹੀਦ ਬੀਰ ਸਿੰਘ ਬਾਹੋਵਾਲ** (**ਹੁਸ਼ਿਆਰਪੁਰ**) - 1871 ਵਿੱਚ ਬੂਟਾ ਸਿੰਘ



ਦੇ ਘਰ ਜਨਮ ਹੋਇਆ। ਵੈਨਕੂਵਰ (ਕੈਨੇਡਾ) ਤੋਂ 13 ਅਕਤੂਬਰ 1914 ਨੂੰ ਕਲਕੱਤੇ ਆਇਆ।ਬਾਹਰੋਂ ਪੈਸੇ ਨਾਂ ਆਉਣ ਕਰਕੇ ਗ਼ਦਰੀਆਂ ਨੇ ਪਾਰਟੀ ਦਾ ਕੰਮ ਚਲਾਉਣ ਲਈ ਡਾਕੇ ਮਾਰੇ। ਬੀਰ ਸਿੰਘ 23 ਜਨਵਰੀ 1915 ਨੂੰ ਸਾਨ੍ਹੇਵਾਲ, 27 ਜਨਵਰੀ ਨੂੰ ਮਨਸੂਰਾਂ (ਲੁਧਿਆਣਾ) ਤੇ 2 ਫਰਵਰੀ 1915 ਨੂੰ ਚੱਬਾ (ਅੰਮ੍ਰਿਤਸਰ) ਡਾਕਿਆਂ ਵਿੱਚ ਸ਼ਾਮਲ ਸੀ। ਚੱਬੇ ਡਾਕੇ ਵਿੱਚ ਗ਼ਦਰੀਆਂ ਵੱਲੋਂ ਸੁੱਟੇ ਗਏ ਬੰਬ ਧਮਾਕੇ ਦੇ ਛਰ੍ਹੇ ਬੀਰ ਸਿੰਘ ਦੀ ਪਿੱਠ ਵਿੱਚ ਖੁੱਭ ਗਏ ਸਨ। 5 ਜੂਨ 1915 ਨੂੰ ਕਪੂਰਥਲਾ ਰਿਆਸਤ ਦਾ ਅਸਲਾਖਾਨਾ ਲੁੱਟਣ ਲਈ ਕੀਤੀ ਮੀਟਿੰਗ ਵਿੱਚ ਹਾਜ਼ਰ ਸੀ। ਅਗਲੇ ਦਿਨ ਚਿੱਟੀ (ਜਲੰਧਰ) ਦੇ ਗੁਰੂਦੁਆਰੇ ਵਿੱਚੋਂ ਅਰਜਨ ਸਿੰਘ ਜਗਰਾਉਂ, ਕਪੂਰ ਸਿੰਘ ਕਉਂਕੇ ਤੇ ਬੂਟਾ ਸਿੰਘ ਅਕਾਲਗੜ੍ਹ ਨਾਲ ਗ੍ਰਿਫਤਾਰ ਕੀਤਾ।

**4. ਸ਼ਹੀਦ ਰੰਗਾ ਸਿੰਘ ਖੁਰਦਪੁਰ** (**ਜਲੰਧਰ**) - ਗੁਰਦਿੱਤ ਸਿੰਘ ਦੇ ਘਰ ਜਨਮ ਹੋਇਆ। ਗ਼ਦਰ ਪਾਰਟੀ ਦੇ ਹੁਕਮ



ਤੇ ਅਮਰੀਕਾ ਤੋਂ 21 ਦਸੰਬਰ 1914 ਨੂੰ ਭਾਰਤ ਆਇਆ। ਢੁੱਡੀਕੇ ਦੇ ਗ਼ਦਰੀਆਂ ਨਾਲ ਮਿਲ਼ ਕੇ 5 ਜੂਨ ਨੂੰ ਕਪੂਰਥਲਾ ਦੇ ਅਸਲਾਖਾਨੇ ਤੇ ਹਮਲਾ ਕਰਨ ਗਿਆ। 11 ਜੂਨ 1915 ਦੀ ਰਾਤ ਨੂੰ ਵੱਲਾ ਪੁਲ਼ ਪੁਲਿਸ ਗਾਰਦ ਤੇ ਹਮਲਾ ਕਰਨ ਲਈ ਢੁਕਵੇਂ ਸਮੇਂ ਦਾ ਇੰਤਜ਼ਾਰ ਕਰ ਰਹੇ ਗ਼ਦਰੀ ਸਾਥੀਆਂ ਗੁੱਸੇ ਹੋ ਕੇ ਵਾਪਸ ਆ ਗਿਆ ਕਿ ਉਹ ਤੁਰੰਤ ਹਮਲਾ ਕਿਉਂ ਨਹੀਂ ਕਰਦੇ। ਹੋਤੀ ਮਰਦਾਨ ਸਰਹੱਦ ਲਾਗਿਓਂ ਗ੍ਰਿਫਤਾਰ ਕੀਤਾ।

**5. ਸ਼ਹੀਦ ਰੂੜ ਸਿੰਘ ਤਲਵੰਡੀ ਦੁਸਾਂਝ** (**ਜ਼ਿਲ੍ਹਾ ਮੋਗਾ**)- ਸਮੰਦ ਸਿੰਘ ਦੇ ਘਰ ਜਨਮ ਹੋਇਆ। ਨਾਨਕਿਆਂ ਦੇ ਪਿੰਡ



ਢੁੱਡੀਕੇ ਰਹਿੰਦਿਆਂ ਗ਼ਦਰ ਪਾਰਟੀ ਵਿੱਚ ਸ਼ਾਮਲ ਹੋ ਕੇ 5 ਜੂਨ ਕਪੂਰਥਲਾ ਅਸਲਾਖਾਨੇ ਤੇ ਹਮਲਾ ਕਰਨ ਵਾਲੀ ਮੀਟਿੰਗ ਵਿੱਚ ਤੇ 11 ਜੂਨ ਦੀ ਰਾਤ ਨੂੰ ਵੱਲਾ ਪੁਲ਼ ਪੁਲਿਸ ਗਾਰਦ ਤੇ ਹਮਲਾ ਕਰਨ ਵਾਲਿਆਂ ਵਿੱਚ ਸ਼ਾਮਲ ਸੀ।




ਮੂਲ ਲੇਖਿਕਾ: ਵਿਮਲਾ ਰਾਮਾਚੰਦਰਨ
ਅਨੁਵਾਦ ਤੇ ਪੇਸ਼ਕਸ਼ : ਯਸ਼ ਪਾਲ

# 'ਕੋਰੋਨਾ ਤਾਲਾਬੰਦੀ' ਤੋਂ ਬਾਅਦ ਸਕੂਲ ਖੋਲ੍ਹਣ ਲਈ, ਕੀ ਕਰਨਾ ਲੋੜੀਏ



"ਇਹ ਜ਼ਰੂਰੀ ਬਣਦਾ ਹੈ ਕਿ ਅਧਿਆਪਕ ਸਿਲੇਬਸਾਂ ਨੂੰ ਪੂਰਾ ਕਰਨ ਦੀ ਕਾਹਲ ਨਾ ਕਰਨ ਅਤੇ ਵਿਦਿਆਰਥੀਆਂ ਦੇ ਭਾਵਨਾਤਮਕ ਜਖਮ ਭਰਨ ਦੀ ਲੋੜ ਨੂੰ ਸਮਝਣ।"

ਸੰਸਾਰ ਭਰ ਵਿੱਚ ਕੋਰੋਨਾ ਮਹਾਂਮਾਰੀ ਦੇ ਫੈਲਣ ਕਾਰਨ ਭਾਰਤ ਨੇ ਮਾਰਚ ਦੇ ਅਖੀਰ ਵਿੱਚ ਸੰਪੂਰਨ ਤਾਲਾਬੰਦੀ ਦਾ ਐਲਾਨ ਕਰ ਦਿੱਤਾ। ਇਹ ਐਲਾਨ ਤਾਲਾਬੰਦੀ ਲੱਗਣ ਤੋਂ ਸਿਰਫ ਚਾਰ ਘੰਟੇ ਪਹਿਲਾਂ ਹੀ ਕੀਤਾ ਗਿਆ। ਮੁਲਕ ਭਰ ਵਿੱਚ ਸਕੂਲ ਬੰਦ ਕਰ ਦਿੱਤੇ ਗਏ। ਸਕੂਲ ਕਦ ਖੁੱਲ੍ਹਣਗੇ, ਇਸਦੀ ਜਾਣਕਾਰੀ ਤਾਂ ਸਾਨੂੰ ਅਜੇ ਤੱਕ ਵੀ ਨਹੀਂ। ਪਰ ਅਧਿਕਾਰੀਆਂ ਵੱਲੋਂ ਸਿਲੇਬਸ ਘੱਟ ਕਰਨ ਦੀਆਂ ਚਰਚਾਵਾਂ ਸੰਬੰਧੀ ਕਈ ਤਰ੍ਹਾਂ ਦੀਆਂ ਘੋਸ਼ਣਾਵਾਂ ਤੇ ਅਗਵਾਈ ਸੇਧਾਂ ਜਾਰੀ ਕੀਤੀਆਂ ਗਈਆਂ ਹਨ। ਪ੍ਰਾਇਮਰੀ ਸ਼੍ਰੇਣੀਆਂ ਦੇ ਬੱਚਿਆਂ ਨੂੰ ਅਜੇ ਹੋਰ ਕਈ ਮਹੀਨੇ ਘਰ ਰਹਿਣ ਦੀਆਂ ਹਦਾਇਤਾਂ ਵੀ ਹਨ।

**ਲੰਬੇ ਕੋਰੋਨਾ ਲਾਕਡਾਊਨ ਨੇ ਝੰਬੇ ਵਿਦਿਆਰਥੀ, ਅਧਿਆਪਕ ਤੇ ਮਾਪੇ** : ਸਭਨਾਂ ਸਮਾਜਿਕ ਤਬਕਿਆਂ ਤੇ ਜਮਾਤਾਂ ਦੇ ਬੱਚਿਆਂ ਦੇ ਉੱਪਰ ਲਗਾਤਾਰ ਕੋਰੋਨਾ ਵਾਇਰਸ ਦੇ ਖਤਰੇ ਦੀਆਂ ਘੰਟੀਆਂ ਦੀ ਗੋਲਾਬਾਰੀ ਹੋ ਰਹੀ ਹੈ ਤੇ ਇਹ ਵੀ ਕਿ ਇਸ ਖਤਰੇ ਤੋਂ ਬਚਣ ਲਈ ਆਪਣੇ ਆਪ ਨੂੰ ਘਰਾਂ ਵਿੱਚ ਹੀ ਕਿਵੇਂ ਬੰਦ ਰੱਖਿਆ ਜਾਵੇ। ਜਦ ਕਿ ਦੂਜੇ ਪਾਸੇ ਅਸੀਂ ਹਜਾਰਾਂ ਹੀ ਪਰਿਵਾਰਾਂ ਨੂੰ ਤਪਦੇ ਸੂਰਜ ਦੀ ਤਿੱਖੀ ਧੁੱਪ ਵਿੱਚ ਤੂੜੀਆਂ ਹੋਈਆਂ ਗੱਡੀਆਂ ਤੇ ਬੱਸਾਂ ਵਿੱਚ ਆਪਣੇ ਜੱਦੀ ਘਰਾਂ ਨੂੰ ਪਰਤਦਿਆਂ ਵੇਖ ਰਹੇ ਹਾਂ। ਸਭ ਤੋਂ ਦੁਖਦਾਈ ਇਹ ਕਿ ਭੁੱਖਣ ਭਾਣਿਆਂ ਤੇ ਬੇ-ਆਸ ਹੋਇਆਂ ਨੂੰ।

ਮਕਾਨ ਮਾਲਕਾਂ ਵੱਲੋਂ ਪਰਿਵਾਰਾਂ ਨੂੰ ਘਰਾਂ ਤੋਂ ਬਾਹਰ ਕਰ ਦਿੱਤਾ ਗਿਆ ਕਿਉਂਕਿ ਉਹ ਕਿਰਾਇਆ ਦੇਣ ਤੋਂ ਅਸਮਰੱਥ ਹਨ। ਫੈਕਟਰੀ ਮਾਲਕਾਂ/ਨਿਯੁਕਤੀਕਾਰਾਂ ਵੱਲੋਂ ਕਾਮਿਆਂ ਨੂੰ ਨੌਕਰੀਓਂ ਹਟਾ ਦਿੱਤਾ ਗਿਆ ਤੇ ਘਰੇਲੂ ਕਾਮਿਆਂ ਨੂੰ ਉਹੋ ਲੋਕ ਹੀ ਅਛੂਤ ਸਮਝਣ ਲੱਗ ਪਏ, ਜਿਹੜੇ ਆਪਣੇ ਸਾਰੇ ਘਰੇਲੂ ਕੰਮਾਂ ਕਾਰਾਂ ਤੇ ਬੱਚਿਆਂ ਦੀ ਸੰਭਾਲ ਲਈ ਉਨ੍ਹਾਂ 'ਤੇ ਹੀ ਨਿਰਭਰ ਸਨ। ਛੋਟੇ ਪ੍ਰਾਈਵੇਟ ਸਕੂਲਾਂ ਦੇ ਅਧਿਆਪਕਾਂ ਦੀ ਨੌਕਰੀ ਖੁੱਸ ਰਹੀ ਹੈ ਅਤੇ ਸਰਕਾਰੀ ਸਕੂਲਾਂ ਵਿੱਚ ਕੰਮ ਕਰਦੇ ਠੇਕਾ-ਅਧਾਰਿਤ ਕਰਮਚਾਰੀਆਂ 'ਤੇ ਨੌਕਰੀਓਂ ਕੱਢੇ ਜਾਣ ਦੀ ਤਲਵਾਰ ਲਟਕ ਰਹੀ ਹੈ। ਉਨ੍ਹਾਂ ਵਿੱਚੋਂ ਕਿੰਨਿਆਂ ਨੂੰ ਹੀ ਕਈ ਕਈ ਮਹੀਨਿਆਂ ਤੋਂ ਤਨਖਾਹ ਨਹੀਂ ਮਿਲੀ। ਨੌਕਰੀਓਂ ਕੱਢੇ ਕਈ ਅਧਿਆਪਕਾਂ ਦੀਆਂ ਮਗਨਰੇਗਾ ਕੰਮ ਲਈ ਲਾਈਨ ਵਿੱਚ ਲੱਗਿਆਂ ਦੀਆਂ ਰਿਪੋਰਟਾਂ ਵੀ ਹਨ।

1947 ਦੀ ਵੰਡ ਦੌਰਾਨ ਹੋਏ ਦਰਦਨਾਕ ਦੁਪਾਸੀ-ਪ੍ਰਵਾਸ ਤੋਂ ਬਾਅਦ, ਭਾਰਤ ਨੇ ਇਸ ਕਿਸਮ ਦਾ ਕੋਈ ਅਜਿਹਾ ਸਦਮਾ ਨਹੀਂ ਸੀ ਦੇਖਿਆ।

**ਹਾਸ਼ੀਏ 'ਤੇ ਖੜ੍ਹੇ ਗਰੀਬ ਬੱਚੇ - ਏਜੰਡੇ ਤੋਂ ਬਾਹਰ ਕਿਉਂ ?** : ਬੱਚੇ ਸਦਮੇ 'ਚ ਹਨ, ਡੌਰ-ਭੌਰ ਹਨ ਅਤੇ ਇਹ ਸਮਝਣ 'ਚ ਅਸਮਰੱਥ ਵੀ ਹਨ ਕਿ ਉਨ੍ਹਾਂ ਦੇ ਆਲੇ ਦੁਆਲੇ ਇਹ ਕੀ ਵਾਪਰ ਰਿਹਾ ਹੈ। ਪੇਂਡੂ ਤੇ ਸ਼ਹਿਰੀ ਦੋਵਾਂ ਖੇਤਰਾਂ ਦੇ ਬਹੁਤ ਹੀ ਗਰੀਬ ਪਰਿਵਾਰਾਂ ਦੇ ਬੱਚੇ ਨਾ ਸਿਰਫ ਪੜ੍ਹਾਈ-ਸਿਖਲਾਈ ਦੀ ਚੱਲ ਰਹੀ ਪ੍ਰਕਿਰਿਆ ਨਾਲੋਂ ਟੁੱਟ ਗਏ ਹਨ ਸਗੋਂ ਉਹ ਦੁਪਹਿਰ ਦੇ ਖਾਣੇ (ਮਿੱਡ-ਡੇਅ-ਮੀਲ) ਤੋਂ ਵੀ ਵਾਂਝੇ ਹੋ ਗਏ ਹਨ ਜਿਸ ਨੇ ਉਹਨਾਂ ਨੂੰ ਸਕੂਲਾਂ ਅੰਦਰ ਟਿਕਾ ਕੇ ਰੱਖਿਆ ਹੋਇਆ ਸੀ।

ਜਦ ਕਿ ਅਮੀਰ ਤੇ ਮੱਧਵਰਗੀ ਤਬਕੇ ਦੀ ਕੰਪਿਊਟਰ ਤੇ ਸਮਰਾਟ ਫੋਨ ਤੱਕ ਪਹੁੰਚ ਕਾਰਨ ਸਕੂਲਾਂ ਤੋਂ ਚਲਾਈ ਜਾ ਰਹੀ ਆਨਲਾਈਨ ਸਿੱਖਿਆ ਤੱਕ ਵੀ ਉਨ੍ਹਾਂ ਦੀ ਰਸਾਈ ਹੈ ਪਰ ਦੂਜੇ ਪਾਸੇ ਬੱਚਿਆਂ ਦੀ ਵੱਡੀ ਬਹੁ ਗਿਣਤੀ ਵਿਸ਼ੇਸ਼ ਕਰਕੇ ਸਰਕਾਰੀ ਸਕੂਲਾਂ ਅੰਦਰ ਤੇ ਸਸਤੇ ਪ੍ਰਾਈਵੇਟ ਸਕੂਲਾਂ ਅੰਦਰ ਪੜ੍ਹ ਰਹੇ ਬੱਚੇ ਅਜਿਹੇ ਅਵਸਰਾਂ ਤੋਂ ਵਾਂਝੇ ਹਨ। ਇਸ ਲਈ ਇਹ ਬੇਹੱਦ ਹੈਰਾਨੀਜਨਕ ਹੈ ਕਿ ਅੱਜ ਸਿੱਖਿਆ ਸੰਬੰਧੀ ਚੱਲ ਰਹੀ ਬਹਿਸ ਦਾ ਬਹੁਤਾ ਸਮਾਂ 'ਤੇ ਜੋਰ ਆਨਲਾਈਨ ਸਿੱਖਿਆ-ਸਿਖਲਾਈ ਬਾਰੇ ਤੇ ਇਸਦੇ ਨਫੇ-ਨੁਕਸਾਨ ਉੱਪਰ ਹੀ ਲੱਗ ਰਿਹਾ ਹੈ। ਸਕੂਲ ਬੰਦ ਹੋਣ ਨਾਲ ਮੂਲੋਂ ਹੀ ਹਾਸ਼ੀਏ 'ਤੇ ਖੜ੍ਹੇ ਅਤੇ ਗਰੀਬ ਬੱਚਿਆਂ ਉੱਪਰ ਪੈ ਰਹੇ ਅਸਰਾਂ ਉੱਤੇ ਕੋਈ ਬਹਿਸ ਜਾਂ ਵਿਚਾਰ ਚਰਚਾ ਨਹੀਂ ਹੋ ਰਹੀ।

ਅਫਸੋਸ ਹੈ ਕਿ, ਨਾ ਹੀ ਸਰਕਾਰ ਅਤੇ ਨਾ ਹੀ ਐਨ.ਸੀ.ਈ.ਆਰ.ਟੀ. ਤੇ ਐੱਸ. ਸੀ. ਈ.ਆਰ.ਟੀ. ਵਰਗੀਆਂ ਸਰਕਾਰੀ ਸੰਸਥਾਵਾਂ ਇਸ ਬਾਰੇ ਗੱਲ ਕਰ ਰਹੀਆਂ ਹਨ ਕਿ ਉਹ ਬੱਚਿਆਂ ਦੇ ਮੁੜ ਸਕੂਲ ਪਰਤਣ ਨੂੰ ਕਿਵੇਂ ਸਹਿਜ ਬਣਾ ਸਕਦੀਆਂ ਹਨ ਅਤੇ ਉਨ੍ਹਾਂ ਅੰਦਰਲੇ ਸਦਮੇ ਤੇ ਡਰ ਨੂੰ ਕਿਵੇਂ ਸੰਬੋਧਤ ਹੋ ਸਕਦੀਆਂ ਹਨ। ਇਸ ਮੁੱਦੇ ਉੱਪਰ ਵੀ ਬਹੁਤ ਘੱਟ ਚਰਚਾ ਚਲਦੀ ਹੈ ਕਿ ਕਾਮਿਆਂ ਤੇ ਉਨ੍ਹਾਂ ਦੇ ਪਰਿਵਾਰਾਂ ਦੇ ਵਾਪਸ ਪਰਤਣ 'ਤੇ ਪੇਂਡੂ ਸਕੂਲ ਉਨਾਂ ਨਾਲ ਕਿਵੇਂ ਰਾਬਤਾ ਬਣਾਉਣ।

ਨਾ ਹੀ ਇਹ ਸੰਸਥਾਵਾਂ ਉਹਨਾਂ ਬੱਚਿਆਂ ਦੀ ਸਰੀਰਕ, ਮਾਨਸਿਕ ਤੇ ਭਾਵਨਾਤਮਕ ਅਵਸਥਾ ਪ੍ਰਤੀ ਕੋਈ ਸਰੋਕਾਰ ਦਿਖਾ ਰਹੀਆਂ ਹਨ ਜਿਹੜੇ ਮਹਾਂਨਗਰਾਂ ਤੋਂ ਆਪਣੇ ਜੱਦੀ ਪਿੰਡਾਂ ਨੂੰ ਉਲਟ-ਪ੍ਰਵਾਸ ਦੇ ਸਦਮੇ ਵਿੱਚੋਂ ਵੀ ਲੰਘੇ ਸਨ ਜਿੰਨ੍ਹਾਂ ਨੇ ਦਰਦਨਾਕ ਸਫਰ, ਭੁੱਖ ਤੇ ਕੁਪੋਸ਼ਣ ਨੂੰ ਹੰਢਾਇਆ ਹੈ । ਇਹ ਇੱਕ ਦ੍ਰਿਸ਼ਟਾਂਤ ਹੈ ਕਿ ਕਿਵੇਂ ਕਿਸੇ ਸੰਕਟ ਤੋਂ ਪਹਿਲਾਂ, ਸੰਕਟ ਦੌਰਾਨ ਤੇ ਸੰਕਟ ਤੋਂ ਬਾਅਦ, ਫੈਸਲੇ ਲੈਣ ਸਮੇਂ, ਕੁੱਝ ਤਬਕੇ ਅਣਡਿੱਠ ਹੋ ਜਾਂਦੇ ਹਨ।

**ਲਾਕਡਾਊਨ ਹਟਾਉਣ ਤੋਂ ਫੌਰੀ ਬਾਅਦ ਫੌਰੀ ਧਿਆਨਯੋਗ ਮੁੱਦੇ** : ਪੇਂਡੂ ਸਕੂਲਾਂ ਅੰਦਰ ਮੁੜ ਪਰਤਣ ਵਾਲੇ ਅਤੇ ਨਵੇਂ ਦਾਖਲ ਹੋਣ ਵਾਲੇ ਬੱਚਿਆਂ ਨੂੰ ਪੜ੍ਹਾਈ-ਸਿਖਲਾਈ ਦੀ ਪ੍ਰਕਿਰਿਆ ਨੂੰ ਮੁੜ ਰਵਾਂ ਕਰਨ ਦੇ ਸਮਰੱਥ ਬਣਾਉਣ ਲਈ ਮਨੋਵਿਗਿਆਨਕ ਤੇ ਭਾਵਨਾਤਮਕ ਸਹਾਰੇ ਦੀ ਲੋੜ ਹੋਵੇਗੀ। ਬਾਲ ਵਿਕਾਸ ਦੇ ਖੇਤਰ ਦੀ ਇੱਕ ਅਹਿਮ ਹਸਤੀ ਸ਼੍ਰੀਮਤੀ ਨੰਦਿਤਾ ਚੌਧਰੀ ਚੇਤੇ ਕਰਾਉਂਦੀ ਹੈ ਕਿ ਹੋ ਸਕਦਾ ਹੈ ਕਿ ਕੁੱਝ ਬੱਚਿਆਂ ਨੇ ਆਪਣੇ ਕਿਸੇ ਪਰਿਵਾਰਕ ਜੀਅ ਦੀ ਬਿਮਾਰੀ ਜਾਂ ਮੌਤ ਨੂੰ ਹੰਢਾਇਆ ਹੋਵੇ, ਕੁੱਝ ਪਰਿਵਾਰਕ ਉਜਾੜੇ ਜਾਂ ਉਜਾੜੇ ਦੇ ਡਰ ਵਿੱਚੋਂ ਦੀ ਲੰਘੇ ਹੋਣ ਅਤੇ ਕੁੱਝ ਨੇ ਉਨ੍ਹਾਂ ਸ਼ਹਿਰਾਂ ਤੋਂ ਸੈਂਕੜੇ ਮੀਲ ਸਫਰ ਤੈਅ ਕੀਤਾ ਹੋਵੇ ਜਿਨ੍ਹਾਂ 'ਚੋਂ ਉਨ੍ਹਾਂ ਨੂੰ ਬੜੀ ਬੇਰਹਿਮੀ ਨਾਲ ਬੇਦਖਲ ਕਰ ਦਿੱਤਾ ਗਿਆ ਸੀ। ਇਸ ਤੋਂ ਬਿਨਾਂ ਉਨ੍ਹਾਂ ਬੱਚਿਆਂ ਲਈ ਵੀ ਮਹਾਂਮਾਰੀ ਦਾ ਖੌਫ਼ ਬੇਹੱਦ ਅਸਰ-ਅੰਦਾਜ ਹੋਇਆ ਹੋਵੇਗਾ ਜਿੰਨਾਂ ਨੇ ਸਿੱਧੇ ਤੌਰ 'ਤੇ ਕੋਈ ਅਜਿਹਾ ਸਦਮਾ ਜਾਂ ਦੁਰ-ਵਿਹਾਰ ਨਾ ਵੀ ਹੰਢਾਇਆ ਹੋਵੇ।

ਸਥਿਤੀ ਤੇ ਇਸਦੇ ਸਿੱਟਿਆਂ ਨੂੰ ਪੂਰੀ ਤਰ੍ਹਾਂ ਸਮਝਣ ਤੋਂ ਅਸਮਰਥ ਹੋਣ ਤੋਂ ਬਿਨਾ ਵੀ ਬੱਚੇ ਸਿੱਧੇ ਜਾਂ ਗੁੱਝੇ ਤੌਰ 'ਤੇ ਅਸਰ-ਅੰਦਾਜ ਹੋਏ ਹਨ। ਡਰ ਤੋਂ ਅਨਿਸਚਤਤਾ ਰਹਿਣ ਕਰਕੇ ਅਤੇ ਉਨ੍ਹਾਂ ਦੀ ਸਮਝ ਤੋਂ ਪਰ੍ਹੇ ਦੇ ਮੰਜਿਰਾਂ/ਦ੍ਰਿਸ਼ਾਂ ਦੀਆਂ ਖਬਰਾਂ/ਰਿਪੋਰਟਾਂ ਦੇਖਣ ਨਾਲ ਹਰ ਉਮਰ ਦੇ ਬੱਚੇ ਪ੍ਰਭਾਵਿਤ ਹੋਏ ਹੋਣਗੇ। ਇਹ ਹਨ ਸਾਰੇ ਮੁੱਦੇ ਜਿੰਨ੍ਹਾਂ ਨਾਲ ਸਕੂਲਾਂ ਨੂੰ ਸਿੱਝਣਾ ਹੋਵੇਗਾ, ਜਦ ਬੱਚੇ ਆਪਣੇ ਘਰੋਂ ਮੁੜ ਸਕੂਲ ਪਰਤਣਗੇ। ਇਹ ਜਿੰਮੇਵਾਰੀ ਸਕੂਲ ਅਧਿਆਪਕਾਂ ਤੇ ਪ੍ਰਬੰਧਕਾਂ ਦੀ ਬਣਦੀ ਹੈ ਕਿ ਉਹ ਬੱਚਿਆਂ ਦੇ ਸਹਾਰੇ ਲਈ ਰਣਨੀਤੀਆਂ/ਢੰਗ ਤਰੀਕੇ ਬਣਾਉਣ।

**ਸਕੂਲ ਕੀ ਕਰਨ ਤੇ ਕੀ ਕਰ ਸਕਦੇ ਹਨ?** : ਇਸ ਲਈ ਲੋੜ ਹੈ ਕਿ ਸਕੂਲ ਬੱਚਿਆਂ ਲਈ ਬੱਝਵੀਆਂ ਸਰਗਰਮੀਆਂ ਤੇ ਸੰਵਾਦ ਰਚਾਉਣ ਦੀ ਵਿਉਂਤਬੰਦੀ ਕਰਨ। ਬਿਹਤਰ ਹੈ ਕਿ ਨਿੱਕੇ ਨਿੱਕੇ ਗਰੁੱਪਾਂ ਵਿੱਚ, ਤਾਂ ਜੋ ਉਹ। ਆਪਣੀ ਗੱਲ ਰੱਖ ਸਕਣ। ਤੇ ਆਪਣੀਆਂ ਦੱਬੀਆਂ ਹੋਈਆਂ ਭਾਵਨਾਵਾਂ ਤੇ ਵਲਵਲਿਆਂ ਦਾ ਇਜਹਾਰ ਕਰ ਸਕਣ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ, ਇਸ ਪੱਖੋਂ ਅਧਿਆਪਕਾਂ ਨੂੰ ਸੰਵੇਦਨਸ਼ੀਲ ਬਣਾਉਣ ਤੇ ਸਿੱਖਿਅਤ ਕਰਨ ਦੀ ਲੋੜ ਹੋਵੇਗੀ ਤਾਂ ਜੋ ਉਹ ਪਾਠਕ੍ਰਮ ਮੁਕਾਉਣ ਦੀ ਕਾਹਲ ਨਾ ਕਰਨ ਜਾਂ ਸਿੱਧੇ ਹੀ ਰਸਮੀ ਪੜ੍ਹਾਈ ਸ਼ੁਰੂ ਕਰਵਾਉਣ ਨਾ ਲੱਗ ਜਾਣ। ਅਧਿਆਪਕਾਂ ਤੇ ਵਿਦਿਆਰਥੀਆਂ ਦੋਹਾਂ ਲਈ, ਇੱਕ ਦੂਜੇ ਦੀ ਸਹਾਇਤਾ ਕਰਨ ਤੇ ਜਖਮ-ਭਰਪਾਈ ਕਰਨ ਲਈ, ਸੁਚੇਤ ਤੌਰ 'ਤੇ ਵਾਹਵਾ ਰਾਖਵਾਂ ਸਮਾਂ ਕੱਢਣਾ ਹੋਵੇਗਾ।

ਮੈਨੂੰ ਯਾਦ ਹੈ ਕਿ 2001 ਦੇ ਕੱਛ 'ਚ ਆਏ ਭੁਚਾਲ ਅਤੇ 2004 ਦੇ ਦੱਖਣੀ ਤੱਟੀ ਭਾਰਤ ਵਿੱਚ ਆਈ ਸੁਨਾਮੀ ਤੋਂ ਬਾਅਦ ਅਧਿਆਪਕ ਸੋਚਦੇ ਸਨ ਕਿ ਬੱਚਿਆਂ ਨੂੰ ਕਿਵੇਂ ਮੌਕਾ ਦੇਣ ਤਾਂ ਜੋ ਆਪਣੀ ਗੱਲ ਕਹਿ ਸਕਣ। ਉਹ ਬੱਚਿਆਂ ਦੀਆਂ ਅੱਖਾਂ ਵਿੱਚ ਡਰ ਤੇ ਚਿੰਤਾ ਭਾਂਪ ਰਹੇ ਸਨ। ਇੱਕ ਸਹਿਯੋਗੀ ਸਿੱਖਿਆ ਸ਼ਾਸਤਰੀ ਸ਼੍ਰੀ ਸੁਭੀਰ ਸ਼ੁਕਲਾ ਦੇ ਵਿਚਾਰ ਅਨੁਸਾਰ ਬੱਚਿਆਂ ਲਈ ਭਾਵਨਾਤਮਕ ਬਹਾਲੀ ਦੀ ਲੋੜ ਹੋਵੇਗੀ ਅਤੇ ਇਸ ਖਾਤਰ ਸਕੂਲਾਂ ਲਈ ਲਾਜਮੀ ਹੈ ਕਿ ਉਹ ਬੱਚਿਆਂ ਦੇ ਛੋਟੇ-ਛੋਟੇ ਸਮੂਹਾਂ ਵਿਚ ਉਨ੍ਹਾਂ ਦੀ ਗੱਲ ਸੁਣਨ, ਉਨ੍ਹਾਂ ਨਾਲ ਗੱਲ ਕਰਨ ਤੇ ਨਾਟ ਸਰਗਰਮੀਆਂ ਲਈ ਆਪਣੇ ਆਪ ਨੂੰ ਤਿਆਰ ਕਰਨ। ਇੱਕ ਖੁੱਲ੍ਹਾ-ਡੁੱਲ੍ਹਾ ਗੈਰ-ਰਸਮੀ ਮਾਹੌਲ, ਜਿੱਥੇ ਬੱਚੇ ਖੁੱਲ੍ਹ ਸਕਣ ਤੇ ਉੱਧੜ ਸਕਣ।

ਕੋਰੋਨਾ ਸੰਕਟ ਨੂੰ ਤੇ ਬੱਚਿਆਂ ਦੇ ਅਨੁਭਵਾਂ ਨੂੰ ਸਿੱਧੇ ਤੌਰ 'ਤੇ ਗੱਲਾਂ-ਬਾਤਾਂ ਤੇ ਪੇਸ਼ਕਾਰੀਆਂ ਰਾਹੀਂ ਤਾਂ ਸੰਬੋਧਿਤ ਹੋਣਾ ਜਰੂਰੀ ਹੈ ਹੀ ਪਰੰਤੂ ਇਸਤੋਂ ਵੀ ਵਧੇਰੇ ਜਰੂਰੀ ਹੈ ਅਸਿੱਧੇ ਤੌਰ 'ਤੇ ਕਲਾਤਮਿਕ ਤੇ ਸਿਰਜਣਾਤਮਕ ਇਜਹਾਰਾਂ ਰਾਹੀਂ ਜੋ ਕਿ ਡੂੰਘੀਆਂ ਅੰਦਰੂਨੀ ਚਿੰਤਾਵਾਂ ਨੂੰ ਸੰਬੋਧਿਤ ਹੋਣ ਲਈ ਵੱਧ ਅਸਰਦਾਰ ਸਮਝੇ ਜਾਂਦੇ ਹਨ। ਸਕੂਲੀ ਮਾਹੌਲ ਨੂੰ ਬਾਲ ਅਨੁਕੂਲ ਬਣਾਉਣ ਲਈ ਬੱਚਿਆਂ ਨੂੰ ਆਹਰੇ ਲਾਉਣਾ, ਬੱਚਿਆਂ ਦੁਆਰਾ ਬਣਾਏ ਚਿੱਤਰ ਤੇ ਪੋਸਟਰ, ਬੱਚਿਆਂ ਤੇ ਅਧਿਆਪਕਾਂ ਦੁਆਰਾ ਲਿਖੀਆਂ ਕਹਾਣੀਆਂ ਚਿਪਕਾਉਣਾ ਤੇ ਹੋਰ ਕਲਾਤਮਿਕ ਰਚਨਾਵਾਂ, ਜਖਮ-ਭਰਪਾਈ ਦੀ ਪ੍ਰਕਿਰਿਆ ਸ਼ੁਰੂ ਕਰਨ ਲਈ ਲੋੜੀਂਦੀ ਗੁੰਜਾਇਸ਼ ਤੇ ਸਮਾਂ ਮੁਹੱਈਆ ਕਰਨਗੇ।

ਇਸੇ ਤਰ੍ਹਾਂ ਹੀ ਗੀਤ-ਸੰਗੀਤ, ਖੇਡਾਂ ਤੇ ਗਰੁੱਪ ਸਰਗਰਮੀਆਂ ਵੀ ਮੱਦਦਗਾਰ ਹੋਣਗੀਆਂ। ਇਸ ਵਿੱਚ ਬੇਹੱਦ ਲਾਜ਼ਮੀ ਇਹ ਹੈ ਕਿ ਅਧਿਆਪਕਾਂ ਨੂੰ ਸਿਲੇਬਸ ਮੁਕਾਉਣ ਦੀ ਕਾਹਲੀ ਕਰਨ ਲਈ ਨਹੀਂ ਕਹਿਣਾ ਹੋਵੇਗਾ। ਸਿੱਖਿਆ ਪ੍ਰਬੰਧਕਾਂ ਨੂੰ ਇਸ ਜਖਮ-ਭਰਪਾਈ ਲਈ ਲੋੜੀਂਦੇ ਸਮੇਂ ਦੀ ਲੋੜ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਤੇ ਇਸਨੂੰ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਤੱਕ ਸਪੱਸ਼ਟ ਤੇ ਜੋਰ ਨਾਲ ਪਹੁੰਚਾ ਕੇ ਲਾਗੂ ਕਰਾਉਣ ਦੀ ਲੋੜ ਹੋਵੇਗੀ। ਜੇ ਅਜਿਹੇ ਦਿਸ਼ਾ ਨਿਰਦੇਸ਼ ਯਕੀਨਨ ਤਿਆਰ ਹੋ ਜਾਂਦੇ ਹਨ ਤੇ ਜਾਰੀ ਹੁੰਦੇ ਹਨ, ਸਰਕਾਰੀ ਸਕੂਲ ਸ਼ਾਇਦ ਇਹਨਾਂ ਨੂੰ ਅੱਧੇ-ਅਧੂਰੇ ਹੀ ਲਾਗੂ ਕਰਨ ਤੇ ਪ੍ਰਾਈਵੇਟ ਖੇਤਰ ਇਸਨੂੰ ਮੂਲੋਂ ਹੀ ਨਕਾਰ ਦੇਵੇ ਅਤੇ ਬੱਚਿਆਂ ਨੂੰ ਉਨ੍ਹਾਂ ਦੀ ਮਾਨਸਿਕ ਤੇ ਭਾਵਨਾਤਮਕ ਅਵਸਥਾ ਨੂੰ ਅਣਡਿੱਠ ਕਰਕੇ ਮੁੜ ਰਸਮੀ ਪੜ੍ਹਾਈ ਸਿਖਲਾਈ ਦੇ ਅਮਲ ਵਿੱਚ ਧੱਕ ਦੇਵੇ।

ਜਦ ਇੱਕ ਵਾਰ ਇਹ ਕੰਮ ਰੋੜ੍ਹੇ ਪੈ ਗਿਆ ਤੇ ਇਸ ਪ੍ਰਕਿਰਿਆ ਨੇ ਜੋਰ ਫੜ ਲਿਆ ਤਾਂ ਅਧਿਆਪਕਾਂ ਨੂੰ ਤੇਜ ਰਫਤਾਰ ਪੜ੍ਹਾਈ-ਸਿਖਲਾਈ ਜਮਾਤਾਂ ਲਾਉਣ ਲਈ ਤਿਆਰ ਰਹਿਣ ਦੀ ਲੋੜ ਹੋਵੇਗੀ ਤਾਂ ਜੋ ਉਹ ਬੱਚਿਆਂ ਨੂੰ ਪਹਿਲੀ ਸਿਖਲਾਈ ਮੁੜ ਤਾਜਾ ਕਰਾ ਸਕਣ ਅਤੇ ਉਨ੍ਹਾਂ ਦੀ ਸਮਰੱਥਾ ਅਨੁਸਾਰ ਆਪਣੀ ਸ਼੍ਰੇਣੀ ਦੇ ਪਾਠਕ੍ਰਮ ਦੇ ਲੋੜੀਂਦੇ ਪੱਧਰ ਤੱਕ ਪਹੁੰਚਾਉਣ 'ਚ ਸਹਾਈ ਹੋ ਸਕਣ।

**ਲਾਕਡਾਊਨ ਆਨਲਾਈਨ ਸਿੱਖਿਆ ਬਨਾਮ ਗਰੀਬ ਬੱਚੇ** : ਇਹ ਸਵੀਕਾਰ ਕਰਨਾ ਜਰੂਰੀ ਹੈ ਕਿ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ ਗਰੀਬ ਬੱਚਿਆਂ ਦੀ ਵੱਡੀ ਬਹੁ ਗਿਣਤੀ ਕਿਸੇ ਕਿਸਮ ਦੀ ਆਨਲਾਈਨ ਪੜ੍ਹਾਈ-ਸਿਖਲਾਈ ਤੱਕ ਰਸਾਈ/ਪਹੁੰਚ ਨਹੀਂ ਹੋ ਸਕੀ ਹੋਵੇਗੀ। ਬੱਚਿਆਂ ਦਾ ਸਿਖਲਾਈ ਪੱਧਰ ਲਾਕਡਾਊਨ ਤੋਂ ਪਹਿਲਾਂ ਵੀ ਇੱਕ ਗੰਭੀਰ ਮੁੱਦਾ ਸਮਝਿਆ ਜਾਂਦਾ ਰਿਹਾ ਹੈ। ਬੱਚਿਆਂ ਨੂੰ ਆਪਣੇ ਸਹੀ ਪੱਧਰ ਅਨੁਸਾਰ ਪੜ੍ਹਾਉਣਾ ਸਿਖਾਉਣਾ, ਵੱਡਾ ਫਰਕ ਪਾਉਣ ਵਾਲਾ ਕਾਰਜ ਗਿਣਿਆ ਜਾਂਦਾ ਹੈ। ਬਹੁਤੇ ਬੱਚਿਆਂ ਨੇ ਇੱਕੋ ਜਿਹੀਆਂ ਭਾਰੀ ਮੁਸੀਬਤਾਂ, ਘਰੇਲੂ ਹਿੰਸਾ, ਲੰਬੇ ਸਫਰ ਨੂੰ ਹੰਢਾਇਆ ਹੋਵੇਗਾ ਅਤੇ ਆਪਣੇ ਪਰਿਵਾਰਾਂ ਅੰਦਰ ਵੱਡਿਆਂ ਨੂੰ ਡਰੇ ਹੋਏ ਤੇ ਦੁਖੀ ਹਾਲਤ ਵਿੱਚ ਦੇਖਿਆ ਹੋਵੇਗਾ। ਇਸ ਲਈ ਇੱਕ ਬੱਝਵੀਂ ਤੇ ਪੂਰੀ ਵਿਉਂਤ-ਬੱਧ ਤੇਜ ਰਫਤਾਰ ਸਿਖਲਾਈ ਪ੍ਰੋਗਰਾਮ ਬਣਾਉਣਾ ਹੋਵੇਗਾ, ਜਦੋਂ ਜਖਮ-ਭਰਪਾਈ ਪ੍ਰਕਿਰਿਆ ਨੇਪਰੇ ਚਾੜ੍ਹੀ ਜਾ ਰਹੀ ਹੋਵੇਗੀ। ਇਹ ਕਾਰਜ ਉਨ੍ਹਾਂ ਰਾਜਾਂ ਦੇ ਪੇਂਡੂ ਸਕੂਲਾਂ ਅੰਦਰ ਚੁਣੌਤੀ ਭਰਿਆ ਹੋਵੇਗਾ ਜਿੰਨ੍ਹਾਂ ਨੇ ਸ਼ਹਿਰਾਂ ਤੋਂ ਵੱਡੀ ਪੱਧਰ 'ਤੇ ਉਲਟ-ਪਰਵਾਸ ਵੇਖਿਆ ਹੈ।

ਉਚੇਰੀਆਂ ਸ਼੍ਰੇਣੀਆਂ ਦੇ ਬੱਚਿਆਂ, ਲੜਕੇ ਤੇ ਲੜਕੀਆਂ, ਅੱਗੇ ਸਕੂਲ ਛੱਡੇ ਜਾਣ ਦਾ ਖਤਰਾ ਮੰਡਰਾ ਰਿਹਾ ਹੈ। ਆਰਥਿਕ ਤੰਗੀ ਦੇ ਚਲਦਿਆਂ ਮਾਪਿਆਂ ਦੇ ਰੁਜਗਾਰ ਖੁੱਸਣ ਤੇ ਕਸ਼ਟਦਾਇਕ ਉਲਟ-ਪ੍ਰਵਾਸ ਕਾਰਨ ਵੱਡੇ ਬੱਚਿਆਂ ਲਈ ਦਿਹਾੜੀਦਾਰ ਵਜੋਂ ਕੰਮ ਕਰਨ ਦੀ ਮਜਬੂਰੀ ਹੋ ਸਕਦੀ ਹੋਵੇਗੀ। ਵੱਡੀਆਂ ਲੜਕੀਆਂ ਨੂੰ ਨਾ ਸਿਰਫ ਪਾਣੀ ਲਿਆਉਣ ਤੇ ਲੱਕੜੀਆਂ ਇਕੱਠੀਆਂ ਕਰਨ, ਪਸ਼ੂਆਂ ਨੂੰ ਚਰਾਉਣ ਵਰਗੀਆਂ ਹੋਰ ਘਰੇਲੂ ਜ਼ਿੰਮੇਵਾਰੀਆਂ ਚੁੱਕਣੀਆਂ ਪੈ ਸਕਦੀਆਂ ਹਨ ਸਗੋਂ ਕਿਸੇ ਵੀ ਆਰਥਿਕ ਮੰਦਹਾਲੀ ਦਾ ਮਤਲਬ ਪਰਿਵਾਰਾਂ ਦੇ ਵਿੱਤੀ ਸਰੋਤਾਂ ਦੇ ਘਟਣ ਵਿਚ ਵੀ ਨਿਕਲਦਾ ਹੈ।

ਅਕਸਰ ਹੀ ਘਰ ਚ ਸਭ ਤੋਂ ਪਹਿਲੀ ਗਾਜ ਲੜਕੀ ਦੀ ਸਿੱਖਿਆ 'ਤੇ ਡਿਗਦੀ ਹੈ ਕਿਉਂਕਿ ਸੈਕੰਡਰੀ ਸਿੱਖਿਆ ਉੱਪਰ ਵਧੇਰੇ ਖਰਚ ਆਉਂਦਾ ਹੈ , ਸਰਕਾਰੀ ਸਕੂਲਾਂ ਵਿੱਚ ਵੀ। ਵੱਡੇ ਲੜਕਿਆਂ ਨੂੰ ਸਕੂਲ ਛੱਡਣਾ ਪੈ ਸਕਦਾ ਹੈ ਅਤੇ ਆਪਣੇ ਪਰਿਵਾਰ ਦੀ ਆਮਦਨ ਦੀ ਪੂਰਤੀ ਲਈ ਕੋਈ ਨਾ ਕੋਈ ਕੰਮ ਕਰਨਾ ਪੈ ਸਕਦਾ ਹੈ। ਸਮੂਹ ਸਿੱਖਿਆ ਭਾਈਚਾਰਾ, ਸਰਕਾਰ ਤੇ ਸਕੂਲਾਂ ਨਾਲ ਜੁੜੀਆਂ ਸਮਾਜਿਕ ਸੰਸਥਾਵਾਂ ਨੂੰ ਮਾਲੀ ਸਹਾਇਤਾ ਜੁਟਾਉਣ ਲਈ ਅਜਿਹੇ ਪ੍ਰੋਗਰਾਮ ਉਲੀਕਣੇ ਪੈ ਸਕਦੇ ਹਨ ਜਿਨ੍ਹਾਂ ਰਾਹੀਂ ਇਹ ਯਕੀਨੀ ਹੋ ਸਕੇ ਕਿ ਬੱਚੇ ਸਕੂਲ ਨਾ ਛੱਡਣ।

**ਅਧਿਆਪਕ ਦਾ ਸਮਾਜਿਕ ਰੁਤਬਾ, ਜ਼ਿੰਮੇਵਾਰੀਆਂ ਤੇ ਸਮੱਸਿਆਵਾਂ** : ਉਪਰੋਕਤ ਕਾਰਜ ਸਥਾਨਕ ਤੇ ਵਿਸ਼ੇਸ਼ ਸੰਦਰਭ ਮੁਤਾਬਕ ਯੋਜਨਾ ਬਣਾਉਣ ਦੀ ਮੰਗ ਕਰਦਾ ਹੈ ਜੋ ਕਿ ਹਰ ਇੱਕ ਪੰਚਾਇਤ ਪੱਧਰ 'ਤੇ ਜਾਂ ਸਕੂਲ ਸਮੂਹ ਪੱਧਰ 'ਤੇ ਬਣਾਈ ਜਾ ਸਕਦੀ ਹੈ। ਅਧਿਆਪਕਾਂ ਤੇ ਸਕੂਲ ਮੁਖੀਆਂ ਲਈ ਨੂੰ ਆਪਣੇ ਆਪ ਨੂੰ ਸਲਾਹਕਾਰਾਂ ਤੇ ਰਖਵਾਲਿਆਂ ਵਜੋਂ ਢਾਲਣਾ ਪਵੇਗਾ। ਪਿਛਲੇ ਦੋ ਤਿੰਨ ਦਹਾਕਿਆਂ ਤੋਂ ਅਧਿਆਪਕਾਂ ਨੂੰ ਭੰਡਿਆ ਜਾ ਰਿਹਾ ਹੈ ਤੇ ਉਨ੍ਹਾਂ ਨੂੰ ਕੰਮਚੋਰ ਵਜੋਂ ਵੇਖਿਆ ਜਾ ਰਿਹਾ ਹੈ। ਅਧਿਆਪਕਾਂ ਪ੍ਰਤੀ ਨਜਰੀਏ 'ਚ ਇਹ ਤਬਦੀਲੀ, ਸਮਾਜ ਅੰਦਰ ਲਗਾਤਾਰ ਅਧਿਆਪਕ ਦੇ ਰੁਤਬੇ ਨੂੰ ਖੋਰਾ ਲੱਗਣ ਕਾਰਨ ਆਈ ਹੈ। ਸਿੱਖਿਆ ਦਾ ਮਿਆਰ ਡਿੱਗਣ ਲਈ ਅਧਿਆਪਕਾਂ ਨੂੰ ਦੋਸ਼ੀ ਠਹਿਰਾਇਆ ਜਾਂਦਾ ਹੈ ਤੇ ਇਸਦੇ ਬਦਲੇ ਵਿੱਚ ਅਧਿਆਪਕਾਂ ਵਲੋਂ ਸਿੱਖਿਆ ਦੇ ਡਿਗਦੇ ਮਿਆਰ ਲਈ ਬੱਚਿਆਂ ਦੀ ਪਰਿਵਾਰਕ ਹਾਲਤ ਤੇ ਆਰਥਿਕ ਪੱਧਰ ਨੂੰ ਇੱਕ ਮੂਲ ਕਾਰਨ ਵਜੋਂ ਪੇਸ਼ ਕੀਤਾ ਜਾਂਦਾ ਹੈ। ਅਧਿਆਪਕਾਂ ਦੀ ਗੈਰਹਾਜ਼ਰ ਰਹਿਣ ਦੀ ਪ੍ਰਵਿਰਤੀ ਸੰਬੰਧੀ ਖੋਜ ਅਧਿਐਨ ਨੇ, ਅਧਿਆਪਕਾਂ ਦੀ ਭਰਤੀ ਰਾਹੀਂ 'ਘੱਟ ਖਰਚੀਲੇ' ਬਦਲ ਦੀ ਵਕਾਲਤ ਨੇ ਅਤੇ ਸਿੱਖਿਆ ਦੇ ਵਧ ਰਹੇ ਨਿੱਜੀਕਰਨ ਨੇ ਅਧਿਆਪਕ ਪ੍ਰਤੀ ਸਾਡੇ ਭਰੋਸੇ ਨੂੰ ਤੇ ਅਧਿਆਪਕ ਦੇ ਸਮਾਜਿਕ ਰੁਤਬੇ ਨੂੰ ਢਾਹ ਲਾਈ ਹੈ।

ਇਸ ਬਿਰਤਾਂਤ ਦਾ ਜੋਰ ਨਾਲ ਖੰਡਨ ਕਰਨਾ ਬਣਦਾ ਹੈ। ਉੱਚ ਪਾਏ ਦੇ ਅਧਿਆਪਕਾਂ ਦੇ ਅਧਿਐਨ ਸਬੰਧੀ ਸ਼੍ਰੀ ਗਿਰੀਧਰ ਵੱਲੋਂ ਲਿਖੀ ਤਾਜੀ ਛਪੀ ਪੁਸਤਕ ਵਿੱਚ ਦੱਸਿਆ ਗਿਆ ਹੈ ਕਿ ਅਜਿਹੇ ਹਜਾਰਾਂ ਹੀ ਅਧਿਆਪਕ ਹਨ ਜਿਹੜੇ ਨਾ ਸਿਰਫ ਸਖਤ ਮਿਹਨਤ ਹੀ ਕਰਦੇ ਹਨ ਸਗੋਂ ਸੱਚਮੁੱਚ ਹੀ ਇਹ ਯਕੀਨ ਰੱਖਦੇ ਹਨ ਕਿ ਸਾਰੇ ਬੱਚੇ ਸਿੱਖ ਸਕਦੇ ਹਨ। ਇਸ ਨੂੰ ਗਿਰੀਧਰ ਰਾਓ ਇੰਝ ਬਿਆਨ ਹਨ: "ਜੇ ਮੈਂ ਸਿੱਖਿਆ ਸ਼ਾਸਤਰ ਦੇ ਮੂਲ ਸਿਧਾਂਤਾਂ ਤੇ ਅਮਲਾਂ ਦਾ ਨਿਚੋੜ ਕੱਢਾਂ, ਜੋ ਅਸੀਂ ਇਹਨਾਂ ਕਲਾਸਰੂਮਾਂ ਵਿੱਚ ਦੇਖਿਆ, ਉਨ੍ਹਾਂ ਵਿੱਚੋਂ ਸਭ ਤੋਂ ਅੱਗੇ ਹੋਵੇਗਾ ਅਧਿਆਪਕਾਂ ਦਾ ਇਹ ਯਕੀਨ ਕਿ, ਹਰ ਬੱਚਾ ਸਿੱਖ ਸਕਦਾ ਹੈ, ਜ਼ਿੰਮੇਵਾਰੀ ਸਾਡੀ ਹੈ। 'ਇਹ ਅਧਿਆਪਕ ਸਿਖਲਾਈ ਅਮਲ ਨੂੰ ਦਿਲਚਸਪ ਬਣਾਉਣ ਦਾ ਯਤਨ ਕਰਦੇ ਹਨ ਅਤੇ ਬੱਚਿਆਂ ਅੰਦਰਲੇ ਹਾਸਿਲ ਗਿਆਨ ਦਾ ਸਤਿਕਾਰ ਕਰਦੇ ਹਨ ਜਿਸਦੇ ਆਧਾਰ 'ਤੇ ਉਹ ਨਵਾਂ ਗਿਆਨ ਸਿਰਜਦੇ ਹਨ। .... ਇਹ ਅਧਿਆਪਕ ਸੰਕਲਪਾਂ ਨੂੰ ਆਪਣੇ ਆਲੇ-ਦੁਆਲੇ ਦੇ ਸੰਸਾਰ ਨਾਲ ਜੋੜਨ 'ਚ ਬੱਚਿਆਂ ਦੀ ਮੱਦਦ ਕਰਦੇ ਹਨ। "

ਅਧਿਆਪਕਾਂ ਨੂੰ ਆਪਣਾ ਕਾਰਜ ਬੇਹਤਰ ਕਰਨ ਖਾਤਰ ਉਤਸ਼ਾਹਿਤ ਕਰਨ ਲਈ, ਉਨ੍ਹਾਂ ਨੂੰ ਸਕੂਲ ਅੰਦਰ ਤੇ ਕਲਾਸਰੂਮ ਅੰਦਰ ਵਧੇਰੇ ਖੁਦਮੁਖਤਿਆਰੀ ਦੇਣੀ ਤੇ ਸਭ ਤੋਂ ਵੱਧ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਸੁਣਨਾ ਤੇ ਸਮਝਣਾ ਲਾਜ਼ਮੀ ਬਣਦਾ ਹੈ। ਅਸੀਂ ਪਹਿਲਾਂ ਤੋਂ ਹੀ ਜਾਣੂ ਹਾਂ ਕਿ ਅਧਿਆਪਕ ਦੀ ਧਾਰਨਾ ਇੱਕ ਕਾਰਗਰ ਸਿਖਲਾਈ ਪ੍ਰੋਗਰਾਮ ਦੀ ਸਭ ਤੋਂ ਮਜਬੂਤ ਆਧਾਰ-ਸ਼ਿਲਾ ਹੈ। ਹਾਲਾਂਕਿ ਸਾਨੂੰ ਹਮੇਸ਼ਾਂ ਹੀ ਇਸਦੀ ਜਾਣਕਾਰੀ ਰਹੀ ਹੈ ਪਰੰਤੂ ਫਿਰ ਵੀ ਬਹੁਤੇ 'ਇਨ-ਸਰਵਿਸ' ਅਧਿਆਪਕ ਸਿਖਲਾਈ ਪ੍ਰੋਗਰਾਮ ਉਸ ਵਿਸ਼ੇ ਵਿਸ਼ੇਸ਼ ਗਿਆਨ ਉੱਪਰ ਹੀ ਕੇਂਦਰਤ ਹੁੰਦੇ ਹਨ ਜਿਹੜੇ 'ਮੁਸ਼ਕਲ ਨੁਕਤੇ' ਵਜੋਂ ਦੇਖੇ ਜਾਂਦੇ ਹਨ। ਹਾਂ ਠੀਕ ਹੈ ਕਿ ਅਧਿਆਪਕ ਦੇ ਵੀ, ਜਿਹੜੇ ਕਿ ਸਮਾਜ ਦਾ ਅੰਗ ਹੁੰਦੇ ਹਨ, ਪੱਕੇ ਵਿਸ਼ਵਾਸ ਤੇ ਪੂਰਵ ਧਾਰਨਾਵਾਂ ਹੁੰਦੀਆਂ ਹਨ।

ਸਾਨੂੰ ਇਹਨਾਂ ਸਭਨਾਂ ਮੁੱਦਿਆਂ ਨੂੰ, ਸਮੇਤ ਅਧਿਆਪਕ ਦੀਆਂ ਸਮੱਸਿਆਵਾਂ ਦੇ, ਇੱਕ ਵਿਉਂਤ-ਬੱਧ ਢੰਗ ਰਾਹੀਂ ਸੰਬੋਧਿਤ ਹੋਣ ਦੀ ਲੋੜ ਹੈ। ਇਹ ਲਾਕਡਾਊਨ ਨਾ ਸਿਰਫ ਬੱਚਿਆਂ ਲਈ ਹੀ ਸਦਮੇ ਭਰੀ ਹੈ ਸਗੋਂ ਅਧਿਆਪਕ ਵੀ (ਸਾਡੇ ਸਭਨਾਂ ਵਾਂਗ) ਅਸਰ-ਅੰਦਾਜ਼ ਹੋਏ ਹਨ। ਉਨ੍ਹਾਂ ਵਿੱਚੋਂ ਕਈਆਂ ਨੂੰ ਆਪਣੀਆਂ ਪਰਿਵਾਰਕ ਤੇ ਭਾਈਚਾਰਕ ਸਮੱਸਿਆਵਾਂ ਨਾਲ ਸਿੱਝਣਾ ਪਿਆ ਹੋਵੇਗਾ। ਉਨ੍ਹਾਂ ਨੂੰ ਆਪ ਵੀ ਤੇ ਆਪਣੇ ਪਰਿਵਾਰਾਂ ਨੂੰ ਵੀ ਇਸ ਵਾਇਰਸ ਦੀ ਲਾਗ ਲੱਗਣ ਦਾ ਡਰ ਲਗਦਾ ਹੋਵੇਗਾ। ਸਕੂਲਾਂ ਦੇ ਮੁੜ ਖੋਲ੍ਹਣ

ਤੋਂ ਪਹਿਲਾਂ ਇਹ ਬੇਹੱਦ ਲਾਜਮੀ ਹੋਵੇਗਾ ਕਿ ਅਧਿਆਪਕਾਂ ਨੂੰ ਗਰੁੱਪਾਂ ਵਿੱਚ ਇਕੱਠੇ ਕਰ ਕੇ (ਸਕੂਲ ਪੱਧਰ 'ਤੇ ਜਾਂ ਕਲੱਸਟਰ ਪੱਧਰ 'ਤੇ) ਆਪਣੇ ਡਰ ਤੇ ਸਰੋਕਾਰਾਂ ਨੂੰ ਰੱਖਣ ਦਾ ਮੌਕਾ ਦਿੱਤਾ ਜਾਵੇ। ਜਦ ਉਹ ਭਾਵਨਾਤਮਕ ਤੌਰ 'ਤੇ ਤਿਆਰ ਹੋ ਜਾਣ ਤਾਂ ਉਨ੍ਹਾਂ ਨੂੰ ਬੱਚਿਆਂ ਤੱਕ ਪਹੁੰਚ ਕਰਨ ਤੇ ਉਨ੍ਹਾਂ ਨਾਲ ਸੰਵੇਦਨਾ ਤੇ ਸੂਝ ਨਾਲ ਕੰਮ ਕਰਨ ਲਈ ਲੋੜੀਂਦੇ ਹੁਨਰ ਦੀ ਸਿਖਲਾਈ ਦੀ ਲੋੜ ਹੋਵੇਗੀ। ਇਸ ਸਿਖਲਾਈ ਲਈ ਠੋਸ ਰਣਨੀਤੀ ਬਣਾਉਣੀ ਹੋਵੇਗੀ। ਇਹ ਕਾਰਜ ਸਕੂਲ ਖੁਲਣ ਤੋਂ ਪਹਿਲਾਂ ਸ਼ੁਰੂ ਹੋਣਾ ਚਾਹੀਦਾ ਹੈ ਤਾਂ ਜੋ ਜਦ ਬੱਚੇ ਸਕੂਲ ਪਹੁੰਚਣ ਤਾਂ ਸਕੂਲ ਮੁਖੀ ਤੇ ਅਧਿਆਪਕ ਤਿਆਰ ਬਰ ਤਿਆਰ ਹੋਣ।

**ਬੇਹੱਦ ਸੰਵੇਦਨਸ਼ੀਲ ਮੁੱਦਾ - ਮੂਲੋਂ ਹੀ ਸੰਵੇਦਨਹੀਣ ਸਰਕਾਰਾਂ ਤੇ ਅਫਸਰਸ਼ਾਹੀ** : ਪਰ ਵੱਡਾ ਸੁਆਲ ਇਹ ਹੈ ਕਿ ਕੀ ਸਾਡੀਆਂ ਕੇਂਦਰ/ਰਾਜ ਸਰਕਾਰਾਂ ਨੇ ਇਹ ਸੋਚਿਆ ਵੀ ਹੈ ਕਿ ਉਹ ਸਕੂਲ ਕਿਵੇਂ ਖੋਲ੍ਹਣਗੀਆਂ ਤੇ ਉਨ੍ਹਾਂ ਨੂੰ ਕੀ ਕਰਨ ਦੀ ਲੋੜ ਹੋਵੇਗੀ। ਕੁੱਝ ਰਾਜਾਂ ਦੇ ਅਧਿਕਾਰੀ ਕਹਿ ਰਹੇ ਹਨ ਕਿ ਉਹ ਦਾਖਲਿਆਂ ਦੇ ਉਛਾਲ ਲਈ ਤਿਆਰ ਹੋ ਰਹੇ ਹਨ, ਕੁੱਝ ਸਿਲੇਬਸ ਨੂੰ ਘੱਟ ਕਰਨ 'ਤੇ ਕੇਂਦਰਤ ਕਰਦੇ ਜਾਪਦੇ ਹਨ ਅਤੇ ਕੁੱਝ ਹੋਰ ਪ੍ਰੀਖਿਆਵਾਂ ਲਈ ਵਧੇਰੇ ਚਿੰਤਤ ਹਨ।

ਮੈਂ ਉਨ੍ਹਾਂ ਵਿੱਚੋਂ ਕਿਸੇ ਨੂੰ ਵੀ ਬੱਚਿਆਂ ਤੇ ਅਧਿਆਪਕਾਂ ਦੀਆਂ ਭਾਵਨਾਤਮਕ ਤੇ ਮਨੋਵਿਗਿਆਨਕ ਲੋੜਾਂ ਬਾਰੇ ਗੱਲ ਕਰਦੇ ਨਹੀਂ ਸੁਣਿਆ, ਨਾ ਹੀ ਸਕੂਲ ਖੁੱਲ੍ਹਣ ਤੋਂ ਪਹਿਲਾਂ ਕਿਸੇ ਕਿਸਮ ਦੀ ਵਿਸਥਾਰਤ ਯੋਜਨਾ/ਵਿਉਂਤਬੰਦੀ ਬਾਰੇ ਸੁਣਿਆ ਹੈ ਜਾਂ ਪੜ੍ਹਿਆ ਹੈ। ਹੋ ਸਕਦਾ ਹੈ, ਅਫਸਰਸ਼ਾਹੀ ਤੇ ਸਿਆਸੀ ਨੇਤਾਵਾਂ ਨੇ ਇਸ ਮੌਕੇ ਅਜੇ ਇਸ ਬਾਰੇ ਸੋਚਣ ਦੀ ਗੁੰਜਾਇਸ਼ ਹੀ ਨਾ ਰੱਖੀ ਹੋਵੇ। ਪਰ ਅਚਨਚੇਤੀ ਤਾਲਾਬੰਦੀ ਵਾਂਗ ਹੀ ਬਿਨਾ ਕਿਸੇ ਲੋੜੀਂਦੀ ਮੁੱਢਲੀ ਤਿਆਰੀ ਦੇ ਸਕੂਲ ਖੋਲ੍ਹਣ ਦਾ ਅਚਾਨਕ ਫੈਸਲਾ ਵੀ ਤਬਾਹਕੁੰਨ ਸਾਬਤ ਹੋ ਸਕਦਾ ਹੈ।

ਸਰਵਪੱਖੀ ਤੇ ਸਾਰਥਕ ਸਿੱਖਿਆ, ਲੰਮੇ ਸਮੇਂ ਤੋਂ ਨਜਰ-ਅੰਦਾਜ ਕੀਤੀ ਗਈ ਹੈ। ਸਿਲੇਬਸ, ਪਾਠਕ੍ਰਮ ਤੇ ਪਰੀਖਿਆ ਤੇ ਇਨ੍ਹਾਂ ਨਾਲ ਹੀ ਸੰਬੰਧਤ ਮੁੱਦੇ ਭਾਰੂ ਰਹੇ ਹਨ। ਸਿੱਖਿਆ ਦੇ ਬਹੁਪੱਖੀ ਪਸਾਰ --- ਸਮਾਜਿਕ, ਮਨੋਵਿਗਿਆਨਕ, ਸਰੀਰਕ ਅਤੇ ਵਿਦਿਆਰਥੀਆਂ ਤੇ ਅਧਿਆਪਕਾਂ ਦਾ ਸਰਵਪੱਖੀ ਵਿਕਾਸ, ਸਰੋਕਾਰ ਦਾ ਮੁੱਦਾ ਨਹੀਂ ਰਿਹਾ। ਬਾਲ ਵਿਕਾਸ ਤੇ ਸਰੀਰਕ ਸਿੱਖਿਆ ਨਾਲ ਜੁੜੇ ਬੁਨਿਆਦੀ ਮੁੱਦਿਆਂ ਨੂੰ ਸੰਬੋਧਿਤ ਹੋਣ ਲਈ ਇਹ ਇੱਕ ਵਧੀਆ ਮੌਕਾ ਵੀ ਬਣ ਸਕਦਾ ਹੈ। ਇੱਕ ਸਿੱਖਿਅਕ ਪ੍ਰਕਿਰਿਆ ਜਿਹੜੀ ਬੱਚਿਆਂ ਨੂੰ ਹੌਸਲੇ ਤੇ ਭਰੋਸੇ ਨਾਲ ਸੰਸਾਰ ਅੰਦਰ ਜਿੰਦਗੀ ਜਿਉਣ ਦੇ ਸਮਰੱਥ ਬਣਾਏਗੀ।

**'ਦ ਵਾਇਰ ਅੰਗਰੇਜ਼ੀ' ਤੋਂ ਧੰਨਵਾਦ ਸਹਿਤ**

**(*ਮੂਲ ਲੇਖਿਕਾ ਨਵੀਂ ਦਿੱਲੀ ਦੀ ਸਾਬਕਾ ਪ੍ਰੋਫੈਸਰ ਹੈ)**

# ਜਦੋਂ ਮਨੁੱਖ ਵਸਤੂਆਂ ਬਣਦਾ ਐ !

**ਬੁੱਧ ਸਿੰਘ ਨੀਲੋਂ**

ਜ਼ਿੰਦਗੀ ਵਿੱਚ ਹੜ੍ਹ ਵਰਗੀ ਸਥਿਤੀ ਉਨ੍ਹਾਂ ਦੇ ਹਿੱਸੇ ਆਉਂਦੀ ਜਿਹੜੇ ਦੂਸਰਿਆਂ ਦਾ ਹਿੱਸਾ ਹੜੱਪ ਕਰਦੇ ਹਨ। ਉਹ ਤਾਂ ਹਰ ਵੇਲੇ ਇਸੇ ਹੀ ਭਾਲ 'ਚ ਰਹਿੰਦੇ ਹਨ, ਕਦੋਂ ਉਨਾਂ ਦਾ ਦਾਅ ਲੱਗੇ। ਉਹ ਦਾਅ ਵੀ ਅਜਿਹਾ ਵਰਤਦੇ ਹਨ ਤੇ ਕਈ ਵਾਰ ਇਸ ਦਾ ਪਤਾ ਹੀ ਨਹੀਂ ਲੱਗਦਾ। ਕਦੋਂ ਤੱਕ ਇਸ ਦਾ ਪਤਾ ਲੱਗਦਾ ਹੈ, ਉਦੋਂ ਤੱਕ ਸਮਾਂ ਬਹੁਤ ਅੱਗੇ ਲੰਘ ਜਾਂਦਾ ਹੈ।

ਜਿਹੜੇ ਸਮੇਂ ਦੀ ਰਮਜ਼ ਜਾਣਦੇ ਹਨ, ਉਹ ਹੀ ਸਦਾ ਦਾਅ ਉਤੇ ਰਹਿੰਦੇ ਹਨ। ਉਹਨਾਂ ਦੀ ਸੋਚ, ਮਾਨਸਿਕਤਾ ਦੇ ਸੁਭਾਅ ਵਪਾਰੀ ਹੁੰਦਾ ਹੈ। ਵਪਾਰੀ ਦਾ ਕੰਮ ਕਰਨਾ ਵਪਾਰ ਕਰਨਾ ਹੁੰਦਾ ਹੈ।

ਉਹ ਆਪਣੇ ਵਪਾਰ ਵਿੱਚ ਕਦੇ ਵੀ ਘਾਟਾ ਨਹੀਂ ਖਾਂਦਾ। ਜੇ ਕਿਧਰੇ ਉਸ ਨੂੰ ਘਾਟਾ ਪੈਂਦਾ ਦਿਖੇ ਵੀ ਤਾਂ ਉਹ ਲੱਗੇ ਮੁੱਲ ਆਪਣੇ ਮਾਲ ਨੂੰ ਵੇਚਦਾ ਹੈ। ਪਰ ਕਦੇ ਵੀ ਆਪਣੀ ਲੱਗੀ ਰਕਮ ਨਹੀਂ ਗਵਾਉਂਦਾ। ਗਵਾਉਂਦਾ ਤਾਂ ਹੀ ਹਨ, ਜਿਨਾਂ ਨੂੰ ਕਿਸੇ ਚੀਜ਼ ਦੀ ਕੀਮਤ ਦਾ ਪਤਾ ਨਹੀਂ ਹੁੰਦਾ। ਜੇ ਉਨਾਂ ਨੂੰ ਪਤਾ ਲੱਗ ਵੀ ਜਾਵੇ ਫੇਰ ਉਨਾਂ ਕੋਲ ਪਹੁੰਚ ਨਹੀਂ ਹੁੰਦੀ। ਜਿਸ ਕੋਲ ਪਹੁੰਚ ਹੁੰਦੀ ਹੈ, ਉਹ ਕੁੱਝ ਵੀ ਖਰੀਦ ਸਕਦਾ ਹੈ।

ਹੁਣ ਜਦੋਂ ਚਾਰੇ ਪਾਸੇ ਬਜ਼ਾਰ ਬਣ ਗਿਆ ਹੈ। ਵਸਤੂਆਂ ਤਾਂ ਬਜ਼ਾਰ ਵਿੱਚ ਵਿਕਦੀਆਂ ਦੀ ਹਨ, ਹੁਣ ਤਾਂ ਰਿਸ਼ਤੇ ਨਾਤੇ ਵਿਆਹ-ਸ਼ਾਦੀਆਂ, ਮੁੰਡੇ-ਕੁੜੀਆਂ ਤੇ ਹੋਰ ਮਨੁੱਖ ਨਾਲ ਜੁੜਿਆ ਕੀ-ਕੀ ਵਿਕਦਾ ਹੈ - ਇਸ ਦੀ ਸੂਚੀ ਬੜੀ ਲੰਬੀ ਹੈ।

ਜ਼ਿੰਦਗੀ ਦੇ ਬਜ਼ਾਰ ਬਨਣ ਨਾਲ ਭਾਵੇਂ ਕੁੱਝ ਹੀ ਲੋਕਾਂ ਨੂੰ ਲਾਭ ਹੋਇਆ ਹੈ - ਪਰ ਬਹੁਤੇ ਤਾਂ ਲੋਕ ਵਸਤੂਆਂ ਵਾਂਗ ਇੱਕ ਥਾਂ ਤੋ ਦੂਜੀ ਥਾਂ ਵਿਕ ਹੀ ਰਹੇ ਹਨ। ਵਿਕਦੇ ਉਹੀ ਹਨ, ਜਿਨਾਂ ਤੋਂ ਬਜ਼ਾਰ ਨੂੰ ਮੁਨਾਫ਼ਾ ਹੋਵੇ।

ਜਿਨ੍ਹਾਂ ਤੋਂ ਕੋਈ ਮੁਨਾਫ਼ਾ ਨਹੀਂ ਵੱਟਿਆ ਜਾ ਸਕਦਾ - ਉਹ ਤਾਂ ਮੰਡੀ ਵਿਚ ਵੀ ਖੜੇ ਹੀ ਰਹਿ ਜਾਂਦੇ ਹਨ। ਉਨਾਂ ਦੇ ਕੋਲ ਦੀ ਤਾਂ ਹਵਾ ਵੀ ਨਹੀਂ ਲੰਘਦੀ। ਹਵਾ ਵੀ ਪਾਸਾ ਵੱਟ ਕੇ ਲੰਘ ਜਾਂਦੀ ਹੈ। ਬਜ਼ਾਰ ਨੇ ਆਮ ਬੰਦੇ ਦੀ ਹਾਲਤ ਅਜਿਹੀ ਬਣਾ ਦਿੱਤੀ ਹੈ ਕਿ ਹੁਣ ਉਸਦੇ ਕੋਲੋਂ ਹਵਾ ਹੀ ਨਹੀਂ ਦੋਸਤ-ਮਿੱਤਰ ਤੇ ਰਿਸ਼ਤੇਦਾਰ ਵੀ ਪਾਸਾ ਵੱਟ ਕੇ ਲੰਘਣ ਲੱਗਦੇ ਹਨ।

ਕਹਿੰਦੇ ਹੁੰਦੇ 'ਜਿਸਦੀ ਕੋਠੀ ਦਾਣੇ, ਉਸਦੇ ਕਮਲੇ ਵੀ ਸਿਆਣੇ।' ਹੁਣ ਦਾਣੇ ਉਨਾਂ ਦੀਆਂ ਕੋਠੀਆਂ ਵਿਚ ਵੱਧ ਰਹੇ ਹਨ, ਜਿਨਾਂ ਨੇ ਸਦਾ ਹੀ ਦਾਅ ਮਾਰਿਆ ਹੈ। ਉਹਨਾਂ ਨੇ ਦਾਅ ਇਹ ਕਿੱਥੇ-ਕਿੱਥੇ



ਮਾਰਿਆ ਹੈ ? ਇਸ ਦੇ ਵਿਸਥਾਰ ਵਿਚ ਪੈਣ ਨਾਲੋਂ ਗੱਲ ਇਹ ਕਰਨ ਵਾਲੀ ਹੈ ਕਿ ਇਨਾਂ ਦੀ ਸ਼ਨਾਖਤ ਕੌਣ ਕਰੇ ?

ਕਈਆਂ ਦੇ ਪੋਲ ਤਾਂ ਖੁਲਣ ਲੱਗ ਗਏ ਹਨ, ਬਾਕੀਆਂ ਦੀ ਵਾਰੀ ਆਉਣ ਵਾਲੀ ਹੈ। ਹੁਣ ਜਿਵੇਂ ਜ਼ਿੰਦਗੀ ਵਿਚ ਪੈਸੇ ਦੀ ਦੌੜ ਲੱਗੀ ਹੈ। ਇਸ ਨੇ ਸਮਾਜ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਹੈ। ਇਕ ਲੁੱਟਣ ਵਾਲੇ ਤੇ ਇਕ ਲੁੱਟੇ ਜਾਣ ਵਾਲੇ। ਲੁੱਟਣ ਵਾਲੇ ਸਭ ਇਕੱਠੇ ਹਨ। ਭਾਵੇਂ ਉਨਾਂ ਦੀਆਂ ਪਾਰਟੀਆਂ ਵੱਖ- ਵੱਖ ਹਨ। ਪਰ ਮਕਸਦ ਇਕੋ ਹੀ ਹੈ ਲੁੱਟਣ ਤੇ ਕੁਟਣਾ।

ਭਾਵੇਂ ਇਹ ਲੋਕਾਂ ਦੇ ਨਾਲ ਹੇਜ ਕਰਦੀ ਹਨ ਪਰ ਲੋਕਾਂ ਦਾ ਜਨ-ਜੀਵਨ ਸੁਧਾਰਨ ਲਈ ਬਿਆਨਾਂ ਤੋਂ ਬਿਨਾਂ ਕੁਝ ਨਹੀਂ ਕਰਦੀਆਂ।

ਪਾਰਟੀਆਂ ਦੇ ਝੰਡੇ ਭਾਵੇਂ ਅਲੱਗ-ਅਲੱਗ ਹਨ-ਪਰ ਉਨ੍ਹਾਂ ਦਾ ਆਮ ਲੋਕਾਂ ਨੂੰ ਲੁੱਟਣ ਵਾਲਾ ਡੰਡਾ ਇੱਕੋ ਹੀ ਹੈ। ਉਹ ਡੰਡਾ ਇਸ ਤਰ੍ਹਾਂ ਚੱਲਦਾ ਕਿ ਲੋਕਾਂ ਨੂੰ ਉਸਦਾ ਪਤਾ ਹੀ ਨਹੀਂ ਲੱਗਦਾ। ਲੋਕ ਤਾਂ ਉਸ ਝੰਡੇ ਦੇ ਥੱਲੇ- ਕੀੜੀਆਂ ਦੇ ਭੌਣ ਵਾਂਗ ਇਕਠੇ ਹੁੰਦੇ ਹਨ।

ਉਨਾਂ ਦੇ ਇਸ ਇੱਕਠ ਦਾ ਝੰਡੇ ਦੇ ਉਹ ਵਪਾਰੀ ਮੁੱਲ ਵੱਟਦੇ ਹਨ। ਇਸ ਦਾ ਉਨਾਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਹ ਆਪਣੇ ਹੱਕਾਂ ਦੀ ਰਾਖੀ ਲਈ ਇਕੱਠੇ ਹੋਏ ਹਨ, ਜਾਂ ਫਿਰ 'ਝੰਡਿਆਂ ਦੀ ਮੰਡੀ' ਵਿਚ 'ਜਿਨਸ' ਬਣ ਕੇ ਆਏ ਹਨ।

ਝੰਡਿਆਂ ਦਾ ਰੰਗ ਕੋਈ ਹੋਵੇ। ਉਹ ਚਿੱਟਾ, ਨੀਲਾ, ਲਾਲ ਜਾਂ ਫਿਰ ਉਹ ਝੰਡਾ ਹੋ ਸਕਦਾ ਹੈ, ਜਿਸ ਨੇ ਅਜ਼ਾਦੀ ਤੋਂ ਬਾਅਦ ਬਹੁਤਾ ਸਮਾਂ ਹਕੂਮਤ ਆਪਣੇ ਕਬਜ਼ੇ ਵਿੱਚ ਰੱਖੀ ਹੈ। ਸਭ ਦਾ ਇਕੋ ਮਕਸਦ ਹੈ। ਨਿਸ਼ਾਨਾ ਵੀ ਇਕੋ ਹੀ ਹੈ। ਵੱਧ ਤੋਂ ਵੱਧ ਆਪਣੇ ਝੰਡੇ ਦੇ ਥੱਲੇ ਭੀੜ ਇੱਕਠੀ ਕਰਨੀ ਤੇ ਭੀੜ ਦਾ ਮੁੱਲ ਵੱਟਣਾ।

ਹੁਣ ਜਦੋਂ ਇਨਾਂ ਝੰਡਿਆਂ ਵਾਲਿਆਂ ਦਾ ਅਸਲ ਮਕਸਦ ਆਮ ਲੋਕਾਂ ਦੇ ਸਾਹਮਣੇ ਆਉਣ ਲੱਗਿਆ ਹੈ- ਅਜੇ ਵੀ ਲੋਕਾਂ ਨੂੰ ਸੁਰਤ ਨਹੀਂ ਆਈ। ਉਹ ਅਜੇ ਵੀ ਝੰਡੇ ਦੇ ਥੱਲੇ ਸੁੱਤੇ ਪਏ ਹਨ। ਉਨਾਂ ਦਾ ਸੁੱਤੇ ਪਏ ਰਹਿਣਾ ਉਨ੍ਹਾਂ ਦੇ ਬੜਾ ਕੰਮ ਆ ਰਿਹਾ ਹੈ।

ਉਹ ਚੁੱਪ ਚਾਪ ਆਪਣਾ ਕੰਮ ਕਰੀ ਜਾ ਰਹੇ ਤੇ ਆਪਣੀਆਂ ਤਿਜੌਰੀਆਂ ਭਰੀ ਜਾਂਦੇ ਹਨ। ਉਹ ਇਹ ਸਭ ਕੁੱਝ 'ਭੀੜ ਦੇ ਹਿੱਤਾਂ' ਦੀ ਰਾਖੀ ਕਰਨ ਦੇ ਨਾਂ ਹੇਠ ਕਰਦੇ ਹੈ। ਜਦੋਂ ਕਦੇ ਕਿਸੇ ਝੰਡੇ ਵਾਲੇ ਦੇ ਆਗੂ ਦਾ ਪਰਦਾਚਾਕ ਹੁੰਦਾ ਹੈ। ਤਾਂ ਉਹ ਉਨਾਂ ਵਾਂਗ ਇਕੋ ਹੀ ਗੱਲ ਬੋਲਦਾ ਹੈ। "ਇਹ ਵਿਰੋਧ ਪਾਰਟੀ ਦੀ ਸਾਜਿਸ਼ ਹੈ ਤੇ ਦੋਸ਼ ਸਭ ਬੇਬੁਨਿਆਦ ਹਨ। "

ਦੋਸ਼ ਬੇ-ਬੁਨਿਆਦ ਆਖ ਕੇ ਉਹ ਉਹ ਕੁੱਝ ਦੇਰ ਚੁੱਪ ਕਰ ਜਾਂਦੇ ਹਨ ਤੇ ਲੋਕ ਭੁੱਲ ਜਾਂਦੇ ਹਨ। ਲੋਕਾਂ ਨੂੰ ਉਸ ਵਲੋਂ ਕੀਤੇ ਘਪਲੇ ਯਾਦ ਨਹੀਂ ਰਹਿੰਦੇ। ਲੋਕ ਭੁੱਲਣਹਾਰ ਹਨ ਤੇ ਬਖਸ਼ਣਹਾਰ। ਪੰਜ ਸਾਲ ਬਾਅਦ ਲੋਕ ਬਖ਼ਸ਼ ਦੇਂਦੇ ਹਨ, ਹੁਣ ਜਦੋਂ ਇਹ ਗੱਲ ਸਭ ਨੂੰ ਪਤਾ ਹੈ-ਕਿ ਸਾਰੇ ਹੀ ਝੰਡਿਆਂ ਵਾਲੇ ਦੇਸ਼ ਨੂੰ ਲੁੱਟਣ ਲਈ ਇੱਕਮੁੱਠ, ਇੱਕ ਸੁਰ ਤੇ ਉਨਾਂ ਦੀਆਂ ਆਪਸ ਵਿੱਚ ਅੰਗਲੀਆਂ-ਸੰਗਲੀਆਂ ਰਲਦੀਆਂ ਹਨ।

ਹੁਣ ਸਭ ਕੁੱਝ ਦਾ ਪਤਾ ਹੋਣ ਦੇ ਬਾਅਦ ਬਾਵਜੂਦ ਲੋਕ ਫੇਰ ਆਪੋ ਆਪਣੇ ਝੰਡੇ ਵਾਲਿਆਂ ਨੂੰ ਹੋਰ ਲੁੱਟਣ ਦਾ ਮੌਕਾ ਦੇ ਰਹੇ ਹਨ। ਹਰ ਹੋਣ ਵਾਲੀ ਲੁੱਟ ਦੀ ਜਦੋਂ ਵੀ ਪੈੜ ਲੱਭਣ ਦੀ ਕੋਸ਼ਿਸ਼ ਹੋਈ ਹੈ, ਉਹ ਇਨ੍ਹਾਂ ਝੰਡੇ ਵਾਲਿਆਂ ਦੇ ਘਰ ਹੀ ਪੁਜਦੀ ਹੈ।

ਹੁਣ ਤਾਂ ਦੇਸ਼ ਨੂੰ ਚਲਾ ਰਹੀਂ - "ਤਿਆਗ ਦੀ ਮੂਰਤੀ" ਦੇ ਘਰ ਤੱਕ ਵੀ ਲੁੱਟ ਦੀ ਪੈੜ ਜਾ ਪੁਜੀ ਹੈ। ਪਰ ਦੇਸ਼ ਦੇ ਲੋਕਾਂ ਨੂੰ ਕਿੱਧਰੇ ਵੀ ਕੋਈ ਫਰਕ ਨਹੀਂ ਪਿਆ। ਸਭ ਕੁੱਝ ਉਵੇਂ ਹੀ ਚੱਲੀ ਜਾ ਰਿਹਾ ਹੈ।

ਦੇਸ਼ ਦਾ ਸਭ ਤੋਂ "ਸਾਊ ਬੰਦਾ" ਚੁੱਪ-ਚਾਪ ਆਪਣੇ ਆਕਾ ਦੇ ਆਦੇਸ਼ ਦਾ ਪਾਲਣਾ ਕਰਦਾ ਹੋਇਆ - ਹੁਣ ਦੇਸ਼ ਦੇ ਦਰਖਤਾਂ ਤੋਂ ਨੋਟ ਲਗਣ ਦੀਆਂ ਦੁਆਵਾਂ ਕਰ ਰਿਹਾ ਹੈ। ਦੇਸ਼ ਦੇ ਅਸਲੀ ਨੋਟ ਤਾਂ ਇਨਾਂ ਨੇ ਮੁਕਾ ਦਿੱਤੇ ਹਨ। ਸ਼ਾਇਦ ਕੋਈ ਕਰਾਮਾਤ ਹੋ ਜਾਵੇ ਤੇ ਦਰਖ਼ਤਾਂ ਨੂੰ ਨੋਟ ਲੱਗਣੇ ਸ਼ੁਰੂ ਹੋ ਜਾਣ।

ਇਹ "ਸਾਊ ਬੰਦਾ" ਵੀ ਆਖਦਾ ਹੈ ਕਿ ਦੇਸ਼ 'ਚ ਲੋਕਾਂ ਦੇ ਹਿੱਤਾਂ ਲਈ ਸਖ਼ਤ ਫੈਸਲੇ ਲੈਣੈ ਪੈ ਰਹੇ ਹਨ। ਦੂਸਰੇ ਲੋਕਾਂ ਦੇ ਹੱਕਾਂ ਦੀ ਲੜਾਈ ਲੜਨ ਵਾਲੇ ਵੀ ਆਖ ਰਹੇ ਹਨ ਕਿ "ਸਰਕਾਰ ਦੇ ਖਿਲਾਫ਼ ਲੜਾਈ ਲੜਨ ਲਈ ਸਖ਼ਤ ਫੈਸਲੇ ਲੈਣੇ ਪੈਣੇ ਹਨ।"

ਦੋਵਾਂ ਪਾਸੇ ਵਧੀ ਸਖ਼ਤਾਈ ਨੇ ਆਮ ਲੋਕਾਂ ਦੀ ਹਾਲਤ ਜਵਾਂ ਹੀ ਉਸ ਕੰਨੀ ਦੇ ਕਿਨਾਰੇ ਵਰਗੀ ਕਰ ਦਿੱਤੀ ਹੈ, ਜਿਹੜਾ ਅਕਸਰ ਹੀ ਸੁੱਕਾ ਰਹਿੰਦਾ ਹੈ। ਜੇ ਕਿੱਧਰੇ ਹੜ ਵਰਗਾ ਮਹੌਲ ਬਣ ਜਾਵੇ ਤਾਂ ਕਿਤੇ ਉਸ ਨੂੰ ਪਾਣੀ ਨਸੀਬ ਹੁੰਦਾ ਹੈ। ਪਰ ਇਸ ਹੜ 'ਚ ਉਹ ਡੁੱਬ ਮਰਦਾ ਹੈ। ਇਸ ਸਮੇਂ ਲੋਕ ਡੁਬ ਰਹੇ ਹਨ ਤੇ ਮਰ ਰਹੇ ਹਨ।

ਹੁਣ ਲੋਕਾਂ ਨੇ ਦੇਖਣਾ ਹੈ ਕਿ ਉਨ੍ਹਾਂ ਨੇ ਲੁੱਟਣ ਵਾਲਿਆਂ ਦੇ ਹੜ ਵਿਚ ਡੁੱਬਣਾ ਹੈ ਜਾਂ ਫਿਰ ਆਪਣੇ ਹਿੱਸੇ ਲਈ ਲੜਾਈ ਲੜਣੀ ਹੈ। ਲੜਨ ਵਗੈਰ ਸਰਨਾ ਨਹੀਂ। ਹੁਣ ਪਤਾ ਲੱਗ ਗਿਆ ਹੈ ਕਿ ਲੜਨਾ ਕੀਹਨਾਂ ਵਿਰੁਧ ਹੈ - ਜੇ ਹੁਣ ਵੀ ਚੁੱਪ ਰਹੇ ਤਾਂ ਅਗਲੀਆਂ ਨਸਲਾਂ ਸਾਨੂੰ ਮੁਆਫ ਨਹੀਂ ਕਰਨਗੀਆਂ। ਹੁਣ ਲੋੜ ਹੈ ਲੁੱਟਣ ਵਾਲਿਆਂ ਵਿਰੁਧ ਲੜਨ ਦੀ ਤੇ ਆਪਣੀਆਂ ਭੂਮਿਕਾ ਨਿਭਾਉਣ ਦੀ ਹੈ।

ਸਾਨੂੰ ਕਦੋਂ ਸਮਝ ਲੱਗੇਗੀ ਕਿ ਅਸੀਂ ਕੌਣ ਹਾਂ ? ਅਸੀਂ ਆਪਣੀ ਅੰਦਰਲੀ ਸ਼ਕਤੀ ਨੂੰ ਕਿਵੇਂ ਪਛਾਣ ਕਿ ਇਸ ਨੂੰ ਇੱਕਜੁਟ ਕਰਾਂਗੇ ? ਅਜੇ ਤੱਕ ਕੋਈ ਸਮਾਂ ਨਜ਼ਰ ਨਹੀ ਆ ਰਿਹਾ। ਜੇ ਕਿਸੇ ਨੂੰ ਕੋਈ ਰਸਤਾ ਨਜ਼ਰ ਆ ਰਿਹਾ ਤਾਂ ਜ਼ਰੂਰ ਦੱਸਣਾ ਜੀ।

ਪ੍ਰੋਗਰੈਸਿਵ ਕਲਚਰਲ ਸੈਂਟਰ ਸਰੀ (ਬੀ.ਸੀ.)
ਅਗਾਂਹਵਧੂ ਕਮਿਊਨਿਟੀ ਦਾ ਸਿਰ.ਫ ਇਕੋ ਇਕ ਹਾਲ
ਇਸ ਹਾਲ ਵਿਚ ਤੁਸੀਂ ਹਰ ਕਿਸਮ ਦੀਆਂ ਮੀਟਿੰਗਾਂ, ਬੁੱਕ ਰਿਲੀਜ, ਕ੍ਰਿਸਮਿਸ ਪਾਰਟੀ, ਸਾਵਰ ਪਾਰਟੀ, ਬਰਥਡੇ ਪਾਰਟੀ, ਲੇਡੀਜ਼ ਪਾਰਟੀ ਜਾਂ ਮਾਈਆਂ ਵਗੈਰਾ ਤਕਰੀਬਨ 100 ਬੰਦਿਆਂ ਤੱਕ ਦੀ ਪਾਰਟੀ ਕਰ ਸਕਦੇ ਹੋ ।ਪਾਰਕਿੰਗ ਦੀ ਕੋਈ ਸਮੱਸਿਆ ਨਹੀਂ ।ਇਸ ਦੇ ਕਿਰਾਏ ਦੇ ਰੇਟ ਬਿਲਕੁਲ ਵਾਜਬ ਹਨ ।ਇਹ ਹਾਲ ਲੋਕਾਂ ਦਾ ਹੈ ਤੇ ਲੋਕਾਂ ਲਈ ਹੈ ।
ਹੋਰ ਜਾਣਕਾਰੀ ਲਈ, ਤੁਸੀਂ ਬੇਝਿਜਕ ਕਿਸੇ ਸਮੇਂ ਵੀ ਫੋਨ ਕਰ ਸਕਦੇ ਹੋ ।
# 126, 7536-130 ਸਟਰੀਟ ਸਰ੍ਹੀ ਬੀ.ਸੀ.
ਪਰਮਿੰਦਰ ਕੌਰ ਸਵੈਚ 604-760-4794 | Email : pswaich@hotmail.com ਮੱਖਣ ਦੁਸਾਂਝ : 778-251-6010 | Email : makhan.dosanjh55gmail.com

Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# ਸਪਰਿੰਗ ਮੂਨ : ਚੀਨ ਦਾ ਇਕ ਨਾਵਲ - ਕਿਸ਼ਤ-23




ਮਲਕੀਤ ਸਿੰਘ
ਐਬਸਫੋਰਡ ਬੀ. ਸੀ.
604 755 3969
tatlamalkeetsingh@yahoo.in


**ਇੰਟਰਮਿਸ਼ਨ**

ਸੁਰਗਾਂ ਦੇ ਰਾਜੇ ਦੀ ਧੀ ਬੜੀ ਸੁੰਦਰ ਸੀ। ਉਹ ਖੱਡੀ ਤੇ ਬੜਾ ਵਧੀਆ ਕੱਪੜਾ ਬਣਾਉਂਦੀ। ਜਦੋਂ ਉਹ ਜਵਾਨ ਹੋਈ ਤਾਂ ਰਾਜੇ ਨੇ ਦੂਰ ਦੂਰ ਤੱਕ ਦੂਤ ਭੇਜ ਕੇ ਉਸ ਲਈ ਬੜਾ ਵਧੀਆ ਵਰ ਲੱਭਿਆ। ਮੁੰਡਾ ਗਊਆਂ ਦਾ ਚਰਵਾਹਾ ਸੀ। ਰਾਜੇ ਦੀ ਮਰਜ਼ੀ ਅਨੁਸਾਰ ਦੋਵਾਂ ਦਾ ਵਿਆਹ ਹੋ ਗਿਆ। ਬੱਸ ਵਿਆਹ ਹੋਣ ਦੀ ਦੇਰ ਸੀ ਉਹ ਦੋਵੇਂ ਇਕ ਦੂਜੇ ਦੇ ਹੋ ਗਏ। ਕੰਮ ਕਾਰ ਸੱਭ ਭੁੱਲ ਗਏ। ਗਊਆਂ ਭੁੱਖੀਆਂ ਮਰਦੀਆਂ ਤੜਪਣ ਲੱਗੀਆਂ ਅਤੇ ਖੱਡੀ ਦਾ ਕੰਮ ਵੀ ਬੰਦ ਹੋ ਗਿਆ। ਰਾਜਾ ਬੜਾ ਦੁੱਖੀ ਹੋਇਆ। ਉਸਨੇ ਪਿੰਜਰਾ ਖੋਲ੍ਹ ਕੇ ਨੀਲਕੰਠੀ ਨੂੰ ਬੁਲਾਇਆ ਅਤੇ ਆਖਿਆ ਕਿ ਉਹਨਾਂ ਨੂੰ ਜਾ ਕੇ ਕਹਿ ਕਿ ਉਹ ਸਿਰਫ਼ ਮਹੀਨੇ ਵਿੱਚ ਇਕ ਵਾਰ ਮਿਲ ਸਕਦੇ ਹਨ। ਉੱਡਦੀ ਉੱਡਦੀ ਨੀਲਕੰਠੀ ਰਾਜੇ ਦਾ ਸੁਨੇਹਾਂ ਭੱਲ ਗਈ ਅਤੇ ਆਖ ਦਿੱਤਾ ਕਿ ਉਹ ਸਾਲ ਵਿੱਚ ਇਕ ਵਾਰ ਮਿਲ ਸਕਦੇ ਹਨ। ਤਾਂ ਉਹ ਸਾਲ ਦੇ 364 ਦਿੰਨ ਕੰਮ ਕਾਰ ਕਰਦੇ ਅਤੇ ਸਿਰਫ਼ ਸਾਲ ਦੇ ਇਕ ਦਿਨ, ਸੱਤਵੇਂ ਮਹੀਨੇ ਦੀ ਸੱਤਵੀ ਵਾਲੇ ਦਿਨ ਮਿਲਦੇ। ਖੱਡੀ ਤੇ ਕੱਪੜਾ ਵੀ ਬਣਨ ਲੱਗਿਆ ਅਤੇ ਗਊਆਂ ਵੀ ਰੱਜਣ ਲੱਗੀਆਂ - ਚੀਨੀ ਲੋਕ ਕਥਾ॥

ਇਕ ਛਾਤੀ ਮੇਰੇ ਹਾੜ ਤਪੰਦਾ ਦੂਜੀ ਤੱਪਦਾ ਜੇਠ।

ਜਦੋਂ ਦੀ ਸਪਰਿੰਗ ਮੂਨ ਹੋਟਲ ਵਿੱਚ ਆਈ ਸੀ, ਉਹ ਕਮਰੇ ਦੀ ਬਾਰੀ ਕੋਲ ਕੁਰਸੀ ਤੇ ਬੈਠੀ ਰਹਿੰਦੀ ਸੀ। ਉਸਨੂੰ ਲੱਗਦਾ ਕਿ ਉਹ ਅਜ਼ਲਾਂ ਤੋਂ ਇਥੇ ਘਿਰੀ ਹੋਈ ਹੈ। ਸੰਘਾਈ ਦੇ ਵਿੱਚ ਰਹਿ ਕੇ ਵੀ ਉਹ ਸ਼ਹਿਰ ਨੂੰ ਦੇਖ ਨਾ ਸਕਦੀ। ਤੂਫਾਨ ਕਦੋਂ ਆਇਆ ਕਿੰਨੇ ਦਿਨ ਵਗਦਾ ਰਿਹਾ ਅਤੇ ਕਦੋਂ ਖਤਮ ਹੋਇਆ। ਉਸ ਨੂੰ ਕੁੱਝ ਯਾਦ ਨਾ ਰਿਹਾ। ਉਸ ਦੀ ਸੁਰਤ ਮੁੜ ਮੁੜ ਬੁੱਧ ਮੱਠ ਵਿੱਚ ਪਰਤ ਜਾਂਦੀ। ਉਥੇ ਮਰੇ ਮੰਚੂ ਅਹਿਲਕਾਰ ਵਿੱਚ ਨਹੀਂ ..... ਉਸ ਦੀ ਹੱਤਿਆ ਤਾਂ ਜ਼ਰੂਰੀ ਸੀ ਸੋ ਕਰ ਦਿੱਤੀ ਗਈ, ਕੰਮ ਖਤਮ ਹੋਇਆ। ਪਰ ਉਹ ਹੱਤਿਆ ਦੀ ਸਾਜਸ਼ ਬਾਰੇ ਸੋਚਦੀ ਜਿਸਨੇ ਉਸ ਨੂੰ ਹਮੇਸ਼ਾ ਵਾਸਤੇ ਬੋਲਡ ਟੇਲੈਂਟ ਨਾਲ ਬੰਨ ਦਿੱਤਾ ਸੀ। ਕਿਸੇ ਵੀ ਰਾਤ ਉਸ ਨੂੰ ਚੈਨ ਦੀ ਨੀਂਦ ਨਾ ਆਉਂਦੀ। ਹੋਟਲ ਦੀਆਂ ਗੈਲਰੀਆਂ ਵਿਚੋਂ ਬਦਰੂਹਾਂ ਉਸ ਦਾ ਪਿੱਛਾ ਕਰਦੀਆਂ ਲੱਗਦੀਆਂ। ਉਸ ਨੂੰ ਕੋਰਟਾਂ ਕਚਹਿਰੀਆਂ ਵਿਚੋਂ ਨਿਕਲਣ ਦੇ ਸੁਪਨੇ ਆਉਂਦੇ ਪਰ ਭੱਜਣ ਦਾ ਰਾਹ ਕੋਈ ਨਾ ਲੱਭਦਾ। ਸਵੇਰ ਸਾਰ ਉਸ ਨੂੰ ਆਏ ਸੁਪਨੇ ਭੁੱਲ ਜਾਂਦੇ। ਠਹਿਰ ਦੇ ਦੂਜੇ ਦਿਨ ਉਸਨੇ, ਲੀ ਚਿੰਗ ਚਾਓ, ਸੁੰਗ ਨਾਵਲਕਾਰ ਦਾ ਨਾਵਲ ਮੰਗਵਾ ਲਿਆ। ਲੀ ਚਿੰਗ ਦਾ ਜੀਵਨ ਵੀ ਉਸਦੇ ਵਰਗਾ ਸੀ। ਉਸ ਨੇ ਵੀ ਉੱਤਰ ਵਾਲੇ ਪਾਸੇ ਦੇ ਇਕ ਅਮੀਰ ਵਪਾਰੀ ਦੇ ਸੁਨੱਖੇ ਮੁੰਡੇ ਨਾਲ ਵਿਆਹ ਕਰਵਾਇਆ ਸੀ ਅਤੇ ਭਰ ਜਵਾਨੀ ਵਿੱਚ ਵਿਧਵਾ ਹੋ ਗਈ ਸੀ।

"ਇਸ ਕਾਲ ਕੋਠੜੀ ਵਿੱਚ ਮੈਂ ਗਮਾਂ ਵਿੱਚ ਡੁੱਬੀ ਆਂ
**ਪਛਤਾਉਂਦੀ ਆਂ ਕਿ ਬਹਾਰ ਬੜੀ ਛੇਤੀ ਲੰਘ ਗਈ**
**ਬਾਰਸ਼ਾਂ ਹੁੰਦੀਆਂ ਤੇ ਫੱਲ ਝੜ ਜਾਂਦੇ ਆ**
**ਮੈਂ ਕੱਲੀ ਖੜੀ ਸੜ ਰਹੀ ਆਂ**
**ਚਾਰ ਚੁਫੇਰੇ ਹਰੇ ਘਾਹ ਦੇ ਮੈਦਾਨ ਵਿਛੇ ਨੇ**
**ਮੈਂ ਰਾਹ ਤੱਕਦੀਆਂ ਉਹ ਕਦੋਂ ਮੁੜੂਗਾ।"**

ਦੁਬਾਰਾ ਦੁਬਾਰਾ ਉਹ ਇਹੀ ਗੀਤ ਪੜ੍ਹਦੀ। ਕਦੇ ਕਦੇ ਉਹ ਗਲੈਡ ਪਰਾਮਿਜ਼ ਨੂੰ ਨਿਹਾਰਦੀ। ਉਹ ਉਸ ਨੂੰ ਉਹੋ ਜਿਹਾ ਹੀ ਦਿਸਦਾ ਜਿਹੋ ਜਿਹਾ ਵਿਆਹ ਵਾਲੀ ਰਾਤ ਸੀ। ਤੂੰ ਚਲਾ ਕਿਉਂ ਗਿਆ। ਜੇ ਅੱਜ ਹੁੰਦਾ ਤਾਂ ਆਪਣਾ ਮੁੰਡਾ ਖਿਡਾਉਂਦਾ, ਪੋਤਿਆਂ ਨੂੰ ਖਿਡਾਉਂਦਾ। ਅੱਜ ਮੇਰੇ ਦਿਨ ਜਵਾਨੀ ਵੇਲੇ ਵਰਗੇ ਨਹੀਂ ਰਹੇ। ਸੋਚਦੀ ਆਂ ਕੀ ਕਰਾਂ। ਇਕ ਦਿਨ ਉਸ ਨੂੰ ਲੱਗਿਆ ਬੀਤੇ ਦਿਨ ਉਸ ਨੂੰ ਸਾਫ਼ ਯਾਦ ਆ ਰਹੇ ਹਨ। ਜਦੋਂ ਸਾਰਾ ਦਿਨ ਇਕੱਠੇ ਰਹਿੰਦੇ ਸੀ। ਉਸ ਦੀਆਂ ਅੱਖਾਂ ਦੀ ਸਾਦਗੀ। ਪਰ ਦੂਜੇ ਪਲ ਲੱਗਦਾ ਕਿ ਉਹ ਬਹੁਤ ਕੁੱਝ ਭੁੱਲ ਰਹੀ ਹੈ। ਛੋਟਾ ਦਾਗ ਉਸਦੀ ਉਂਗਲ ਤੇ ਸੀ ਜਾਂ ਅੰਗੂਠੇ ਤੇ ਕੁੱਝ ਯਾਦ ਨਹੀਂ। ਫਿਰ ਆਪ ਹੀ ਮਿੱਥ ਲਿਆ ਕਿਤੇ ਵੀ ਹੋਵੇ ਬੱਸ ਅੰਗੂਠੇ ਤੇ ਸੀ। ਗਿਆਰਾਂ ਸਾਲ ਲੰਘ ਗਏ ਨੇ। ਬੜੀਆਂ ਯਾਦਾਂ ਧੁੰਧਲੀਆਂ ਹੋ ਗਈਆਂ ਹਨ। ਉਹ ਹੀ ਤਾਂ ਆਖਦਾ ਹੁੰਦਾ ਸੀ ਕਿ ਆਹ ਸਮੇਂ ਵੱਡੀਆਂ ਤਬਦੀਲੀਆਂ ਦੇ ਸਮੇਂ ਹਨ। ਵਾਰ ਵਾਰ ਉਹ ਚਾਂਦੀ ਦੇ ਫਰੇਮ ਵਾਲੀ ਮੇਜ਼ ਉੱਪਰ ਰੱਖੀ ਉਸ ਦੀ ਫੋਟੋ ਅੱਗੇ ਜਾ ਖੜਦੀ। ਖੜ੍ਹੀ ਖੜ੍ਹੀ ਦੇਖਦੀ ਕਿ ਫਰੇਮ ਵਿਚਲੀ ਫੋਟੋ ਬਦਲ ਰਹੀ ਹੈ। ਜਵਾਨ ਨਹੀਂ ਚਿੱਟੇ ਵਾਲ਼ ਦਿੱਸਦੇ। ਉਹ ਚੀਕਦੀ ਨਹੀਂ ਨਹੀਂ ਇਹ ਉਹ ਨਹੀਂ ਉਹ ਤਾਂ ਭਰ ਜਵਾਨ ਸੀ। ਪਰ ਵੱਡੇ, ਵੱਡੇ ਤਾਏ ਦੀ ਪਰਛਾਈ ਖਹਿੜਾ ਨਾ ਛੱਡਦੀ। ਉਸ ਨੂੰ ਗੋਲਡਨ ਵਰਚੂ ਵੱਲੋਂ ਆਉਂਣ ਵੇਲੇ ਆਖੀ ਗੱਲ ਵੀ ਯਾਦ ਆਉਂਦੀ। ਉਹ ਉਲਝਣ ਵਿੱਚ ਫ਼ਸ ਜਾਂਦੀ ਮੇਰੀ ਵਫਾਦਾਰੀ ਕਿਸ ਨੂੰ ਆ ਬੀਤੇ ਨੂੰ, ਚੁੱਕੀ ਸਹੁੰ ਨੂੰ, ਉਸ ਕੱਲੇ ਨੂੰ, ਹੋਰਾਂ ਨੂੰ ਵੀ। ਬਚਾ ਕੇ ਕੀ ਰੱਖਿਆ ਜਾਵੇ। ਘਬਰਾ ਕੇ ਉਸ ਨੇ ਮੇਜ਼ ਤੇ ਪਇਆ ਨਿੱਕਾ ਪੱਖਾ ਚੱਕ ਲਿਆ। ਉ ਕੁੜੀਏ ਦੱਸ ਭਲਾ ਕੀ ਰੰਗ ਆ ਪੱਖੇ ਦਾ ਲਾਲ, ਨਹੀਂ ਨਹੀਂ ਪੀਲ਼ਾ, ਨਹੀਂ ਪੀਲ਼ਾ ਨਹੀਂ ਸੁਨਹਿਰੀ




ਜਿਵੇਂ ਕੋਈ ਮਦਾਰੀ ਤਮਾਸ਼ਾ ਕਰਦਾ।

ਉਹ ਸੋਚਦੀ ਖਾਨਦਾਨ ਦੇ ਨਾਂ ਦਾ ਕੀ ਬਣੂੰ, ਕੋਈ ਬੇ ਨਾਮਾ ਬਣ ਕੇ ਕਿਵੇਂ ਜੀਅ ਸਕਦਾ। ਉਹ ਦੋਵੇਂ ਗੁਪਤਵਾਸੀ। ਸੌਣ ਦਾ ਅਜੇ ਸਮਾਂ ਨਹੀਂ ਸੀ। ਉਹ ਕੁਰਸੀ ਵਿੱਚ ਬੈਠ ਗਈ ਰਤਾ ਸਾਹ ਲੈਣ। ਉਸ ਨੂੰ ਲੱਗਦਾ ਪਿੰਜਰੇ ਵਿੱਚ ਪਏ ਪੰਛੀ ਵਾਂਗ ਉਹ ਵੀ ਕੈਦ ਹੈ। ਕਿੰਨੇ ਦਿਨ ਲੰਘ ਗਏ ਇਸ ਤਰ੍ਹਾਂ ਸੱਤ ਜਾਂ ਅੱਠ ਉਸ ਨੂੰ ਇਹ ਵੀ ਯਾਦ ਨਾ ਰਿਹਾ। ਆਉਣ ਵੇਲੇ ਬੋਲਡ ਟੇਲੈਂਟ ਨੇ ਦੱਸਿਆ ਸੀ ਕਿ ਹਫ਼ਤਾ ਜਾਂ ਵੱਧ ਸਮਾਂ ਲੱਗ ਸਕਦਾ। ਜੇ ਕਿਤੇ ਉਹ ਬਾਹਰ ਜਾ ਸਕਦੀ, ਸ਼ਹਿਰ ਦੇਖ ਸਕਦੀ....।

ਬੂਹੇ ਤੇ ਖੜਕਾਰ ਹੋਇਆ। ਉਹ ਉੱਠੀ "ਕੌਣ" ਉ ਵੂ ਤੀ ਤੀ ਵਾਸਤੇ ਚਿੱਠੀ ਆ" ਬੂਹਾ ਖੋਲਿਆ, ਹਰਕਾਰਾ ਖੜ੍ਹਾ ਸੀ। ਲੱਗਿਆ ਜਾਣਿਆ ਪਛਾਣਿਆ। ਝੁੱਕ ਕੇ ਸਲਾਮ ਆਖੀ ਤੇ ਰੁੱਕਾ ਫੜ ਲਿਆ ਅਤੇ ਉਸ ਨੂੰ ਰੁਕਣ ਵਾਸਤੇ ਆਖਿਆ। "ਅੱਜ ਰਾਤ, 333 ਬਬਲਿੰਗ ਵੈੱਲ ਰੋਡ।" ਫੜ ਕੇ ਇਕ ਦਮ ਠੀਕ ਹੋ ਗਈ। "ਕ੍ਰਿਪਾ ਪਰਕੇ ਮੇਰਾ ਹਿਸਾਬ ਕਰ ਦਿਉ" "ਉਹ ਹੋ ਵੀ ਗਿਆ ਅਤੇ ਥੱਲੇ ਤਾਂਗਾ ਉਡੀਕ ਰਿਹਾ ਤੁਹਾਨੂੰ।"

ਤਾਂਗੇ ਵਾਲੇ ਨੇ ਆਖਿਆ ਅੱਧੇ ਘੰਟੇ ਦਾ ਸਫ਼ਰ ਆ। ਮੱਧਮ ਹਵਾ ਠੰਡੀ ਸੀ। ਉਸ ਨੂੰ ਸਾਹ ਚੜ ਰਿਹਾ ਸੀ। ਅੱਖਾਂ ਮੀਚੀਆਂ ਤਾਂ ਡਰਾਵਣੇ ਦ੍ਰਿਸ਼ ਘੁੰਮਦੇ ਲੱਗੇ। ਅੱਖਾਂ ਖੋਹਲੀਆਂ ਅਤੇ ਬਾਹਰ ਵੱਲ ਦੇਖਣ ਲੱਗੀ। ਰਾਤ ਸੀ ਅਤੇ ਘੋੜਾ ਤੇਜ਼ ਦੌੜ ਰਿਹਾ ਸੀ ਇਸ ਕਰਕੇ ਬਾਹਰ ਬਾਹਲ਼ਾ ਕੁੱਝ ਨਜ਼ਰ ਨਾ ਆਇਆ। ਇਕ ਹੋਰ ਤਾਂਗਾ ਜਿਸ ਵਿਚ ਇਕ ਹੋਰ ਨੌਜਵਾਨ ਬੈਠਾ ਸੀ ਬਰਾਬਰ ਆ ਲੱਗਿਆ। ਦੇਖਿਆ ਪਛਾਣਿਆ ਚਿਹਰਾ ਹੈ। ਭੁੌਲ਼ਾ ਪਿਆ ਕਿ ਘਰ ਵਾਲਾ ਹੈ। ਉਸ ਨਾਲ ਅੱਖਾਂ ਮਿਲੀਆਂ ਪਰ ਪਛਤਾ ਕਿ ਝੁਕਾ ਲਈਆਂ ਮੈਂ ਇਉਂ ਕਿਉਂ ਕੀਤਾ। ਯਾਦਾਂ ਘਰ ਵਾਲ਼ੇ ਵੱਲ ਮੁੜ ਗਈਆਂ "ਪਿਆਰਿਆਂ ਮੈਂ ਹਾਰ ਰਹੀ ਆਂ। ਭਲਾਂ ਰੁੱਤ ਨੂੰ ਬਦਲਣ ਤੋਂ ਕੌਣ ਰੋਕ ਸਕਦਾ। ਬਹਾਰ ਖਤਮ ਅਤੇ ਹੁਸੜ ਗਰਮੀਂ ਦੀ ਰੱਤ ਆ ਗਈ ਆ। ਅਵਾਜ਼ ਆਉਂਦੀ ਜਾਪੀ "ਸਾਡੇ ਸਮੇਂ ਈ ਤਾਂ ਵੱਡੀਆਂ ਬਦਲੀਆਂ ਦੇ ਨੇ, ਸਮਾਂ ਕਿਥੇ ਰੁਕਦਾ ਭਲਾਂ। ਸੁਆਣੀਏ ਅਸੀਂ ਪਹੁੰਚ ਗਏ ਆਂ। ਉਸ ਨੇ ਉੱਤਰ ਕੇ ਤਾਕੀ ਖੋਹਲੀ। ਸਪਰਿੰਗ ਮੂਨ ਉੱਤਰੀ। ਕੋਚਵਾਨ ਨੇ ਸਮਾਨ ਲਾਹ ਕੇ ਦੇਹਲ਼ੀ ਵਿੱਚ ਜਾ ਰੱਖਿਆ। ਪੈਸੇ ਦਿੱਤੇ ਗਏ ਪਰ ਸਪਰਿੰਗ ਮੂਨ ਰੁਕ ਗਈ ਘੰਟੀ ਕਰਨ ਤੋਂ ਪਹਿਲਾਂ ਤਾਂਗੇ ਵਾਲ਼ਾ ਚਲਾ ਜਾਵੇ ਤਾਂ ਠੀਕ ਰਹੂ।

ਦਰਵਾਜਾ ਖੁਲਿਆ ਤਾਂ ਇਕ ਜੈਂਟਲਮੈਨ ਚਿੱਟੇ ਸੂਟ ਅਤੇ ਕਾਲ਼ੀ ਬੋ ਟਾਈ ਲਾਈ ਖੜ੍ਹਾ ਸੀ। "ਵੱਡੇ ਅੰਕਲ ਤੂੰ" ਉਹ ਹੱਸਿਆ ਵਾਲ਼ਾਂ ਤੇ ਹੱਥ ਫੇਰਦਾ ਬੋਲਿਆ ਗੁਪਤਵਾਸ ਵਿੱਚ ਰੰਗ ਢੰਗ ਬਦਲਣਾ ਪੈਂਦਾ ਇਸੇ ਕਰਕੇ।" ਉਹ ਜਵਾਨ ਦਿਸਦਾ ਸੀ। ਉ ਆਓ, ਆਓ ਅੰਦਰ ਲੰਘ ਆਉ ਸਮਾਨ ਮੈਂ ਚੁੱਕ ਲੈਨਾ। ਅਜੇ ਕੋਈ ਨੌਕਰ ਤਾਂ ਰੱਖਿਆ ਨਹੀਂ, ਸੋਚਿਆ ਤੂੰ ਆਵੇਂਗੀ ਤਾਂ ਆਪਣੀ ਮਰਜ਼ੀ ਦਾ ਰੱਖ ਲਵੀਂ, "ਨਾਂ ਚਿਰ ਅਸੀਂ ਦੋਵੇਂ ਇਕੱਲੇ ਆਂ।"

ਬਾਰ ਬੰਦ ਕਰ ਉਹ ਉਸਨੂੰ ਵੱਡੇ ਲਿਵਿੰਗ ਰੂਮ ਤੱਕ ਲੈ ਗਿਆ ਜਿਹੜਾ ਪੱਛਮੀਂ ਸਟਾਈਲ ਵਿੱਚ ਸਜਿਆ ਸੀ। ਵੱਡੀਆਂ ਅਰਾਮ ਕੁਰਸੀਆਂ, ਕੰਧਾਂ ਤੇ ਵੱਡੀਆਂ ਪੇਂਟਿੰਗਜ਼ ਅਤੇ ਵੱਡੇ ਫਾਇਰ ਪਲੇਸ "ਇਸ ਤਰ੍ਹਾਂ ਦੇ ਅੰਗਰੇਜ਼ ਸੈਲਾਨੀ ਜਦੋਂ ਐਧਰ ਆਉਂਦੇ ਨੇ ਉਹਨਾਂ ਦੇ ਘਰ ਹੁੰਦੇ ਹਨ, ਟਾਊਨ ਹਾਊਸ, ਬਾਹਰ ਖੁਲ੍ਹਾ ਬਗੀਚਾ ਅਤੇ ਫਲਦਾਰ ਦਰਖਤ। ਇੰਗਲੈਂਡ ਵਿੱਚ ਉਹ ਇਸ ਤਰ੍ਹਾਂ ਦੀ ਐਸ਼ ਨਹੀਂ ਕਰ ਸਕਦੇ, ਮੈਂ ਆਂ ਬੀ.ਟੀ.ਜਾਂਗ, ਵਿਦੇਸ਼ ਵਸਿਆ ਚੀਨੀ ਅਤੇ ਤੇਰਾ ਕੀ ਨਾਂ ਭਲਾ ਵੂ ਤੀ ਤੀ। ਮੈਂ ਤਾਂ ਇਥੇ ਵਪਾਰ ਦੇ ਸਬੰਧ ਵਿੱਚ ਆਇਆ ਹੋਇਆਂ।" ਸਪਰਿੰਗ ਮੂਨ ਨੇ ਬਾਹਲ਼ੀ ਪੁੱਛ ਦੱਸ ਨਾ ਕੀਤੀ। ਸਿਰਫ਼ ਕੁੱਝ ਜ਼ਰੂਰੀ ਗੱਲਾਂ ਈ ਪੁੱਛੀਆਂ। ਜਦੋਂ ਗੱਲ ਖਤਮ ਹੋਈ ਤਾਂ ਉਹ ਉੱਠ ਕੇ ਰਸੋਈ ਘਰ ਜਾਣ ਲੱਗਿਆ। "ਕੁੱਝ ਖਾਧਾ ਪੀਤਾ ਜਾਵੇ" ਨਹੀਂ ਮੈਨੂੰ ਭੁੱਖ ਨਹੀਂ, ਮੈਂ ਹੋਟਲ ਤੋਂ ਆਉਣ ਵੇਲੇ ਖਾਣਾ ਖਾ ਲਿਆ ਸੀ। "ਚਾਹ, ਚਾਹ ਤਾਂ ਠੀਕ ਰਹੂ" "ਨਹੀਂ ਮੈਨੂੰ ਚਾਹ ਦੀ ਵੀ ਲੋੜ ਨਹੀਂ" ਸਪਰਿੰਗ ਮੂਨ ਨੇ ਜਵਾਬ ਤਾਂ ਦੇ ਦਿੱਤਾ ਪਰ ਪਛਤਾਈ, "ਚਾਹ ਤਾ ਪੀ ਲੈਂਦੀ ਠੀਕ ਸੀ ਕੁੱਝ ਜਾਨ ਪੈ ਜਾਂਦੀ।" ਸਪਰਿੰਗ ਮੂਨ ਨੂੰ ਕੁੱਝ ਨਹੀਂ ਸੀ ਔੜ ਰਿਹਾ। ਕੀ ਗੱਲ ਕਰੇ। ਕੀ ਬੋਲੇ। ਬੇਸੁਰਤੀ ਜਿਹੀ ਵਿੱਚ ਬੋਲੀ "ਛੋਟਾ ਚਾਚਾ ਕਿੱਥੇ ਆ।"

"ਉਹ ਫਿਲਪੀਨ ਚਲਾ ਗਿਆ ਇਥੋਂ। ਉਥੇ ਆਪਣੇ ਬੰਦੇ ਨੇ। ਉਸ ਦੀ ਸੰਭਾਲ਼ ਕਰਨਗੇ। ਤੂੰ ਉਸ ਦੀ ਚਿੰਤਾ ਨਾ ਕਰ। "ਬੜੀ ਮਾੜੀ ਗੱਲ ਆ।" "ਕੀ ਮਾੜੀ ਗੱਲ ਆ। ਹਰ ਬੰਦੇ ਦੀ ਹਰ ਖਾਹਸ਼ ਕਦੇ ਪੂਰੀ ਨਹੀਂ ਹੁੰਦੀ। ਜੋ ਹੈ ਉਸ ਵਿੱਚ ਹੀ ਰਹਿਣਾ ਪੈਂਦਾ ਹੈ" ਕਹਿ ਕੇ ਉਹ ਚੁੱਪ ਕਰ ਗਿਆ। ਜਦੋਂ ਉਹ ਦੁਬਾਰਾ ਬੋਲਿਆ ਤਾਂ ਉਸਦਾ ਲਹਿਜ਼ਾ ਬੜਾ ਨਰਮ ਸੀ "ਸਪਰਿੰਗ ਮੂਨ ਮੈਂ ਤੇਰੇ ਨਾਲ ਕਈ ਅਹਿਮ ਗੱਲਾਂ ਕਰਨੀਆਂ ਨੇ" ਉਹ ਚਿੱਲਾ ਪਈ "ਨਹੀਂ ਅਜੇ ਨਹੀਂ ਮੈਂ ਥੱਕੀ ਆਂ। ਅਰਾਮ ਕਰਨਾ ਚਾਹੁੰਦੀ ਆਂ।" "ਠੀਕ ਆ, ਅਰਾਮ ਜ਼ਰੂਰੀ ਆ" ਉਹ ਸਮਾਨ ਸਮੇਤ ਉਸ ਨੂੰ ਉਪਰ ਸੌਣ ਕਮਰੇ ਵਿੱਚ ਲੈ ਗਿਆ। ਅਤੇ ਖੁਦ ਥੱਲੇ ਮੁੜ ਆਇਆ, ਸਪਰਿੰਗ ਮੂਨ ਨੇ ਸਾਰਾ ਸਮਾਨ ਖੋਹਲਿਆ ਅਤੇ ਕੱਪੜੇ ਅਲਮਾਰੀ ਵਿਚ ਟਿਕਾਏ। ਜਦੋਂ ਉਹ ਸਾਰਾ ਕੰਮ ਕਰ ਹਟੀ ਤਾਂ ਪਤੀ ਦੀ ਫੋਟੋ ਲੈ ਕੇ ਬਹਿ ਗਈ। ਧਿਆਨ ਨਾਲ ਦੇਖਿਆਂ ਉਹੀ ਮੁਸਕਰਾਉਂਦਾ ਚਿਹਰਾ, ਦਗਦੀਆਂ ਅੱਖਾਂ। ਅੱਜ, ਅੱਜ ਤੋਂ ਉਹ ਤੇ ਉਸਦਾ ਪਤੀ ਇਕ ਵਾਰ ਫਿਰ ਅਜਨਬੀ ਹੋ ਗਏ। ਉਸਦਾ ਹੌਸਲਾ ਨਾ ਪਿਆ ਕਿ ਚਾਂਦੀ ਫਰੇਮ ਵਿੱਚ ਜੜੀ ਫੋਟੋ ਮੇਜ਼ ਤੇ ਟਿਕਾਵੇ। ਉਸਨੇ ਫੋਟੋ ਇਕ ਦਰਾਜ਼ ਵਿੱਚ ਰੱਖ ਦਿੱਤੀ।

ਥੱਲੇ ਲਿਵਿੰਗ ਰੂਮ ਦੀਆਂ ਸਾਰੀਆਂ ਬੱਤੀਆਂ ਬੰਦ ਸਨ, ਵੱਡੇ ਮੇਜ਼ ਤੇ ਪਿਆ ਇਕ ਲੈਂਪ ਜਗਦਾ ਸੀ। ਵੱਡਾ ਗੇਟ ਖੁਲਾ ਸੀ ਬੋਲਡ ਟੇਲੈਂਟ ਪਿੱਛੇ ਹੱਥ ਕਰੀ ਖੜ੍ਹਾ ਸੀ ਸਪਰਿੰਗ ਮੂਨ ਵੱਲ ਉਸ ਦੀ ਪਿੱਠ ਸੀ। ਵੱਡੇ ਅੰਕਲ ਤੂੰ ਭਾਵੇਂ ਕੋਈ ਭੇਸ ਬਣਾ ਲਵੇਂ ਮੈਂ ਤੇਰੀ ਹਰ ਰਗ ਤੋਂ ਜਾਣੂ ਆਂ, ਸਪਰਿੰਗ ਮੂਨ ਨੇ ਮਨ ਵਿੱਚ ਸੋਚਿਆ। ਉਸ ਦੀ ਸ਼ਖ਼ਸੀਅਤ ਹੀ ਐਸੀ ਸੀ ਕਿ ਜਿਹੜਾ ਵੀ ਉਸ ਨੂੰ ਮਿਲ ਪੈਂਦਾ ਉਹ ਉਸ ਵੱਲ ਖਿੱਚਿਆ ਜਾਂਦਾ।

ਸਪਰਿੰਗ ਮੂਨ ਨੇ ਸਹਿਜ ਨਾਲ ਡੋਰ ਖੜਕਾਈ। ਉਹ ਅੰਦਰ ਨੂੰ ਘੁੰਮ ਗਿਆ। "ਅੰਕਲ ਤੂੰ ਬਾਹਰ ਕਿਉਂ ਖੜਾਂ ਇਸ ਵੇਲੇ। ਕੀ ਕਿਸੇ ਨੂੰ ਉਡੀਕ ਰਿਹਾਂ" ਨਹੀਂ ਹੋਰ ਕੌਣ ਆ ਆਉਣ ਵਾਲ਼ਾ ਭਲਾ?" "ਐਂ ਕਿਉਂ ਖੜੈਂ?" "ਕਮਲ਼ਾ ਕਿਉਂ ਹੋ ਗਿਆਂ" ਉ ਇਹ ਸਵਾਲ ਕੋਈ ਕਮਲ਼ਾ ਜਣਾ ਈ ਦੂਜੇ ਕਮਲ਼ੇ ਨੂੰ ਕਰ ਸਕਦਾ" ਸਪਰਿੰਗ ਮੂਨ ਉਸਦੇ ਨੇੜੇ ਜਾ ਲੱਗੀ ਅਤੇ ਸਿਰ ਉਸਦੀ ਹਿੱਕ ਤੇ ਰੱਖ ਦਿੱਤਾ।

ਉਸ ਸਾਲ ਸਾਰੀ ਗਰਮੀਂ ਦੀ ਰੁੱਤ ਸੰਘਾਈ ਨਿੱਖਰੀ ਧੋਤੀ ਰਹੀ। ਰਾਤਾਂ ਨੂੰ ਠੰਡਕ ਹੁੰਦੀ ਸੀ। ਮੱਠੀ ਮੱਠੀ ਹਵਾ ਵਿੱਚ ਸੁਗੰਧੀਆਂ ਸਨ। ਬੈਂਤਾਂ ਦੇ ਬੂਟੇ ਹਵਾ ਵਿੱਚ ਝੂਲਦੇ ਸਨ ਅਤੇ ਘਾਹ ਵਿੱਚ ਲੁਕੀਆਂ ਟਿੱਡੀਆਂ ਸ਼ੋਰ ਕਰਦੀਆਂ ਸਨ ਕਿਉਂਕਿ ਸਵੇਰ ਹੁੰਦਿਆਂ ਉਹਨਾਂ ਨੇ ਮਰ ਜਾਣਾ ਹੁੰਦਾ ਸੀ। ਮੌਸਮ ਜਿਨਸ਼ੀ ਭੁੱਖ ਵਧਾ ਰਿਹਾ ਸੀ।




Best Mobile Signs
All kinds of mobile sign board
best mobile sign
call for yours
Kamal Sidhu
403-966-7167 bestmobilesigns@gmail.com

SHAHEED BHAGAT SINGH BOOK CENTRE



ਸ਼ਹੀਦ ਭਗਤ ਸਿੰਘ ਬੁੱਕ ਸੈਂਟਰ



A Non-Profit, Volunteer Service to Promote New Readership & Encourage New Writers!
Book Exhibition & Sale!
Contact: Master Bhajan Singh at 403-455-4220

# ਹਿੰਦੂਤਵ ਦਾ ਦਹਿਸ਼ਤੀ ਰਾਜ, ਨੰਗੀ ਚਿੱਟੀ ਹਿਟਲਰਸ਼ਾਹੀ

ਬੂਟਾ ਸਿੰਘ ਨਵਾਂਸ਼ਹਿਰ
94634-74342




ਲਾਇਲਾਜ ਆਰਥਕ ਅਤੇ ਰਾਜਨੀਤਕ ਸੰਕਟ ਵਿਚ ਘਿਰੇ ਹੁਕਮਰਾਨ ਸੰਵਿਧਾਨਕ ਜਵਾਬਦੇਹੀ ਤੋਂ ਬਚਣ ਲਈ ਸੰਵਿਧਾਨਕ ਅਮਲ ਦਾ ਭੋਗ ਪਾ ਕੇ ਪੁਲਿਸ ਰਾਜ ਥੋਪਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਤੱਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ 25 ਜੂਨ 1975 ਨੂੰ ਲਗਾਈ ਗਈ ਐਮਰਜੈਂਸੀ ਦੇ 21 ਮਹੀਨਿਆਂ ਦੌਰਾਨ ਅਵਾਮ ਨੂੰ ਬੇਹੱਦ ਜਬਰ ਝੱਲਣਾ ਪਿਆ। ਆਰਡੀਨੈਂਸ ਰਾਜ ਨੇ ਸਾਰੇ ਸੰਵਿਧਾਨਕ ਤੇ ਜਮਹੂਰੀ ਹੱਕ ਮੁਅੱਤਲ ਕਰ ਦਿੱਤੇ ਸਨ। ਪ੍ਰੈੱਸ ਉੱਪਰ ਸੈਂਸਰਸ਼ਿਪ ਸੀ। ਰਾਜਕੀ ਦਹਿਸ਼ਤਵਾਦ ਸਿਰਫ਼ ਸੰਘਰਸ਼ਸ਼ੀਲ ਤੇ ਇਨਕਲਾਬੀ ਤਾਕਤਾਂ ਦੇ ਦਮਨ ਤੱਕ ਸੀਮਤ ਨਹੀਂ ਸੀ। ਵਿਰੋਧੀ-ਧਿਰ ਦੀ ਜ਼ੁਬਾਨਬੰਦੀ ਲਈ ਮੁੱਖਧਾਰਾ ਅੰਦਰਲੀ ਵਿਰੋਧੀ-ਧਿਰ ਨੂੰ ਥੋਕ ਪੱਧਰ ’ਤੇ ਜੇਲ੍ਹਾਂ ਵਿਚ ਡੱਕਣਾ ਵੀ ਉਸ ਕਾਲੇ ਦੌਰ ਦੀ ਖ਼ਾਸ ਵਿਸ਼ੇਸ਼ਤਾ ਸੀ।

ਉਦੋਂ ਹੁਕਮਰਾਨ ਗੁੱਟ ਨੂੰ ਆਰਡੀਨੈਂਸ ਰਾਜ ਥੋਪਣ ਲਈ ਉਕਸਾਉਣ ਵਾਲੀ ਮੁੱਖ ਵਜ੍ਹਾ ਕੇਂਦਰ ਸਰਕਾਰ ਦੀ ਆਰਥਕ ਸੰਕਟ ਉੱਪਰ ਕਾਬੂ ਪਾਉਣ ਅਤੇ ਲੋਕਾਂ ਦੀਆਂ ਮੁੱਢਲੀਆਂ ਜ਼ਰੂਰਤਾਂ ਪੂਰੀਆਂ ਕਰਨ ਵਿਚ ਨਾਕਾਮੀ ਸੀ। 1971 ਦੀ ਜੰਗ ਅਤੇ 1974 ਦੇ ਐਟਮ ਬੰਬ ਧਮਾਕੇ ਦਾ ਰਾਸ਼ਟਰੀ ਜਨੂੰਨ ਵੀ ਆਮ ਲੋਕਾਂ ’ਚ ਫੈਲੀ ਰਾਜਨੀਤਕ ਬੇਚੈਨੀ ਨੂੰ ਰੋਕਣ ’ਚ ਅਸਫ਼ਲ ਸਾਬਤ ਹੋਇਆ ਸੀ। ਗੁਜਰਾਤ, ਬਿਹਾਰ ਵਿਚ ਲੋਕ ਸੜਕਾਂ ਉੱਪਰ ਨਿੱਕਲ ਆਏ ਸਨ। ਅਵਾਮੀ ਵਿਰੋਧ ਨੂੰ ਕੁਚਲਣ ਲਈ ਇੰਦਰਾ ਜੁੰਡਲੀ ਵੱਲੋਂ ਅੰਦਰੂਨੀ ਤੇ ਬਾਹਰੀ ਦੁਸ਼ਮਣਾਂ ਤੋਂ ਸੁਰੱਖਿਆ ਦੇ ਬਹਾਨੇ ਸੰਵਿਧਾਨਕ ਅਮਲ ਸਸਪੈਂਡ ਕਰਕੇ ਕੁਲ ਤਾਕਤ ਹਥਿਆ ਲਈ ਗਈ। ਆਖ਼ਿਰਕਾਰ ਮਾਰਚ 1977 ਦੀਆਂ ਆਮ ਚੋਣਾਂ ਵਿਚ ਤਾਨਾਸ਼ਾਹ ਜੁੰਡਲੀ ਨੂੰ ਸੱਤਾ ਤੋਂ ਪਾਸੇ ਹੋਣਾ ਪਿਆ।

ਐਮਰਜੈਂਸੀ ਨਾਲ ਨਾਗਰਿਕ ਅਤੇ ਜਮਹੂਰੀ ਹੱਕਾਂ ਦੀ ਜੋ ਚੇਤਨਾ ਵਿਕਸਤ ਹੋਈ, ਅਗਲੇ ਦਹਾਕਿਆਂ ਵਿਚ ਉਸ ਨੂੰ ਸੱਟ ਮਾਰਨ ਲਈ ਕਾਂਗਰਸ ਅਤੇ ਜਨਸੰਘ/ਭਾਜਪਾ ਵੱਲੋਂ ਸਿਲਸਿਲੇਵਾਰ ਤਰੀਕੇ ਨਾਲ ਹਿੰਦੂ ਪੱਤਾ ਖੇਡਿਆ ਗਿਆ। ਘੱਟਗਿਣਤੀਆਂ ਅਤੇ ਕੌਮੀਅਤਾਂ ਦੇ ਸੰਘਰਸ਼ਾਂ ਨੂੰ ਰਾਸ਼ਟਰੀ ਜਨੂੰਨ ਦਾ ਮਾਹੌਲ ਭੜਕਾ ਕੇ ਕੁਚਲਿਆ ਗਿਆ। 1990ਵਿਆਂ ਦੇ ਆਰਥਕ ਸੁਧਾਰ ਘੋਰ ਸੱਜੇਪੱਖੀਆਂ ਲਈ ਬਹੁਤ ਸਹਾਈ ਹੋਏ ਅਤੇ 2014 ’ਚ ਆਰਐੱਸਐੱਸ ਦਾ ਵਿੰਗ ਭਾਜਪਾ ਫ਼ੈਸਲਾਕੁਨ ਬਹੁਮੱਤ ਨਾਲ ਮੁੜ ਸੱਤਾ ਵਿਚ ਆ ਗਿਆ। ਖੁੱਲ੍ਹੀ ਮੰਡੀ ਦਾ ਆਰਥਕ ਮਾਡਲ ਪਬਲਿਕ ਸੈਕਟਰ ਦੇ ਨਿੱਜੀਕਰਨ, ਜ਼ਰੂਰੀ ਸੇਵਾਵਾਂ ਦੇ ਵਪਾਰੀਕਰਨ, ਲੋਕਾਂ ਦੇ ਬੇਕਿਰਕ ਉਜਾੜੇ ਅਤੇ ਕੁਦਰਤੀ ਸਰੋਤਾਂ ਦੀ ਬੇਲਗਾਮ ਲੁੱਟ ਉੱਪਰ ਆਧਾਰਤ ਮਹਾਂ-ਘੁਟਾਲਿਆਂ ਦਾ ਮਾਡਲ ਹੈ। ਇਹ ਆਰਥਕ-ਸਮਾਜੀ ਪਾੜੇ ਨੂੰ ਹੋਰ ਡੂੰਘੇਰਾ ਕਰਨ ਵਾਲਾ ਮਾਡਲ ਹੈ ਜਿਸ ਵਿਚ ਸਟੇਟ ਦੀ ਭੂਮਿਕਾ ਹੋਰ ਵੀ ਵਹਿਸ਼ੀ, ਖ਼ੂੰਖ਼ਾਰ ਅਤੇ ਬੇਕਿਰਕ ਹੋ ਗਈ ਹੈ। ਇਹ ਖੁੱਲ੍ਹੀ ਮੰਡੀ ਦੇ ਆਰਥਕ ਮਾਡਲ ਦੀ ਮੂਲ ਫ਼ਿਤਰਤ ਹੈ। ਇਹ ਮਾਡਲ ਜਮਹੂਰੀ ਸਪੇਸ ਅਤੇ ਰਾਜ ਦੀ ਨਾਮਨਿਹਾਦ ਕਲਿਆਣਕਾਰੀ ਭੂਮਿਕਾ ਦੇ ਵੀ ਪੂਰੀ ਤਰ੍ਹਾਂ ਖ਼ਿਲਾਫ਼ ਹੈ, ਇਸ ਨੂੰ ਲੈ ਕੇ ਹਿੰਦੂਤਵ ਜਾਂ ‘ਸੌਫ਼ਟ ਹਿੰਦੂਤਵ’ ਸਾਰੇ ਹਾਕਮ ਜਮਾਤੀ ਗੁੱਟ ਇਕਮੱਤ ਹਨ। 2009 ’ਚ ਆਦਿਵਾਸੀਆਂ ਦੇ ਜੁਝਾਰੂ ਵਿਰੋਧ ਨੂੰ ਕੁਚਲਣ ਲਈ ਅਪਰੇਸ਼ਨ ਗ੍ਰੀਨ ਹੰਟ ਸ਼ੁਰੂ ਕਰਨ, ਯੂਏਪੀਏ ਵਰਗੇ ਕਾਨੂੰਨਾਂ ਰਾਹੀਂ ਜਮਹੂਰੀ ਹੱਕਾਂ ਦਾ ਬੇਕਿਰਕੀ ਨਾਲ ਘਾਣ ਕਰਨ ਅਤੇ ਬੇਕਸੂਰ ਲੋਕਾਂ ਨੂੰ ਫੜ ਕੇ ਜੇਲ੍ਹਾਂ ਵਿਚ ਸਾੜਨ ਦੇ ਸਵਾਲ ਉੱਪਰ ਕੇਂਦਰ ਅਤੇ ਰਾਜ ਸਰਕਾਰਾਂ ਦੀ ਪੂਰਨ ਸਹਿਮਤੀ ਚਲੀ ਆ ਰਹੀ ਹੈ। ਸਰਕਾਰ ਸੌਫ਼ਟ ਹਿੰਦੂਤਵ ਦੀ ਹੋਵੇ ਜਾਂ ਕੁੱਢਰ ਹਿੰਦੂਤਵ ਦੀ, ਹਿੰਦੂ ਰਾਸ਼ਟਰ ਦੇ ਐਲਾਨੀਆਂ ਪ੍ਰੋਜੈਕਟ ਨੂੰ ਛੱਡ ਕੇ ਸਟੇਟ ਦਾ ਬਾਕੀ ਕਾਰਵਿਹਾਰ ਉਹੀ ਹੈ। ਇਸੇ ਕਰਕੇ, ਆਰਐੱਸਐੱਸ ਨੂੰ ਸੱਤਾ ਉੱਪਰ ਕਾਬਜ਼ ਹੋਣ ’ਚ ਕੋਈ ਮੁਸ਼ਕਲ ਨਹੀਂ ਆਈ ਕਿਉਂਕਿ ਬਾਕੀ ਪਾਰਟੀਆਂ ਸਮਾਜਿਕ ਨਿਆਂ ਦੇ ਸਵਾਲਾਂ ਨੂੰ ਖ਼ੁਦ ਤਿਲਾਂਜਲੀ ਦੇ ਚੁੱਕੀਆਂ ਸਨ।

ਸੱਤਾ ’ਚ ਆ ਕੇ ਆਰਐੱਸਐੱਸ-ਭਾਜਪਾ ਨੇ ਭਾਵੇਂ ਐਲਾਨੀਆਂ ਐਮਰਜੈਂਸੀ ਨਹੀਂ ਲਗਾਈ, ਇਹ ਆਰਡੀਨੈਂਸਾਂ ਰਾਹੀਂ ਸੰਵਿਧਾਨਕ ਵਿਵਸਥਾ ਨੂੰ ਖ਼ਤਮ ਕਰਨ ਵਾਲਾ ਬੇਕਿਰਕ ਤਾਨਾਸ਼ਾਹ ਰਾਜ ਹੈ। ਆਰਐੱਸਐੱਸ ਨੇ ਆਪਣੇ ਮਨਹੂਸ ਇਰਾਦੇ ਕਦੇ ਛੁਪਾਏ ਵੀ ਨਹੀਂ। ਸਮਾਜਵਾਦ, ਧਰਮਨਿਰਪੱਖਤਾ, ਧਾਰਮਿਕ ਸਹਿਹੋਂਦ ਅਤੇ ਸੱਭਿਆਚਾਰਕ ਵੰਨ-ਸੁਵੰਨਤਾ ਆਦਿ ਅਗਾਂਹਵਧੂ ਮੁੱਲ ਸ਼ੁਰੂ ਤੋਂ ਹੀ ਆਰਐੱਸਐੱਸ ਦੇ ਨਿਸ਼ਾਨੇ ’ਤੇ ਰਹੇ ਹਨ। ਸੰਘ, ਜੋ ਮਨੂਸਮ੍ਰਿਤੀ ਨੂੰ ਸੰਵਿਧਾਨ ਦੇ ਰੂਪ ’ਚ ਸਵੀਕਾਰ ਕਰਾਉਣ ਲਈ ਸਿਰਤੋੜ ਯਤਨ ਕਰ ਰਿਹਾ ਸੀ, ਨੂੰ ਆਪਣੇ ਰਾਜਨੀਤਕ ਵਿੰਗ ਰਾਹੀਂ ਪਹਿਲਾਂ 1998 ’ਚ ਅਤੇ ਦੁਬਾਰਾ 2014 ਅਤੇ 2019 ’ਚ ਸੱਤਾ ਵਿਚ ਆ ਕੇ ਆਪਣੇ ਹਿੰਦੂ ਰਾਸ਼ਟਰ ਦੇ ਏਜੰਡੇ ਨੂੰ ਅੰਜਾਮ ਦੇਣ ਦਾ ਮੌਕਾ ਮਿਲ ਗਿਆ। ਇਸ ਏਜੰਡੇ ਅਨੁਸਾਰ ਸਮਾਜਿਕ ਭੰਨਘੜ ਹਰ ਖੇਤਰ ਵਿਚ ਸਾਫ਼ ਦੇਖੀ ਜਾ ਸਕਦੀ ਹੈ। ਇਹ ‘ਇੰਦਰਾ ਇੰਡੀਆ ਹੈ’ ਵਰਗਾ ਵਰਤਾਰਾ ਨਹੀਂ ਹੈ, ਗੱਲ ਬਹੁਤ ਅੱਗੇ ਜਾ ਚੁੱਕੀ ਹੈ। ਰਾਜ ਢਾਂਚੇ ਦਾ ਬਹੁਤ ਡੂੰਘਾ ਫਿਰਕੂਕਰਨ ਹੋ ਚੁੱਕਾ ਹੈ ਅਤੇ ਹਿੰਦੂ ਹਿਤਾਂ ਦੀ ਵਾਹਦ ਰੱਖਿਅਕ ਦੇ ਤੌਰ ’ਤੇ ਆਰਐੱਸਐੱਸ ਨੇ ਸਮਾਜ ਦੇ ਜ਼ਿਆਦਾਤਰ ਹਿੱਸਿਆਂ ਦੀ ਮਨੋਚੇਤਨਾ ਮੱਲ ਲਈ ਹੈ।

ਬਦੇਸ਼ੀ ਅਤੇ ਦੇਸੀ ਕਾਰਪੋਰੇਟ ਸਰਮਾਏਦਾਰੀ ਦੀ ਪੁਸ਼ਤ-ਪਨਾਹੀ ਨਾਲ ਸੱਤਾ ਵਿਚ ਆ ਕੇ ਆਰਐੱਸਐੱਸ-ਭਾਜਪਾ ਨੇ ਆਪਣਾ ਚੁਣੌਤੀ ਰਹਿਤ ਵੋਟ ਆਧਾਰ ਤਿਆਰ ਕੀਤਾ। ਬਹੁਗਿਣਤੀ ਦੀ ਮਨੋਚੇਤਨਾ ਉੱਪਰ ਹਿੰਦੂ ਰਾਸ਼ਟਰਵਾਦ ਦੀ ਡੂੰਘੀ ਜਕੜ ਹੋਣ ਕਾਰਨ ਹਾਕਮ ਜਮਾਤੀ ਵਿਰੋਧੀ-ਧਿਰ ਪੂਰੀ ਤਰ੍ਹਾਂ ਗ਼ੈਰਪ੍ਰਸੰਗਿਕ ਹੋ ਗਈ ਹੈ। ਹਿੰਦੂ ਰਾਸ਼ਟਰਵਾਦੀ ਵਿਚਾਰਧਾਰਾ ਦਾ ਦਬਦਬਾ ਇਸ ਕਦਰ ਹੈ ਕਿ ਚੋਣ ਪ੍ਰਕਿਰਿਆ ਅਤੇ ਪਾਰਲੀਮੈਂਟ ਦੀਆਂ ਬਹਿਸਾਂ ਅੰਦਰ ਬਾਕੀ ਪਾਰਟੀਆਂ, ਕਿਸੇ ਇੱਕਾ-ਦੁੱਕਾ ਅੱਪਵਾਦ ਨੂੰ ਛੱਡ ਕੇ, ਅਕਸਰ ਹੀ ਹਿੰਦੂ ਰਾਸ਼ਟਰਵਾਦੀ ਸੁਰ ਵਿਚ ਸੁਰ ਮਿਲਾਉਂਦੀਆਂ ਦੇਖੀਆਂ ਜਾ ਸਕਦੀਆਂ ਹਨ। ਨੋਟਬੰਦੀ, ਜੀਐੱਸਟੀ ਵਰਗੇ ਵਿਆਪਕ ਤਬਾਹੀ ਮਚਾਉਣ ਵਾਲੇ ਫ਼ੈਸਲਿਆਂ ਦੇ ਬਾਵਜੂਦ ਆਰਐੱਸਐੱਸ-ਭਾਜਪਾ ਚੋਣਾਂ ਵਿਚ ਹਿੰਦੂ ਰਾਸ਼ਟਰਵਾਦ ਦੇ ਜ਼ੋਰ ਹੂੰਝਾ-ਫੇਰੂ ਜਿੱਤ ਹਾਸਲ ਕਰਨ ਦੇ ਸਮਰੱਥ ਹੈ। ਇਸ ਨੇ ਕੇਂਦਰ ਦੇ ਹੱਥ ਵਿਚ ਤਾਕਤਾਂ ਦਾ ਅਤਿਅੰਤ ਕੇਂਦਰੀਕਰਨ ਕਰ ਲਿਆ ਹੈ। ਖ਼ੁਦ ਹੁਕਮਰਾਨ ਧਿਰ ਦੇ ਅੰਦਰ ‘ਸੁਪਰੀਮ ਆਗੂ’ ਅਤੇ ਉਸ ਦੇ ਆਪਾਸ਼ਾਹ ਗੁੱਟ ਨੇ ਮਜ਼ਬੂਤ ਲੀਡਰਸ਼ਿਪ ਦੇ ਨਾਂ ਹੇਠ ਐਨੀਆਂ ਬੇਪਨਾਹ ਤਾਕਤਾਂ ਹਥਿਆ ਲਈਆਂ ਹਨ ਕਿ ਬਾਕੀ ਲੀਡਰਸ਼ਿਪ ਦੀ ਫ਼ੈਸਲੇ ਲੈਣ ਵਿਚ ਭੂਮਿਕਾ ਜ਼ੀਰੋ ਹੋ ਗਈ ਹੈ। ਜੁਡੀਸ਼ਰੀ ਸਮੇਤ ਸਮੁੱਚੇ ਰਾਜ-ਢਾਂਚੇ, ਉੱਚ ਸਿੱਖਿਆ ਸੰਸਥਾਵਾਂ, ਮੀਡੀਆ, ਭਾਵ ਸਮਾਜੀ ਜ਼ਿੰਦਗੀ ਦੇ ਹਰ ਪਹਿਲੂ ਵਿਚ ਫਾਸ਼ੀਵਾਦੀ ਵਿਚਾਰਧਾਰਾ ਨੇ ਡੂੰਘੀ ਘੁਸਪੈਠ ਕਰ ਲਈ ਹੈ। ਜਮਹੂਰੀ ਵਿਰੋਧ ਅਤੇ ਅਸਹਿਮਤੀ ਦੇ ਹੱਕ ਨੂੰ ਦੇਸ਼ਧ੍ਰੋਹ ਬਣਾ ਦਿੱਤਾ ਗਿਆ ਹੈ। ਵੱਖ-ਵੱਖ ਨਾਵਾਂ ਹੇਠ ਡੇਟਾ ਸੰਗ੍ਰਹਿ ਕਰਕੇ ਸਰਵੇਲੈਂਸ ਸਟੇਟ ਥੋਪ ਦਿੱਤਾ ਗਿਆ ਹੈ। ਸੰਸਕ੍ਰਿਤੀਆਂ ਦੀ ਸਹਿਹੋਂਦ, ਵਿਚਾਰਾਂ ਦਾ ਆਦਾਨ-ਪ੍ਰਦਾਨ ਅਤੇ ਰਾਜਨੀਤਕ ਸੰਵਾਦ ਦੀ ਥਾਂ ਅਸਹਿਣਸ਼ੀਲਤਾ, ਬਹੁਗਿਣਤੀ ਦੀ ਧੌਂਸ ਅਤੇ ਰਾਜਕੀ ਸਰਪ੍ਰਸਤੀ ਵਾਲੀ ਦਹਿਸ਼ਤਵਾਦੀ ਹਿੰਸਾ ਨੇ ਲੈ ਲਈ ਹੈ। ਦਲਿਤਾਂ ਅਤੇ ਮੁਸਲਮਾਨਾਂ ਦੀਆਂ ਹਜੂਮੀ ਹੱਤਿਆਵਾਂ ਅਤੇ ਪੁਲਿਸ ਵੱਲੋਂ ਹੱਤਿਆਵਾਂ ‘ਨਿਊ ਨਾਰਮਲ’ ਬਣ ਗਈਆਂ ਹਨ।

ਸਾਧਵੀ ਪ੍ਰਗਿਆ ਸਿੰਘ, ਪ੍ਰਤਾਪ ਸਾਰੰਗੀ ਵਰਗੇ ਦਹਿਸ਼ਤਵਾਦਾਂ ਨੂੰ ਚੋਣਾਂ ਲੜਾ ਕੇ ਅਤੇ ਅਮਿਤ ਸ਼ਾਹ ਨੂੰ ਗ੍ਰਹਿ ਮੰਤਰੀ ਬਣਾ ਕੇ ਆਰਐੱਸਐੱਸ-ਭਾਜਪਾ ਨੇ ਹੋਰ ਵੀ ਬੇਕਿਰਕੀ ਨਾਲ ਪੇਸ਼ ਆਉਣ ਦੇ ਸੰਕੇਤ ਪਹਿਲਾਂ ਹੀ ਦੇ ਦਿੱਤੇ ਸਨ। ਫਿਰ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕਰਕੇ, ਬਾਬਰੀ ਮਸਜਿਦ ਵਿਵਾਦ ਦਾ ਫ਼ੈਸਲਾ ਆਪਣੀ ਇੱਛਾ ਅਨੁਸਾਰ ਕਰਵਾ ਕੇ ਅਤੇ ਫਿਰਕੂ ਨਾਗਰਿਕਤਾ ਸੋਧ ਕਾਨੂੰਨ ਥੋਪਕੇ ਆਰਐੱਸਐੱਸ ਨੇ ਇਹ ਸਾਫ਼ ਸੰਦੇਸ਼ ਦੇ ਦਿੱਤਾ ਕਿ ਹੁਣ ਉਹਨਾਂ ਦੀ ਮਰਜ਼ੀ ਹੀ ਕਾਨੂੰਨ ਹੈ ਅਤੇ ਰਾਜ ਢਾਂਚੇ ਦਾ ਹਰ ਕਲ-ਪੁਰਜਾ ਨਾਗਪੁਰੀ ਆਦੇਸ਼ ਅਨੁਸਾਰ ਕੰਮ ਕਰੇਗਾ। ਚਾਹੇ ਭੀਮਾ-ਕੋਰੇਗਾਓਂ ਦੇ ਮਾਮਲੇ ਹਨ ਜਾਂ ਸੀਏਏ ਖ਼ਿਲਾਫ਼ ਅੰਦੋਲਨਾਂ ਦੌਰਾਨ ਹਿੰਸਾ ਦੇ, ਹਰ ਮਾਮਲੇ ਵਿਚ ਪੁਲਿਸ ਭਗਵੇਂ ਮੁਜਰਿਮਾਂ ਦੀ ਬਜਾਏ ਬੇਕਸੂਰ ਕਾਰਕੁੰਨਾਂ, ਬੁੱਧੀਜੀਵੀਆਂ, ਸੰਘ ਦੇ ਆਲੋਚਕਾਂ ਉੱਪਰ ਯੂਏਪੀਏ ਲਗਾ ਕੇ ਉਹਨਾਂ ਨੂੰ ਜੇਲ੍ਹ ਭੇਜ ਰਹੀ ਹੈ ਅਤੇ ਜੁਡੀਸ਼ਰੀ ਪੁਲਿਸ ਦੀਆਂ ਮਨਘੜਤ ਕਹਾਣੀਆਂ ਨੂੰ ਅੱਖਾਂ ਮੀਟ ਕੇ ਸਵੀਕਾਰ ਕਰ ਰਹੀ ਹੈ।

ਬਾਬਰੀ ਮਸਜਿਦ ਮਾਮਲੇ ਵਿਚ ਧੱਕੇਸ਼ਾਹੀ ਅਤੇ ਸੀਏਏ ਵਿਰੁੱਧ ਮੁਸਲਿਮ ਅਵਾਮ ਦੇ ਤਹੱਮਲ ਭਰੇ ਸੰਘਰਸ਼ ਅਤੇ ਇਸ ਵਿਚ ਜਮਹੂਰੀ, ਇਨਸਾਫ਼ਪਸੰਦ ਤਾਕਤਾਂ ਤੇ ਹੋਰ ਦੱਬੇਕੁਚਲੇ ਹਿੱਸਿਆਂ ਦੀ ਸਰਗਰਮ ਸ਼ਮੂਲੀਅਤ ਨਾਲ ਜੋ ਨਵੀਂ ਜਮਹੂਰੀ ਚੇਤਨਾ ਅਤੇ ਰਾਜਨੀਤਕ ਸੋਝੀ ਉਭਰਨੀ ਸ਼ੁਰੂ ਹੋਈ ਸੀ, ਖ਼ਾਸ ਕਰਕੇ ਸਾਧਾਰਨ ਮੁਸਲਿਮ ਔਰਤਾਂ ਦੀ ਬੇਮਿਸਾਲ ਹਿੱਸੇਦਾਰੀ ਅਤੇ ਪੜ੍ਹੀਆਂ-ਲਿਖੀਆਂ ਵਿਦਿਆਰਥਣਾਂ ਦੀ ਆਗੂ ਭੂਮਿਕਾ ਦੇ ਰੂਪ ’ਚ, ਉਸ ਨੂੰ ਕੁਚਲਣ ਲਈ ਸੰਘ ਬਰਗੇਡ ਨੇ ਪੂਰੀ ਤਾਕਤ ਝੋਕ ਦਿੱਤੀ। ਕਿਉਂਕਿ ਇਸ ਵਿਚ ਆਰਐੱਸਐੱਸ ਦੇ ਏਜੰਡੇ ਨੂੰ ਸਖ਼ਤ ਟੱਕਰ ਦੇਣ ਅਤੇ ਅਵਾਮ ਨੂੰ ਜਗਾਉਣ ਦੀ ਪੁਰਜ਼ੋਰ ਸਮਰੱਥਾ ਸੀ। ਇਸ ਦੌਰਾਨ ਕਰੋਨਾ ਮਹਾਮਾਰੀ ਹੁਕਮਰਾਨਾਂ ਲਈ ਵਰਦਾਨ ਬਣ ਕੇ ਆਈ। ਮਹਾਮਾਰੀ ਦੇ ਬਹਾਨੇ ਇਸ ਵਿਸ਼ਾਲ ਸੰਭਾਵਨਾਵਾਂ ਵਾਲੀ ਲੋਕ ਲਾਮਬੰਦੀ ਨੂੰ ਬੇਕਿਰਕੀ ਨਾਲ ਕੁਚਲ ਦਿੱਤਾ ਗਿਆ।




ਕਰੋਨਾ ਮਹਾਂਮਾਰੀ ਨੂੰ ਰੋਕਣ ਦੇ ਨਾਂ ਹੇਠ ਥੋਪੇ ਲੌਕਡਾਊਨ ਦੌਰਾਨ ਆਰਐੱਸਐੱਸ-ਭਾਜਪਾ ਵੱਲੋਂ ਲੋਕਾਂ ਦੇ ਜੀਵਨ-ਗੁਜ਼ਾਰੇ, ਹੱਕ-ਜਤਾਈ ਅਤੇ ਜਮਹੂਰੀ ਹੱਕਾਂ ਉੱਪਰ ਹਮਲੇ ਹੋਰ ਤਿੱਖੇ ਕਰ ਦਿੱਤੇ ਗਏ। ਉਦਯੋਗਿਕ ਕਾਰੋਬਾਰਾਂ ਨੂੰ ਉਤਸ਼ਾਹਤ ਕਰਨ ਦੇ ਬਹਾਨੇ ਕਿਰਤ ਕਾਨੂੰਨ ਮੁਅੱਤਲ ਕਰ ਦਿੱਤੇ ਗਏ। ਕਿਸਾਨੀ ਨੂੰ ਤਬਾਹ ਕਰਨ ਵਾਲੇ ਤਿੰਨ ਆਰਡੀਨੈਂਸ ਥੋਪ ਦਿੱਤੇ ਗਏ। ਹਵਾਈ ਅੱਡਿਆਂ ਦੀ ਨੀਲਾਮੀ, ਰੇਲਵੇ ਦਾ ਨਿੱਜੀਕਰਨ ਅਤੇ ਹੋਰ ਪ੍ਰੋਜੈਕਟਾਂ ਲਈ ਜ਼ਮੀਨਾਂ ਐਕਵਾਇਰ ਕਰਨ ਦੇ ਬਕਾਇਆ ਕੰਮ ਪੂਰੇ ਕਰ ਲਏ ਗਏ। ਉੱਘੇ ਬੁੱਧੀਜੀਵੀ ਅਤੇ ਸੀਏਏ ਵਿਰੁੱਧ ਸੰਘਰਸ਼ ਦੇ ਆਗੂ ਕਾਰਕੁੰਨ ਗ੍ਰਿਫ਼ਤਾਰ ਕਰਕੇ ਯੂਏਪੀਏ ਤਹਿਤ ਜੇਲ੍ਹਾਂ ਵਿਚ ਡੱਕ ਦਿੱਤੇ ਗਏ। ਲੌਕਡਾਊਨ ਦੌਰਾਨ ਪੁਲਿਸ ਤਾਕਤ ਦਾ ਬੇਦਰੇਗ ਇਸਤੇਮਾਲ, ਪ੍ਰਵਾਸੀ ਕਿਰਤੀਆਂ ਨਾਲ ਜਾਨਵਰਾਂ ਤੋਂ ਵੀ ਭੈੜਾ ਸਲੂਕ ਸਟੇਟ ਦੇ ਅਵਾਮ ਵਿਰੋਧੀ ਰਵੱਈਏ ਦੇ ਨਾਲ-ਨਾਲ ਮੁਜਰਮਾਨਾ ਕੋਤਾਹੀ ਅਤੇ ਅਣਮਨੁੱਖੀ ਗਵਰਨੈਂਸ ਦੀ ਇੰਤਹਾ ਹੈ। ਰਾਸ਼ਟਰਵਾਦੀ ਜਨੂੰਨ ਦੇ ਬੋਲਬਾਲੇ, ਜਮਹੂਰੀ ਚੇਤਨਾ ਦੀ ਘਾਟ ਅਤੇ ਸਥਾਪਤੀ ਵਿਰੋਧੀ ਅਸਰਦਾਰ ਲਹਿਰ ਦੀ ਅਣਹੋਂਦ ’ਚ ਤਾਨਾਸ਼ਾਹ ਹੁਕਮਰਾਨ ਆਪਣੇ ਮਹਾਂ-ਝੂਠ ਨੂੰ ਸਮਾਜ ਉੱਪਰ ਥੋਪਣ, ਮਹਾਮਾਰੀ ਦੌਰਾਨ ਵੀ ਹਥਿਆਰਾਂ ਦੇ ਸੌਦਿਆਂ ਅਤੇ ਹੋਰ ਵਾਹਿਯਾਤ ਪ੍ਰੋਜੈਕਟਾਂ ਉੱਪਰ ਟੈਕਸਾਂ ਦਾ ਪੈਸਾ ਪਾਣੀ ਵਾਂਗ ਰੋੜ੍ਹਣ, ਕਾਰਪੋਰੇਟ ਹਿਤਾਂ ਲਈ ਪੂਰੇ ਮੁਲਕ ਨੂੰ ਦਾਅ ’ਤੇ ਲਾਉਣ, ਫੋਕੇ ਰਾਹਤ ਪੈਕੇਜਾਂ ਰਾਹੀਂ ਅਵਾਮ ਨੂੰ ਮੂਰਖ ਬਣਾਉਣ ਅਤੇ ਅਵਾਮ ਨੂੰ ਟਿੱਚ ਜਾਣ ਕੇ ਘਿਣਾਉਣੀਆਂ ਚੋਣ ਮੁਹਿੰਮਾਂ ਵਿੱਢਣ ’ਚ ਸਹਿਜੇ ਹੀ ਕਾਮਯਾਬ ਹੋ ਰਹੇ ਹਨ। ਸੱਤਾ ਨੂੰ ਸਵਾਲ ਕਰਨਾ ਜੁਰਮ ਹੈ। ਕੋਵਿਡ-19 ਦੀ ਸੱਚੀ ਰਿਪੋਰਟਿੰਗ ਕਰਨ ਦੇ ਜੁਰਮ ’ਚ ਪੂਰੇ ਦੇਸ਼ ਵਿਚ ਵਿਨੋਦ ਦੂਆ ਵਰਗੇ ਸੀਨੀਅਰ ਪੱਤਰਕਾਰਾਂ ਸਮੇਤ 55 ਪੱਤਰਕਾਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਗ੍ਰਿਫ਼ਤਾਰੀਆਂ, ਝੂਠੇ ਮਾਮਲਿਆਂ ਨੂੰ ਫਸਾਉਣਾ ਅਤੇ ਧਮਕੀਆਂ ਆਮ ਗੱਲ ਹੈ।

ਐਮਰਜੈਂਸੀ ਦੇ ਦੌਰ ਨਾਲੋਂ ਹੁਣ ਦੀ ਸਥਿਤੀ ਇਸ ਲਿਹਾਜ਼ ਨਾਲ ਵੱਖਰੀ ਹੈ ਕਿ ਕੌਮਾਂਤਰੀ ਪੱਧਰ ’ਤੇ ਘੋਰ ਸੱਜੇਪੱਖੀ ਵਿਚਾਰਧਾਰਾ ਦਾ ਪੂਰਾ ਬੋਲਬਾਲਾ ਹੈ। ਨਾ ਵਿਰੋਧੀ-ਧਿਰ ਕੋਲ ਹੁਕਮਰਾਨ ਧਿਰ ਨੂੰ ਚੁਣੌਤੀ ਦੇਣ ਲਈ ‘ਸੰਪੂਰਨ ਕ੍ਰਾਂਤੀ’ ਦਾ ਸੱਦਾ ਦੇਣ ਵਾਲਾ ਜੈਪ੍ਰਕਾਸ਼ ਨਰਾਇਣ ਵਰਗਾ ਸਾਂਝਾ ਆਗੂ ਹੈ ਅਤੇ ਨਾ ਵਿਰੋਧੀ-ਧਿਰ ਕੋਲ ਹੁਕਮਰਾਨ ਧਿਰ ਨਾਲ ਟੱਕਰ ਲੈਣ ਦਾ ਦਮ-ਖ਼ਮ ਹੈ। ਰਾਸ਼ਟਰਵਾਦੀ ਜਨੂੰਨ ਲੋਕਾਈ ਦੇ ਬੁਨਿਆਦੀ ਮੰਗਾਂ ਤੇ ਮਸਲਿਆਂ ਅਤੇ ਸਮਾਜੀ ਨਿਆਂ ਦੀ ਆਵਾਜ਼ ਨੂੰ ਰਾਸ਼ਟਰ-ਭਗਤੀ ਦੀ ਕਾਵਾਂਰੌਲ਼ੀ ਵਿਚ ਡੁਬੋਕੇ ਅਸਲ ਮਸਲਿਆਂ ਬਾਰੇ ਟਾਲਾ ਵੱਟਣ ਦਾ ਅਜ਼ਮਾਇਆ ਹੋਇਆ ਹਥਿਆਰ ਹੈ ਜੋ ਕਾਮਯਾਬ ਹੋ ਰਿਹਾ ਹੈ। ਚੀਨ ਅਤੇ ਪਾਕਿਸਤਾਨ ਨਾਲ ਸਰਹੱਦੀ ਝੜਪਾਂ ਦੀਆਂ ਖ਼ਬਰਾਂ ਨੇ ਮਹਾਮਾਰੀ ਨਾਲ ਜੁੜੇ ਸਵਾਲਾਂ ਦੀ ਚਰਚਾ ਰੋਲ ਦਿੱਤੀ ਹੈ। ਫਿਰ ਵੀ, ਹੁਕਮਰਾਨ ਜਾਣਦੇ ਹਨ ਕਿ ਫੋਕੀਆਂ ਮੁਹਿੰਮਾਂ ਅਤੇ ਰਾਜਨੀਤਕ ਸਟੰਟਾਂ ਦੀ ਮਦਦ ਨਾਲ ਅਵਾਮੀ ਵਿਰੋਧ ਨੂੰ ਹਮੇਸ਼ਾ ਲਈ ਦਬਾਉਣਾ ਸੰਭਵ ਨਹੀਂ। ਆਉਣ ਵਾਲੇ ਦਿਨਾਂ ਵਿਚ ਇਹ ਹੈਂਕੜਬਾਜ਼ ਹਕੂਮਤ ਆਮ ਲੋਕਾਈ ਉੱਪਰ ਹੋਰ ਨਵੇਂ ਬੋਝ ਲੱਦਕੇ ਉਹਨਾਂ ਦੀ ਜ਼ਿੰਦਗੀ ਨੂੰ ਹੋਰ ਮੁਸ਼ਕਲ ਬਣਾਏਗੀ। ਲਿਹਾਜ਼ਾ ਅਵਾਮੀ ਵਿਰੋਧ ਵੀ ਨਵੇਂ ਰੂਪ ਵਿਚ ਉੱਠੇਗਾ। ਫਾਸ਼ੀਵਾਦੀ ਹਕੂਮਤ ਵੱਲੋਂ ਸੱਤਾ ਦੀ ਸਲਾਮਤੀ ਨੂੰ ਖ਼ਤਰਾ ਦੇਖਕੇ ਹੋਰ ਵੀ ਤਿੱਖੇ ਜਬਰ ਦਾ ਸਹਾਰਾ ਲਿਆ ਜਾਵੇਗਾ।

ਸੱਤਾ ਦੀਆਂ ਮਨਮਾਨੀਆਂ ਨੂੰ ਠੱਲਣ ਲਈ ਜਥੇਬੰਦ ਜਮਹੂਰੀ ਵਿਰੋਧ ਹੀ ਅਵਾਮ ਕੋਲ ਆਪਣੇ ਹਿਤਾਂ ਦੀ ਰਾਖੀ ਅਤੇ ਜ਼ਿੰਦਗੀ ਦੀ ਬਿਹਤਰੀ ਦਾ ਇਕੋਇਕ ਰਾਹ ਹੈ। ਇਹ ਫਿਰ ਹੀ ਸੰਭਵ ਹੈ ਜੇ ਅਵਾਮ ਸੀਏਏ ਵਿਰੁੱਧ ਅੰਦੋਲਨ ਦੀ ਤਰਜ਼ ’ਤੇ ਮੁੜ ਸੜਕਾਂ ਉੱਪਰ ਆਉਂਦੇ ਹਨ।

# ਕੋਰੋਨਾ ਤਾਂ ਬਹਾਨਾ ਹੈ

- ਚੰਦ ਫਤਿਹਪੁਰੀ

ਦੁਨੀਆ ਭਰ 'ਚ ਮਹਾਂਮਾਰੀਆਂ ਦਾ ਇਤਿਹਾਸ ਬੜਾ ਪੁਰਾਣਾ ਹੈ। ਪਿਛਲੀ ਇੱਕ ਸਦੀ ਦੌਰਾਨ ਅਨੇਕਾਂ ਮਹਾਂਮਾਰੀਆਂ ਫੈਲੀਆਂ ਹਨ। ਇਨ੍ਹਾਂ ਵਿੱਚੋਂ ਤਿੰਨ ਮਹਾਂਮਾਰੀਆਂ ਏਡਜ਼ ਮਹਾਂਮਾਰੀ (1981), ਰਿਸਪੇਟਰੀ ਸਿੰਡਰੋਮ ਕੋਰੋਨਾ ਵਾਇਰਸ ਮਹਾਂਮਾਰੀ (2012) ਤੇ ਈਬੋਲਾ ਮਹਾਂਮਾਰੀ (2013) ਹੁਣ ਤੱਕ ਵੀ ਜਾਰੀ ਹਨ ਤੇ ਇਨ੍ਹਾਂ ਦਾ ਕੋਈ ਟੀਕਾ ਲੱਭਿਆ ਨਹੀਂ ਜਾ ਸਕਿਆ।

ਕੋਵਿਡ-19 ਚੌਥੀ ਮਹਾਂਮਾਰੀ ਹੈ। ਪਹਿਲੀਆਂ ਤਿੰਨਾਂ ਮਹਾਂਮਾਰੀਆਂ ਸਮੇਂ ਨਾ ਕੋਈ ਲਾਕਡਾਊਨ ਕੀਤਾ ਗਿਆ ਸੀ ਤੇ ਨਾ ਹੀ ਅੱਜ ਜਿੰਨੀ ਅਫ਼ਰਾ-ਤਫ਼ਰੀ ਮਚੀ ਸੀ। ਫਿਰ ਕੀ ਕਾਰਨ ਹੈ ਕਿ ਕੋਰੋਨਾ ਦੇ ਨਾਂਅ ਨਾਲ ਮਸ਼ਹੂਰ ਹੋ ਚੁੱਕੀ ਇਸ ਮਹਾਂਮਾਰੀ ਦੌਰਾਨ ਸਾਰੇ ਸੰਸਾਰ ਨੂੰ ਅਜਿਹੇ ਲਾਕਡਾਊਨ ਦਾ ਸਾਹਮਣਾ ਕਰਨਾ ਪਿਆ, ਜਿਸ ਨੇ ਸੰਸਾਰ ਅਰਥ-ਵਿਵਸਥਾ ਨੂੰ ਤਬਾਹੀ ਕੰਢੇ ਲਿਆ ਖੜ੍ਹਾ ਕੀਤਾ ਹੈ। ਜੇਕਰ ਅਸੀਂ ਗਹੁ ਨਾਲ ਵਾਚੀਏ ਤਾਂ ਪਤਾ ਲੱਗੇਗਾ ਮਹਾਂਮਾਰੀ ਦੇ ਡਰ ਕਾਰਨ ਜਦੋਂ ਸਭ ਕੰਪਨੀਆਂ ਦੇ ਸ਼ੇਅਰ ਡੁੱਬ ਰਹੇ ਸਨ ਤਾਂ ਸੂਚਨਾ ਤਕਨੀਕੀ ਕੰਪਨੀਆਂ ਗੂਗਲ, ਮਾਈਕਰੋਸਾਫਟ, ਫੇਸਬੁਕ ਤੇ ਟਵਿੱਟਰ ਆਦਿ ਦੇ ਸ਼ੇਅਰ ਸਿਖਰਾਂ ਛੂਹ ਰਹੇ ਸਨ। ਇਸ ਸਾਰੇ ਸਮੇਂ ਦੌਰਾਨ ਇਨ੍ਹਾਂ ਕੰਪਨੀਆਂ ਨੇ ਅਥਾਹ ਮੁਨਾਫ਼ਾ ਕਮਾਇਆ। ਇਸ ਸਮੇਂ ਅਸੀਂ ਜੋ ਮਹਿਸੂਸ ਨਹੀਂ ਕਰ ਰਹੇ ਉਹ ਇਹ ਹੈ ਕਿ ਕੋਰੋਨਾ ਮਹਾਂਮਾਰੀ ਦੇ ਬਹਾਨੇ ਸਾਨੂੰ ਤੀਜੇ ਵਿਸ਼ਵ ਯੁੱਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਹ ਯੁੱਧ ਸੂਚਨਾ ਤਕਨੀਕੀ ਯੋਧਿਆਂ ਤੇ ਦਵਾਈ ਕੰਪਨੀਆਂ ਦੇ ਮੁਹਰੈਲਾਂ ਦੇ ਗੱਠਜੋੜ ਵੱਲੋਂ ਸ਼ੁਰੂ ਕੀਤਾ ਗਿਆ ਹੈ। ਇਸ ਲੜਾਈ ਦਾ ਮੁੱਖ ਸਰਗਣਾ ਦੁਨੀਆ ਵਿੱਚ ਸਭ ਤੋਂ ਵੱਡਾ ਦਾਨੀ ਗਿਣਿਆ ਜਾਂਦਾ ਬਿਲ ਗੇਟਸ ਹੈ। ਕੋਰੋਨਾ ਮਹਾਂਮਾਰੀ ਦਾ ਟਾਕਰਾ ਕਰਨ ਵਾਲੀ ਸੰਸਾਰ ਸਿਹਤ ਸੰਸਥਾ ਨੂੰ ਸਭ ਤੋਂ ਵੱਧ ਧਨ ਉਸ ਦੀ ਬਿਲ ਐਂਡ ਮਿਲਿੰਡਾ ਗੇਟਸ ਫਾਊਂਡੇਸ਼ਨ ਤੇ ਉਸ ਦੀ ਸਹਾਇਕ ਕੰਪਨੀ ਵੈਕਸੀਨ ਐਂਡ ਟੀਕਾਕਰਨ ਲਈ ਗਲੋਬਲ ਅਲਾਇੰਸ ਵੱਲੋਂ ਮਿਲਦਾ ਹੈ। ਸੰਸਾਰ ਸਿਹਤ ਸੰਸਥਾ ਕਹਿਣ ਨੂੰ ਤਾਂ ਸੰਯੁਕਤ ਰਾਸ਼ਟਰ ਦੀ ਸੰਸਥਾ ਹੈ, ਪਰ ਅਸਲੀ ਸਰਵੇ-ਸਰਵਾ ਉਸ ਦਾ ਬਿਲ ਗੇਟਸ ਹੈ। ਬਿਲ ਗੇਟਸ ਹਰ ਸਾਲ ਸਭ ਦੇਸ਼ਾਂ ਦੀਆਂ ਸਿਹਤ ਕਾਰਜਾਂ ਸੰਬੰਧੀ ਸਰਕਾਰੀ ਸੰਸਥਾਵਾਂ ਸਮੇਤ ਸਾਡੀ ਮੈਡੀਕਲ ਖੋਜ ਕੌਂਸਲ ਉੱਤੇ ਲੱਖਾਂ ਡਾਲਰ ਖਰਚਦਾ ਹੈ। ਇਸ ਲਈ ਕੋਰੋਨਾ ਮਹਾਂਮਾਰੀ ਵਿਰੁੱਧ ਲੜਨ ਦੇ ਨਾਂਅ ਉੱਤੇ ਪਿਛਲੇ ਚਾਰ ਮਹੀਨੇ ਤੋਂ ਚੱਲ ਰਿਹਾ ਨਾਟਕ ਉਸ ਕੜੀ ਦਾ ਹਿੱਸਾ ਹੈ, ਜਿਸ ਦਾ ਜਾਲ ਪਿਛਲੇ ਕਈ ਸਾਲਾਂ ਤੋਂ ਵਿਛਾਇਆ ਜਾ ਰਿਹਾ ਸੀ। ਸੰਸਾਰ ਸਿਹਤ ਸੰਸਥਾ ਨੇ 11 ਮਾਰਚ ਨੂੰ ਕੋਵਿਡ-19 ਨੂੰ ਮਹਾਂਮਾਰੀ ਐਲਾਨਿਆ ਸੀ, ਪਰ ਉਸ ਤੋਂ ਇੱਕ ਮਹੀਨਾ ਪਹਿਲਾਂ 15 ਫ਼ਰਵਰੀ ਨੂੰ ਸਿਹਤ ਸੰਸਥਾ ਦੇ ਨੁਮਾਇੰਦੇ ਡਾ. ਟੇਡਰੋਸ ਨੇ ਇਹ ਬਿਆਨ ਦਿੱਤਾ ਕਿ ਕੋਰੋਨਾ ਵਾਇਰਸ ਦੀ ਤੁਲਨਾ ਵਿੱਚ ਫੇਕ ਨਿਊਜ਼ ਵੱਧ ਤੇਜ਼ੀ ਨਾਲ ਫੈਲਦੀ ਹੈ, ਇਸ ਲਈ ਅਸੀਂ ਮੀਡੀਆ ਕੰਪਨੀਆਂ ਗੂਗਲ, ਫੇਸਬੁੱਕ, ਟਵਿੱਟਰ, ਯੂ ਟਿਊਬ ਤੇ ਟਿਕਟਾਕ ਆਦਿ ਨਾਲ ਮਿਲ ਕੇ ਕੰਮ ਕਰਨ ਦਾ ਫ਼ੈਸਲਾ ਕੀਤਾ ਹੈ।

ਮਹਾਂਮਾਰੀ ਐਲਾਨਣ ਦੇ ਤਿੰਨ ਦਿਨ ਬਾਅਦ 17 ਮਾਰਚ ਨੂੰ ਫੇਸਬੁੱਕ, ਗੂਗਲ, ਟਵਿੱਟਰ ਤੇ ਯੂ ਟਿਊਬ ਸਮੇਤ ਸਭ ਮੀਡੀਆ ਕੰਪਨੀਆਂ ਵੱਲੋਂ ਇਹ ਸਾਂਝਾ ਬਿਆਨ ਜਾਰੀ ਕੀਤਾ ਗਿਆ ਕਿ ਉਹ ਦੁਨੀਆ ਦੇ ਲੋਕਾਂ ਦੀ ਸਿਹਤ ਦੇ ਹਿੱਤ ਵਿੱਚ ਕੋਵਿਡ-19 ਸੰਬੰਧੀ ਸੰਸਾਰ ਸਿਹਤ ਸੰਸਥਾ ਦੇ ਵਿਰੋਧ ਕਰਨ ਵਾਲੀ ਕਿਸੇ ਵੀ ਸੂਚਨਾ ਨੂੰ ਥਾਂ ਨਹੀਂ ਦੇਣਗੇ। ਇਸ ਦੇ ਨਾਲ ਹੀ ਇਨ੍ਹਾਂ ਕੰਪਨੀਆਂ ਨੇ ਆਪਣੀਆਂ ਕੰਪਨੀਆਂ ਦੇ ਪਲੇਟਫਾਰਮਾਂ ਉੱਤੇ ਪ੍ਰਕਾਸ਼ਤ ਹੋਣ ਵਾਲੀ ਸਮਗਰੀ ਦੀ ਨਜ਼ਰਸਾਨੀ ਸ਼ੁਰੂ ਕਰ ਦਿੱਤੀ। ਬਹੁਤ ਸਾਰੇ ਮੈਡੀਕਲ ਨਾਲ ਸੰਬੰਧਤ ਮਾਹਰਾਂ ਤੇ ਵਿਗਿਆਨੀਆਂ ਦੇ ਕੋਵਿਡ-19 ਸੰਬੰਧੀ ਛਪੇ ਲੇਖਾਂ ਨੂੰ ਹਟਾ ਦਿੱਤਾ ਗਿਆ। ਸ਼ੁਰੂ ਤੋਂ ਹੀ ਇਹ ਕੋਸ਼ਿਸ਼ ਕੀਤੀ ਗਈ ਕਿ ਕੋਵਿਡ-19 ਨੂੰ ਭਿਅੰਕਰ ਮਹਾਂਮਾਰੀ ਵਜੋਂ ਪੇਸ਼ ਕੀਤਾ ਜਾਵੇ। ਇਸ ਸੰਬੰਧੀ ਸੂਚਨਾ ਤਕਨੀਕ ਦੀ ਪੂਰੀ ਵਰਤੋਂ ਕੀਤੀ ਗਈ। ਸੰਸਾਰ ਸਿਹਤ ਸੰਸਥਾ ਨੇ ਇਸ ਨਾਲ ਹੋਣ ਵਾਲੀਆਂ ਮੌਤਾਂ ਦਾ ਅੰਕੜਾ 50 ਲੱਖ ਪੇਸ਼ ਕਰ ਦਿੱਤਾ। ਇਸ ਨੇ ਇੰਟਰਨੈੱਟ ਦੇ ਵੱਡੇ ਉਪਭੋਗਤਾ ਮੱਧ ਵਰਗ ਨੂੰ ਹਿਲਾ ਕੇ ਰੱਖ ਦਿੱਤਾ। ਸਾਡੇ ਦੇਸ਼ ਵਿੱਚ ਫੇਸਬੁਕ ਦੇ 28 ਕਰੋੜ ਤੇ ਵਟਸਐੱਪ ਦੇ 40 ਕਰੋੜ ਗਾਹਕ ਹਨ। ਸਭ ਪਾਸੇ ਕੋਰੋਨਾ-ਕੋਰੋਨਾ ਹੋਣੀ ਸ਼ੁਰੂ ਹੋ ਗਈ।

ਅੰਕੜੇ ਇਸ ਤਰ੍ਹਾਂ ਪੇਸ਼ ਕੀਤੇ ਜਾ ਰਹੇ ਹਨ ਕਿ ਦੇਖਣ ਵਾਲੇ ਦਾ ਤਰਾਹ ਨਿਕਲ ਜਾਵੇ। ਅੱਜ ਵੀ ਜਦੋਂ ਕੋਰੋਨਾ ਨਾਲ ਪੀੜਤਾਂ ਦਾ ਅੰਕੜਾ ਪੇਸ਼ ਕੀਤਾ ਜਾਂਦਾ ਹੈ, ਉਨ੍ਹਾਂ ਵਿੱਚ ਉਹ ਲੋਕ ਵੀ ਸ਼ਾਮਲ ਕੀਤੇ ਜਾਂਦੇ ਹਨ, ਜਿਹੜੇ ਠੀਕ ਹੋ ਕੇ ਘਰੀਂ ਪੁੱਜ ਚੁੱਕੇ ਹਨ।

ਇਹ ਸਾਰੇ ਜਾਣਦੇ ਹਨ ਕਿ ਮਰਨ ਵਾਲੇ 80 ਫ਼ੀਸਦੀ ਉਹ ਲੋਕ ਹਨ, ਜਿਹੜੇ ਹੋਰ ਗੰਭੀਰ ਬਿਮਾਰੀਆਂ ਤੋਂ ਪੀੜਤ ਸਨ, ਪਰ ਸਭ ਨੂੰ ਕੋਰੋਨਾ ਦੇ ਖਾਤੇ ਵਿੱਚ ਪਾ ਕੇ ਬਿਮਾਰੀ ਦੀ ਭਿਆਨਕਤਾ ਵਧਾ ਕੇ ਜ਼ਾਹਰ ਕੀਤੀ ਜਾ ਰਹੀ ਹੈ। ਹੁਣ ਸਾਡੀ ਮੈਡੀਕਲ ਖੋਜ ਕੌਂਸਲ ਨੇ ਸਭ ਹਸਪਤਾਲਾਂ ਨੂੰ ਨਿਰਦੇਸ਼ ਜਾਰੀ ਕੀਤੇ ਹਨ ਕਿ ਜੇਕਰ ਕਿਸੇ ਵਿਅਕਤੀ ਦੀ ਰਿਪੋਰਟ ਬਾਰੇ ਦੁਬਿਧਾ ਹੈ, ਪਰ ਜੇਕਰ ਉਸ ਨੂੰ ਖਾਂਸੀ, ਬੁਖਾਰ ਦੇ ਚਿੰਨ੍ਹ ਹਨ ਤਾਂ ਉਸ ਨੂੰ ਕੋਰੋਨਾ ਦੇ ਖਾਤੇ ਪਾਇਆ ਜਾਵੇ। ਜੇਕਰ ਕੋਰੋਨਾ ਰਿਪੋਰਟ ਨਹੀਂ ਆਈ ਤੇ ਵਿਅਕਤੀ ਮਰ ਜਾਵੇ, ਤਦ ਵੀ ਉਸ ਨੂੰ ਕੋਰੋਨਾ ਦੇ ਖਾਤੇ ਪਾਇਆ ਜਾਵੇ ਤੇ ਜੇਕਰ ਰਿਪੋਰਟ ਨੈਗੇਟਿਵ ਹੈ ਤੇ ਲੱਛਣ ਕੋਰੋਨਾ ਵਰਗੇ ਹਨ ਤਾਂ ਉਸ ਨੂੰ ਵੀ ਸੰਭਾਵਤ ਕੋਰੋਨਾ ਗਿਣਿਆ ਜਾਵੇ। ਇਹੋ ਨਹੀਂ, ਨਮੋਨੀਆ ਜਾਂ ਦਿਲ ਦੀ ਬਿਮਾਰੀ ਵਾਲੇ ਮਰੀਜ਼ਾਂ ਵਿੱਚ ਵੀ ਜੇਕਰ ਲੱਛਣ ਕੋਰੋਨਾ ਵਰਗੇ ਹਨ ਤਾਂ ਉਨ੍ਹਾਂ ਨੂੰ ਵੀ ਕੋਰੋਨਾ ਨਾਲ ਹੋਈ ਮੌਤ ਗਿਣਿਆ ਜਾਵੇ।



ਉਪਰੋਕਤ ਤੋਂ ਸਪੱਸ਼ਟ ਹੈ ਕਿ ਕੋਰੋਨਾ ਸੰਬੰਧੀ ਹੁੰਦੀ ਜਾਂਚ ਵੀ ਪੂਰੀ ਭਰੋਸੇਯੋਗ ਨਹੀਂ ਹੈ। ਇਸ ਸੰਬੰਧੀ ਇੱਕ ਉਦਾਹਰਣ ਪੇਸ਼ ਹੈ। ਤਨਜ਼ਾਨੀਆ ਦਾ ਰਾਸ਼ਟਰਪਤੀ ਜਾਨ ਮੈਗੁਫੁਲੀ ਰਸਾਇਣ ਸ਼ਾਸਤਰ ਵਿੱਚ ਪੀ ਐੱਚ ਡੀ ਹੈ। ਜਦੋਂ ਉਸ ਦੇ ਦੇਸ਼ ਵਿੱਚ ਇੱਕ ਮਹੀਨੇ ਵਿੱਚ ਕੋਰੋਨਾ ਕੇਸ 20 ਤੋਂ 480 ਹੋਏ ਤਾਂ ਉਸ ਨੂੰ ਸ਼ੱਕ ਹੋਇਆ। ਉਸ ਨੇ ਕੁਝ ਫਲਾਂ ਤੇ ਜਾਨਵਰਾਂ ਦੇ ਮਨੁੱਖਾਂ ਵਾਲੇ ਨਾਂਅ ਰੱਖ ਕੇ ਸੈਂਪਲ ਲੈ ਕੇ ਕੌਮੀ ਸਿਹਤ ਪ੍ਰਯੋਗਸ਼ਾਲਾ ਨੂੰ ਭੇਜ ਦਿੱਤੇ। ਪ੍ਰਯੋਗਸ਼ਾਲਾ ਵੱਲੋਂ ਭੇਜੇ ਨਤੀਜੇ ਵਿੱਚ ਇੱਕ ਪਪੀਤੇ ਤੇ ਇੱਕ ਬੱਕਰੀ ਦੇ ਸੈਂਪਲ ਨੂੰ ਪਾਜ਼ੀਟਿਵ ਦਿਖਾਇਆ ਗਿਆ।

ਰਾਸ਼ਟਰਪਤੀ ਨੇ ਤੁਰੰਤ ਪ੍ਰਯੋਗਸ਼ਾਲਾ ਦੇ ਮੁਖੀ ਨੂੰ ਬਰਖਾਸਤ ਕਰ ਦਿੱਤਾ ਤੇ ਨਾਲ ਸੰਸਾਰ ਸਿਹਤ ਸੰਸਥਾ ਦੀ ਟੀਮ ਨੂੰ ਦੇਸ਼ ਛੱਡਣ ਦਾ ਹੁਕਮ ਦੇ ਦਿੱਤਾ। ਯਾਦ ਕਰੋ, ਜਦੋਂ ਸੰਸਾਰ ਪੱਧਰ ਉੱਤੇ ਹਾਈਡ੍ਰੌਕਲੋਰੋਕੁਈਨ ਨੂੰ ਕੋਰੋਨਾ ਰੋਗ 'ਚ ਉਪਯੋਗੀ ਕਿਹਾ ਗਿਆ ਸੀ ਤਾਂ ਡੋਨਾਲਡ ਟਰੰਪ ਨੇ ਭਾਰਤ ਤੋਂ ਇਸ ਦੀ ਮੰਗ ਕੀਤੀ ਸੀ, ਪਰ ਕੁਝ ਦਿਨਾਂ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਉਸ ਦੇ ਸਾਈਡ ਇਫੈਕਟ ਦੇ ਮਾਰੂ ਹੋਣ ਦੇ ਚਰਚੇ ਚੱਲ ਪਏ ਤੇ ਸੰਸਾਰ ਸਿਹਤ ਸੰਸਥਾ ਨੇ ਉਸ ਦੀ ਵਰਤੋਂ ਉੱਤੇ ਰੋਕ ਲਾ ਦਿੱਤੀ ਸੀ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਸਾਡੇ ਉੱਤੇ ਮੜ੍ਹੀ ਗਈ ਸੂਚਨਾ ਕਰਾਂਤੀ ਦੀ ਮੌਜੂਦਾ ਜੰਗ ਲੰਮੀ ਚੱਲਣ ਵਾਲੀ ਹੈ। ਇਸ ਜੰਗ ਦੇ ਸਿੱਟੇ ਵਜੋਂ ਕਿੰਨੇ ਗੰਭੀਰ ਬਿਮਾਰੀਆਂ ਤੋਂ ਪੀੜਤ ਇਲਾਜ ਖੁਣੋਂ ਮਰ ਗਏ ਤੇ ਕਿੰਨੇ ਹੋਰ ਭੁੱਖ ਦੁੱਖੋਂ ਮਰ ਜਾਣੇ ਹਨ, ਇਸ ਦਾ ਕਿਸੇ ਨੇ ਹਿਸਾਬ ਨਹੀਂ ਰੱਖਣਾ। ਇਸ ਨਵੇਂ ਯੁੱਧ ਨੇ ਸਾਥੋਂ ਬਹੁਤ ਕੁਝ ਖੋਹ ਲਿਆ ਹੈ। ਇਸ ਨੇ ਲੋਕਾਂ ਵਿੱਚੋਂ ਭਾਈਚਾਰੇ ਤੇ ਦਯਾ ਦਾ ਖਾਤਮਾ ਕਰ ਦਿੱਤਾ ਹੈ। ਇਸ ਨੇ ਡਰ ਦਾ ਅਜਿਹਾ ਮਾਹੌਲ ਸਿਰਜ ਦਿੱਤਾ ਹੈ, ਜਿਸ ਨੇ ਸਾਡੇ ਅਵਚੇਤਨ ਮਨਾਂ ਉੱਤੇ ਗਹਿਰੀ ਸੱਟ ਮਾਰੀ ਹੈ।

ਸਾਡੇ ਪੇਂਡੂ ਭਾਈਚਾਰੇ ਦੇ ਲੋਕ ਜਿਹੜੇ ਜਾਤੀਵਾਦੀ ਮਾਹੌਲ 'ਚੋਂ ਨਿਕਲ ਕੇ ਸ਼ਹਿਰਾਂ ਦੇ ਖੁੱਲ੍ਹੇ-ਡੁੱਲ੍ਹੇ ਮਾਹੌਲ ਵਿੱਚ ਆਏ ਸਨ, ਮੁੜ ਉਸੇ ਜਾਤੀਵਾਦ ਦੀ ਜਿੱਲ੍ਹਣ ਵਿੱਚ ਫਸਣ ਲਈ ਮਜਬੂਰ ਹੋ ਗਏ ਹਨ। ਇਸ ਨਵੇਂ ਯੁੱਧ ਵਿੱਚ ਮਾਰੇ ਜਾਣ ਵਾਲੇ ਤਾਂ ਗਰੀਬ-ਗੁਰਬਾ ਹਨ, ਪਰ ਮਾਨਸਿਕ ਤੌਰ ਉੱਤੇ ਜ਼ਖ਼ਮੀ ਹੋਣ ਵਾਲਾ ਮੱਧ ਵਰਗ ਹੈ।


ਸੰਤਾਂ, ਬਾਬਿਆਂ, ਜੋਤਸ਼ੀਆਂ ਅਤੇ ਤਾਂਤਰਿਕਾਂ ਨੂੰ ਚੁਣੌਤੀ

ਤਰਕਸ਼ੀਲ ਸੁਸਾਇਟੀ ਪੰਜਾਬ ਰਜਿ. ਐਲਾਨ ਕਰਦੀ ਹੈ ਕਿ ਪੰਜ ਲੱਖ ਰੁਪਏ ਦਾ ਇਨਾਮ ਦੁਨੀਆ ਦੇ ਕਿਸੇ ਅਜਿਹੇ ਵਿਅਕਤੀ ਨੂੰ ਦੇਣ ਲਈ ਤਿਆਰ ਹੈ, ਜਿਹੜਾ ਧੋਖਾ-ਰਹਿਤ ਹਾਲਤਾਂ ਵਿੱਚ, ਕੋਈ ਚਮਤਕਾਰੀ ਜਾਂ ਅਲੌਕਿਕ ਸ਼ਕਤੀ ਦਾ ਵਿਖਾਵਾ ਕਰ ਸਕਦਾ ਹੋਵੇ। ਇਹ ਪੇਸ਼ਕਸ਼ ਸੁਸਾਇਟੀ ਨੂੰ ਪਹਿਲਾ ਇਨਾਮ ਜੇਤੂ ਮਿਲਣ ਤੱਕ ਖੁੱਲ੍ਹੀ ਹੋਵੇਗੀ। ਦੇਵ-ਪੁਰਸ਼, ਯੋਗੀ ਗੁਰੂ ਸਵਾਮੀ ਅਤੇ ਹੋਰ ਦੂਸਰੇ ਹੇਠ ਲਿਖੇ ਵਿੱਚੋਂ ਕਿਸੇ ਇੱਕ ਦਾ ਵਿਖਾਵਾ ਕਰਕੇ ਜਿੱਤ ਸਕਦੇ ਹਨ:

1. ਜਿਹੜਾ ਸੀਲਬੰਦ ਕਰੰਸੀ ਨੋਟ ਦੀ ਲੜੀ ਨੰਬਰ ਪੜ੍ਹ ਸਕਦਾ ਹੋਵੇ 2. ਜਿਹੜਾ ਕਿਸੇ ਕਰੰਸੀ ਨੋਟ ਦੀ ਠੀਕ ਨਕਲ ਪੈਦਾ ਕਰ ਸਕਦਾ ਹੋਵੇ, 3. ਜਿਹੜਾ ਬਲਦੀ ਹੋਈ ਅੱਗ 'ਤੇ ਅੱਧੇ ਮਿੰਟ ਲਈ ਬਿਨਾਂ ਜਲੇ ਨੰਗੇ ਪੈਰੀਂ ਖੜ੍ਹ ਸਕਦਾ ਹੋਵੇ, 4. ਅਜਿਹੀ ਵਸਤੂ ਜੋ ਅਸੀਂ ਮੰਗੀਏ, ਹਵਾ ਵਿੱਚੋਂ ਪੇਸ਼ ਕਰ ਸਕਦਾ ਹੋਵੇ, 5. ਮਨੋਵਿਗਿਆਨਕ ਸ਼ਕਤੀ ਨਾਲ ਕਿਸੇ ਵਸਤੂ ਨੂੰ ਹਿਲਾ ਦੇਵੇ ਜਾਂ ਮੋੜ ਦੇਵੇ। 6. ਟੈਲੀਪੈਥੀ ਰਾਹੀਂ ਕਿਸੇ ਦੂਸਰੇ ਵਿਅਕਤੀ ਦੇ ਵਿਚਾਰ ਪੜ੍ਹ ਕੇ ਦੱਸ ਸਕਦਾ ਹੋਵੇ, 7. ਪ੍ਰਮਾਤਮਾ ਜਾਂ ਦੇਵੀ-ਸ਼ਕਤੀ ਦੁਆਰਾ, ਗੰਗਾ ਜਲ ਨਾਲ ਜਾਂ ਪਵਿੱਤਰ ਰਾਖ ਨਾਲ ਆਪਣੇ ਸਰੀਰ ਦੇ ਅੰਗ ਨੂੰ ਇੱਕ ਇੰਚ ਵਧਾ ਸਕੇ, 8. ਜਿਹੜਾ ਯੋਗਿਕ ਸ਼ਕਤੀ ਨਾਲ ਹਵਾ ਵਿੱਚ ਉੱਡ ਸਕੇ, 9. ਯੋਗਿਕ ਸ਼ਕਤੀ ਨਾਲ ਪੰਜ ਮਿੰਟ ਲਈ ਆਪਣੀ ਨਬਜ਼ ਰੋਕ ਸਕੇ, 10. ਪਾਣੀ ਉੱਤੇ ਪੈਦਲ ਤੁਰ ਸਕੇ, 11 ਆਪਣਾ ਸਰੀਰ ਇੱਕ ਥਾਂ ਛੱਡ ਕੇ ਦੂਸਰੀ ਥਾਂ ਜਾ ਹਾਜ਼ਰ ਹੋਵੇ, 12. ਯੋਗਿਕ ਸ਼ਕਤੀ ਨਾਲ 30 ਮਿੰਟ ਲਈ ਸਾਹ ਕ੍ਰਿਆ ਰੋਕ ਸਕੇ, 13. ਭਗਤੀ ਜਾਂ ਇਲਾਹੀ ਸ਼ਕਤੀ ਰਾਹੀਂ ਗਿਆਨ ਹਾਸਲ ਕਰ ਸਕੇ ਅਤੇ ਰਚਨਾਤਮਕ ਬੁੱਧੀ ਦਾ ਵਿਕਾਸ ਕਰੇ, 14. ਪੁਨਰ-ਜਨਮ ਦੇ ਤੌਰ 'ਤੇ ਕੋਈ ਅਨੋਖੀ ਭਾਸ਼ਾ ਬੋਲ ਸਕੇ, 15. ਅਜਿਹੀ ਆਤਮਾ ਜਾਂ ਪ੍ਰੇਤ ਨੂੰ ਹਾਜ਼ਰ ਕਰੇ ਜਿਸਦੀ ਫੋਟੋ ਖਿੱਚੀ ਜਾ ਸਕਦੀ ਹੋਵੇ, 16. ਫੋਟੋ ਖਿੱਚ ਲੈਣ ਪਿੱਛੋਂ ਆਤਮਾ ਜਾਂ ਪ੍ਰੇਤ ਫੋਟੋ ਤੋਂ ਅਲੋਪ ਹੋ ਸਕੇ, 17. ਜਿੰਦਰਾ ਲੱਗੇ ਕਮਰੇ ਵਿੱਚੋਂ ਅਲੌਕਿਕ ਸ਼ਕਤੀ ਨਾਲ ਬਾਹਰ ਨਿਕਲ ਸਕੇ, 18. ਕਿਸੇ ਵਸਤੂ ਦਾ ਭਾਰ ਵਧਾ ਸਕੇ, 19 ਛੁਪੀ ਜਾਂ ਛੁਪਾਈ ਹੋਈ ਵਸਤੂ ਲੱਭ ਸਕੇ, 20 ਪਾਣੀ ਨੂੰ ਸ਼ਰਾਬ ਜਾਂ ਪੈਟਰੋਲ ਵਿੱਚ ਬਦਲ ਸਕੇ, 21 ਸ਼ਰਾਬ ਨੂੰ ਖੂਨ ਜਾਂ ਪੈਟਰੋਲ ਵਿੱਚ ਬਦਲ ਸਕੇ, 22. ਘਰਾਂ ਵਿੱਚ ਇੱਟਾਂ-ਰੋੜੇ ਅਤੇ ਖੂਨ ਦੇ ਛਿੱਟੇ ਆਦਿ ਡਿੱਗਣ ਜਾਂ ਕੱਪੜਿਆਂ ਨੂੰ ਅੱਗ ਲੱਗਣ ਪਿੱਛੇ ਕਿਸੇ ਗੈਬੀ ਸ਼ਕਤੀ ਦਾ ਹੱਥ ਸਿੱਧ ਕਰੇ, 23. ਕੋਈ ਜੋਤਿਸ਼ੀ ਦਾ ਹੱਥ-ਚਿੱਤਰਾਂ ਦਾ ਦਸ ਜਨਮ-ਪੱਤਰੀਆਂ ਨੂੰ ਵੇਖ ਕੇ ਆਦਮੀਆਂ ਅਤੇ ਔਰਤਾਂ ਦੀ ਵੱਖ-ਵੱਖ ਗਿਣਤੀ, ਮਰਿਆਂ ਅਤੇ ਜਿਊਂਦਿਆਂ ਦੀ ਗਿਣਤੀ ਦੱਸ ਸਕਣ ਜਾਂ ਜਨਮ ਦਾ ਠੀਕ ਸਮਾਂ ਤੇ ਸਥਾਨ ਸਮੇਤ ਅਖਸ਼ਾਂਸ਼ਾਂ ਤੇ ਰੇਖਾਂਸ਼ਾਂ ਦੇ ਦੱਸ ਸਕਣ। ਇਸ ਵਿੱਚ 5 ਪ੍ਰਤੀਸ਼ਤ ਗਲਤੀ ਮੁਆਫ ਹੋਵੇਗੀ।

ਇਹ ਚੁਣੌਤੀ ਹੇਠ ਲਿਖੀਆਂ ਸ਼ਰਤਾਂ ਨਾਲ ਲਾਗੂ ਹੋਵੇਗੀ

1. ਜਿਹੜਾ ਆਦਮੀ ਸਾਡੀ ਇਸ ਚੁਣੌਤੀ ਨੂੰ ਕਬੂਲ ਕਰਦਾ ਹੈ, ਬੇਸ਼ੱਕ ਉਹ ਇਨਾਮ ਜਿੱਤਣਾ ਚਾਹੁੰਦਾ ਹੈ ਜਾਂ ਨਹੀਂ, ਉਸਨੂੰ ਸਾਡੇ ਕੋਲ ਜਾਂ ਸਾਡੇ ਵੱਲੋਂ ਨਾਮਜ਼ਦ ਕੀਤੇ ਹੋਏ ਆਦਮੀ ਕੋਲ ਪੰਜ ਹਜ਼ਾਰ ਰੁਪਏ ਬਤੌਰ ਜ਼ਮਾਨਤ ਜਮ੍ਹਾਂ ਕਰਵਾਉਣੇ ਪੈਣਗੇ। ਇਹ ਰਕਮ ਜਿੱਤਣ ਦੀ ਹਾਲਤ ਵਿੱਚ ਵਾਪਸ ਕਰ ਦਿੱਤੇ ਜਾਣਗੇ; 2. ਕਿਸੇ ਆਦਮੀ ਦੀ ਚੁਣੌਤੀ ਉਸੇ ਹਾਲਾਤ ਵਿੱਚ ਹੀ ਸਵੀਕਾਰ ਕੀਤੀ ਜਾਵੇਗੀ ਜਦੋਂ ਉਹ ਜ਼ਮਾਨਤ ਦੇ ਪੈਸੇ ਜਮ੍ਹਾ ਕਰਵਾ ਦੇਵੇਗਾ। ਜੇ ਉਹ ਅਜਿਹਾ ਕਰਨ ਵਿੱਚ ਸਫ਼ਲ ਨਹੀਂ ਹੁੰਦਾ, ਉਸ ਨਾਲ ਕਿਸੇ ਕਿਸਮ ਦਾ ਪੱਤਰ ਵਿਹਾਰ ਨਹੀਂ ਕੀਤਾ ਜਾਵੇਗਾ; 3. ਜ਼ਮਾਨਤ ਜਮ੍ਹਾ ਕਰਵਾਉਣ ਤੋਂ ਬਾਅਦ ਕਿਸੇ ਵਿਅਕਤੀ ਦੇ ਚਮਤਕਾਰ ਨੂੰ ਪਹਿਲਾਂ ਸਾਡੇ ਵੱਲੋਂ ਨਾਮਜ਼ਦ ਕੀਤਾ ਹੋਇਆ ਵਿਅਕਤੀ ਲੋਕਾਂ ਦੀ ਹਾਜ਼ਰੀ ਵਿੱਚ ਕਿਸੇ ਨੀਯਤ ਦਿਨ ਤੇ ਪਰਖੇਗਾ; 4. ਜੇਕਰ ਚੁਣੌਤੀ ਦੇਣਵਾਲਾ ਆਦਮੀ ਪਰਖ ਦਾ ਸਾਹਮਣਾ ਨਹੀਂ ਕਰ ਸਕਦਾ ਜਾਂ ਮੁੱਢਲੀ ਪਰਖ ਵਿੱਚ ਹੀ ਅਸਫਲ ਹੋ ਜਾਂਦਾ ਹੈ ਤਾਂ ਉਸਦੀ ਜ਼ਮਾਨਤ ਜ਼ਬਤ ਹੋ ਜਾਵੇਗੀ; 5. ਜੇਕਰ ਆਦਮੀ ਮੁੱਢਲੀ ਪਰਖ ਵਿੱਚ ਜਿੱਤ ਜਾਂਦਾ ਹੈ ਤਾਂ ਆਖਰੀ ਪਰਖ ਸੂਬਾ ਕਮੇਟੀ ਦੁਆਰਾ ਲੋਕਾਂ ਦੀ ਹਾਜ਼ਰੀ ਵਿੱਚ ਕੀਤੀ ਜਾਵੇਗੀ, 6. ਜੇਕਰ ਕੋਈ ਆਦਮੀ ਆਖਰੀ ਪਰਖ ਵਿੱਚ ਵੀ ਜਿੱਤ ਜਾਂਦਾ ਹੈ ਤਾਂ ਉਸਨੂੰ ਪੰਜ ਲੱਖ ਰੁਪਏ ਦਾ ਇਨਾਮ, ਸਮੇਤ ਜ਼ਮਾਨਤ ਦੇ ਦਿੱਤਾ ਜਾਵੇਗਾ, 7. ਸਾਰੀਆਂ ਪਰਖਾਂ, ਧੋਖਾ ਨਾ ਹੋਣ ਵਾਲੀਆਂ ਹਾਲਤਾਂ ਵਿੱਚ ਸਾਡੇ ਵੱਲੋਂ ਨਾਮਜ਼ਦ ਜਾਂ ਸਾਡੀ ਸੂਬਾ ਕਮੇਟੀ ਵੱਲੋਂ ਪੂਰਨ ਤਸੱਲੀ ਤੱਕ ਕੀਤੀਆਂ ਜਾਣਗੀਆਂ।

ਮਾਸਟਰ ਭਜਨ ਸਿੰਘ : 403-455-4220, ਪ੍ਰੋ: ਗੋਪਾਲ ਕਾਉਂਕੇ : 403-970-3588



MANTRA CONSTRUCTION
Design & Build
Commercial, Residential & Industrial

We fulfill your needs
Experienced Professional Team & Builders

OUR SERVICES
- CONSULTATION
- PROJECT MANAGEMENT
- DRAWING PLANS
- CITY PLANS
- APPROVALS
- RESTAURANT / FRANCHISES
- DEMOLITION / RENOVATIONS
- DECKS & PATIOS
- LANDSCPING+

WE BUILD
YOUR NEW PROJECT
SPEIALIZE IN MDEICAL OFFICES - PHARMACIES
RESTAURANTS - SPAS - RETAIL OUTLETS + MORE

COMMERCIAL - RESIDENTIAL & INDUSTRIAL
FOR FREE CONSULTATION
CALL US: 416-833-2162
mantraconstruction 247@gmail.com www.mantraconstruction.ca

PLANNING YORU DREAM HOME
BUILD YOUR DREAM BUILDING
WE ARE ALL DONE

# Anti-Racism protest by Black Lives Matter Canada

## -demanded equal education rights in Peel District School Board








Mississauga, (Dr Hardeep) - Under banner of "Black Lives Matter' Canada, large number of students and parents hold a protest march from Court House ending at Peel District School Board, Mississauga. They were protesting the discriminatory attitude of officials of School Board against students of Black community and religious minorities in Peel School Board. Reacting to murder of 46-year Blackman George Floyd by racist Police of Minneapolis, Minnesota, USA, demanded to end Racism against Black community. The international organization of Non- Resident- Indians community, 'NRI Inqlabi Manch' also participated and supported the demand to end Racism against Black community. Meanwhile, Ontario Gurdwaras Committee, demanded resignation of Director of Education of Peel district School Board.

One of organiser condemned the racist attitude of Police of Minneapolis, Minnesota, USA who murdered 46-year American black person George Floyd and demanded to end Racism against Black community. Talking about un-constitutional discrimination against students of black community getting admissions in Peel District School Board, he said "Black students deserve the same education as white students, fair education, equal students' rights." Protesters called to support students equally. They expressed their solidarity with the members of the black community struggling to enter a school system that is free from racism and discrimination. They also demanded for the resignation of PDSB director of Education, Peter Joshua. They told that on November 27,2019, Minister of Education, Stephen Lecce, launched an expedited review of the PDSB to address serious concerns of anti-Black racism, Islamophobia, and systemic inequities. On June 2008, a follow up report was released by independent investigator, Arleen Huggins on the PDSB's non-compliance with several of the directives. The report findings were both shocking and horrific. Not only were the questions surrounding the competency and functionality of the PDSA leadership, but also regarding a lack of will to address and anti-black racism. They called Minister Leccee to take swift action on the findings of the investigation. They alleged that far too long anti-black racism and other forms of systemic racism have been allowed to thrive under the leadership of the school board. Protesters were demanding a school system that treats all children from all back grounds with respect and dignity.

Navdeep Jodhan spokesperson of NRI inqlabi Manch demanded the focus of all education including the PDSB school board, should be excellence for all student, including Black students who deserve access to quality education in a supportive environment free from racism and discrimination. Amarjit Singh Mann spokesperson of Ontario Gurdwaras Committee demanded resignation of Director of Education of Peel district School Board.

# ਜਨਤਕ-ਸਿੱਖਿਆ ਪ੍ਰਣਾਲੀ ਨੂੰ ਬਚਾਉਣ ਦਾ ਮੌਕਾ



ਰਣਦੀਪ ਸੰਗਤਪੁਰਾ
98556-95905
rvs0001@gmail.com

ਕਰੋਨਾ-ਮਹਾਂਮਾਰੀ ਨੇ ਦੁਨੀਆਂ ਭਰ ਦੇ ਲੋਕਾਂ ਨੂੰ ਇਹ ਸਬਕ ਦਿੱਤਾ ਹੈ ਕਿ ਉਹਨਾਂ ਦੀਆਂ ਬੁਨਿਆਦੀ ਲੋੜਾਂ ਜਿਵੇ : ਸਿਹਤ, ਸਿੱਖਿਆ ਆਦਿ ਨੂੰ ਜਨਤਕ-ਅਦਾਰੇ ਹੀ ਤਸੱਲੀਬਖਸ਼ ਤਰੀਕੇ ਨਾਲ ਪੂਰੀਆਂ ਕਰ ਸਕਣਗੇ, ਕਿਓਂਕਿ ਨਿੱਜੀ ਅਦਾਰਿਆਂ ਦਾ ਮਨੋਰਥ ਮੁਨਾਫਾ ਹੁੰਦਾ ਹੈ, ਜਦੋਂਕਿ ਜਨਤਕ ਅਦਾਰੇ ਲੋਕ-ਭਲਾਈ ਲਈ ਹੁੰਦੇ ਹਨ। ਮੌਕੇ ਦੀਆਂ ਹਾਲਤਾਂ ਕਾਰਨ ਹੀ ਲੋਕ ਜਨਤਕ-ਸੇਵਾਵਾਂ ਦੀ ਅਹਿਮੀਅਤ ਨੂੰ ਸਮਝਣ ਲਈ ਮਜਬੂਰ ਹੋਏ ਹਨ। ਅਜਿਹੇ ਦੌਰ 'ਚ ਪੰਜਾਬ ਦੇ ਸਿੱਖਿਆ-ਖੇਤਰ 'ਚੋਂ ਇੱਕ ਸੁਖਦ ਸਮਾਚਾਰ ਆਇਆ ਹੈ ਕਿ ਪੰਜਾਬ ਦੇ ਸਰਕਾਰੀ ਸਕੂਲਾਂ 'ਚ ਕਰੀਬ 1 ਲੱਖ 65 ਹਜ਼ਾਰ ਨਵੇਂ ਦਾਖ਼ਲੇ ਹੋਣ ਕਾਰਨ ਵਿਦਿਆਰਥੀਆਂ ਦੀ ਗਿਣਤੀ 'ਚ ਵਾਧਾ ਹੋਇਆ ਹੈ। ਇਹ ਅੰਕੜਾ 23,52,112 ਤੋਂ ਵਧਕੇ 25,17,866 ਹੋ ਗਿਆ ਹੈ। ਸਕੂਲਾਂ ਦੇ ਖੁੱਲ੍ਹਣ ਅਤੇ ਦਾਖ਼ਲਾ-ਪ੍ਰਕਿਰਿਆ ਖ਼ਤਮ ਹੋਣ ਤੱਕ ਇਹ ਅੰਕੜਾ ਹੋਰ ਵੀ ਵਧਣ ਦੀਆਂ ਸੰਭਾਵਨਾਵਾਂ ਹਨ। ਕਰੋਨਾ-ਸੰਕਟ ਕਾਰਨ ਤਬਾਹ ਹੋਏ ਕਾਰੋਬਾਰਾਂ ਕਾਰਨ ਆਰਥਿਕ ਤੰਗੀ ਝੱਲ ਰਹੇ ਲੋਕਾਂ ਨੂੰ ਮੁੜ ਸਰਕਾਰੀ ਸਿੱਖਿਆ ਪ੍ਰਣਾਲੀ ਵੱਲ ਮੂੰਹ ਕਰਨਾ ਲਈ ਸੋਚਣਾ ਪਿਆ ਹੈ। ਜਨਤਕ-ਸਿੱਖਿਆ ਪ੍ਰਣਾਲੀ ਨੂੰ ਬਚਾਉਣ ਲਈ ਇਹ ਅਹਿਮ ਮੌਕਾ ਹੈ।



ਅਸਲ 'ਚ ਜਨਤਕ-ਸਿੱਖਿਆ ਪ੍ਰਣਾਲੀ ਦੇ ਨਿਘਾਰ ਲਈ ਸਰਕਾਰਾਂ ਵੱਲੋਂ ਅਪਣਾਈਆਂ ਨੀਤੀਆਂ ਹੀ ਜ਼ਿੰਮੇਵਾਰ ਰਹੀਆਂ ਹਨ, ਜਿਸ ਕਰਕੇ ਵਿਦਿਆਰਥੀਆਂ ਦੀ ਗਿਣਤੀ ਲਗਾਤਾਰ ਘਟਦੀ ਗਈ। 1985 'ਚ 'ਸਿੱਖਿਆ ਮੰਤਰਾਲੇ' ਦਾ ਨਾਂਅ ਬਦਲਕੇ 'ਮਾਨਵ-ਸਾਧਨ ਵਿਕਾਸ ਮੰਤਰਾਲਾ' ਰੱਖਣ ਉਪਰੰਤ ਹੀ ਸਰਕਾਰਾਂ ਦੀ ਨੀਅਤ 'ਤੇ ਸ਼ੰਕੇ ਉੱਠਣੇ ਸ਼ੁਰੂ ਹੋ ਗਏ ਸਨ। 1991 ਤੋਂ ਦੇਸ਼ ਪੱਧਰ 'ਤੇ ਅਪਣਾਈਆਂ ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਨੇ 'ਸਿੱਖਿਆ' ਨੂੰ ਮਹਿਜ਼ 'ਜਿਣਸ' ਬਣਾ ਦਿੱਤਾ।

ਧੜਾ-ਧੜ ਖੁੱਲ੍ਹੀਆਂ ਨਿੱਜੀ-ਸੰਸਥਾਵਾਂ ਅਤੇ ਫਿਰ ਕਾਰਪੋਰੇਟ ਘਰਾਣਿਆਂ ਦੇ 'ਪਬਲਿਕ-ਪ੍ਰਾਈਵੇਟ-ਪਾਰਟਰਨਰਸ਼ਿਪ' ਪ੍ਰਣਾਲੀ ਰਾਹੀਂ ਸਿੱਖਿਆ ਖੇਤਰ 'ਚ ਮੁਨਾਫ਼ੇ ਲਈ ਦਾਖ਼ਲ ਹੋਣ ਉਪਰੰਤ 'ਸਿੱਖਿਆ' ਦਾ ਮਨੋਰਥ ਹੀ ਬਦਲ ਦਿੱਤਾ ਗਿਆ। ਪੰਜਾਬ ਵਿੱਚ ਵੀ ਆਦਰਸ਼/ਮਾਡਲ/ਮੈਰੀਟੋਰੀਅਸ ਅਤੇ ਹੋਰ ਵੱਖ-ਵੱਖ ਤਰੀਕਿਆਂ ਸਕੀਮਾਂ ਰਾਹੀਂ ਸਕੂਲ-ਪ੍ਰਣਾਲੀ 'ਚ ਨਿੱਜੀ-ਭਾਈਵਾਲ ਸ਼ਾਮਿਲ ਕੀਤੇ ਗਏ, ਪ੍ਰੰਤੂ ਬਹੁਤੇ ਥਾਈਂ ਨਿੱਜੀ-ਭਾਈਵਾਲ ਕੰਪਨੀਆਂ ਵੱਲੋਂ ਵੱਡੇ-ਵੱਡੇ ਘਪਲ਼ੇ ਕੀਤੇ ਜਾਣ ਦੀਆਂ ਰਿਪੋਰਟਾਂ ਸਾਹਮਣੇ ਆਉਣ ਮਗਰੋਂ ਇਹ ਪੂਰੀ ਤਰ੍ਹਾਂ ਸਾਬਿਤ ਹੋ ਗਿਆ ਕਿ ਸਿੱਖਿਆ ਪ੍ਰਣਾਲੀ ਮੁਨਾਫ਼ੇ ਲਈ ਨਹੀਂ, ਸਗੋਂ ਸਰਕਾਰ ਵੱਲੋਂ ਲੋਕਾਂ ਦਿੱਤੀਆਂ ਜਾਣ ਵਾਲ਼ੀਆਂ ਮੁੱਢਲੀਆਂ ਸੇਵਾਵਾਂ 'ਚ ਸ਼ਾਮਲ ਹੋਣੀ ਚਾਹੀਦੀ ਹੈ।

ਅਗਸਤ-2015 'ਚ ਇਲਾਹਾਬਾਦ ਹਾਈਕੋਰਟ ਵੱਲੋਂ "ਸਭ ਲਈ ਸਮਾਨ ਸਿੱਖਿਆ" ਦੇ ਲਾਗੂ ਕੀਤੇ ਜਾਣ ਦੀ ਲੋੜ ਹੈ, ਜਿਸ ਤਹਿਤ ਕਿਹਾ ਗਿਆ ਸੀ ਕਿ ਕੇ ਜੀ ਤੋਂ ਪੀ ਜੀ ਤੱਕ ਭਾਵ ਮੁੱਢਲੀ ਤੋਂ ਉੱਚ-ਸਿੱਖਿਆ ਸਭ ਲਈ ਮੁਫਤ ਅਤੇ ਲਾਜ਼ਮੀ ਹੋਵੇ, ਚਪੜਾਸੀ ਤੋਂ ਲੈ ਕੇ ਮੁੱਖ-ਮੰਤਰੀ ਤੱਕ ਸਭ ਦੇ ਬੱਚੇ ਬਰਾਬਰ ਦੀ ਸਿੱਖਿਆ ਹਾਸਲ ਕਰਨ। ਇਸ ਫੈਸਲੇ ਨੂੰ ਲਾਗੂ ਕਰਵਾਉਣ ਲਈ ਲੋਕਾਂ ਦੇ ਬਹੁਤ ਵੱਡੇ ਹੰਭਲ਼ੇ ਦੀ ਜਰੂਰਤ ਹੈ, ਅਜਿਹਾ ਫਿਲ਼ਹਾਲ ਹੁੰਦਾ ਵਿਖਾਈ ਨਹੀਂ ਦੇ ਰਿਹਾ। ਜਦੋਂ ਸਿੱਖਿਆ ਦਾ ਨਿੱਜੀਕਰਨ ਧੜੱਲੇ ਨਾਲ ਹੋ ਰਿਹਾ ਸੀ, ਸਰਕਾਰੀ ਸਕੂਲ ਪ੍ਰਣਾਲੀ ਨਿਘਰਦੀ ਜਾ ਰਹੀ ਸੀ, ਉਸ ਸਮੇਂ ਸਮਾਜ ਕੁੱਝ ਹਿੱਸੇ ਜਨਤਕ-ਸਿੱਖਿਆ ਪ੍ਰਣਾਲੀ ਨੂੰ ਲੜ ਰਹੇ ਸਨ, ਬਹੁਤੇ ਲੋਕ ਇਹਨਾਂ ਸੰਘਰਸ਼ਾਂ ਨੂੰ ਤਮਾਸ਼ਾ ਸਮਝਦੇ ਰਹੇ। ਪਰ ਅੱਜ ਜਦੋਂ ਨਿੱਜੀ-ਵਿਦਿਅਕ ਸੰਸਥਾਵਾਂ ਲੌਕਡਾਊਨ ਦੌਰਾਨ ਫੀਸਾਂ ਮੰਗ ਰਹੀਆਂ ਹਨ, ਤਾਂ ਕੁੱਝ ਥਾਵਾਂ 'ਤੇ ਲੋਕਾਂ ਦੇ ਪ੍ਰਦਰਸ਼ਨ ਹੋਏ ਹਨ। ਇਹ ਲੋਕ ਹਾਲ਼ੇ ਵੀ ਸਰਕਾਰ ਕੋਲ਼ੋਂ ਜਨਤਕ-ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੀ ਮੰਗ ਨਹੀਂ ਕਰ ਰਹੇ, ਸਗੋਂ ਨਿੱਜੀ-ਵਿਦਿਅਕ ਨਾਲ ਉਲਝ ਰਹੇ ਹਨ। ਵੈਸੇ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਇਸ ਮਾਮਲੇ ਨੂੰ ਗੰਭੀਰਤਾ ਨਾਲ ਹੱਲ ਕਰੇ ਨਾ ਕਿ ਸਿਆਸੀ ਹਿੱਤ ਵੇਖੇ, ਕਿਓਂਕਿ ਨਿੱਜੀ-ਸਕੂਲਾਂ ਦੀ ਫੀਸ-ਵਸੂਲੀ ਦਾ ਮਾਮਲਾ ਸਕੂਲਾਂ ਦੇ ਅਧਿਆਪਕਾਂ ਸਮੇਤ ਬਾਕੀ ਅਮਲੇ ਦੀਆਂ ਤਨਖ਼ਾਹਾਂ ਨਾਲ ਵੀ ਜੁੜਿਆ ਹੋਇਆ ਹੈ।

ਪੰਜਾਬ ਸਰਕਾਰ ਜੇਕਰ ਸੱਚਮੁੱਚ ਹੀ ਵਿਦਿਅਕ-ਢਾਂਚੇ ਨੂੰ ਮਜ਼ਬੂਤ ਕਰਨਾ ਚਾਹੁੰਦੀ ਹੈ ਤਾਂ ਬਜ਼ਟ ਦਾ ਵੱਡਾ ਹਿੱਸਾ ਸਿੱਖਿਆ ਖੇਤਰ ਲਈ ਖੋਲ੍ਹ ਦੇਣਾ ਚਾਹੀਦਾ ਹੈ। ਸੂਬੇ ਦੇ ਕੁੱਲ ਬਜਟ ਦਾ 10 ਫੀਸਦੀ ਖਰਚ ਸਿੱਖਿਆ ਖੇਤਰ ਦੇ ਵਿਕਾਸ ਲਈ ਹੋਣਾ ਚਾਹੀਦਾ ਹੈ। ਸਰਕਾਰੀ ਸਕੂਲਾਂ 'ਚ ਕੰਮ ਕਰਦੇ ਅਧਿਆਪਕਾਂ ਸਮੇਤ ਬਾਕੀ ਅਮਲੇ ਨੂੰ ਪੱਕਾ ਕਰਦਿਆਂ ਸਮੁੱਚੀਆਂ ਅਸਾਮੀਆਂ ਭਰਨੀਆਂ ਚਾਹੀਦੀਆਂ ਹਨ। ਸਕੂਲਾਂ ਵਿੱਚ ਲੋੜ-ਮੁਤਾਬਕ ਇਮਾਰਤਾਂ, ਲਾਇਬ੍ਰੇਰੀਆਂ, ਲੈਬੋਰੇਟਰੀਆਂ ਸਥਾਪਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਕੇਂਦਰ ਅਤੇ ਸੂਬਾ ਸਰਕਾਰ ਵੱਲੋਂ ਵਿਦਿਆਰਥੀਆਂ ਲਈ ਵਜ਼ੀਫੇ ਵੀ ਵਧਣੇ ਚਾਹੀਦੇ ਹਨ।

ਅਧਿਆਪਕਾਂ ਨੂੰ ਜਨਗਣਨਾ, ਸਰਵੇਖਣਾਂ ਵਰਗੇ ਕੰਮਾਂ 'ਚ ਨਹੀਂ ਲਾਇਆ ਜਾਣਾ ਚਾਹੀਦਾ। ਲੋਕਾਂ ਨੂੰ ਦਾਨ ਦਾ ਸੰਕਲਪ ਬਦਲਦਿਆਂ ਸਕੂਲਾਂ ਲਈ ਦਾਨ ਕਰਨ ਵੱਲ ਕਰਨਾ ਚਾਹੀਦਾ ਹੈ। ਪਿੰਡਾਂ ਦੀਆਂ ਪੰਚਾਇਤਾਂ ਦਾ ਸਹਿਯੋਗ ਲਿਆ ਜਾਵੇ। ਮਾਨਸਾ/ਬਠਿੰਡਾ ਜਿਲ੍ਹਿਆਂ ਵਿੱਚ ਕੁੱਝ ਸਰਪੰਚਾਂ/ਪੰਚਾਂ ਵੱਲੋਂ ਆਪਣੇ ਬੱਚੇ ਸਰਕਾਰੀ ਸਕੂਲਾਂ 'ਚ ਦਾਖ਼ਲ ਕਰਵਾਉਣ ਦੀ ਰਵਾਇਤ ਨੇ ਲੋਕਾਂ ਨੂੰ ਉਤਸ਼ਾਹਿਤ ਕੀਤਾ ਹੈ, ਅਜਿਹੇ ਲੋਕਾਂ ਨੂੰ ਦਾਦ ਦੇਣੀ ਬਣਦੀ ਹੈ। ਅਧਿਆਪਕਾਂ ਨੂੰ ਹੋਰ ਪ੍ਰਤੀਬੱਧਤਾ ਨਾਲ ਕੰਮ ਕਰਦਿਆਂ ਮਾਪਿਆਂ ਦਾ ਵਿਸ਼ਵਾਸ ਜਿੱਤਣ ਦੀ ਲੋੜ ਹੈ, ਤਾਂ ਕਿ ਉਹ ਭੁਲੇਖਿਆਂ 'ਚੋਂ ਨਿਕਲਣ ਸਕਣ ਕਿ ਸਧਾਰਨ ਇਮਾਰਤ ਵਾਲ਼ੇ ਸਰਕਾਰੀ ਸਕੂਲ ਦੇ ਅਧਿਆਪਕ ਗੁਣਾਤਮਕ ਪੱਖੋਂ ਕੋਈ ਘੱਟ ਨਹੀਂ। ਸਮਾਜਿਕ-ਤਬਦੀਲੀ ਲਈ ਜੂਝ ਰਹੇ ਲੋਕ ਵੀ ਇਸ ਕਾਰਜ ਆਪਣੇ ਸੰਘਰਸ਼ ਦਾ ਹਿੱਸਾ ਬਨਾਉਣ, ਸਕੂਲਾਂ ਵਿੱਚ ਨੌਕਰੀ ਕਰਦੇ ਅਧਿਆਪਕਾਂ/ਅਧਿਆਪਕਾਵਾਂ ਅਤੇ ਹੋਰ ਸਰਕਾਰੀ ਮੁਲਾਜ਼ਮਾਂ ਨੂੰ ਵੀ ਚਾਹੀਦਾ ਹੈ ਕਿ ਸਰਕਾਰੀ ਸੰਸਥਾਵਾਂ ਨੂੰ ਬਚਾਉਣ ਹਿੱਤ ਜਿੱਥੇ ਆਪਣੇ ਬੱਚਿਆਂ ਨੂੰ ਇਹਨਾਂ ਸੰਸਥਾਵਾਂ ਦਾ ਹਿੱਸਾ ਬਣਾਉਣ ਅਤੇ ਨਾਲ ਹੀ ਇਹਨਾਂ ਸੰਸਥਾਵਾਂ ਦੀਆਂ ਬੁਨਿਆਦੀ-ਸਹੂਲਤਾਂ ਪੂਰੀਆਂ ਕਰਵਾਉਣ ਲਈ ਸੰਘਰਸ਼ ਕਰਨ, ਕਿਓਂਕਿ ਇਹ ਆਖ਼ਿਰ ਇਹ ਉਹਨਾਂ ਦੇ ਭਵਿੱਖ ਨਾਲ ਵੀ ਤਾਂ ਜੁੜਿਆ ਹੀ ਹੋਇਆ ਹੈ।

GILL
Truck & Trailer Repair
and Mobile Service
Cell: 416.312.4707
Tel: 905.458.3455
Fax: 905.458.3456
04 Blair Dr.
Brampton, ON
L6P 2X5
gilltruckandtrailer@yahoo.com
"Hiring Full and Part
Time mechanics"
Open 7 days a week and,
make it nice

Inderjit Gill
Heavy Duty Truck & Trailer
Mechanic

# ਬਰੈਂਪਟਨ ਵਿੱਚ ਰੰਗ-ਭੇਦ ਦਾ ਸ਼ਿਕਾਰ ਅਮਰੀਕੀ ਜਾਰਜ ਫਲਾਇਡ ਦੇ ਕਤਲ ਵਿਰੁੱਧ ਰੋਸ ਪ੍ਰਦਰਸ਼ਨ

ਬਰੈਂਪਟਨ : ਬੀਤੇ 6 ਜੂਨ ਨੂੰ ਕੈਨੇਡਾ ਓਂਟਾਰੀਓ ਦੇ ਬਰੈਂਪਟਨ ਸ਼ਹਿਰ ਦੇ ਸਟੀਲਸ ਅਤੇ ਹਰਂਓਟਾਰੀਓ ਸਟਰੀਟ ਦੇ ਬਸ ਸਟੇਸ਼ਨ ਤੇ ਰੰਗ ਭੇਦ ਅਤੇ ਨਸਲਪ੍ਰਸਤੀ ਖਿਲਾਫ ਰੋਸ ਭਰਪੂਰ ਪ੍ਰਦਰਸ਼ਨ ਕੀਤਾ ਗਿਆ। ਇਹ ਪ੍ਰਦਰਸ਼ਨ "ਅਲਾਂਇਸ ਆਫ ਪ੍ਰੋਗਰੈਸਿਵ ਕੈਨੇਡੀਅਨ" ਦੇ ਸੱਦੇ ਤੇ ਕੋਰੋਨਾ ਪਾਬੰਦੀਆਂ ਵਿੱਚ ਵੀ ਕੀਤਾ ਗਿਆ, ਜਿਸ ਵਿੱਚ "ਐਨ ਆਰ ਆਈ ਇਨਕਲਾਬੀ ਮੰਚ" ਅਤੇ "ਫੀਦਾਇ ਗੁਰੀਲਾ ਆਫ ਇਰਾਨ" ਦੇ ਮੈਂਬਰਾਂ ਨੇ ਵੀ ਹਿੱਸਾ ਲਿਆ। ਪਿਛਲੇ ਦਿਨੀਂ ਅਮਰੀਕਾ ਦੇ ਮੀਸੋਪਲੀ ਸ਼ਹਿਰ ਵਿੱਚ ਰੰਗਦਾਰ ਅਮਰੀਕਨ ਜਾਰਜ ਫਲਾਇਡ ਨੂੰ ਪੁਲਿਸ ਵੱਲੋਂ ਹੱਥਕੜੀ ਲਗਾ ਕੇ ਗਰਦਨ ਘੁੱਟਕੇ ਕਤਲ ਕਰਨ ਦੀ ਘਟਨਾ ਨੇ ਲੋਕਾਂ ਵਿੱਚ ਰੋਸ-ਲਹਿਰ ਖੜ੍ਹੀ ਕਰ ਦਿੱਤੀ ਹੈ। ਇਸ ਕਰਕੇ ਅਮਰੀਕਾ ਵਿੱਚ ਸੱਜੇਪੱਖੀ ਪ੍ਰੈਜ਼ੀਡੈਂਟ ਟਰੰਪ ਮਾਰਕਾ ਰੰਗ ਅਤੇ ਨਸਲੀ ਵਿਤਕਰੇ ਖਿਲਾਫ ਲੋਕ ਸੜਕਾਂ ਤੇ ਨਿਕਲ ਆਏ ਹਨ ਅਤੇ ਸੰਸਾਰ ਭਰ ਵਿੱਚ ਰੋਸ ਪ੍ਰਦਰਸ਼ਨ ਹੋ ਰਹੇ ਹਨ। ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿੱਚ ਵੀ ਰੋਸ ਵਿਖਾਵੇ ਹੋ ਰਹੇ ਹਨ।

"ਅਲਾਂਇਸ ਆਫ ਪ੍ਰੋਗਰੈਸਿਵ ਕੈਨੇਡੀਅਨ" ਦੇ ਆਗੂ ਹਰਪ੍ਰਮਿੰਦਰ ਗਦਰੀ, ਸ਼ਮਸ਼ਾਦ ਇਲਾਹੀ ਨੇ ਅਮਰੀਕਾ ਅਤੇ ਸੰਸਾਰ ਦੇ ਹੋਰ ਮੁਲਕਾਂ ਵਿੱਚ ਨਸਲਵਾਦੀ ਸਰਕਾਰਾਂ ਦੁਆਰਾ ਦਾਬੇ ਅਤੇ ਨਫਰਤ ਦੀਆਂ ਕਾਰਵਾਈਆਂ ਦੀ ਨਿਖੇਧੀ ਕੀਤੀ। ਆਰਥਿਕ-ਸਮਾਜਿਕ ਲੁੱਟ ਦੇ ਭੇਦ-ਭਾਵ ਦੇ ਆਧਾਰ ਤੇ ਉਸਰੇ ਇਸ ਸਰਮਾਏਦਾਰੀ ਢਾਂਚੇ ਵਿੱਚ ਰੰਗ-ਭੇਦ ਉਤੇ ਨਸਲੀ ਵਿਤਕਰਾ ਅਜੇ ਵੀ ਜਾਰੀ ਹੈ। ਗੁਲਾਮਦਾਰੀ ਸਮਾਜ ਦੇ ਦੌਰ ਵਿੱਚੋਂ ਨਿਕਲੇ ਮੁਲਕਾਂ ਅੰਦਰ, ਅੱਜ ਵੀ ਅਫਰੀਕਨ ਮੂਲ ਦੇ ਲੋਕਾਂ ਨੂੰ ਨਿੱਤ ਦਿਹਾੜੇ ਨਾ-ਬਰਾਬਰੀ ਅਤੇ ਦੁਰ-ਵਿਵਹਾਰ ਦਾ ਸ਼ਿਕਾਰ ਹੋਣਾ ਪੈਂਦਾ ਹੈ। ਪ੍ਰਧਾਨ ਟਰੰਪ ਦੁਆਰਾ ਅਮਰੀਕਾ ਅੰਦਰ ਪਿਛਾਕੜੀ ਸੱਜੇ ਪੱਖੀ ਨਫਰਤ ਵਾਲੀ ਰਾਜਨੀਤੀ ਕੀਤੀ ਜਾ ਰਹੀ ਹੈ। ਇਸ ਨਾਲ ਰੰਗਦਾਰ, ਘੱਟ-ਗਿਣਤੀ ਅਤੇ ਪਰਵਾਸੀ ਲੋਕਾਂ ਲਈ ਨਫਰਤ ਦੀ ਰਾਜਨੀਤੀ ਵਾਲੀ ਮਾਨਸਿਕਤਾ ਬੇ-ਲਗਾਮ ਹੋ ਗਈ ਹੈ। ਇਸ ਦੇ ਸ਼ਿਕਾਰ ਹੋਏ ਬਹੁਤੇ ਲੋਕ ਸਬਰ ਦਾ ਘੁੱਟ ਭਰ ਲੈਂਦੇ ਹਨ। ਉਨ੍ਹਾਂ ਰੰਗ-ਭੇਦ ਦੇ ਸ਼ਿਕਾਰ ਜਾਰਜ ਫਲਾਇਡ ਲਈ ਇਨਸਾਫ ਦੀ ਮੰਗ ਕਰਦੇ ਹੋਏ ਕਿਹਾ ਕਿ ਇਸ ਦਾ ਖਾਤਮਾ ਸੰਸਾਰ ਸਰਮਾਏਦਾਰੀ ਨਿਜ਼ਾਮ ਦੀ ਇਨਕਲਾਬੀ ਤਬਦੀਲੀ ਨਾਲ ਹੀ ਸੰਭਵ ਹੈ ।








"ਐਨ ਆਰ ਆਈ ਇਨਕਲਾਬੀ ਮੰਚ" ਦੇ ਕੌਮਾਂਤਰੀ ਜੱਥੇਬੰਦਕ ਸੱਕਤਰ ਡਾ. ਹਰਦੀਪ ਸਿੰਘ ਅਤੇ ਬੁਲਾਰੇ ਨਵਦੀਪ ਜੋਧਾਂ ਨੇ ਕਿਹਾ ਕਿ ਆਰਥਿਕ-ਸਮਾਜਿਕ ਵਿਤਕਰਾ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਇਹ ਘਟਨਾ ਅਮਰੀਕਾ ਵਿੱਚ ਵਾਪਰੀ ਹੈ ਪਰ ਸੰਸਾਰ ਦੇ ਦੂਸਰੇ ਮੁਲਕਾਂ ਵਿੱਚ ਵੀ ਸਮਾਜਿਕ ਵਿਤਕਰਾ ਜਾਰੀ ਹੈ। ਚੰਗੀ ਗੱਲ ਹੈ ਕਿ ਇਨ੍ਹਾਂ ਮੁਲਕਾਂ ਵਿੱਚ ਭਾਰਤੀ ਮੂਲ ਦੇ ਲੋਕ ਨਸਲਵਾਦ ਦੇ ਪ੍ਰਦਰਸ਼ਨਾਂ ਵਿੱਚ ਸ਼ਾਮਲ ਹੋ ਰਹੇ ਹਨ ਪਰ ਭਾਰਤ ਵਿੱਚ ਇਸ ਕਿਸਮ ਦੇ ਭੇਦਭਾਵ ਲਈ ਚੁੱਪ ਹਨ। ਭਾਰਤੀ ਸਮਾਜ ਵਿੱਚ ਵੀ ਸਦੀਆਂ ਤੋਂ ਲਾਗੂ ਰੰਗਭੇਦ ਜਾਤ-ਪਾਤ ਵਿਤਕਰਾ ਅੱਜ ਵੀ ਜਾਰੀ ਹੈ। ਭਾਰਤ ਅੰਦਰ ਮੋਦੀ ਸਰਕਾਰ ਦੇ ਫਿਰਕਾਪ੍ਰਸਤ ਟੋਲੇ ਦਲਿਤ, ਆਦਿਵਾਸੀਆਂ ਅਤੇ ਧਾਰਮਿਕ ਘੱਟਗਿਣਤੀਆਂ ਖਿਲਾਫ ਨਫਰਤੀ ਸਿਆਸਤ ਰਾਹੀਂ ਹੱਲਾਸ਼ੇਰੀ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਸੰਸਾਰ ਭਰ ਵਿੱਚ ਧਾਰਮਿਕ, ਰੰਗ ਅਤੇ ਨਸਲੀ ਵਿਤਕਰੇ ਖਿਲਾਫ ਇੱਕਜੁੱਟ ਸੰਘਰਸ਼ ਦੁਆਰਾ ਹੀ ਮੋਦੀ ਅਤੇ ਟਰੰਪ ਮਾਰਕਾ ਰਾਜਨੀਤੀ ਤੋਂ ਛੁਟਕਾਰਾ ਪ੍ਰਾਪਤ ਕਰਕੇ ਦਲਿਤ, ਆਦਿਵਾਸੀਆਂ ਅਤੇ ਧਾਰਮਿਕ ਘੱਟਗਿਣਤੀਆਂ ਨੂੰ ਬਰਾਬਰੀ ਪ੍ਰਾਪਤ ਹੋ ਸਕਦੀ ਹੈ।






"ਫੀਦਾਇ ਗੁਰੀਲਾ ਆਫ ਇਰਾਨ ਪਾਰਟੀ" ਦੇ ਕਾਮਰੇਡ ਬਾਬਾਕ ਆਜ਼ਾਦ ਨੇ ਕਿਹਾ ਕਿ ਰੰਗ-ਭੇਦ ਅਤੇ ਹਰ ਕਿਸਮ ਦੀ ਫਿਰਕਾਪ੍ਰਸਤੀ ਮਨੁੱਖੀ ਹੱਕਾਂ ਦੇ ਖਿਲਾਫ ਹੈ। ਇਰਾਨ ਅੰਦਰ ਵੀ ਪਿਛਾਕੜੀ ਧਾਰਮਿਕ ਇਸਲਾਮੀ-ਸਰਕਾਰ ਦੁਆਰਾ ਲੋਕਾਂ ਦੇ ਜਮਹੂਰੀ ਆਜ਼ਾਦੀ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਵੀ ਜਾਰਜ ਫਲਾਇਡ ਦੇ ਲਈ ਇਨਸਾਫ ਦੀ ਮੰਗ ਕੀਤੀ ਅਤੇ ਅਫਰੀਕਨ ਮੂਲ ਦੇ ਲੋਕਾਂ ਪ੍ਰਤੀ ਰੰਗ-ਭੇਦ ਅਤੇ ਨਸਲੀ ਦਾਬੇ ਨੂੰ ਖਤਮ ਕਰਨ ਦੀ ਮੰਗ ਕੀਤੀ। ਵਿਖਾਵੇ ਵਿੱਚ ਸੰਸਾਰ ਭਰ ਵਿੱਚ ਹਰ ਕਿਸਮ ਦੀ ਨਸਲੀ ਜਾਂ ਧਾਰਮਕਿ ਫਿਰਕਾਪ੍ਰਸਤੀ ਖਿਲਾਫ ਅਤੇ ਜਮਹੂਰੀ ਸਮਾਜਵਾਦ ਦੇ ਹੱਕ ਵਿੱਚ ਪੋਸਟਰਾਂ ਰਾਹੀਂ ਵੀ ਸੁਨੇਹਾ ਦਿੱਤਾ ਗਿਆ। ਇਸ ਵਿਖਾਵੇ ਵਿੱਚ ਨਿਉਟਨਜੀਤ ਸਿੰਘ, ਡਾ: ਨਵਕਿਰਨ ਕੌਰ, ਸਰਬਜੀਤ ਕੌਰ, ਡਾ: ਕੁਲਜੀਤ ਕੌਰ, ਡਾ: ਮੋਨਿਕਾ, ਨਵਨੀਤ ਬੱਬੂ ਅਤੇ ਹੋਰ ਮੈਂਬਰਾਂ ਨੇ ਹਿੱਸਾ ਲਿਆ।



Punjab Insurance Inc

SUPER VISA INSURANCE

• Critical Illness Insurance • Life Insurance • Mortgage Insurance
• Disability Insurance • RESP, RRSP



Preet Virk
416-357-1818

7003 Steeles Ave. W,Unit 10 Etobicoke,ON, M9W 0A2

Harveer Kaur Grewal
416-671-1919

GALAXY
Frightline inc.

Hiring Drivers/Owners/Operators

We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time

We Require:
* 2 Years Experience
* Clean Current Abstract
* Ability to Cross Border
* Positive, Professional Attitude

For:
* GTA
* ON-QC
* ON-MB-AB-BC
* USA

Balraj Singh Manager
647-701-6991
FAX: 416-644-8882
EMAIL: dispatch@galaxyfreightline.com

www.galaxyfreightline.com
* 1580 Britannia Road East * Mississauga * ON * L4W 1J2

# ਸਾਂਝੀ ਖੇਤੀ ਦੇ ਰੁਝਾਨ ਵੱਲ ਵਧਣ ਦੀ ਲੋੜ



ਜਸਵੰਤ ਜੀਰਖ
98151-69825

ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਆਰਡੀਨੈਂਸਾਂ ਰਾਹੀਂ ਸੁਧਾਰਾਂ ਪਿੱਛੇ ਛੁਪੇ ਅਸਲ ਮੰਤਵ ਕਿਸਾਨੀ ਨੂੰ ਖੇਤੀ ਕਿੱਤੇ 'ਚੋਂ ਬਾਹਰ ਕਰਕੇ, ਇਸ ਕਿੱਤੇ ਨੂੰ ਵੱਡੇ ਕਾਰਪੋਰੇਟਾਂ ਦੇ ਹੱਥ ਸੌਂਪਕੇ ਉਹਨਾਂ ਨਾਲ ਹੋਏ ਸਮਝੌਤਿਆਂ ਨੂੰ ਲਾਗੂ ਕਰਨਾ ਹੈ। ਖ਼ਾਸ ਤੌਰ ਤੇ 5 ਏਕੜ ਤੋਂ ਘੱਟ ਜ਼ਮੀਨ ਦੀ ਮਾਲਕੀ ਵਾਲੇ ਕਿਸਾਨ ਜੋ ਸਭ ਤੋਂ ਪਹਿਲਾਂ ਇਸ ਦੀ ਭੇਂਟ ਚੜ੍ਹਨਗੇ, ਉਹਨਾਂ ਦੀ ਗੱਲ ਕਰਦੇ ਹਾਂ। ਗਿਣਤੀ ਪੱਖੋਂ ਪੰਜਾਬ ਵਿੱਚ ਇਹ ਕੁੱਲ ਕਿਸਾਨੀ ਦਾ 34% ਹਿੱਸਾ ਹਨ, ਜ਼ਿਹਨਾਂ ਕੋਲ ਕੁੱਲ ਜ਼ਮੀਨ ਦਾ 9% ਰਕਬਾ ਹੈ। ਭਾਵੇਂ ਸਮੁੱਚਾ ਖੇਤੀ ਖੇਤਰ ਹੀ ਸੰਕਟ ਵਿੱਚ ਹੈ, ਪਰ ਕਿਸਾਨੀ ਦਾ ਇਹ 34% ਹਿੱਸਾ ਸਭ ਤੋਂ ਵੱਧ ਪੀੜਤ ਹੈ। ਕਿਸਾਨੀ ਦਾ ਇਹੋ ਹਿੱਸਾ ਖੇਤੀ ਵਿੱਚੋਂ ਬਾਹਰ ਹੋ ਰਿਹਾ ਹੈ , ਇਹੋ ਹੀ ਵੱਧ ਕਰਜਈ ਹੈ ਅਤੇ ਖ਼ੁਦਕੁਸ਼ੀਆਂ ਦੇ ਰਾਹ ਪਿਆ ਹੋਇਆ ਹੈ। ਜੇਕਰ ਕਿਸਾਨੀ ਦੇ ਇਸ ਹਿੱਸੇ ਨੂੰ ਪ੍ਰੇਰਿਤ ਕਰਕੇ ਕੋਆਪਰੇਟਿਵ ਖੇਤੀ (ਸਾਂਝੀ ਖੇਤੀ) ਕਰਨ ਲਈ ਤਿਆਰ ਕਰ ਲਿਆ ਜਾਵੇ ਤਾਂ ਇਸ ਨੂੰ ਕਾਰਪੋਰੇਟ ਦੇ ਜੂਲੇ ਹੇਠ ਆਉਣ ਤੋਂ ਬਚਾਇਆ ਜਾ ਸਕਦਾ ਹੈ। ਡਾ. ਸੁਖਪਾਲ ਸਿੰਘ ਅਤੇ ਸੁੱਚਾ ਸਿੰਘ ਵਰਗੇ ਵਿਗਿਆਨੀਆਂ ਦੇ ਖੋਜ ਪੱਤਰਾਂ ਵਿੱਚ ਵੀ ਛੋਟੀ ਕਿਸਾਨੀ ਨੂੰ ਸਾਂਝੀ ਖੇਤੀ ਕਰਨ ਵੱਲ ਸੇਧਤ ਕਰਕੇ ਉਹਨਾਂ ਦੀਆਂ ਸਮੱਸਿਆਵਾਂ ਦੇ ਹੱਲ ਹੋਣ ਦੀਆਂ ਸੰਭਾਵਨਾਵਾਂ ਦਰਸਾਈਆਂ ਹਨ। ਖੋਜ ਪੱਤਰਾਂ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ 1991 ਤੋਂ ਬਾਅਦ ਪੰਜਾਬ ਦੀ 5 ਲੱਖ ਛੋਟੀ ਕਿਸਾਨੀ ਵਿੱਚੋਂ ਦੋ ਲੱਖ ਖੇਤੀ ਛੱਡਣ ਲਈ ਮਜਬੂਰ ਹੋਈ ਹੈ। ਹੁਣ ਬਾਕੀ ਬਚਦੀ 3 ਲੱਖ ਵੀ ਜੇ ਇਹ ਕਿੱਤਾ ਛੱਡ ਜਾਂਦੀ ਹੈ ਤਾਂ ਪਹਿਲਾਂ ਹੀ ਬੇਰੋਜ਼ਗਾਰੀ ਨਾਲ ਜੂਝ ਰਹੀ ਮਨੁੱਖਤਾ ਵਿੱਚ ਹੋਰ ਵਾਧਾ ਹੋਣਾ ਯਕੀਨੀ ਹੈ। ਆਪਣੀਆਂ ਜ਼ਮੀਨਾਂ ਕੰਪਨੀਆਂ ਨੂੰ ਠੇਕੇ ਤੇ ਦੇਣ ਲਈ ਮਜਬੂਰ ਹੋਏ ਕਿਸਾਨਾਂ ਨੂੰ ਸ਼ਹਿਰਾਂ ਵਿੱਚ ਰੋਜ਼ਗਾਰ ਮਿਲਣਾ ਵੀ ਸੰਭਵ ਨਹੀਂ, ਜਿਸ ਨਾਲ ਮਜ਼ਦੂਰੀ ਦਾ ਰੇਟ ਘਟੇਗਾ ਜੋ ਆਮ ਮਜ਼ਦੂਰ ਵਰਗ ਲਈ ਵੀ ਘਾਤਕ ਸਿੱਧ ਹੋਵੇਗਾ।

ਕਿਸਾਨੀ ਦੇ ਇਸ ਹਿੱਸੇ ਵਿੱਚੋਂ ਤਕਰੀਬਨ ਤੀਸਰੇ ਹਿੱਸੇ ਕੋਲ ਟ੍ਰੈਕਟਰਾਂ ਸਮੇਤ ਖੇਤੀ ਲਈ ਲੋੜੀਂਦੀ ਮਸ਼ੀਨਰੀ ਉਪਲਭਧ ਹੈ। ਹੋਰਾਂ ਤੋਂ ਵੱਧ ਮਨੁੱਖੀ ਲੇਬਰ ਅਤੇ ਖ਼ੁਦ ਕੰਮ ਕਰਨ ਦੀ ਸਮਰੱਥਾ ਵੀ ਇਸੇ ਕਿਸਾਨੀ ਵਰਗ ਕੋਲ ਹੀ ਹੈ। ਸਾਂਝੀ ਖੇਤੀ ਵਿੱਚ ਇਹਨਾਂ ਨੂੰ ਜ਼ਿਆਦਾ ਮਸ਼ੀਨਰੀ ਦੀ ਲੋੜ ਨਹੀਂ ਰਹੇਗੀ ਸਿਰਫ ਇੱਕ-ਦੋ ਟ੍ਰੈਕਟਰਾਂ ਅਤੇ ਉਸ ਨਾਲ ਸਬੰਧਤ ਖੇਤੀ ਸੰਦਾਂ ਦੀ ਲੋੜ ਪਏਗੀ। ਬਾਕੀ ਵਾਧੂ ਟ੍ਰੈਕਟਰ ਆਦਿ ਵੇਚਕੇ ਕਰਜ਼ਿਆਂ ਦਾ ਕੁੱਝ ਭਾਰ ਉਤਾਰਿਆ ਜਾ ਸਕਦਾ ਹੈ ਜਾਂ ਸਾਂਝੇ ਤੌਰ 'ਤੇ ਖੇਤੀ ਨਾਲ ਸਬੰਧਤ ਐਗਰੋ ਪਲਾਂਟ ਲਾਉਣ ਵਿੱਚ ਲਾਇਆ ਜਾ ਸਕਦਾ ਹੈ।

ਜੇਕਰ ਕਿਸਾਨੀ ਦਾ ਉਪਰੋਕਤ ਵਰਗ ਸਾਂਝੀ ਖੇਤੀ ਕਰਨ ਦੀ ਮਹੱਤਤਾ ਨੂੰ ਸਮਝਦਿਆਂ ਇੱਕ ਜੁੱਟ ਹੋਕੇ ਇਸ ਨੂੰ ਸਵੀਕਾਰ ਕਰ ਲੈਂਦਾ ਹੈ ਤਾਂ ਸਮਾਜ ਦੀਆਂ ਕਈ ਗੰਭੀਰ ਸਮੱਸਿਆਵਾਂ ਨੂੰ ਖਤਮ ਕਰਨ ਵਿੱਚ ਵੀ ਸਹਾਈ ਹੋ ਸਕਦਾ ਹੈ। ਮਿਸਾਲ ਦੇ ਤੌਰ 'ਤੇ ਝੋਨਾ - ਕਣਕ ਦੇ ਫ਼ਸਲੀ ਚੱਕਰ ਚੋਂ ਬਾਹਰ ਆਕੇ ਫ਼ਸਲੀ ਵਭਿਨਤਾ ਰਾਹੀਂ ਵੱਡੀ ਪੱਧਰ 'ਤੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ, ਜ਼ਮੀਨ ਦੀ ਉਪਜਾਊ ਸ਼ਕਤੀ ਬਰਕਰਾਰ ਰੱਖਣ, ਖੇਤੀ ਵਿੱਚ ਵੱਡੀ ਪੱਧਰ ਤੇ ਜ਼ਹਿਰਾਂ ਦੀ ਵਰਤੋਂ ਤੋਂ ਛੁਟਕਾਰਾ, ਖਾਦਾਂ ਦੀ ਘੱਟ ਵਰਤੋਂ ਸਮੇਤ ਵਾਤਾਵਰਣ ਨੂੰ ਪ੍ਰਦੂਸ਼ਤ ਹੋਣ ਤੋਂ ਬਚਾਉਣ ਵਿੱਚ ਵੱਡਾ ਹਿੱਸਾ ਪਾਇਆ ਜਾ ਸਕਦਾ ਹੈ। ਸਰਕਾਰ ਨੂੰ ਵੀ ਚਾਹੀਦਾ ਹੈ ਕਿ ਇਸ ਕੰਮ ਲਈ ਵੱਖਰਾ ਕਰੋਪ ਪੈਟ੍ਰਨ ਬਣਾਇਆ ਜਾਵੇ ਅਤੇ ਬੈਂਕਾਂ ਤੋਂ ਨਾ ਮਾਤਰ ਵਿਆਜ ਤੇ ਕਰਜ਼ੇ ਦਾ ਪ੍ਰਬੰਧ ਕਰਕੇ ਇਸ ਪਾਸੇ ਅੱਗੇ ਵਧਣ ਵਿੱਚ ਸਹਿਯੋਗ ਕੀਤਾ ਜਾਵੇ।

ਸਰਕਾਰੀ ਮੰਡੀ ਤੇ ਨਿਰਭਰ ਹੋਣ ਦੀ ਥਾਂ ਆਪਣੀ ਪੈਦਾਵਾਰ ਮੰਡੀ ਵਿੱਚ ਵੇਚਣ ਦੀ ਬਜਾਏ ਖੁਦ ਹੀ ਛੋਟੀਆਂ ਫੂਡ ਪ੍ਰਸੈਸਿੰਗ ਯੂਨਿਟਾਂ ਲਾਕੇ ਆਪਣੀ ਮੰਡੀ ਖੁੱਦ ਵਿਕਸਿਤ ਕੀਤੀ ਜਾ ਸਕਦੀ ਹੈ। ਮਿਸਾਲ ਦੇ ਤੌਰ 'ਤੇ ਆਟਾ ਚੱਕੀ, ਸਮੇਤ ਵੇਲਣੀ, ਘੁਲਾੜੀ, ਦਾਲਾਂ ਪੈਕਿੰਗ ਆਦਿ ਦਾ ਕੰਮ ਖ਼ੁਦ ਕਰਕੇ ਲੋਕਾਂ ਵਿੱਚ ਸਾਫ਼ ਸੁਥਰੀਆਂ ਘਰੇਲੂ ਵਸਤਾਂ ਵੇਚਕੇ ਸਰਕਾਰੀ ਮੰਡੀ ਤੋਂ ਵੱਧ ਕਮਾਉਣ ਦੀਆਂ ਸੰਭਾਵਨਾਵਾਂ ਮੌਜੂਦ ਹਨ। ਇਸੇ ਤਰ੍ਹਾਂ ਸਮੂਹਿਕ ਤੌਰ 'ਤੇ ਖੇਤੀ ਨਾਲ ਸਬੰਧਤ ਹੋਰ ਸਹਾਇਕ ਧੰਦੇ ਡੇਅਰੀ, ਪੋਲਟਰੀ, ਸਬਜ਼ੀਆਂ ਆਦਿ ਦੀ ਪੈਦਾਵਾਰ ਸੰਬੰਧੀ ਵਿਉਂਤ ਬੰਦੀ ਰਾਹੀਂ ਰੋਜ਼ਾਨਾ ਆਮਦਨੀ ਦੇ ਸਾਧਨ ਪੈਦਾ ਕੀਤੇ ਜਾ ਸਕਦੇ ਹਨ।

ਸਭ ਤੋਂ ਵੱਡੀ ਪ੍ਰਾਪਤੀ ਸਵੈ ਮਾਣ ਨਾਲ ਜਿਉਣ, ਹਰ ਦੁੱਖ ਸੁੱਖ ਵਿੱਚ ਇਕ ਦੂਜੇ ਪ੍ਰਤੀ ਨੇੜਤਾ, ਹਰ ਸੰਕਟ ਵਿੱਚ ਇਕੱਠੇ ਹੋਕੇ ਟਾਕਰਾ ਕਰਨ ਦੀ ਹਿੰਮਤ ਅਤੇ ਸਮੂਹਿਕ ਤੌਰ 'ਤੇ ਚੱਲਣ ਦੀ ਭਾਵਨਾ ਦਾ ਪੈਦਾ ਹੋਣਾ ਇਸ ਕੋਆਪਰੇਟਿਵ ਦੀ ਅਹਿਮ ਪ੍ਰਾਪਤੀ ਹੋਵੇਗੀ। ਕਿਸਾਨ ਪੱਖੀ ਜੱਥੇਬੰਦੀਆਂ ਨੂੰ ਇਸ ਮੁੱਦੇ ਤੇ ਗ਼ੌਰ ਕਰਨ ਲਈ ਬੇਹੱਦ ਗੰਭੀਰ ਹੋਕੇ ਵਿਚਾਰਨ ਦੀ ਲੋੜ ਹੈ ਅਤੇ ਪੰਜਾਬ ਵਿੱਚ 2-4 ਅਜਿਹੇ ਮਾਡਲ ਤਜਰਬੇ ਦੇ ਤੌਰ 'ਤੇ ਉਸਾਰਕੇ ਉਹਨਾਂ ਵਿੱਚ ਆ ਰਹੀਆਂ ਸਮੱਸਿਆਵਾਂ ਅਤੇ ਉਹਨਾਂ ਨੂੰ ਹੱਲ ਕਰਨ ਦੇ ਵਸੀਲੇ ਤਲਾਸਕੇ ਅੱਗੇ ਵਧਣਾ ਚਾਹੀਦਾ ਹੈ। ਮਿਸਾਲ ਵਜੋਂ ਜਦੋਂ ਅਸੀਂ ਪੰਜਾਬ ਵਿੱਚ ਦਲਿਤ ਵਰਗ ਵੱਲੋਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਲੜੇ ਸੰਘਰਸ਼ਾਂ ਰਾਹੀਂ ਕੀਤੀਆਂ ਪ੍ਰਾਪਤੀਆਂ ਵੱਲ ਵੇਖਦੇ ਹਾਂ ਤਾਂ ਕੋਅਪਰੇਟਿਵ ਖੇਤੀ ਦੀਆਂ ਸ਼ਾਨਾਮੱਤੀ ਪ੍ਰਾਪਤੀਆਂ ਸਾਫ਼ ਵੇਖ ਸਕਦੇ ਹਾਂ। ਕਿਵੇਂ ਇਸ ਵਰਗ ਨੇ ਇਕੱਠਿਆਂ ਹੋਕੇ ਆਪਣੇ ਹਿੱਸੇ ਦੀ ਪੇਂਡੂ ਪੰਚਾਇਤੀ ਜ਼ਮੀਨ ਠੇਕੇ ਤੇ ਪ੍ਰਾਪਤ ਕਰਕੇ ਆਪਣੇ ਸਾਲ ਭਰ ਲਈ ਅਨਾਜ, ਪਸ਼ੂਆਂ ਲਈ ਪੱਠੇ, ਦੁੱਧ ਆਦਿ ਵਿੱਚ ਆਤਮ ਨਿਰਭਰ ਹੋਕੇ ਗੌਰਵਮਈ ਜ਼ਿੰਦਗੀ ਜਿਉਣ ਲਈ ਸ਼ਲਾਘਾਯੋਗ ਪ੍ਰਾਪਤੀਆ ਕੀਤੀਆਂ ਜੋ ਸਭ ਦੇ ਸਾਹਮਣੇ ਹਨ। ਪਿੰਡ ਬੇਨੜਾ ਤੇ ਜਲੂਰ ਆਦਿ ਦੀਆਂ ਮੂੰਹ ਬੋਲਦੀਆਂ ਉਦਾਹਰਨਾਂ ਦਰਸਾਉਂਦੀਆਂ ਹਨ ਕਿ ਸਿਰਫ 9 ਏਕੜ ਜਮੀਨ ਵਿੱਚੋਂ 92 ਘਰਾਂ ਦੀ ਰੋਟੀ ਰੋਜ਼ੀ ਚਲਾਈ ਜਾ ਸਕਦੀ ਹੈ। ਇਹ ਸਭ ਸਾਂਝੇ ਤੌਰ 'ਤੇ ਕੀਤੀ ਖੇਤੀ ਰਾਹੀਂ ਹੀ ਸੰਭਵ ਹੋ ਸਕਿਆ ਹੈ।



ਕਿਸਾਨਾਂ ਦੀ ਰੁੱਚੀ ਇਸ ਪਾਸੇ ਵਿਕਸਿਤ ਕਰਨ ਲਈ ਇਸ ਸੋਚ ਦੇ ਧਾਰਨੀ ਬੁੱਧੀਜੀਵੀਆਂ ਅਤੇ ਮਜ਼ਦੂਰ ਕਿਸਾਨ ਜੱਥੇਬੰਦੀਆਂ ਦੇ ਆਪਸੀ ਤਾਲਮੇਲ ਰਾਹੀਂ ਹੋਰ ਗੰਭੀਰਤਾ ਨਾਲ ਅੱਗੇ ਵਧਣ ਦੀ ਅਹਿਮ ਲੋੜ ਹੈ। ਕਿਸਾਨੀ ਨੂੰ ਕਾਰਪੋਰੇਟਾਂ ਦੇ ਜੂਲੇ ਹੇਠ ਆਉਣ ਤੋਂ ਬਚਣ ਦਾ ਵਸੀਲਾ ਹੀ ਨਹੀਂ ਸਗੋਂ ਵੱਡੀਆਂ ਸਮੱਸਿਆਵਾਂ ਨਾਲ ਸਮੂਹਿਕ ਟਾਕਰਾ ਕਰਨ ਲਈ ਵੀ ਸਹੀ ਰਸਤਾ ਸਾਹਮਣੇ ਆਵੇਗਾ।

ਇਸ ਦੀ ਕਾਮਯਾਬੀ ਉਪਰੰਤ ਮੱਧ ਵਰਗੀ ਕਿਸਾਨ ਵੀ ਇਸ ਵਿੱਚ ਭਾਗ ਲੈਣ ਲਈ ਦਿਲਚਸਪੀ ਲੈਣਗੇ, ਜਿਸ ਨਾਲ ਇਸ ਰੁਝਾਨ ਨੂੰ ਸਟੇਟ ਫਾਰਮਿੰਗ ਵੱਲ ਲਿਆਉਣ ਲਈ ਵੀ ਮੋੜਾ ਦਿੱਤਾ ਜਾ ਸਕੇਗਾ।

## ਨਵਦੀਪ ਜੋਧਾਂ ਅੰਤਰਰਾਸ਼ਟਰੀ ਜਥੇਬੰਦੀ ਐਨ.ਆਰ.ਆਈ. ਇਨਕਲਾਬੀ ਮੰਚ ਦੇ ਕੈਨੇਡਾ ਲਈ ਕੌਮੀ ਜਨਰਲ ਸਕੱਤਰ ਬਣੇ

ਵੈਨਕੂਵਰ : ਸ਼ਹੀਦ ਭਗਤ ਸਿੰਘ ਦੇ ਇਨਕਲਾਬੀ ਵਿਚਾਰਾਂ ਨੂੰ ਪ੍ਰਣਾਈ ਪਰਵਾਸੀ ਭਾਰਤੀਆਂ ਦੀ ਅੰਤਰਰਾਸ਼ਟਰੀ ਜਥੇਬੰਦੀ ਐਨ.ਆਰ.ਆਈ. ਇਨਕਲਾਬੀ ਮੰਚ ਨੇ ਕੈਨੇਡਾ ਲਈ ਜਨਰਲ ਸਕੱਤਰ ਨਵਦੀਪ ਜੋਧਾਂ ਨੂੰ ਚੁਣਿਆ ਹੈ।

ਇਸ ਚੋਣ ਦਾ ਐਲਾਨ ਕਰਦੇ ਹੋਏ ਮੰਚ ਦੇ ਕੈਨੇਡਾ ਦੇ ਕੌਮੀ ਪ੍ਰਧਾਨ ਜਗਰੂਪ ਧਾਲੀਵਾਲ ਨੇ ਦੱਸਿਅ ਕਿ ਨਵਦੀਪ ਜੋਧਾਂ ਭਾਰਤ ਪੰਜਾਬ ਦੇ ਜੋਧਾਂ ਪਿੰਡ, ਲੁਧਿਆਣਾ ਦੇ ਜੰਮਪਲ ਹਨ। ਕੁਝ ਸਾਲ ਪਹਿਲਾਂ ਕੈਨੈਡਾ ਓਂਟਾਰੀਓ ਦੇ ਮਿਸੀਸਾਗਾ ਸ਼ਹਿਰ ਰਿਹਾਇਸ਼ ਕੀਤੀ। ਇਨਕਲਾਬੀ ਵਿਚਾਰਧਾਰਾ ਵਾਲੇ ਪਰਿਵਾਰ ਵਿਚ ਹੋਸ਼ ਸੰਭਾਲਣ ਦੇ ਨਾਲ ਹੀ ਆਪਣੇ ਪਿਤਾ ਦੀ ਉਂਗਲ ਫੜ ਮਜ਼ਦੂਰ ਕਿਸਾਨ ਲਹਿਰ ਦੇ ਹਮਰਾਹੀ ਬਣੇ। ਪੜ੍ਹਾਈ ਦੌਰਾਨ ਵਿਦਿਆਰਥੀ ਆਗੂ ਦੇ ਤੌਰ 'ਤੇ ਪੰਜਾਬ ਸਟੂਡੈਂਟਸ ਫੈਡਰੇਸ਼ਨ ਦੇ ਬਤੌਰ ਸੂਬਾ ਜਨਰਲ ਸਕੱਤਰ, ਸ਼ਹੀਦ ਭਗਤ ਸਿੰਘ ਵਿਚਾਰ ਮੰਚ ਲੁਧਿਆਣਾ ਦੇ ਸਕੱਤਰ ਦੇ ਤੌਰ 'ਤੇ ਨੌਜਵਾਨ ਆਗੂ ਰਹੇ। ਉਨ੍ਹਾਂ ਦੀ ਇਸ ਚੋਣ ਲਈ ਚੇਅਰਪਰਸਨ ਰਣਬੀਰ ਕੌਰ ਬੱਲ ਯੂ.ਐਸ.ਏ., ਵਾਈਸ ਚੇਅਰਮੈਨ ਬਲਿਹਾਰ ਸੰਧੂ ਆਸਟ੍ਰੇਲੀਆ, ਸਰਪ੍ਰਸਤ ਡਾ. ਪ੍ਰਦੀਪ ਜੋਧਾਂ ਕੈਨੇਡਾ, ਕੌਮਾਂਤਰੀ ਪ੍ਰਧਾਨ ਦਵਿੰਦਰ ਸਿੰਘ ਪੱਪੂ ਬੈਲਜੀਅਮ, ਮੀਤ ਪ੍ਰਧਾਨ ਮਲਕੀਤ ਸਿੰਘ ਇੰਗਲੈਂਡ, ਬਿੰਦਰ ਜਾਨ-ਏ-ਸਾਹਿਤ ਇਟਲੀ, ਜਨਰਲ ਸਕੱਤਰ ਰੁਪਿੰਦਰ ਜੋਧਾਂ ਜਪਾਨ, ਜਥੇਬੰਦਕ ਸਕੱਤਰ ਡਾ. ਹਰਦੀਪ ਸਿੰਘ, ਜੁਆਇੰਟ ਸਕੱਤਰ ਬਿੰਦਰ ਭੋਗਪੁਰੀ ਇਟਲੀ, ਕੋਆਰਡੀਨੇਟਰ ਰੋਮੀ ਘੜਾਮਾਂ ਵਾਲਾ, ਵਿੱਤ ਸਕੱਤਰ ਮਨਦੀਪ ਟੋਰਾਂਟੋ, ਸਭਿਆਚਾਰਕ ਮਾਮਲੇ ਇੰ. ਜਗਸੀਰ ਜੀਦਾ, ਉਪ ਖਜ਼ਾਨਚੀ ਪ੍ਰਾਪੇਗੰਡਾ ਸਕੱਤਰ ਨਵਦੀਪ ਵਿਰਕ ਜਪਾਨ, ਆਡੀਟਰ ਰਵਿੰਦਰ ਲਾਲੀ ਕੈਲੇਫੋਰਨੀਆ, ਮੀਡੀਆ ਇੰ. ਸੁਪਿੰਦਰ ਸੰਨੀ ਜਾਪਾਨ, ਸਟੇਜ ਸਕੱਤਰ ਡਾ. ਜਸਵਿੰਦਰ ਕਾਲਖ, ਮੀਡੀਆ ਸਕੱਤਰ ਰਣਜੀਤ ਸਿੰਘ ਪਤਿਆਲਾਂ, ਮੈਂਬਰ ਸਲਾਹਕਾਰ ਡਾ. ਸਰਬਜੀਤ ਸਿੰਘ ਨਾਰੰਗਵਾਲ ਇੰਦੂ ਧਵਨ ਤੋਂ ਇਲਾਵਾ ਕੈਨੇਡਾ ਸਕੱਤਰ ਮਨਧੀਰ ਕੌਰ, ਡੈਨਮਾਰਕ ਸਕੱਤਰ ਕੁਲਦੀਪ ਸਿੰਘ, ਜਰਮਨੀ ਸਕੱਤਰ ਪਵਨ ਪਰਵਾਸੀ, ਕੁਵੈਤ ਸਕੱਤਰ ਗੁਰਮੀਤ ਮਲ੍ਹਾ, ਬੈਲਜੀਅਮ ਸਕੱਤਰ ਗੁਰਜੋਤ ਸਿੰਘ ਪੰਧੇਰ, ਭਾਰਤ ਸਕੱਤਰ ਡਾ. ਗੁਰਵਿੰਦਰ ਅਮਨ ਨੇ ਸਵਾਗਤ ਕੀਤਾ।



ਮੈਟਰੋ ਇਮੀਗ੍ਰੇਸ਼ਨ




1. ਅਸੀਂ ਕੈਨੇਡਾ ਦੇ ਜਾਂ ਕੈਨੇਡਾ ਦੇ ਬਾਹਰਲੇ ਸਪਾਊਸ ਕੇਸ ਐਪਲਕੇਸ਼ਨਾਂ ਵੀ ਪ੍ਰੋਸੈਸ ਕਰਦੇ ਹਾਂ। ਸਾਡੇ ਨਾਲ ਸਬੰਧਤ ਦਫ਼ਤਰ ਲੁਧਿਆਣੇ ਅਤੇ ਜਲੰਧਰ ਵੀ ਹੈ।
2. ਪੇਰੈਂਟਸ ਜਾਂ ਗ੍ਰੈਂਡ-ਪੇਰੈਂਟਸ ਦੇ ਸੁਪਰਵੀਜਾ ਕੇਸ
3. ਵਿਜਟਰ ਟੂ ਕੈਨੇਡਾ (ਐਫਡੇਵਿਟ)
4. ਇਨਵੀਟੇਸ਼ਨ ਤੇ ਐਕਸਪ੍ਰੈਸ ਐਂਟਰੀ ਵੀਜਾ
5. ਪੀ ਆਰ ਲਈ ਐਲ.ਆਈ.ਐਮ.ਏ.
6. ਹਰ ਕਿਸਮ ਦੇ ਰਫੀਊਜਲ ਦੇ ਕੇਸ ਜਿਵੇਂ ਸਪਾਊਸਲ, ਇਨਸਫੀਸ਼ਐਂਟ ਇਨਕਮ, ਕ੍ਰਿਮਨਿਲ, ਮੈਡੀਕਲ ਰਫੀਊਜਲ ਆਦਿ ਦੇ ਕੇਸਾਂ ਲਈ ਆਈ.ਏ.ਡੀ. ਨੂੰ ਅਪੀਲ ਕੇਸ
7. ਸੈਲਫ ਇੰਮਪਲਾਇਮੈਂਟ ਕੇਸ ਜਿਵੇਂ ਫਾਰਮਰ, ਆਰਟਿਸਟ ਆਦਿ
8. ਪੀ.ਐਨ.ਪੀ ਮੈਨਟਿਬਾ, ਐਲਬਰਟਾ, ਸਸਕੈਚ, ਪੀ ਈ ਆਈ, ਇਨਵੈਸਟਰ, ਪੀ ਐਨ ਪੀ ਬਿਜਨਸ।
9. ਕਮਸ਼ਿਨਰ ਫਾਰ ਓਥ
10. ਫੈਮਲੀ ਸਪਾਂਸਰਸ਼ਿਪ (ਪੇਰੈਂਟਸ ਜਾਂ ਗਰੈਂਡ ਪੇਰੈਂਟਸ )
11. ਪੀ.ਆਰ. ਕਾਰਡ ਰਿਨੀਊਅਲ
12. ਪਾਰਡਨ ਜਾਂ ਯੂ ਐਸ ਵੇਵਰ ਐਪਲਕਿਸ਼ਨ
13. ਸਿਟੀਜਨਸ਼ਿਪ ਐਪਲੀਕੇਸ਼ਨ
14. ਯੂ.ਐਸ. ਵਿਜਿਟਰ ਵੀਜਾ
15. ਵਿਜਿਟਰ, ਵਰਕ, ਸਟੂਡੈਂਟ ਵੀਜਾ ਐਕਟੈਂਸ਼ਨ
16. ਪੀ ਆਰ ਐਪਲੀਕੇਸ਼ਨ, ਸਕੀਲਡ,ਵਰਕਰ, ਕੈਨੇਡਿਅਨ ਐਕਸਪੀਰੀਅਸ ਕਲਾਸ, ਲਿਵ-ਇਨ ਕੇਅਰ ਗਿਵਰ
17. ਐਚ.ਆਰ.ਧੀ. ਐਸ ਤੋਂ ਐਲ. ਐਮ.ਆਈ.ਏ. ਫਾਰ ਵਰਕ ਪਰਿਮਟ
18. ਸੀ.ਏ.ਆਈ.ਪੀ.ਸੀ.. ਸੀਆਰ ਸੀ ਤੋਂ ਸਾਰੀ ਫਾਇਲ ਦੀ ਕਾਪੀ ਲਈ
19. ਨਾਮ ਬਦਲੀ
20. ਨਿਊਜ਼ੀਲੈਂਡ ਜਾਂ ਕੇਨੇਡਾ ਲਈ ਸਟੂਡੈਂਟ ਵੀਜਾ
21. ਬਿਜਿਨਸ/ਐਂਟਰਪਰਿਨਰ ਐਪਲੀਕੇਸ਼ਨਨ

Suresh Gupta
Certified Immigration Practitioner (RCIC) Member ICCRC
905-913-7700
info@metroimmigration.com www.metroimmigration.com
12-2355 Derry Road East, Mississauga, Ont. L5S 1V6

HOMELIFE SILVERCITY REALTY INC. BROKERAGE
HIGHER STANDARDS
Homelife SilverCity Realty Inc.
BROKERAGE Independently Owned & Operated
Mandeep Dhaliwal
Sales Representative
416-648-9053
905-913-8500
mkdsm0713@gmail.com
MLS
11775 Bramalea Rd., Unit #201, Brampton ON L6R3S9



Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092
Sukdev Singh Liddar
*2555 Steeles Ave E. Unit 11 *Brampton *ON*L6T4L6



# ਗ੍ਰਿਫਤਾਰ ਕੀਤੇ ਹੋਏ ਬੁੱਧੀਜੀਵੀਆਂ, ਵਿਦਿਆਰਥੀ ਕਾਰਕੁੰਨਾਂ ਅਤੇ ਜਮਹੂਰੀ ਹੱਕਾਂ ਦੇ ਕਾਰਕੁੰਨਾਂ ਦੀ ਰਿਹਾਈ ਲਈ ਵੱਖ-ਵੱਖ ਥਾਈਂ ਨੌਜਵਾਨ - ਵਿਦਿਆਰਥੀਆਂ ਨੇ ਕੀਤੇ ਪ੍ਰਦਰਸ਼ਨ




**ਬਲਜਿੰਦਰ ਸਿੰਘ**

ਕੇਂਦਰ ਦੀ ਮੋਦੀ ਸਰਕਾਰ ਵੱਲੋਂ ਲੋਕਾਂ ਖਿਲਾਫ਼ ਬੋਲੇ ਹੋਏ ਫਾਸ਼ੀ ਹਮਲੇ ਤਹਿਤ ਪਿਛਲੇ ਦੋ-ਢਾਈ ਮਹੀਨਿਆਂ ਦੌਰਾਨ ਸੀ.ਏ.ਏ. ਵਿਰੋਧੀ ਅੰਦੋਲਨਾਂ 'ਚ ਮੂਹਰਲੀਆਂ ਸਫਾਂ 'ਚ ਰਹਿ ਕੇ ਜੂਝ ਰਹੇ ਵਿਦਿਆਰਥੀ ਕਾਰਕੁੰਨਾਂ ਨੂੰ ਗ੍ਰਿਫਤਾਰ ਕੀਤਾ ਹੈ। ਇਸੇ ਤਰ੍ਹਾਂ ਦੋ ਦਰਜਨ ਤੋਂ ਉੱਪਰ ਬੁੱਧੀਜੀਵੀਆਂ ਅਤੇ ਜਮਹੂਰੀ ਹੱਕਾਂ ਦੇ ਕਾਰਕੁੰਨਾਂ ਨੂੰ ਪਹਿਲਾਂ ਹੀ ਝੂਠੇ ਕੇਸ ਮੜ੍ਹ ਕੇ ਜੇਲਾਂ ਵਿੱਚ ਸੁੱਟਿਆ ਹੋਇਆ ਹੈ। ਇਹਨਾਂ ਸਭਨਾਂ ਦੀ ਰਿਹਾਈ ਲਈ ਅਤੇ ਝੂਠੇ ਕੇਸ ਰੱਦ ਕਰਨ ਦੀ ਮੰਗ ਲਈ ਨੌਜਵਾਨ ਭਾਰਤ ਸਭਾ ਅਤੇ ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ) ਦੇ ਸਰਗਰਮਾਂ ਵੱਲੋਂ ਅੱਜ ਬਠਿੰਡਾ, ਮੂਣਕ, ਸੂਨਾਮ (ਸੰਗਰੂਰ), ਨਿਹਾਲ ਸਿੰਘ ਵਾਲਾ (ਮੋਗਾ) ਅਤੇ ਸਿਹੌੜਾ (ਲੁਧਿਆਣਾ) ਵਿਖੇ ਪ੍ਰਦਰਸ਼ਨ ਕੀਤੇ ਗਏ।

ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਦੋਹਾਂ ਜਥੇਬੰਦੀਆਂ ਦੇ ਸੂਬਾਈ ਆਗੂਆਂ ਅਸ਼ਵਨੀ ਘੁੱਦਾ ਅਤੇ ਹੁਸ਼ਿਆਰ ਸਲੇਮਗੜ੍ਹ ਨੇ ਕਿਹਾ ਕਿ ਦਿੱਲੀ ਅਤੇ ਯੂ.ਪੀ. ਦੀਆਂ ਜਾਮੀਆ ਮਿਲੀਆ ਇਸਲਾਮੀਆਂ ਯੂਨੀਵਰਸਿਟੀ ਅਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਦਰਜਨਾਂ ਕਾਰਕੁੰਨਾਂ ਨੂੰ ਲਾਕਡਾਊਨ ਅਤੇ ਕਰਫਿਊ ਦੀ ਦਹਿਸ਼ਤ ਦੌਰਾਨ ਗ੍ਰਿਫਤਾਰ ਕਰਕੇ ਜੇਲ੍ਹੀ ਸੁੱਟ ਦਿੱਤਾ ਹੈ। ਸੀ.ਏ.ਏ. ਖਿਲਾਫ਼ ਸੰਘਰਸ਼ ਵਿੱਚ ਬੇਖੌਫ਼ ਡਟਣ ਵਾਲੇ ਇਹਨਾਂ ਵਿਦਿਆਰਥੀਆਂ ਨੂੰ ਸਬਕ ਸਿਖਾਉਣ ਦੇ ਮਨਸ਼ੇ ਨਾਲ ਅਜਿਹਾ ਜਬਰ ਕੀਤਾ ਜਾ ਰਿਹਾ ਹੈ। ਦੇਸ਼ ਧ੍ਰੋਹ ਦੇ ਕੇਸਾਂ ਨੂੰ ਸੱਤ-ਇਕਵੰਜਾ ਵਾਂਗ ਵਰਤਿਆ ਜਾ ਰਿਹਾ ਹੈ। ਇਹਨਾਂ ਕਾਰਕੁੰਨਾਂ ਨੂੰ ਦਿੱਲੀ ਫਿਰਕੂ ਹਿਸਾ ਲਈ ਦੋਸ਼ੀਆਂ ਵਜੋਂ ਕੇਸਾਂ ਵਿੱਚ ਫਸਾਇਆ ਜਾ ਰਿਹਾ ਹੈ ਜਦਕਿ ਹਿੰਸਾ ਭੜਕਾਉਣ ਅਤੇ ਕਤਲੇਆਮ ਰਚਾਉਣ ਦੇ ਦੋਸ਼ੀ ਕਪਿਲ ਮਿਸ਼ਰੇ ਵਰਗਿਆਂ ਵੱਲ ਉਂਗਲ ਨਹੀਂ ਕੀਤੀ ਜਾ ਰਹੀ। ਇਹਨਾਂ ਗ੍ਰਿਫਤਾਰੀਆਂ ਅਤੇ ਕੇਸਾਂ ਰਾਹੀਂ ਮੋਦੀ ਸਰਕਾਰ ਮੁਲਕ ਭਰ ਦੇ ਨੌਜਵਾਨਾਂ ਨੂੰ ਫਾਸ਼ੀ ਹਮਲੇ ਖਿਲਾਫ਼ ਤੋਂ ਵਰਜਨਾ ਚਾਹੁੰਦੀ ਹੈ ਅਤੇ ਨੌਜਵਾਨ-ਵਿਦਿਆਰਥੀਆਂ ਦੇ ਮਨਾਂ 'ਚ ਖੌਫ਼ ਪੈਦਾ ਕਰਨਾ ਚਾਹੁੰਦੀ ਹੈ।

ਆਗੂਆਂ ਨੇ ਕਿਹਾ ਕਿ ਮੋਦੀ ਹਕੂਮਤ ਦੇ ਫਾਸ਼ੀ ਹਮਲੇ ਖਿਲਾਫ਼ ਗੂੰਜਦੀ ਰਹੀ ਬੁੱਧੀਜੀਵੀਆਂ ਅਤੇ ਜਮਹੂਰੀ ਹੱਕਾਂ ਦੇ ਕਾਰਕੁੰਨਾਂ ਦੀ ਅਵਾਜ ਨੂੰ ਬੰਦ ਕਰਨ ਲਈ ਹੀ ਮੁਲਕ ਦੇ ਨਾਮੀ ਬੁੱਧੀਜੀਵੀਆਂ ਨੂੰ ਜੇਲ੍ਹੀ ਡੱਕਿਆ ਜਾ ਰਿਹਾ ਹੈ। ਭੀਮਾਂ ਕੋਰੇਗਾਉਂ ਦੇ ਝੂਠੇ ਕੇਸ ਵਿੱਚ ਨਿੱਤ ਰੋਜ਼ ਨਵੇਂ-ਨਵੇਂ ਨਾਮ ਸ਼ਾਮਲ ਕਰਕੇ ਦੇਸ਼ ਧ੍ਰੋਹਾਂ ਦੇ ਕੇਸ ਮੜ੍ਹੇ ਜਾ ਰਹੇ ਹਨ। ਜੇਲ੍ਹਾਂ ਵਿੱਚ ਸੁੱਟੇ ਗਏ ਇਹਨਾਂ ਬੁੱਧਜੀਵੀਆਂ ਵਿੱਚ ਵੱਡਾ ਹਿੱਸਾ ਵਡੇਰੀ ਉਮਰ ਅਤੇ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋਣ ਕਰਕੇ ਕਰੋਨਾ ਬਿਮਾਰੀ ਦੇ ਖਤਰੇ ਹੇਠ ਆਉਣ ਵਾਲੇ ਗਰੁੱਪ ਵਿੱਚ ਸ਼ੁਮਾਰ ਹੁੰਦਾ ਹੈ। ਪਰ ਇਸ ਸਭ ਦੀ ਪ੍ਰਵਾਹ ਕੀਤੇ ਬਿਨਾਂ ਇਹਨਾਂ ਕਾਰਕੁੰਨਾਂ ਨੂੰ ਜਮਾਨਤਾਂ ਦੇਣ ਤੋਂ ਇਨਕਾਰ ਕੀਤਾ ਗਿਆ ਹੈ ਜਦਕਿ ਇੱਕ ਪਾਸੇ ਜੇਲ੍ਹਾਂ 'ਚੋਂ ਕੈਦੀ ਘਟਾਉਣ ਦੇ ਕਦਮ ਦੇ ਲਏ ਜਾ ਰਹੇ ਹਨ। ਹਕੂਮਤੀ ਪਹੁੰਚ ਇਹਨਾਂ ਨੂੰ ਕਦਮ-ਦਰ-ਕਦਮ ਮੌਤ ਤੱਕ ਧੱਕਣ ਵਾਲੀ ਹੈ। ਜੀ.ਐਨ. ਸਾਈਂ ਬਾਬਾ ਅਤੇ ਵਰਵਰਾ ਰਾਉ ਵਰਗੇ ਕਾਰਕੁੰਨਾਂ ਇਲਾਜ ਖੁਣੋ ਹੀ ਮਰਨ ਲਈ ਸੁੱਟਿਆ ਜਾ ਰਿਹਾ ਹੈ। ਇਹ ਸਾਰਾ ਜੁਲਮ ਇਹਨਾਂ ਕਾਰਕੁੰਨਾਂ ਦਾ ਮਨੋਬਲ ਤੋੜਨ ਤੇ ਦੇਸ਼ ਦੇ ਬੁੱਧੀਜੀਵੀ ਵਰਗ ਨੂੰ ਸੁਣਾਉਣੀ ਕਰਨ ਲਈ ਹੈ ਕਿ ਉਹ ਹੱਕ-ਸੱਚ ਲਈ ਬੋਲਣ ਦਾ ਆਪਣਾ ਫ਼ਰਜ ਨਿਭਾਉਣੋ ਹਟ ਜਾਣ। ਇਹ ਸਾਰੀਆਂ ਅਵਾਜਾਂ ਉਹ ਹਨ ਜੋ ਮੁਲਕ ਦੇ ਸਭ ਤੋਂ ਵਧੇਰੇ ਦਬਾਏ ਆਦਿਵਾਸੀਆਂ, ਦਲਿਤਾਂ, ਔਰਤਾਂ ਅਤੇ ਹਰ ਤਰ੍ਹਾਂ ਦੇ ਕਿਰਤੀ ਕਾਮਿਆਂ ਦੇ ਹੱਕ ਵਿੱਚ ਅਤੇ ਵੱਡੇ ਸਰਮਾਏਦਾਰਾਂ, ਦੇਸੀ-ਵਿਦੇਸੀ ਕੰਪਨੀਆਂ ਤੇ ਇਹਨਆਂ ਦੀਆਂ ਸੇਵਾਦਾਰ ਹਕੂਮਤਾਂ ਦੇ ਜੁਲਮਾਂ ਖਿਲਾਫ਼ ਉਠਦੀਆਂ ਆ ਰਹੀਆਂ ਹਨ। ਮੋਦੀ ਹਕੂਮਤ ਦੇ ਫਿਰਕੂ-ਫਾਸ਼ੀ ਹਮਲੇ ਮੂਹਰੇ ਮੁਲਕ ਦੇ ਬੁੱਧੀਜੀਵੀ ਅਤੇ ਜਮਹੂਰੀ ਕਾਮੇ ਡਟ ਕੇ ਖਲੋ ਗਏ ਹਨ ਅਤੇ ਏਸੇ ਕਰਕੇ ਹਕੂਮਤ ਦੇ ਚੋਟ ਨਿਸ਼ਾਨੇ 'ਤੇ ਹਨ।

ਆਗੂਆਂ ਨੇ ਕਿਹਾ ਕਿ 25 ਜੂਨ 1975 ਨੂੰ ਅੱਜ ਤੋਂ 45 ਵਰ੍ਹੇ ਪਹਿਲਾਂ ਕਾਂਗਰਸ ਹਕੂਮਤ ਵੱਲੋਂ ਐਮਰਜੈਂਸੀ ਰਾਹੀਂ ਲੋਕਾਂ ਤੇ ਫਾਸ਼ੀ ਹਮਲਾ ਬੋਲਿਆ ਗਿਆ ਸੀ। ਹੁਣ ਮੋਦੀ ਹਕੂਮਤ ਉਸੇ ਰਾਹ 'ਤੇ ਹੈ ਅਤੇ ਕਾਂਗਰਸ ਦੇ ਜਾਬਰ ਵਿਹਾਰ ਨੂੰ ਮਾਤ ਦੇਣਾ ਚਾਹੁੰਦੀ ਹੈ। ਦੇਸ ਭਰ ਅੰਦਰ ਝੂਠੇ ਕੇਸਾਂ ਅਤੇ ਗ੍ਰਿਫਤਾਰੀਆਂ ਦਾ ਝੱਖਰ ਝੁਲਾਇਆ ਹੋਇਆ ਹੈ। ਅੱਜ ਫੇਰ ਹਕੂਮਤੀ ਫਾਸ਼ੀ ਹਮਲਿਆਂ ਖਿਲਾਫ਼ ਡਟਣ ਦੀ ਸੰਗਰਾਮੀ ਵਿਰਾਸਤ ਨੂੰ ਬੁਲੰਦ ਕਰਦੇ ਹੋਏ ਐਮਰਜੈਂਸੀ ਦੀ ਵਰ੍ਹੇਗੰਢ ਮੌਕੇ ਮੋਦੀ ਦੀ ਹਕੂਮਤ ਦੇ ਫਾਸ਼ੀ ਵਾਰਾਂ ਖਿਲਾਫ਼ ਡਟਣ ਦਾ ਅਹਿਦ ਕਰਨ ਦੀ ਲੋੜ ਹੈ। ਅੱਜ ਮੁਲਕ ਦੇ ਸਭਨਾਂ ਕਿਰਤੀ ਲੋਕਾਂ ਜੇਲ੍ਹੀ ਡੱਕੇ ਹੋਏ ਜਮਹੂਰੀ ਹੱਕਾਂ ਦੇ ਕਾਰਕੁੰਨਾਂ, ਬੁੱਧੀਜੀਵੀਆਂ ਅਤੇ ਵਿਦਿਆਰਥੀ ਸਰਗਰਮਾਂ ਦੀ ਰਿਹਾਈ ਲਈ ਮਿਲ ਕੇ ਆਵਾਜ਼ ਬੁਲੰਦ ਕਰਨ ਦੀ ਲੋੜ ਹੈ। ਪ੍ਰਦਰਸ਼ਨਾਂ ਵਿੱਚ ਸਰਬਜੀਤ ਮੌੜ, ਰਮਨ ਕਾਲਾਝਾੜ, ਦਰਸ਼ਨ ਸੁਨਾਮ, ਜੱਗੀ ਸਲੇਮਗੜ੍ਹ, ਬਲਕਰਨ ਸਿੰਘ, ਕਰਮ ਰਾਮਾ, ਗੁਰਮੁਖ ਹਿੰਮਤਪੁਰਾ, ਰਵਿੰਦਰ ਹੈਪੀ, ਸ਼ੈਰੀ ਸਿਹੋੜਾ, ਬਲਵਿੰਦਰ ਸਿੰਘ ਸੋਨੀ, ਰਵਿੰਦਰ ਸੇਵੇਵਾਲਾ, ਜਸਕਰਨ ਕੋਟਗੁਰੂ, ਅਮਨਦੀਪ ਕੌਰ ਖੇਮੋਆਣਾ ਅਤੇ ਕੋਮਲ ਖਨੌਰੀ ਆਦਿ ਆਗੂ ਸ਼ਾਮਲ ਹੋਏ।















# ਅਮਰੀਕਾ ਤੋਂ ਨਸਲਵਾਦ ਖਿਲਾਫ ਸ਼ੁਰੂ ਹੋਏ ਮੁਜ਼ਾਹਰੇ









**ਕੈਲਗਰੀ/ਹਰਚਰਨ ਪਰਹਾਰ**

ਪਿਛਲੇ ਕੁਝ ਹਫਤਿਆਂ ਤੋਂ ਅਮਰੀਕਾ ਤੋਂ ਨਸਲਵਾਦ ਖਿਲਾਫ ਸ਼ੁਰੂ ਹੋਏ ਮੁਜ਼ਾਹਰੇ ਹੁਣ ਸਾਰੀ ਦੁਨੀਆਂ ਵਿੱਚ ਇੱਕ ਮੂਵਮੈਂਟ ਦਾ ਰੂਪ ਧਾਰ ਰਹੇ ਹਨ। ਯਾਦ ਰਹੇ ਦੋ ਕੁ ਹਫ਼ਤੇ ਪਹਿਲਾਂ ਅਮਰੀਕਾ ਵਿੱਚ ਕਾਲੇ ਰੰਗ ਦੇ ਇੱਕ ਵਿਅਕਤੀ ਨੂੰ ਪੁਲਿਸ ਅਫਸਰ ਵੱਲੋਂ ਗ੍ਰਿਫ਼ਤਾਰ ਕਰਨ ਦੌਰਾਨ ਵਰਤੀ ਗਈ ਜਾਲਮਾਨਾ ਤਾਕਤ ਤੇ ਅਣਗਹਿਲੀ ਨਾਲ ਮੌਤ ਹੋ ਗਈ ਸੀ। ਜਿਸ ਦੀ ਵੀਡੀਉ ਵਾਇਰਲ ਹੋਣ ਤੋਂ ਬਾਅਦ ਸਾਰੇ ਅਮਰੀਕਾ ਵਿੱਚ ਗ਼ੁੱਸੇ ਦੀ ਲਹਿਰ ਤੇ ਹਿੰਸਾ ਭੜਕ ਉਠੀ ਸੀ। ਜਿਸ ਤੋਂ ਬਾਅਦ ਹੌਲੀ-ਹੌਲੀ ਇਹ ਇਹ ਘਟਨਾ ਨਸਲਵਾਦ ਖਿਲਾਫ ਦੁਨੀਆਂ ਭਰ ਵਿੱਚ ਲਹਿਰ ਦਾ ਰੂਪ ਲੈ ਰਹੀ ਹੈ। ਅਮਰੀਕਾ ਵਿੱਚ ਅਜਿਹੀ ਕੋਈ ਪਹਿਲੀ ਘਟਨਾ ਨਹੀਂ ਹੈ,... ਕਾਲੇ ਮੂਲ ਦੇ ਲੋਕਾਂ ਨੂੰ ਕਈ ਸਦੀਆਂ ਤੋਂ ਅਮਰੀਕਾ ਸਮੇਤ ਯੂਰਪ ਦੇ ਅਨੇਕਾਂ ਦੇਸ਼ਾਂ ਵਿੱਚ ਗੁਲਾਮ ਬਣਾ ਕੇ ਰੱਖਿਆ ਜਾਂਦਾ ਰਿਹਾ ਹੈ। ਕਾਲਿਆਂ ਨੂੰ ਪਸ਼ੂਆਂ ਵਾਂਗ ਮੰਡੀਆਂ ਵਿੱਚ ਖ਼ਰੀਦਿਆ ਵੇਚਿਆ ਜਾਂਦਾ ਸੀ। ਉਨ੍ਹਾਂ ਕੋਲ ਕੋਈ ਮਨੁੱਖੀ ਅਧਿਕਾਰ ਨਹੀਂ ਸਨ। ਉਨ੍ਹਾਂ ਨਾਲ ਸਮਾਜ ਵਿੱਚ ਹਰ ਪੱਧਰ ਤੇ ਵਿਤਕਰਾ ਹੁੰਦਾ ਸੀ। ਬੇਸ਼ਕ ਪਿਛਲੀ ਸਦੀ ਦੇ ਛੇਵੇਂ ਦਹਾਕੇ ਵਿੱਚ ਚੱਲੀ ਸਿਵਲ ਰਾਈਟ ਮੂਵਮੈਂਟ ਤੋਂ ਬਾਅਦ ਕਾਲੇ ਲੋਕਾਂ ਨੂੰ ਕਨੂੰਨੀ ਤੌਰ ਤੇ ਬਾਕੀ ਅਮਰੀਕਨਾਂ ਵਾਂਗ ਬਰਾਬਰ ਦੇ ਹੱਕ ਮਿਲ ਗਏ ਸਨ। ਪਰ ਸਮਾਜ ਵਿੱਚੋਂ ਨਸਲਵਾਦ ਅਜੇ ਖਤਮ ਨਹੀਂ ਹੋ ਰਿਹਾ। ਕਾਲਿਆਂ ਨਾਲ ਅਜੇ ਵੀ ਸਰਕਾਰੀ ਤੇ ਗ਼ੈਰ ਸਰਕਾਰੀ ਤੌਰ ਤੇ ਵਿਤਕਰੇ ਹੁੰਦੇ ਹਨ।




ਦੁਨੀਆਂ ਭਰ ਵਿੱਚ ਚੱਲ ਰਹੀ 'ਬਲੈਕ ਲਾਈਵਜ ਮੈਟਰ' ਮੂਵਮੈਂਟ ਤਹਿਤ ਪਿਛਲੇ ਦਿਨਾਂ ਤੋਂ ਕੈਲਗਰੀ ਵਿੱਚ ਮੁਜ਼ਾਹਰੇ ਚੱਲ ਰਹੇ ਹਨ। 6 ਜੂਨ ਨੂੰ ਕੈਲਗਰੀ ਡਾਊਨ ਟਾਊਨ ਵਿਖੇ ਸਿਟੀ ਹਾਲ ਸਾਹਮਣੇ ਉਲੰਪਿਕ ਪਲਾਜਾ ਵਿੱਚ ਹੋਏ ਚੌਥੇ ਜ਼ਬਰਦਸਤ ਰੋਸ ਪਰਦਰਸ਼ਨ ਵਿੱਚ 5-6 ਹਜ਼ਾਰ ਮੁਜ਼ਾਹਰਾਕਾਰੀਆਂ ਨੇ ਭਾਗ ਲਿਆ। ਜਿਸ ਵਿੱਚ ਵੱਖ-ਵੱਖ ਬੁਲਾਰਿਆਂ ਨੇ ਕਾਲੇ ਮੂਲ ਦੇ ਲੋਕਾਂ ਦੇ ਨਾਲ-ਨਾਲ ਕਨੇਡਾ ਵਿੱਚ ਕਨੇਡੀਅਨ ਦੇ ਮੂਲ ਨਿਵਾਸੀਆਂ ਨਾਲ ਸਦੀਆਂ ਤੋਂ ਇਸੇ ਤਰ੍ਹਾਂ ਦੇ ਹੋ ਰਹੇ ਧੱਕਿਆਂ, ਨਸਲਵਾਦ ਬਾਰੇ ਵੀ ਆਵਾਜ ਉਠਾਈ ਗਈ। ਮੁਜ਼ਾਹਰੇ ਦੀ ਖ਼ਾਸ ਗੱਲ ਇਹ ਸੀ ਕਿ ਜਿੱਥੇ ਬਿਨਾਂ ਕਿਸੇ ਯਤਨਾਂ ਦੇ ਵੱਖ-ਵੱਖ ਭਾਈਚਾਰਿਆਂ ਦੇ ਲੋਕ ਇਸ ਵਿੱਚ ਸ਼ਾਮਿਲ ਸਨ, ਉਥੇ ਨੌਜਵਾਨਾਂ ਦੀ ਵੱਡੀ ਗਿਣਤੀ ਸੀ। ਇਸ ਮੌਕੇ ਤੇ ਪੰਜਾਬੀ ਭਾਈਚਾਰੇ ਵਿੱਚੋਂ ਵੀ ਕਾਫ਼ੀ ਵਿਅਕਤੀ ਤੇ ਬੱਚੇ ਸ਼ਾਮਲ ਸਨ। ਜਿਨ੍ਹਾਂ ਵਿੱਚ ਪ੍ਰੋਗਰੈਸਿਵ ਕਲਚਰਲ ਕਲਾ ਮੰਚ ਵੱਲੋਂ ਕਮਲਪ੍ਰੀਤ ਪੰਧੇਰ ਦੀ ਅਗਵਾਈ ਵਿੱਚ ਕਾਫ਼ੀ ਬੱਚੇ ਸ਼ਾਮਿਲ ਹੋਏ। ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ, 'ਸਿੱਖ ਵਿਰਸਾ' ਇੰਟਰਨੈਸ਼ਨਲ, 'ਸਰੋਕਾਰਾਂ ਦੀ ਆਵਾਜ਼' ਵੱਲੋਂ ਮਾਸਟਰ ਭਜਨ ਸਿੰਘ, ਪ੍ਰੋ. ਗੋਪਾਲ ਜੱਸਲ, ਹਰਚਰਨ ਪ੍ਰਹਾਰ ਤੇ ਉਨ੍ਹਾਂ ਦੀ ਟੀਮ ਸ਼ਾਮਿਲ ਸੀ। ਕੌਂਸਲਰ ਜੌਰਜ ਚਾਹਲ ਵੀ ਆਪਣੇ ਪਰਿਵਾਰ ਸਮੇਤ ਇਸ ਮੁਜ਼ਾਹਰੇ ਵਿੱਚ ਸ਼ਾਮਿਲ ਹੋਏ। ਐਨ ਡੀ ਪੀ ਲੀਡਰ ਪਰਮੀਤ ਸਿੰਘ ਬੋਲਾਰਾਏ ਤੇ ਉਨ੍ਹਾਂ ਦੇ ਸਾਥੀਆਂ ਨੇ ਵੀ ਇਸ ਰੈਲੀ ਵਿੱਚ ਭਾਗ ਲਿਆ।

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com

Paul Dosanjh
Sales Representative

FIVE STAR INSURANCE
Save up to 51%
• Auto • Home • Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
905.459.0555
270 Orenda Rd., Unit # 200 Brampton, ON L6T 4X6

Call For Free Quote...
Super-Visa Insurance
For best service and expert advice
• Visitor Visa/Travel insurance
• Life and Mortgage Insurance
• Disability Insurance
• Critical illness Insurance
• RESP (education plan), RRSP
• Medical & Dental plans

Hardeep Atwal
Insurance Advisor
416-209-6363
e-mail: weprotecturfamily@gmail.com

# ਲੋਕ ਹੋਏ ਵਿਚਾਰੇ, ਆਤਮਨਿਰਭਰਤਾ ਦੇ ਨਾਅਰੇ



ਅਮਰੀਕ ਸਿੰਘ
84373 12220



12 ਮਈ ਨੂੰ ਟੀਵੀ ਉੱਪਰ ਦੇਸ਼ ਨੂੰ ਸੰਬੋਧਨ ਕਰਦਿਆਂ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਆਪਣੀ ਫ਼ਿਤਰਤ ਮੁਤਾਬਕ 'ਗੱਲਾਂ ਦੇ ਮਹਿਲ' ਬਣਾਉਂਦਿਆਂ ਇੱਕ ਨਵਾਂ ਸ਼ਿਗੂਫ਼ਾ ਛੱਡਿਆ ਹੈ "ਆਤਮ-ਨਿਰਭਰ ਭਾਰਤ"। ਦੁਨੀਆ ਭਰ ਦੇ ਚੇਤਨ ਹਲਕੇ ਉਸ ਦੇ ਭਾਸ਼ਨ ਵਿਚੋਂ ਆਮ ਲੋਕਾਂ ਲਈ ਭਾਸ਼ਨ ਤੋਂ ਇਲਾਵਾ ਕੁਝ ਠੋਸ, ਕੁਝ 'ਸੱਚੀ-ਮੁੱਚੀ' ਦਾ ਭਾਲਣ ਦੀ ਨਾਕਾਮ ਕੋਸ਼ਿਸ਼ ਕਰਦੇ ਰਹੇ। ਪ੍ਰਧਾਨ ਮੰਤਰੀ ਵੱਲੋਂ ਐਲਾਨੇ 20 ਲੱਖ ਕਰੋੜ ਰੁਪਏ ਦੇ 'ਮਹਾਂ ਪੈਕਜ' ਵਿੱਚੋਂ ਦੇਸ਼ ਦੇ ਮਜਦੂਰਾਂ, ਕਿਸਾਨਾਂ, ਨੌਜਵਾਨਾਂ, ਕਰਮਚਾਰੀਆਂ ਤੇ ਮਿਹਨਤਕਸ਼ ਲੋਕਾਂ ਹਿੱਸੇ ਇਕ ਵਾਰ ਫਿਰ ਉਪਦੇਸ਼, ਲਾਰੇ ਤੇ ਗੱਲਾਂ ਹੀ ਆਈਆਂ। ਮੋਦੀ ਸਾਹਿਬ ਦਾ ਆਤਮ-ਨਿਰਭਰ ਭਾਰਤ ਕਿਹੋ ਜਿਹਾ ਹੋਵੇਗਾ ਇਸ ਬਾਰੇ ਕੁਝ ਕੁਝ ਝਲਕਾਰੇ 12 ਮਈ ਦੇ ਭਾਸ਼ਨ ਵਿਚੋਂ, ਬਹੁਤ ਕੁਝ ਮੋਦੀ ਸਰਕਾਰ ਵੱਲੋਂ ਧਾਰਨ ਕੀਤੀਆਂ ਨੀਤੀਆਂ ਵਿਚੋਂ ਤੇ ਬਾਕੀ ਸਭ ਕੁਝ ਮਾਨਯੋਗ ਵਿਤ ਮੰਤਰੀ ਸੀਤਾਰਮਨ ਵੱਲੋਂ ਲਗਾਤਾਰ ਪੰਜ ਦਿਨ ਕੀਤੀਆਂ ਪ੍ਰੈਸ ਕਾਨਫਰੰਸਾਂ ਵਿੱਚੋਂ ਸਾਹਮਣੇ ਨਜ਼ਰ ਆ ਗਿਆ।

ਸਵਾਲਾਂ ਦਾ ਸਵਾਲ ਤਾਂ ਇਹ ਹੈ ਕਿ ਆਪਣੇ ਦੇਸ਼ ਦੇ ਮਜਦੂਰਾਂ ਦੀ ਸੁਰੱਖਿਆ ਲਈ ਬਣੇ ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਜਾਂ ਸਸਪੈਂਡ ਕਰਕੇ ਦੇਸ ਦੇ ਕਰੋੜਾਂ ਮਜ਼ਦੂਰਾਂ ਨੂੰ ਉਦਯੋਗਪਤੀਆਂ ਦੇ ਰਹਿਮੋਂ-ਕਰਮ ਉਪਰ ਛੱਡ ਕੇ ਕਿਹੋ ਜਿਹਾ 'ਆਤਮ-ਨਿਰਭਰ ਭਾਰਤ' ਬਣੇਗਾ? ਆਪਣੇ ਦੇਸ਼ ਦੇ ਵਸੀਲਿਆਂ, ਕੁਦਰਤੀ ਸਰੋਤਾਂ, ਆਪਣੇ ਦੇਸ਼ ਦੀ ਪੂੰਜੀ ਲੁਟਾ ਕੇ ਕਿਹੜੇ 'ਆਤਮ-ਨਿਰਭਰ ਭਾਰਤ' ਦੇ ਸੁਪਨੇ ਦੇਖੇ ਜਾ ਰਹੇ ਹਨ? ਜਿਸ ਤਰ੍ਹਾਂ ਕਿਰਤ ਕਨੂੰਨਾਂ ਵਿੱਚ ਸੋਧ ਦੇ ਨਾਮ ਉਪਰ ਨਿਗੂਣੇ ਮਜ਼ਦੂਰ ਹੱਕਾਂ ਉਪਰ ਡਾਕਾ ਮਾਰਿਆ ਜਾ ਰਿਹਾ ਹੈ, ਉਦਯੋਗ ਪਤੀਆਂ ਨੂੰ ਮਜਦੂਰਾਂ ਦਾ ਖੂਨ ਪਸੀਨਾ ਨਿਚੋੜਨ ਦੀਆਂ ਖੁੱਲਾਂ ਦਿਤੀਆਂ ਜਾ ਰਹੀਆਂ ਹਨ। ਜਿਵੇਂ ਦੁਨੀਆਂ ਭਰ ਦੀਆਂ ਕਾਰਪੋਰੇਸ਼ਨਾਂ ਨੂੰ ਟੈਕਸ ਛੋਟਾਂ, ਕਨੂੰਨਾਂ ਦੀ ਪਾਲਣਾ ਤੋਂ ਛੋਟਾਂ, ਕੁਦਰਤ ਨਾਲ ਖਿਲਵਾੜ ਕਰਨ ਦੀਆਂ ਖੁੱਲ੍ਹਾ ਦਿੱਤੀਆਂ ਜਾ ਰਹੀਆਂ ਹਨ। ਜਿਸ ਤਰ੍ਹਾਂ ਮੋਦੀ ਸਰਕਾਰ ਵੱਲੋਂ ਭੂਮੀ ਅਧਿਗ੍ਰਹਿਣ ਕਾਨੂੰਨ ਨੂੰ ਛਿੱਕੇ ਟੰਗ ਕਿਸਾਨਾਂ ਦੀਆਂ ਜ਼ਮੀਨਾਂ ਜਬਰਨ ਖੋਹੀਆਂ ਗਈਆਂ ਅਤੇ ਫੇਰ ਭਵਿੱਖ ਵਿਚ ਹੋਰ ਵੀ ਵੱਡੇ ਪੱਧਰ ਤੇ ਖੋਹੇ ਜਾਣ ਦਾ ਅੰਦੇਸਾ ਬਣਿਆ ਹੋਇਆ ਹੈ। ਜਿਸ ਤਰ੍ਹਾਂ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਖ਼ਤਮ ਕਰਕੇ, ਭਾਰਤੀ ਖਾਦ ਨਿਗਮ (ਐਫਸੀਆਈ) ਨੂੰ ਫਸਲਾਂ ਦੀ ਖਰੀਦ ਵਿੱਚੋਂ ਬਾਹਰ ਕਰਕੇ , ਦੇਸ਼ ਦੇ ਕਿਸਾਨਾਂ ਨੂੰ ਖੁੱਲੀ ਮੰਡੀ ਦੇ ਨਾਮ ਹੇਠ ਵੱਡੇ ਵੱਡੇ ਦੇਸੀ ਵਿਦੇਸ਼ੀ ਪੂੰਜੀਪਤੀਆਂ ਦੇ ਰਹਿਮੋ ਕਰਮ ਤੇ ਛੱਡਿਆ ਜਾ ਰਿਹਾ ਹੈ। ਉਸ ਤੋਂ ਮੋਦੀ ਸਰਕਾਰ ਵਲੋਂ ਆਤਮ-ਨਿਰਭਰ ਭਾਰਤ ਦੇ ਨਾਂ ਹੇਠ ਲੁਕਾਈ ਗੁਲਾਮੀ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

ਕਰੋਨਾ ਵਾਇਰਸ ਸੰਕਟ ਦੀ ਆੜ ਵਿੱਚ ਵੋਕਲ ਫਾਰ ਲੋਕਲ, ਮੇਕ ਇਨ ਇੰਡੀਆ ਅਤੇ ਸਵਦੇਸ਼ੀ ਵਰਗੇ ਲਾਰਿਆਂ ਅਤੇ ਨਾਹਰਿਆਂ ਦੇ ਨਾਲ ਨਾਲ, ਵਿਦੇਸ਼ੀ ਕਾਰਪੋਰੇਸ਼ਨਾਂ, ਵਿਦੇਸ਼ੀ ਤਕਨੀਕ, ਵਿਦੇਸੀ ਪੂੰਜੀ (ਐਫਡੀਆਈ) ਲਈ ਲਾਲ ਕਲੀਨ ਵਿਛਾਉਣ ਦੇ ਵਾਅਦੇ 'ਆਤਮ-ਨਿਰਭਰ ਭਾਰਤ' ਦੇ ਨਾਲ ਇਸ ਤੋਂ ਵੱਡਾ ਮਜਾਕ ਹੋਰ ਭਲਾ ਕੀ ਹੋ ਸਕਦਾ ਹੈ? ਦੇਸ਼ ਦੀ ਸੁਰੱਖਿਆ ਨੂੰ ਤਾਕ ਉਪਰ ਰੱਖ ਦੇਸ ਦੀਆਂ ਅਸਲ੍ਹਾ ਫੈਕਟਰੀਆਂ ਨੂੰ ਨਾ ਸਿਰਫ ਨਿੱਜੀ ਹੱਥਾਂ ਵਿੱਚ ਦਿੱਤਾ ਜਾ ਰਿਹਾ ਹੈ ਬਲਕਿ ਸਿੱਧੇ ਵਿਦੇਸ਼ੀ ਨਿਵੇਸ਼ ਦੀ ਹੱਦ ਨੂੰ 74 ਫੀ ਸਦੀ ਤੱਕ ਵਧਾ ਕੇ, ਦੇਸ਼ ਅਤੇ ਦੇਸ਼ ਦੀਆਂ ਸੁਰੱਖਿਆ ਫੋਰਸਾਂ (ਜੋ ਗਰੀਬ ਤੇ ਆਮ ਲੋਕਾਂ ਦੇ ਬੱਚੇ ਹੁੰਦੇ ਹਨ) ਨੂੰ ਮੌਤ ਦੇ ਮੂੰਹ ਵਿਚ ਧੱਕਿਆ ਜਾ ਰਿਹਾ ਹੈ। ਦੇਸ਼ ਦੀ ਦੂਜੀ ਸੁਰੱਖਿਆ ਪੰਕਤੀ, ਸਭ ਤੋਂ ਵੱਡੀ ਰੁਜ਼ਗਾਰਦਾਤਾ, ਭਾਰਤੀ ਰੇਲਵੇ ਵਿੱਚ 100 ਫੀਸਦੀ ਸਿੱਧੇ ਵਿਦੇਸ਼ੀ ਨਿਵੇਸ਼ ਦੀ ਮਨਜ਼ੂਰੀ ਦੇ ਕੇ ਦੁਨੀਆਂ ਭਰ ਦੀਆਂ ਦਿਓ-ਕੱਦ ਕਾਰਪੋਰੇਸ਼ਨਾਂ ਹਵਾਲੇ ਕਰ ਦੇਣ ਦੀ ਸਾਜ਼ਿਸ਼ ਰਚੀ ਜਾ ਚੁੱਕੀ ਹੈ। ਦੇਸ ਦੇ ਜਨਤਕ ਅਦਾਰਿਆਂ, ਜਿਨ੍ਹਾਂ ਨੂੰ ਦੇਸ਼ ਦੇ ਲੋਕਾਂ ਦੁਆਰਾ ਢਿੱਡ ਬੰਨ ਕੇ ਕੀਤੀਆਂ ਬੱਚਤਾਂ ਅਤੇ ਕਰਮਚਾਰੀਆਂ ਦੇ ਖ਼ੂਨ ਪਸੀਨੇ ਨਾਲ ਉਸਾਰਿਆ ਗਿਆ ਸੀ ਤੇ ਜਿਸ ਨੇ ਦੇਸ਼ ਦੇ ਵਿਕਾਸ ਦੀ ਗੱਡੀ ਲੀਹ ਤੇ ਪਾਈ ਸੀ ਅਤੇ ਮੌਜੂਦਾ ਕਰੋਨਾ ਸੰਕਟ ਦੌਰਾਨ ਜਨਤਕ ਅਦਾਰਿਆਂ ਦੇ ਕਰਮਚਾਰੀ ਚਾਹੇ ਉਹ ਡਾਕਟਰ, ਨਰਸਾਂ, ਪੈਰਾ ਮੈਡੀਕਲ ਸਟਾਫ, ਪੁਲੀਸ, ਸਫ਼ਾਈ, ਰੇਲਵੇ, ਬਿਜਲੀ ਆਦਿ ਦੇ ਕਰਮਚਾਰੀ ਹੋਣ (ਜਿਨ੍ਹਾਂ ਨੂੰ ਦੇਸ਼ ਦਾ ਮੌਜੂਦਾ ਪ੍ਰਧਾਨ ਮੰਤਰੀ ਦੁਨੀਆਂ ਭਰ ਵਿੱਚ ਬਦਨਾਮ ਕਰਦਾ ਰਿਹਾ ਹੈ) ਨੇ ਸੀਮਤ ਸਾਧਨਾਂ ਦੇ ਬਾਵਜੂਦ ਕਰੋਨਾ ਮਹਾਂਮਾਰੀ ਦਾ ਚਟਾਨ ਵਾਂਗੂੰ ਟਾਕਰਾ ਕੀਤਾ। ਮੋਦੀ ਸਰਕਾਰ ਉਸ ਜਨਤਕ ਖੇਤਰ ਦਾ ਨਿਜੀਕਰਨ ਕਰਕੇ ਤੇ ਉਸ ਨੂੰ ਦੇਸੀ ਵਿਦੇਸ਼ੀ ਕਾਰਪੋਰੇਸ਼ਨਾਂ ਹਵਾਲੇ ਕਰ ਕੇ ਕੈਸਾ 'ਆਤਮ-ਨਿਰਭਰ ਭਾਰਤ' ਬਣਾਉਣਾ ਚਾਹੁੰਦੀ ਹੈ। "ਸਦਮਾ ਸਿਧਾਂਤ, ਤਬਾਹੀ ਪਸੰਦ ਸਰਮਾਏਦਾਰੀ ਦਾ ਉਭਾਰ" ਨਾਂ ਦੀ ਵਿਸ਼ਵ ਪ੍ਰਸਿੱਧ ਕਿਤਾਬ ਵਿਚ ਲੇਖਕਾ ਨਿਉਮੀ ਕਲੇਨ ਇਹ ਸਾਬਤ ਕਰਦੀ ਹੈ ਵੱਡੀਆਂ-ਵੱਡੀਆਂ ਦਿਓ ਕੱਦ ਕਾਰਪੋਰੇਸ਼ਨਾਂ ਮਹਿਜ਼ ਵਪਾਰ ਹੀ ਨਹੀਂ ਕਰਦੀਆਂ, ਨਾ ਹੀ ਗਰੀਬ ਦੇਸਾਂ ਦੇ ਵਿਕਾਸ ਨਾਲ ਇਨ੍ਹਾਂ ਦਾ ਕੋਈ ਲੈਣਾ ਦੇਣਾ ਹੁੰਦਾ ਹੈ ਜਿਵੇਂ ਕਿ ਮੋਦੀ ਸਾਹਿਬ ਦਾਅਵਾ ਕਰਦੇ ਹਨ। ਸਗੋਂ ਇਨ੍ਹਾਂ ਦੀ ਭੂਮਿਕਾ ਨੀਤੀਆਂ ਵਿੱਚ ਵੱਡੇ ਪੱਧਰ ਤੇ ਰੱਦੋਬਦਲ ਕਰਵਾ ਕੇ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ, ਭ੍ਰਿਸ਼ਟਾਚਾਰ ਆਦਿ ਵਿੱਚ ਬੇਤਹਾਸ਼ਾ ਵਾਧਾ ਕਰਵਾ ਕੇ ਆਮ ਲੋਕਾਂ ਦਾ ਜੀਵਨ ਅਸਤ ਵਿਅਸਤ ਕਰਵਾਉਣ ਸਗੋਂ ਰਾਜ ਪਲਟੇ ਤੱਕ ਕਰਵਾਉਣ ਵਿੱਚ ਵੀ ਸਾਫ਼ ਨਜ਼ਰ ਆਉਂਦੀ ਹੈ। ਸਾਨੂੰ ਭਾਰਤ ਦੇ ਲੋਕਾਂ ਨੂੰ ਇਸਟ ਇੰਡੀਆ ਕੰਪਨੀ ਨੇ ਉਪਰੋਕਤ ਸਬਕ ਸਦੀਆਂ ਪਹਿਲਾਂ ਸਿਖਾ ਦਿੱਤਾ ਸੀ। ਇਤਿਹਾਸ ਸਾਨੂੰ ਦੱਸਦਾ ਹੈ ਕਿ ਈਸਟ ਇੰਡੀਆ ਕੰਪਨੀ ਭਾਰਤ ਵਿੱਚ ਵਪਾਰ ਕਰਨ ਆਈ ਸੀ ਤੇ ਉਸ ਨੇ ਸਾਜ਼ਿਸ਼ਾਂ ਰਚ ਕੇ ਪੂਰੇ ਦੇਸ਼ ਨੂੰ ਆਪਣਾ ਗੁਲਾਮ ਬਣਾ ਲਿਆ ਸੀ। ਮੁਗ਼ਲ ਬਾਦਸ਼ਾਹਾਂ ਵਲੋਂ ਈਸਟ ਇੰਡੀਆ ਕੰਪਨੀ ਨੂੰ ਵਪਾਰ ਲਈ ਦਿੱਤੀਆਂ ਖੁੱਲਾਂ ਅਤੇ ਹੋਰ ਰਿਆਸਤਾਂ ਵਲੋਂ ਦਿਖਾਈਆਂ ਦਰਿਆਦਿਲੀਆਂ ਅੰਤ ਦੇਸ਼ ਨੂੰ ਲੈ ਡੁੱਬੀਆ ਸਨ। ਮੁਗ਼ਲ ਬਾਦਸ਼ਾਹਾਂ ਤੇ ਹੋਰ ਰਾਜਿਆਂ ਦੀਆਂ ਨੀਤੀਆਂ ਜਾਂ ਨਾਲਾਇਕੀਆਂ ਦੀ ਬਦੌਲਤ ਦੇਸ਼ ਦੇ ਲੋਕ ਸਦੀਆਂ ਦੀ ਲੰਮੀ ਗੁਲਾਮੀ ਹੰਢਾਉਣ ਲਈ ਮਜਬੂਰ ਹੋ ਗਏ ਸਨ।

ਸੁਆਲ ਤਾਂ ਇਹ ਵੀ ਹੈ ਕਿ ਜੇ ਬਦੇਸੀ ਕੰਪਨੀਆਂ ਨੇ ਹੀ ਦੇਸ਼ ਨੂੰ ਆਤਮ ਨਿਰਭਰ ਬਣਾਉਣਾ ਹੁੰਦਾ ਤਾਂ ਈਸਟ ਇੰਡੀਆ ਕੰਪਨੀ ਨੇ ਦੇਸ਼ ਦਾ ਵਿਕਾਸ ਕਰਕੇ ਦੇਸ਼ ਨੂੰ ਆਤਮ ਨਿਰਭਰ ਕਿਓਂ ਨਾ ਬਣਾਇਆ ਤੇ ਫਿਰ ਅੰਗਰੇਜ਼ੀ ਰਾਜ ਦੀ ਗੁਲਾਮੀ ਦਾ ਜੂਲਾ ਲਾਹੁਣ ਲਈ ਬ੍ਰਿਟਿਸ਼ ਰਾਜ ਦੀ ਲੁੱਟ ਖਸੁੱਟ ਤੋ ਛੁਟਕਾਰਾ ਪਾਉਣ ਖਾਤਰ ਅਤੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਮਰ ਮਿਟਣ ਵਾਲੇ ਲੱਖਾਂ ਸੂਰਬੀਰ ਯੋਧੇ ਕੀ ਗ਼ਲਤ ਸਨ? ਨਹੀਂ ਸਗੋਂ ਸਾਡੇ ਦੇਸ਼ ਦੇ ਆਜ਼ਾਦੀ ਸੰਗਰਾਮੀਏ ਪੂਰੀ ਤਰ੍ਹਾਂ ਸਪੱਸ਼ਟ ਸਨ ਕਿ ਅੰਗਰੇਜ਼ ਸਾਡੇ ਮੁਲਕ ਤੇ ਮੁਲਕ ਦੇ ਲੋਕਾਂ ਦੀ ਬੇਕਿਰਕੀ ਨਾਲ ਲੁੱਟ ਕਰਦੇ ਹਨ। ਲਾਲਾ ਲਾਜਪਤ ਰਾਇ ਨੇ ਆਪਣੀ ਕਿਤਾਬ 'ਯੰਗ ਇੰਡੀਆ' ਵਿੱਚ ਭਾਰਤ ਅਤੇ ਭਾਰਤ ਦੇ ਲੋਕਾਂ ਦੀ ਗਰੀਬੀ ਦੀ ਗੱਲ ਕਰਦਿਆਂ ਸਾਬਤ ਕੀਤਾ ਕਿ ਸਾਡੀ ਗਰੀਬੀ ਦਾ ਅਸਲ ਕਾਰਨ ਅੰਗਰੇਜ਼ਾਂ ਦੁਆਰਾ ਕੀਤੀ ਜਾਂਦੀ ਸਾਡੀ ਅੰਨ੍ਹੇਵਾਹ ਲੁੱਟ ਹੈ। ਉਨ੍ਹਾਂ ਤੱਥਾਂ ਤੇ ਅੰਕੜਿਆਂ ਸਹਿਤ ਬ੍ਰਿਟਿਸ਼ ਸਾਮਰਾਜ ਦੀ ਲੁੱਟ ਨੂੰ ਨੰਗਿਆਂ ਕੀਤਾ ਅਤੇ ਦਾਅਵਾ ਕੀਤਾ ਸੀ ਕਿ ਆਜ਼ਾਦੀ ਤੋਂ ਬਾਅਦ ਜਦੋਂ ਇਹ ਲੁੱਟ ਖਸੁੱਟ ਬੰਦ ਹੋ ਜਾਵੇਗੀ ਤਾਂ ਸਾਡੇ ਦੁੱਖ ਦਲਿਦਰ ਤੇ ਗਰੀਬੀ ਵੀ ਦੂਰ ਹੋ ਜਾਵੇਗੀ। ਆਜ਼ਾਦੀ ਦੇ 73 ਸਾਲਾਂ ਬਾਅਦ ਭਾਰਤੀ ਲੋਕਾਂ ਦੇ ਦੁਖ ਦਲਿਦਰ ਤੇ ਗਰੀਬੀ ਕਿਉਂ ਨਹੀਂ ਮੁੱਕੀ। ਇਹ ਇੱਕ ਵੱਖਰੀ ਬਹਿਸ ਦਾ ਮੁੱਦਾ ਹੈ। ਪਰੰਤੂ ਵਿਦੇਸੀ ਕਾਰਪੋਰੇਸ਼ਨਾਂ ਗਰੀਬ ਮੁਲਕਾਂ ਦਾ ਵਿਕਾਸ ਨਹੀਂ ਬਲਕਿ ਅੰਨ੍ਹੇਵਾਹ ਲੁੱਟ ਕਰਦੀਆਂ ਹਨ ਇਸ ਬਾਰੇ ਸਾਡੇ ਦੇਸ਼ ਦੇ ਆਜ਼ਾਦੀ ਸੰਗਰਾਮੀਆ ਨੂੰ ਕੋਈ ਭੁਲੇਖਾ ਨਹੀਂ ਸੀ।

ਅੱਜ ਮੋਦੀ ਸਰਕਾਰ ਮੇਕ ਇਨ ਇੰਡੀਆ ਤੇ ਆਤਮ ਨਿਰਭਰ ਭਾਰਤ ਦੇ ਨਾਮ ਉਪਰ ਦੁਨੀਆਂ ਭਰ ਦੀਆਂ ਕਾਰਪੋਰੇਸ਼ਨਾਂ ਲਈ ਲਾਲ ਕਲੀਨ ਵਿਛਾ ਕੇ, ਈਜ ਟੂ ਬਿਜ਼ਨਸ ਦੇ ਵਾਅਦੇ ਕਰ ਦੇਸ਼ ਦੇ ਲੋਕਾਂ ਨੂੰ ਫੇਰ ਗੁਲਾਮ ਬਣਾਉਣ ਦੇ ਉਲਟੇ ਰਸਤੇ ਚੱਲ ਰਹੀ ਹੈ। ਵਿਦੇਸ਼ੀ ਕਾਰਪੋਰੇਸ਼ਨਾਂ, ਵਿਦੇਸ਼ੀ ਤਕਨੀਕ, ਵਿਦੇਸ਼ੀ ਪੂੰਜੀ ਆਦਿ ਦੇ ਸਬਜਬਾਗ ਵੇਖਣ ਤੇ ਵਿਖਾਉਣ ਵਾਲਿਆਂ ਨੂੰ ਪੁਛਣਾ ਚਾਹੀਦਾ ਹੈ ਕਿ ਕੋਕਾ ਕੋਲਾ, ਪੈਪਸੀ, ਵਾਲਮਾਰਟ ਤੇ ਹੋਰ ਹਜ਼ਾਰਾਂ ਕੰਪਨੀਆਂ ਕੋਲੋਂ ਇਹਨਾਂ ਹੁਣ ਤੱਕ ਕਿਹੜੀ ਤਕਨੀਕ ਹਾਸਲ ਕੀਤੀ ਹੈ? ਉਲਟਾ ਇਨ੍ਹਾਂ ਕੰਪਨੀਆਂ ਨੇ ਕਿੰਨੀਆਂ ਹੀ ਭਾਰਤੀ ਕੰਪਨੀਆਂ ਨੂੰ ਨਿਗਲ ਲਿਆ ਹੈ। ਅਤੇ ਦੇਸ਼ ਦੇ ਲੋਕਾਂ ਦੀ ਅੰਨੀ ਲੁੱਟ ਕਰਕੇ ਮਣਾਂ ਮੂੰਹੀਂ ਸਰਮਾਇਆ ਦੇਸ਼ ਤੋਂ ਬਾਹਰ ਲਿਜਾ ਕੇ ਦੇਸ਼ ਦੇ ਮਜ਼ਦੂਰਾਂ, ਕਿਸਾਨਾਂ, ਨੋਜਵਾਨਾਂ ਤੇ ਆਮ ਲੋਕਾਂ ਸੰਕਟ ਮੂੰਹ ਧੱਕ ਕੇ ਦੇਸ਼ ਦੀ ਆਤਮ ਨਿਰਭਰਤਾ ਨੂੰ ਰੋਲ ਕੇ ਰੱਖ ਦਿੱਤਾ ਹੈ। ਅੱਜ ਨਾ ਸਿਰਫ ਸਾਡੇ ਦੇਸ਼ ਦਾ ਨੌਜਵਾਨ ਬੇਰੁਜ਼ਗਾਰੀ ਅਤੇ ਦੇਸ਼ ਦੀ ਵਿਵਸਥਾ ਤੋਂ ਤੰਗ ਆ ਕੇ ਵਿਦੇਸ਼ੀਂ ਉਡਾਰੀ ਮਾਰਨ ਲਈ ਮਜਬੂਰ ਹੋ ਰਿਹਾ ਬਲਕਿ ਸਾਡੇ ਦੇਸ਼ ਦੇ 26 ਹਜ਼ਾਰ ਉਦਮੀਂ ਜਿਹੜੇ ਸਹੀ ਅਰਥਾਂ ਵਿਚ ਆਤਮ-ਨਿਰਭਰ ਭਾਰਤ ਦਾ ਨਿਰਮਾਣ ਕਰ ਰਹੇ ਸਨ ਅਤੇ ਸੱਚੀ-ਮੁੱਚੀ ਮੇਕ ਇਨ ਇੰਡੀਆ ਵਿਚ ਆਪਣਾ ਯੋਗਦਾਨ ਪਾ ਰਹੇ ਸਨ, ਦੇਸ਼ ਛੱਡਣ ਲਈ ਮਜਬੂਰ ਹੋ ਚੁੱਕੇ ਹਨ। ਦੇਸ਼ ਵਿੱਚੋਂ ਪੂੰਜੀ, ਦਿਮਾਗੀ, ਹੁਨਰ ਆਦਿ ਦਾ ਨਿਕਾਸ ਮਜਬੂਰੀ ਵਿੱਚ ਪ੍ਰੰਤੂ ਬਹੁਤ ਤੇਜ਼ੀ ਨਾਲ ਹੋ ਰਿਹਾ ਹੈ ਤੇ ਮੋਦੀ ਸਰਕਾਰ ਵਿਦੇਸ਼ੀ ਪੂੰਜੀ ਨਿਵੇਸ਼ ਤੇ ਤਕਨੀਕ ਸਹਾਰੇ ਵਿਕਾਸ ਦੇ ਸੁਨਹਿਰੀ ਸੁਪਨੇ ਦੇਖ ਤੇ ਦਿਖਾ ਰਹੀ ਹੈ।

ਇਸ ਇਤਿਹਾਸ ਨੂੰ ਕੌਣ ਦੇਸ਼ ਵਾਸੀ ਭੁੱਲ ਸਕਦਾ ਹੈ ਕਿ ਅੰਗਰੇਜ਼ਾਂ ਨੇ ਸਾਡੀ ਖੇਤੀ, ਸਾਡੇ ਉਦਯੋਗਾਂ ਤੇ ਸਾਡੇ ਕਿਰਤੀਆਂ-ਕਿਸਾਨਾਂ ਨੂੰ ਉਜਾੜ ਕੇ ਆਪਣੇ ਉਦਯੋਗ ਧੰਦੇ ਸਥਾਪਤ ਕੀਤੇ ਸਨ। ਸਾਡੇ ਸਮਿਆਂ ਦਾ ਦੁਖਾਂਤ ਇਹ ਹੈ ਕਿ ਦੇਸ ਦੇ ਸੁਨਹਿਰੀ ਇਤਿਹਾਸ ਦੀਆਂ ਬਾਤਾਂ ਪਾਉਣ ਵਾਲੇ, ਬਾਬਾ ਵਿਸ਼ਕਰਮਾ ਨੂੰ ਪੂਜਣ ਵਾਲੇ, ਦੇਸ਼ ਦੇ ਸੁਨਹਿਰੀ ਇਤਿਹਾਸ ਦਾ ਸਭ ਤੋਂ ਵੱਧ ਗੁਣਗਾਣ ਕਰਨ ਵਾਲੇ ਹਾਕਮ ਵਿਦੇਸ਼ੀ ਕੰਪਨੀਆਂ ਅੱਗੇ ਪੂਰੀ ਤਰਾਂ ਨਤਮਸਤਕ ਹਨ।

ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਰੋਨਾ ਸੰਕਟ ਦੀ ਜੜ ਪੂੰਜੀਵਾਦੀ ਉਤਪਾਦਨ ਵਿਵਸਥਾ ਵਿਚ ਪ?ਈ ਹੈ ਤੇ ਖੁੱਲੀ ਮੰਡੀ ਅਤੇ ਵਿਸ਼ਵੀਕਰਨ ਦੀਆਂ ਸਾਮਰਾਜੀ ਨੀਤੀਆਂ ਕਾਰਨ ਇਹ ਬਿਮਾਰੀ ਬੜੀ ਤੇਜ਼ੀ ਨਾਲ ਪੂਰੀ ਦੁਨੀਆਂ ਵਿੱਚ ਫੈਲ ਗਈ। ਅੱਜ ਸਮਾਂ ਪੂੰਜੀਵਾਦੀ, ਨਿਜੀਕਰਨ, ਉਦਾਰੀਕਰਨ, ਸੰਸਾਰੀਕਰਨ ਆਦਿ ਨੀਤੀਆਂ ਉੱਪਰ ਪੁਨਰ ਵਿਚਾਰ ਕਰਨ ਦੀ ਮੰਗ ਕਰ ਰਿਹਾ ਹੈ। ਸਚਾਈ ਤਾਂ ਇਹ ਵੀ ਹੈ ਕਿ ਆਤਮ ਨਿਰਭਰ ਆਰਥਿਕ ਵਿਵਸਥਾਵਾਂ ਉਪਰ ਸੰਕਟਾਂ ਦੀ ਮਾਰ ਹਮੇਸ਼ਾ ਘੱਟ ਪੈਂਦੀ ਹੈ। ਸਾਡੇ ਦੇਸ਼ ਦੇ ਹੁਕਮਰਾਨਾਂ ਨੇ 1991 ਵਿੱਚ ਜਿਵੇਂ ਦੇਸ ਦੀ ਅਰਥ-ਵਿਵਸਥਾ ਨੂੰ ਸਾਮਰਾਜੀ ਮੁਲਕਾਂ ਨਾਲ ਨਰੜ ਕੇ ਦੇਸ ਦੀ ਖੇਤੀ, ਉਦਯੋਗ, ਧੰਦਿਆਂ ਅਤੇ ਲੋਕਾਂ ਨੂੰ ਉਜਾੜ ਕੇ ਦੇਸ਼ ਦੀ ਆਜ਼ਾਦੀ ਅਤੇ ਆਤਮ-ਨਿਰਭਰਤਾ ਨਾਲ ਖਿਲਵਾੜ ਕੀਤਾ ਸੀ ਉਸ ਦੇ ਡਰਾਉਣੇ ਨਤੀਜੇ ਸਾਡੇ ਸਭ ਦੇ ਸਾਹਮਣੇ ਹਨ।

ਦੇਸ਼ ਦੇ ਲੋਕਾਂ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਆਤਮ ਨਿਰਭਰਤਾ, ਮੇਕ ਇਨ ਇੰਡੀਆ ਦਾ ਮਤਲਬ ਇਹ ਨਹੀਂ ਕਿ ਇੱਥੇ ਫ਼ੋਰਡ, ਜਨਰਲ ਮੋਟਰ, ਸੈਮਸੰਗ ਆਦਿ ਵਰਗੀਆਂ ਦੁਨੀਆਂ ਭਰ ਦੀਆਂ ਦਿਓ-ਕੱਦ ਕਾਰਪੋਰੇਸ਼ਨਾਂ ਇਥੇ ਉਤਪਾਦਨ ਕਰਨ ਅਤੇ ਏਥੋਂ ਦੇ ਕਿਰਤੀਆਂ, ਕਿਸਾਨਾਂ, ਨੌਜਵਾਨਾਂ, ਕੁਦਰਤੀ ਸਰੋਤਾਂ ਆਦਿ ਦੀ ਬੇਕਿਰਕੀ ਨਾਲ਼ ਲੁੱਟ ਕਰਨ ਅਤੇ ਜਦੋਂ ਚਾਹੁੰਣ ਉਹ ਉਦੋਂ ਉਤਪਾਦਨ, ਤਕਨੀਕ ਅਤੇ ਮੁਨਾਫਾ ਲੈ ਕੇ ਦੇਸ਼ ਵਿੱਚੋਂ ਰਫੂ ਚੱਕਰ ਹੋ ਜਾਣ। ਫੇਰ ਆਤਮ-ਨਿਰਭਰ ਭਾਰਤ ਅਤੇ ਮੇਕ-ਇਨ-ਇੰਡੀਆ ਵਰਗੇ ਨਾਅਰਿਆਂ ਦਾ ਕੀ ਅਰਥ ਰਹਿ ਜਾਵੇਗਾ? ਮੇਕ ਇਨ ਇੰਡੀਆ ਦਾ ਮਤਲਬ ਭਾਰਤ ਦੇ ਲੋਕਾਂ ਲਈ, ਲੋਕਾਂ ਦੁਆਰਾ, ਲੋਕਾਂ ਦਾ ਹੋਣਾ ਚਾਹੀਦਾ ਹੈ। ਇਹ ਦੇਸ਼ ਦੇ ਲੋਕਾਂ, ਵਸੀਲਿਆਂ ਤੇ ਪੂੰਜੀ ਆਦਿ ਦੀ ਕੀਮਤ ਉਪਰ ਬਿਲਕੁਲ ਨਹੀਂ ਹੋਣਾ ਚਾਹੀਦਾ। ਦੇਸ਼ ਦੇ ਚੇਤਨ ਹਲਕਿਆਂ, ਦੇਸ਼ ਦੀਆਂ ਮਜ਼ਦੂਰ ਯੂਨੀਅਨਾਂ, ਕਿਸਾਨ ਸੰਗਠਨਾਂ,, ਮਿਹਨਤਕਸ਼ ਲੋਕਾਂ ਤੇ ਨੋਜਵਾਨਾਂ ਵਲੋਂ ਇਸ ਲਈ ਆਵਾਜ਼ ਬੁਲੰਦ ਕਰਨੀ ਸਮੇਂ ਦੀ ਅਣਸਰਦੀ ਲੋੜ ਹੈ। ਜੇਕਰ ਮੋਦੀ ਸਰਕਾਰ ਅਜਿਹਾ ਨਹੀਂ ਕਰ ਸਕਦੀ ਤਾਂ ਉਸ ਨੂੰ ਭਾਰਤੀ ਇਤਿਹਾਸ-ਮਿਥਿਹਾਸ, ਆਜ਼ਾਦੀ ਸੰਘਰਸ਼ ਤੇ ਆਜ਼ਾਦੀ ਦੇ ਨਾਇਕਾਂ ਦਾ ਗੁਣਗਾਨ ਬੰਦ ਕਰ ਦੇਣਾ ਚਾਹੀਦਾ ਹੈ।

**ਕਾਰਜਕਾਰੀ ਪ੍ਰਧਾਨ,**
**ਇੰਡੀਅਨ ਰੇਲਵੇ ਇੰਪਲਾਈਜ਼ ਫੈਡਰੇਸ਼ਨ।**

## ਕੋਰੋਨਾ ਕਾਲ ’ਚ ਦਲਿਤ ਅੱਤਿਆਚਾਰ

(ਸ਼ਫ਼ਾ 14 ਦੀ ਬਾਕੀ)

ਨੂੰ ਗਏ ਮਜ਼ਦੂਰਾਂ ਵਿਚ ਵੀ ਵਧੇਰੇ ਕਰਕੇ ਦਲਿਤ ਤੇ ਗਰੀਬ ਸਨ ਤੇ ਹਨ ਉਨ੍ਹਾਂ ਪ੍ਰਤੀ ਵੀ ਰਾਜ ਸਰਕਾਰ ਤੇ ਰਾਜਕੀ ਮਸ਼ੀਨਰੀ ਦਾ ਜੋ ਰੁੱਖ ਸਾਹਮਣੇ ਆਇਆ ਇਸੇ ਭੇਦ ਭਾਵ ਦੀ ਉਪਜ ਹੀ ਸੀ। 2016 ਦੀ ਇਕ ਰਿਪੋਰਟ ਕਹਿੰਦੀ ਹੈਕਿ ਭਾਰਤੀ ਸ਼ਹਿਰੀਕਰਨ ਵਿਚ ਜੋ ਤੇਜ਼ੀ ਨਾਲ ਵਾਧਾ ਹੋਇਆ ਇਸ ਵਿਚ 40 ਫੀਸਦੀ ਲੋਕ ਗਰੀਬ ਤੇ ਦਲਿਤ ਸਨ। ਭਾਰਤ ਦੇ ਛੇ ਲੱਖ ਪਿੰਡਾਂ ਵਿਚ ਦਲਿਤ ਕਲੋਨੀਆਂ ਆਉਂਦੀਆਂ ਹਨ। ਬੰਧੂਆ ਮਜ਼ਦੂਰਾਂ ਵਿਚ 80 ਫੀਸਦੀ ਤੋਂ ਵੱਧ ਦਲਿਤ ਜਾਤੀਆਂ ’ਚੋਂ ਹਨ। ਇਹ ਉਹੀ ਲੋਕ ਹਨ ਜਿਨ੍ਹਾਂ ਦੀ ਆਮਦਨ ਰੋਜ਼ਾਨਾ 0.38 ਡਾਲਰ ਤੋਂ 0.88 ਡਾਲਰ ਪ੍ਰਤੀ ਦਿਨ ਭਾਵ 15 ਰੁਪਏ ਤੋਂ 35 ਰੁਪਏ ਪ੍ਰਤੀ ਦਿਨ ਹੈ। ਝੁੱਗੀ ਝੌਂਪੜੀਆਂ ਵਰਗੀਆਂ ਹਾਲਤਾਂ ਵਿਚ ਰਹਿਣ ਵਾਲੇ ਇਨ੍ਹਾਂ ਲੋਕਾਂ ਨੂੰ ਸੰਵਿਧਾਨ ਨੇ ਅੱਜ ਤੱਕ ਨਾ ਆਰਥਿਕ ਬਰਾਬਰੀ ਦਿੱਤੀ ਹੈ, ਨਾ ਸਮਾਜਿਕ, ਧਾਰਮਿਕ ਬਰਾਬਰਤਾ ਦੀ ਤਾਂ ਗੱਲ ਹੀ ਛੱਡੋ। ਅਸੀਂ ਇਸ ਲੇਖ ਵਿਚ ਦਲਿਤ ਔਰਤਾਂ ਪ੍ਰਤੀ ਕੋਰੋਨਾ ਮਹਾਂਮਾਰੀ ਦੇ ਲਾਕਡਾਊਨ ਵਿਚ ਹੋਏ ਅੱਤਿਆਚਾਰਾਂ ਤੇ ਹਾਲਤਾਂ ਨੂੰ ਦਰਜ ਨਹੀਂ ਕੀਤਾ। ਇਹ ਇਕ ਅਲੱਗ ਵਿਸ਼ਾ ਹੈ। ਕੋਰੋਨਾ ਕਾਲ ਪਿਛੋਂ ਦੇਸ਼ ਦੀ ਵੱਡੀ ਗਿਣਤੀ ਆਬਾਦੀ ਜੋ ਦਲਿਤ ’ਤੇ ਆਦਿਵਾਸੀ ਹਨ-ਜਿਹੜੇ ਪਹਿਲਾਂ ਹੀ ਵਿਦਿਆ ਤੇ ਸਿਹਤ ਸਹੂਲਤਾਂ ਤੋਂ ਵਾਂਝੇ ਹਨ, ਉਤੇ ਹੋਰ ਮੁਸੀਬਤ ਆਉਣ ਵਾਲੀ ਹੈ। ਕਾਰਪੋਰੇਟੀ ਪੂੰਜੀ ਤੇ ਬ੍ਰਹਮਣੀ ਮਨੂੰਵਾਦੀ ਸੋਚ, ਸਮਾਜ ਨੂੰ ਇਕ ਗੁਲਾਮੀ ਵਾਲੀ ਹਾਲਤ ਵਿਚ ਧੱਕਣ ਵੱਲ ਵੱਧ ਰਹੀ ਹੈ। ਇਹ ਸੋਚ ਉਸ ਸੰਵਿਧਾਨ ਨੂੰ ਵੀ ਸਹਿਜੇ ਸਹਿਜੇ ਤਬਦੀਲ ਕਰ ਰਹੀ ਹੈਜਾਂ ਨਿਪ੍ਰੰਸ਼ਕ ਕਰ ਰਹੀ ਹੈ ਜੋ ਦਲਿਤਾਂ ਨੂੰ ਮਾਮੂਲੀ ਅਧਿਕਾਰ ਮੁਹੱਈਆ ਕਰਦਾ ਸੀ। ਇਸ ਦੀ ਮਿਸਾਲ ਐਸ.ਸੀ., ਐਸ.ਟੀ. ਐਕਟ ਵਿਚ ਤਬਦੀਲੀ ਤੇ ਰਾਖਵਾਂਕਰਨ ਸਬੰਧੀ ਸੁਪਰੀਮ ਕੋਰਟ ਦਾ ਮਤਾ ਸਾਫ਼ ਇਸ਼ਾਰਾ ਕਰਦਾ ਹੈ।”

ਰਾਜਸੀ ਆਗੂ ਕਹਿੰਦੇ ਹਨ ਕਿ ਵਾਇਰਸ ਕੋਵਿਡ-19 ਭੇਦ ਭਾਵ ਨਹੀਂ ਕਰਦਾ। ਭਾਵ ਹਰ ਅਮੀਰ-ਗਰੀਬ ਕਈ ਇਕੋ ਜਿਨ੍ਹਾਂ ਖਤਰਨਾਕ ਹੈ ਪਰ ਨੈਨੀਤਾਲ ਜ਼ਿਲ੍ਹੇ ’ਚ ਦਲਿਤ ਕੋਵਿਡ-19 ਦੇ ਮਰੀਜ਼ਾਂ ਨੂੰ ਅਲੱਗ ਰੱਖਿਆ ਗਿਆ ਤੇ ਅਲੱਗ ਖਾਣਾ ਦਿੱਤਾ ਗਿਆ। ਜਾਤੀ ਦਾ ਵਾਇਰਸ ਕੋਰੋਨਾ ਵਾਇਰਸ ਨਾਲੋਂ ਵੀ ਖਤਰਨਾਕ ਹੈ ਅਤੇ ਇਸ ਖਤਰਨਾਕ ਵਾਇਰਸ ਨੂੰ ਭਾਰਤੀ ਸਮਾਜ ਦੇ ਦਿਮਾਗਾਂ ਵਿਚ ਪਿਉਂਦਨ ਲਈ ਦੇਸ਼ ਦਾ ਪ੍ਰਧਾਨ ਮੰਤਰੀ ਵੀ ਪਿਛੇ ਨਹੀਂ। ਸੋ ਇਕ ਤੰਦਰੁਸਤ, ਸਮਾਜ ਸਿਰਜਨ ਵਾਲੀਆਂ ਤਾਕਤਾਂ ਲਈ ਇਕ ਚੁਣੌਤੀ ਹੈ ਕਿ ਕੋਰੋਨਾ ਵਾਇਰਸ ਤੋਂ ਬਚਾਅ ਦੇ ਨਾਲ ਨਾਲ ਜਾਤ ਪਾਤ, ਛੂਆ ਛੂਤ ਦੇ ਖਤਰਨਾਕ ਵਾਇਰਸਾਂ ਨੂੰ ਕਿਵੇਂ ਜੜੋਂ ਮੁਕਾਉਣਾ ਹੈ।

ਦਲਿਤਾਂ ਤੇ ਆਦਿਵਾਸੀਆਂ ’ਤੇ ਹੋ ਰਹੇ ਇਨ੍ਹਾਂ ਅੱਤਿਆਚਾਰਾਂ ਵਿਰੁੱਧ ਅਵਾਜ਼ ਉਠਣੀ ਚਾਹੀਦੀ ਸੀ ਤੇ ਹੈ। ਪਰ ਭਾਰਤੀ ਸਮਾਜ ਚੁੱਪ ਕਿਉਂ ਹੈ? ਦਲਿਤ ਵਰਗ ਦੀ ਮੁਕਤੀ ਪੈਦਾਵਾਰੀ ਸਰੋਤਾਂ ਉਤੇ ਨਿੱਜੀ ਮਾਲਕੀ ਦੇ ਖਾਤਮੇ ਨਾਲ ਹੀ ਸੰਭਵ ਹੈ।

ਜੋਗਿੰਦਰ ਆਜ਼ਾਦ ਅਧਿਆਪਕ ਆਗੂ ਰਿਹੈ। ਜਗਰਾਉਂ ਦਾ ਜੰਮਪਲ ਹੈ ਉਹ। ਪਹਿਲਾਂ ਖੰਨੇ ਰਹਿੰਦਾ ਸੀ ਤੇ ਹੁਣ ਪੰਜ ਸਾਲ ਤੋਂ ਜਗਰਾਉਂ ਵਾਸੀ ਹੈ। ਸਿਧਾਂਤਕ ਲਿਖਤਾਂ ਲਿਖਦਾ ਲਿਖਦਾ ਗਹਿਰ ਗੰਭੀਰੀਆਂ ਕਵਿਤਾਵਾਂ ਕਦੋਂ ਲਿਖਣ ਲੱਗ ਪਿਆ, ਪਤਾ ਹੀ ਨਹੀਂ ਲੱਗਿਆ। ਪਰ ਹੈ ਕਮਾਲ! ਵੱਡੇ ਵੀਰ ਦੀਆਂ ਕਵਿਤਾਵਾਂ ਨਾਲ ਸਾਂਝ ਪਾਉ। - ਗੁਰਭਜਨ ਗਿੱਲ



ਬੜੀ ਯਾਦ ਆਉਂਦੀ ਹੈ ਮੈਨੂੰ
ਸਾਂਵਲੀ ਜਿਹੀ ਕੁੜੀ,
ਬੇਟੀ ਨੰਦ ਕਿਸ਼ੋਰ ਦੀ।
ਨਾਮ ਉਸਦਾ ਮਾਧਰੀ
ਲਿਖਵਾਇਆ ਸੀ
ਉਸ ਦੀ ਅੰਮਾ ਨੇ
ਬੜੇ ਚਾਵਾਂ ਨਾਲ।
ਖਿੜ ਜਾਂਦਾ ਸੀ
ਹਰ ਅੱਖਰ
ਲਿਖਦੀ ਸੀ ਜਦੋਂ ਉਹ
ਸ਼੍ਰੀ ਗੁਰੂ ਨਾਨਕ ਦੇਵ ਦਾ
ਗੁਰਮਖੀ 'ਚ ਲੇਖ।
"ਜੋ ਮਾਗਹਿ ਠਾਕੁਰ ਅਪੁਨੇ ਤੇ,
ਸੋਈ ਸੋਈ ਦੇਵੈ"
ਗਾਉਂਦੀ ਸੀ ਸ਼ਬਦ।
ਅਸ਼ ਅਸ਼ ਕਰ ਉਠਦੇ ਸਨ ਸਾਰੇ
ਜਦੋਂ ਪਾਉਂਦੀ ਸੀ ਗਿੱਧੇ 'ਚ ਬੋਲੀ
"ਲੁਧਿਆਣੇ ਜੱਟੀ ਨੱਚੇ,
ਪਟਿਆਲ਼ਾ ਖੜ੍ਹ ਖੜ੍ਹ ਵੇਖਦਾ।"
ਤਾੜੀਆਂ ਨਾਲ਼
ਗੂੰਜ ਉਠਦਾ ਸੀ ਮੈਦਾਨ
ਜਦੋਂ ਕਬੱਡੀ ਕਬੱਡੀ ਕਰਦੀ
ਜਿੱਤਦੀ ਸੀ ਹਰ ਮੁਕਾਬਲਾ।
ਹਾਂ ਮੈਥ ਸੀ ਉਸ ਦਾ ਕਮਜ਼ੋਰ,
ਬੋਲਣ ਲੱਗੀ ਸੀ ਕਵਿਤਾ ਇੰਗਲਿਸ਼ ਦੀ
"ਆਈ ਲਵ ਮਾਈ ਇੰਡੀਆ,
ਆਈ ਲਵ ਮਾਈ ਇੰਡੀਆ".
ਨੰਦ ਕਿਸ਼ੋਰ
ਛੱਡ ਗਿਆ ਸੀ
ਹੁਣ ਇਹ ਨਗਰ,
ਚੱਲ ਪਿਆ ਸੀ
ਆਪਣੇ ਪਿੰਡਾਂ ਵੱਲ
ਆਪਣੇ ਦੇਸ।
ਨਾਲ ਹੈ ਉਸਦੇ
ਮਾਧਰੀ ਤੇ ਉਸਦੀ ਮਾਂ।
"ਅਬ ਨਹੀਂ ਲੌਟੇਂਗੇ,
ਅਬ ਨਹੀਂ ਲੌਟੇਂਗੇ"
ਕੂਕ ਰਿਹਾ ਸੀ
ਹਤਾਸ਼ ਨੰਦ ਕਿਸ਼ੋਰ।
ਬੜੀ ਯਾਦ ਆਉਂਦੀ ਹੈ,
ਚਿੰਬੜ ਜਾਂਦੀ ਸੀ
ਉਹ ਮੈਨੂੰ ਅਕਸਰ
ਸਕੂਲ ਵੜਦੇ ਹੀ
ਮੇਰੀ ਬੇਟੀ ਸਿਮਰਨ ਵਾਂਗ।
ਉਸਦੇ ਇਨਾਮ ਲੈਂਦੀਆਂ ਤਸਵੀਰਾਂ
ਰਹਿਣਗੀਆਂ ਹਮੇਸ਼ਾ
ਮੇਰੇ ਜ਼ਿਹਨ ਵਿੱਚ
ਮੁਆਫ਼ ਕਰੀਂ ਬੇਟੀ
ਮੈਂ ਤੈਨੂੰ ਰੋਕ ਨਹੀਂ ਸਕਿਆ।
ਮੁਆਫ਼ ਕਰੀਂ ਬੇਟੀ
ਮੈਂ ਤੈਨੂੰ
ਨਹੀਂ ਪੜ੍ਹਾ ਸਕਿਆ 'ਆਨਲਾਈਨ'।
ਟੀਵੀ 'ਤੇ ਸਿਲੇਬਸ ਪੜ੍ਹਦੀ ਰਹੀਂ,
ਜਦੋਂ ਪਹੁੰਚ ਗਈ ਆਪਣੇ ਦੇਸ।
ਚਿੱਠੀ ਜ਼ਰੂਰ ਲਿਖੀਂ
ਆਪਣੇ "ਸਰ" ਨੂੰ
ਮੈਂ ਇੰਤਜ਼ਾਰ ਕਰਾਂਗਾ
ਸਾਂਵਲ਼ੇ ਰੰਗ ਦੀਏ
ਪਿਆਰੀਏ ਧੀਏ।
ਸੁਰਜੀਤ ਪਾਤਰ ਜੀ ਨੇ ਦੋ ਦਹਾਕੇ ਪਹਿਲਾਂ ਇੱਕ ਬਿਹਾਰੀ ਪ੍ਰਵਾਸੀ ਧੀ ਨੂੰ ਫੱਟੀ ਤੇ ਪੰਜਾਬੀ ਲਿਖਦੇ ਦੇਖ ਕਵਿਤਾ ਲਿਖੀ ਸੀ,ਉਸ ਨੂੰ ਧਾਦ ਕਰਦਿਆਂ ਇਹ ਸ਼ਬਦ ਲਿਖੇ ਗਏ ਹਨ।

• • •

ਸਾਂਵਲੇ ਜਿਹੇ
ਰੰਗ ਦੀਏ ਧੀਏ
ਮੈਂ ਵੀ ਮੁਜਰਮ ਹਾਂ ਤੇਰਾ
ਰਟਾਉਂਦਾ ਰਿਹਾ ਹਾਂ
ਤੈਨੂੰ ਗੀਤ
"ਆਈ ਲਵ ਯੂ ਇੰਡੀਆ
ਆਈ ਲਵ ਯੂ ਇੰਡੀਆ"

ਪਾਉਂਦੀ ਰਹੀ ਸੀ ਤੂੰ
ਪੂਰੇ ਜਲੌਅ 'ਚ
ਗਿੱਧੇ ਦੀ ਬੋਲੀ
ਅਖੇ ਲੁਧਿਆਣੇ ਜੱਟੀ ਨੱਚੇ
ਪਟਿਆਲ਼ਾ ਖੜ੍ਹ ਖੜ੍ਹ ਵੇਖਦਾ
ਤੇ ਖੁਸ਼ ਹੁੰਦਾ ਰਿਹਾ ਸਾਂ ਮੈਂ
ਪਰਵਾਸੀ ਮਜ਼ਦੂਰ ਬੱਚਿਆਂ ਨੂੰ
ਪੰਜਾਬੀ ਸੱਭਿਆਚਾਰ ਦੇ
ਰੰਗ 'ਚ ਰੰਗ ਕੇ।
ਕਿੰਨਾ ਸੋਹਣਾ ਗਾਉਂਦੀ ਸੀ
"ਸਾਰੇ ਜਹਾਂ ਸੇ ਅੱਛਾ
ਹਿੰਦੋਸਤਾਂ ਹਮਾਰਾ"
ਹਰ ਵਰ੍ਹੇ ਸਟੇਜ 'ਤੇ
ਆਜ਼ਾਦੀ ਦਿਵਸ ਨੂੰ।

ਸਾਂਵਲੇ ਰੰਗ ਦੀਏ ਧੀਏ
ਦੰਭ ਕਰ ਰਿਹਾ ਸਾਂ ਮੈਂ
ਝੂਠ ਬੋਲ ਰਿਹਾ ਸਾਂ
ਬੱਚੇ ਤਾਂ ਪੜ੍ਹਦੇ ਸਨ ਮੇਰੇ
ਸੇਂਟ ਸਿਪਾਹੀ ਪਬਲਿਕ ਸਕੂਲ 'ਚ
ਮਨਾਹੀ ਹੈ ਜਿੱਥੇ
ਪੰਜਾਬੀ ਬੋਲਣ ਦੀ।

ਭੇਜਣਾ ਹੈ
ਬੱਚਿਆਂ ਨੂੰ ਵਿਦੇਸ਼
ਨਹੀਂ ਹੈ ਇਸ ਦੇਸ਼ 'ਚ ਰੁਜ਼ਗਾਰ
ਚਲਾਉਣਗੇ ਭਾਵੇਂ
ਵਿਦੇਸ਼ਾਂ 'ਚ ਜਾ ਕੇ ਟਰਾਲੇ।
ਹੰਡਾਉਂਣੀ ਪਵੇਗੀ
ਇਕਲਾਪੇ ਦੀ ਪੀੜਾ।
ਫਿਰ ਵੀ
ਫਿਰ ਵੀ

ਨਹੀਂ ਨੱਚਦੀ ਕੋਈ
ਜੱਟੀ ਲੁਧਿਆਣੇ
ਜੀਹਨੂੰ ਪਟਿਆਲਾ ਖੜ੍ਹ ਖੜ੍ਹ ਕੇ ਦੇਖੇ
ਨਹੀਂ ਦੱਸਿਆ ਗਿਆ ਤੈਨੂੰ
ਹਜ਼ਾਰਾਂ ਹੀ ਜੱਟੀਆਂ ਦੇ
ਸੁਹਾਗਾਂ ਨੇ ਲੈ ਲਿਆ ਹੈ ਫਾਹਾ
ਤੇ ਪੁੱਤਰਾਂ ਨੂੰ
ਨਿਗਲ ਲਿਆ ਹੈ
ਸਲਫਾਸ ਨੇ।
ਕਰਜ਼ੇ ਦੇ ਬੋਝ ਤੋਂ
ਮੁਕਤੀ ਪ੍ਰਾਪਤ ਕਰਨ ਲਈ।
ਨਹੀਂ ਦਿਖਾਉਂਦੇ ਅਸੀਂ
ਕੀਰਨੇ ਪਾਉਂਦੀਆਂ
ਜੱਟੀਆਂ ਦਾ ਵਿਰਲਾਪ
ਕਰ ਵੀ ਨਹੀਂ ਸਕਦੇ
ਸਮਾਰਟ ਸਕੂਲ ਜੋ ਬਣਾਉਣੇ ਹਨ
ਅਫਸ਼ਰਸ਼ਾਹੀ ਨੂੰ ਰੱਖਣਾ ਹੁੰਦਾ ਖੁਸ਼।
ਝੂਠੇ ਹਾਂ ਅਸੀਂ
ਦੱਸਦੇ ਹਾਂ ਤੁਹਾਨੂੰ
ਸੰਤਾਲੀ 'ਚ ਹੋਇਆ ਸੀ
ਦੇਸ਼ ਆਜ਼ਾਦ
ਮਿਲੇ ਸਨ ਕਈ
ਮੌਲਿਕ ਅਧਿਕਾਰ।

ਡਰ ਹੈ ਮੈਨੂੰ
ਆਵੇਗੀ ਜਦ
ਤੇ ਪੁੱਛੇਗੀ ਕਈ
ਸਵਾਲ ਦਰ ਸਵਾਲ
"ਇਹੀ ਹੈ ਆਜ਼ਾਦੀ..?
ਇਹੀ ਨੇ ਮੌਲਿਕ ਅਧਿਕਾਰ...??
ਕਿਉਂ ਕਰਨਾ ਪਿਆ ਸਾਨੂੰ
ਪਿੰਡਾਂ ਵੱਲ ਕੂਚ
ਭੁੱਖੇ ਪਿਆਸੇ ਪੈਦਲ ਹੀ,
ਪੁਲਸ ਦੀਆਂ ਡਾਂਗਾਂ ਝੇਲਦੇ ਹੋਏ
ਅਪਣੇ ਪਿੰਡਾਂ ਵੱਲ।"

ਅਪਰਾਧ ਬੋਧ ਗ੍ਰਸਤ ਹਾਂ
ਸਰਕਾਰੀ ਹੁਕਮ ਹੀ ਤਾਂ
ਵਜਾਉਦਾ ਰਿਹਾ ਹਾਂ ਮੈਂ
ਪੂਰੀ ਵਫਾ ਨਾਲ਼।
ਕੌਮ ਦਾ ਨਿਰਮਾਤਾ
ਬੁੱਧੀਜੀਵੀ ਹਾਂ ਮੈਂ
ਮੁਆਫ਼ ਕਰੀ ਮੈਨੂੰ
ਸਾਂਵਲੇ ਰੰਗ ਦੀਏ ਧੀਏ।
ਅਹਿਸਾਸ ਹੈ ਮੈਨੂੰ
ਸੱਚ ਕਹਿਣ ਦੀ ਹਿੰਮਤ
ਜੁਟਾਵਾਂਗਾ ਮੈਂ ਹੁਣ।

• • •

ਅਕਾਸ਼ ਸਾਫ਼ ਦਿਖਣ ਲੱਗ ਪਿਆ ਹੈ,
ਪ੍ਰਵਾਸੀ ਪੰਛੀ ਝੀਲਾਂ ਦੇ ਕਿਨਾਰਿਆਂ ਤੇ
ਕਰਨ ਲੱਗੇ ਹਨ ਮਸਤੀਆਂ।
ਦਰਿਆਵਾਂ ਦਾ ਪਾਣੀ
ਹੋ ਗਿਆ ਹੈ ਨਿਰਮਲ,
ਪਰ ਧਰਤੀ ਹੋ ਗਈ ਹੈ
ਖ਼ੂਨ ਨਾਲ ਲੱਥ-ਪੱਥ।
ਦੇਖ ਰਿਹਾ ਹੈ ਨਿਰਮਲ ਅਕਾਸ਼
ਬੈਲ ਬਣ ਗਿਆ ਰਾਹੁਲ,
ਸੜਕ ਕਿਨਾਰੇ ਜਨਮ ਦਿੰਦੀ
ਗਰਭਵਤੀ ਸ਼ਕੁੰਤਲਾ,
ਸੜਕ ਤੇ ਨੰਗੀ ਪਈ,
ਮਾਂ ਦੀ ਲਾਸ਼ ਤੇ ਵਿਰਲਾਪ ਕਰਦੇ ਬੱਚੇ,
ਥੱਕ ਕੇ ਚੂਰ ਹੋ ਗਏ ਪਟੜੀ ਤੇ ਸੋ ਗਏ
ਮਜ਼ਦੂਰਾਂ ਨੂੰ ਕੁਚਲ ਜਾਂਦੀ
ਦਹਾੜਦੀ ਰੇਲ ਗੱਡੀ,
ਬੇਪਛਾਣ ਹੋਈਆਂ ਲਾਸ਼ਾਂ,
ਖ਼ੂਨ ਨਾਲ ਲਿਬੜੀਆਂ ਸੁੱਕੀਆਂ ਪਟੜੀ
ਤੇ ਬਿੱਖਰੀਆਂ ਰੋਟੀਆਂ,
ਰੱਖੀਆ ਸਨ ਜੋ ਕਿਸੇ ਖਾਸ ਹਾਲਤ 'ਚ
ਚੰਦਰੀ ਭੁਖ ਮਿਟਾਉਣ ਲਈ।
ਦੇਖ ਰਿਹਾ ਹੈ ਨਿਰਮਲ ਆਕਾਸ਼,
ਗਰਭਵਤੀ ਪਤਨੀ ਨੂੰ ਹੱਥ
ਗੱਡੀ ਬਣਾ ਕੇ ਖਿੱਚਦੇ ਰਾਮ ਨੂੰ,
ਫੁੱਟ-ਫੁੱਟ ਕੇ ਰੋਂਦੇ
ਦਿੱਲੀ ਦੇ ਪੁਲ ਤੇ ਬੈਠੇ ਗੋਪਾਲ ਨੂੰ
ਮਰ ਗਿਆ ਹੈ ਜਿਸਦਾ ਪੁੱਤਰ
ਦਿਖਾ ਰਿਹਾ ਹੈ ਆਪਣੇ
ਸਰੀਰ ਤੇ ਖਾਕੀ ਦੀਆਂ ਵਰ੍ਹੀਆਂ ਡਾਂਗਾ।

ਨਿਰਮਲ ਅਕਾਸ਼ ਦੇਖ ਰਿਹਾ ਹੈ,
ਮਮਤਾ ਦੇ ਅਦਭੁੱਤ ਦ੍ਰਿਸ਼।

ਬੈਗਾ ਤੇ ਸੁੱਤੇ ਪਏ ਪੁੱਤਾਂ ਨੂੰ
ਖਿੱਚਦੀਆਂ ਮਾਵਾਂ ਨੂੰ,
ਬਿਰਧ ਬਾਪ ਨੂੰ ਘਨੇੜੇ ਚੁੱਕੀ,

ਹੱਡੀਆਂ ਦਾ ਮੁੱਠ ਬਣੇ ਪੁੱਤ ਨੂੰ,
ਬਹਿੰਗੀ ਬਣਾ ਲਿਜਾ ਰਹੇ

ਬੱਚਿਆਂ ਦੇ ਕੁਰਲਾਂਦੇ ਬਾਪ ਨੂੰ,
"ਪਿੰਡ ਅਜੇ ਹੋਰ ਕਿਨਹਾ ਹੈ
ਦੂਰ "ਪੁੱਛਦੇ ਲਾਲ ਨੂੰ
ਗੋਦੀ 'ਚ ਮਰ ਚੁੱਕੇ ਪੁੱਤਰ ਦੀ
ਲਾਸ਼ ਨੂੰ ਲਿਜਾਂਦੀ ਮਾਂ ਨੂੰ।
ਰੋਜ ਦੇਖ ਰਿਹਾ ਹੈ ਆਕਾਸ਼,
ਭੁੱਖੀਆਂ, ਪਿਆਸੀਆਂ, ਤੁਰਦੀਆਂ,
ਭੱਜਦੀਆਂ ਭੀੜਾਂ, ਤਪਦੀਆਂ ਸੜਕਾਂ ਤੇ।
ਹਾਂ ਸਾਇਦ! ਨਹੀਂ ਦਿਖਦਾ ਉਸ ਨੂੰ,
ਓਹਨਾਂ ਦੀਆਂ ਬਿਆਈਆਂ 'ਚੋਂ
ਧਰਤੀ ਮਾਂ ਤੇ ਖ਼ੂਨੀ ਚਿੱਤਰ
ਬਣਾਉਂਦਾ ਸਿਮਦਾ ਖ਼ੂਨ

ਚੁੱਪ, ਸ਼ਾਂਤ ਸੀ ਆਕਾਸ਼, ਕੁੱਝ ਸਮੇਂ ਤੋਂ,
ਨਹੀਂ ਦਿਖਦੇ ਸਨ ਗੈਸਾਂ ਛੱਡਦੇ
ਸ਼ੋਰ ਸ਼ਰਾਬਾ ਕਰਦੇ ਜਹਾਜ਼।
ਨਹੀਂ ਹੁੰਦੇ ਸਨ ਪੰਛੀ ਭੈ ਭੀਤ।
ਬੰਦ ਸਨ ਜਹਾਜ਼ਾਂ ਦੀਆਂ ਬੇਸੁਰੀਆਂ ਆਵਾਜ਼ਾਂ।
ਅਚਾਨਕ ਫਿਰ ਪੈਣ ਲਗੀ ਹੈ ਗੂੰਜ,
ਉੜ ਰਹੇ ਹਨ ਵਾਹਨ ਖੁਸ਼ਨਸੀਬ
ਆ ਰਹੇ ਹਨ।
ਸਵਦੇਸ਼॥ ਅਪ੍ਰੇਸ਼ਨ ਵੰਦੇ ਭਾਰਤ
ਚਲਾਇਆ ਹੈ ਪਿਆਰੇ ਦੇਸ਼ ਨੇ॥
ਦੇਖ ਰਿਹਾ ਹੈ ਆਕਾਸ਼ ਦੋ ਭਾਰਤ!
ਖੁਸ਼ ਨਸੀਬ, ਬਦਨਸੀਬ।
ਬੜਾ ਉਦਾਸ ਸੀ ਆਕਾਸ਼
ਧਰਤੀ ਦੀ ਦੇਖ ਦੇਖ ਪੀੜਾ।

ਹਾਂ ਹੁਣ ਬਦਲਣ ਲਗਿਆ ਹੈ
ਭੀੜ ਦਾ ਕੁੱਝ ਰੰਗ,
ਆਉਣ ਲਗੀਆਂ ਹਨ, ਪ੍ਰਤੀਰੋਧ ਦੀਆਂ,
ਰੋਟੀ, ਰੁਜ਼ਗਾਰ ਆਵਾਸ ਦਾ ਅਧਿਕਾਰ
ਮੰਗਦੀਆਂ ਆਵਾਜ਼ਾਂ।
ਭਿੜ ਰਹੇ ਹਨ ਲੋਕ,
ਜ਼ਖ਼ਮੀ ਬਾਂਹਾਂ ਨਾਲ ਡੰਡੇ ਖਿਲਾਫ,
ਮੁਸਕਰਾਂਦਾ ਜਾਪਦਾ ਹੈ
ਹੁਣ ਨਿਰਮਲ ਆਕਾਸ਼।

• • •

ਸਾਮਰਾਜੀ ਬਘਿਆੜ ਦੇ
ਖ਼ੂਨੀ ਪੰਜੇ 'ਚ ਜਕੜੇ
ਕਾਲੀ ਚਮੜੀ ਵਾਲੇ ਜਾਰਜ।
ਵਰਦੀਧਾਰੀ ਗੋਰੇ ਸੰਤਰੀ ਦੀ
ਭਾਰੀ ਭਰਕਮ ਦੇਹ ਹੇਠ
ਦੱਬੇ ਤੇਰੇ ਆਖਰੀ ਬੋਲ
"ਆਈ ਕਾਂਟ ਬ੍ਰੀਥ"
ਫ਼ੈਲ ਗਏ ਹਨ ਫ਼ਿਜ਼ਾ 'ਚ
ਦੂਰ ਦੂਰ।
ਪਾਰ ਕਰ ਗਏ ਹਨ
ਹੱਦਾਂ ਸਰਹੱਦਾਂ ਲਾਕਡਾਊਨ।
ਤੂੰ ਨਹੀਂ ਰਿਹਾ ਭਾਵੇਂ
ਪਰ ਜਾਪਦਾ ਹੈ
ਸਾਨੂੰ ਵੀ ਕਹਿ ਰਿਹਾ ਹੋਵੇਂ
"ਸਾਹ ਘੁੱਟ ਰਿਹਾ ਹੈ ਅਸਾਡਾ"।

ਅਜੇ ਵੀ ਗੂੰਜ ਰਹੀ ਹੈ
ਤੇਰੀ ਉੱਖੜੀ ਹੋਈ
ਸਵਾਸਾਂ ਦੀ ਗੂੰਜ।
ਤਰਥੱਲੀ ਮੱਚ ਗਈ ਹੈ
ਸ਼ਾਂਤ ਦਿਖਦੇ ਸਾਗਰਾਂ 'ਚ।
ਸੈਲਾਬ ਬਣ
ਨਿਕਲ ਆਏ ਹਨ ਲੋਕ
ਵ੍ਹਾਈਟ ਹਾਊਸ ਵੱਲ।
ਜਨ ਅਕ੍ਰੋਸ਼ ਨੇ ਦਿਖਾਇਆ ਹੈ
ਆਪਣਾ ਰੋਹਿਲਾ ਰੂਪ।
ਚਿੰਗਾਰੀ ਇਉਂ ਹੀ
ਭਾਂਬੜ ਬਣਦੀ ਹੈ।
ਕਾਲ਼ਿਆਂ, ਗੋਰਿਆਂ, ਗੱਭਰੂਆਂ,
ਮੁਟਿਆਰਾਂ, ਬੱਚਿਆਂ, ਬੁੱਢਿਆਂ ਨੇ
ਦਿਖਾਏ ਹਨ
ਤਾਕਤ ਦੇ ਜਲਵੇ
ਦੇਸ਼ਾਂ ਵਿਦੇਸ਼ਾਂ ਵਿੱਚ।

ਦਿਖਾਇਆ ਹੈ
ਇੱਕ ਸੰਸਾਰੀ ਪ੍ਰਭੂ ਹੋਣ ਦਾ
ਭਰਮ ਪਾਲਦੇ ਹਾਕਮ ਨੂੰ
ਜੰਗ ਗੋਰੇ ਕਾਲ਼ੇ ਦੀ ਨਹੀਂ
ਲੁਟੇਰੇ ਤੇ ਲੁਟੀਂਦੇ ਵਿਚਕਾਰ ਹੈ।
ਕਿੰਨਾ ਡਰਪੋਕ
ਦਿਖਿਆ ਹੈ ਬਘਿਆੜ
ਲੁਕਣਾ ਪਿਆ ਹੈ
ਉਸ ਨੂੰ ਗੁਫ਼ਾ 'ਚ,
ਭਾਵੇਂ ਕੁੱਝ ਸਮੇਂ ਲਈ ਹੀ।
ਇਉਂ ਹੀ ਹੁੰਦਾ ਹੈ
ਜਦੋਂ ਜੰਗਲ
ਪਹਿਚਾਣ ਜਾਂਦਾ ਹੈ
ਆਪਣੀ ਤਾਕਤ
ਹੋ ਜਾਂਦਾ ਹੈ ਇੱਕਮੁੱਠ
ਮਾਰਦਾ ਹੈ
ਬੇਖ਼ੌਫ਼ ਲਲਕਾਰਾ
ਬਘਿਆੜ ਲੁਕ ਜਾਂਦੇ ਹਨ
ਗੁਫ਼ਾਵਾਂ 'ਚ।
ਪਰ ਇਨ੍ਹਾਂ ਕਮਜ਼ੋਰ ਵੀ ਨਹੀਂ ਵੈਰੀ,
ਨਵਾਂ ਪੈਂਤੜਾ ਲੈ ਕੇ
ਨਿਕਲੇਗਾ ਗੁਫਾ 'ਚੋਂ
ਫੈਲਿਆ ਹੋਇਆ ਹੈ ਉਸ ਦਾ
ਦੂਰ ਦੂਰ ਤੱਕ ਜਾਲ
ਦੇਸ਼ਾਂ ਵਿਦੇਸ਼ਾਂ ਵਿੱਚ
ਪਾਲ ਰੱਖੇ ਐ
ਉਸਨੇ ਆਪਣੇ ਗੁਰਗੇ
ਡੰਡੌਤ ਕਰਦੇ ਹਨ
ਲਿਟ ਜਾਂਦੇ ਹਨ
ਉਸ ਦੇ ਸਵਾਗਤ 'ਚ
ਲੰਮੀ ਹੈ ਲੜਾਈ
ਅਜੇ ਬਹੁਤ ਲੰਮੀ
ਜੰਗਲ ਹੁਸ਼ਿਆਰ ਰਹੇ
ਚੌਕਸ ਰਹੇ
ਸਮਝੇ
ਹਰਾਏ
ਦੁਸ਼ਮਣ ਦੀ
ਹਰ ਚਾਲ ਨੂੰ ਮਿਟਾ ਕੇ
ਨਸਲਾਂ,
ਸਰਹੱਦਾਂ ਦੀਆਂ
ਲਕੀਰਾਂ

-ਜੋਗਿੰਦਰ ਆਜ਼ਾਦ



**'ਬਿੰਦਰ ਜਾਨ-ਏ-ਸਾਹਿਤ' ਦੀ ਕਲਮ ਤੋਂ ਕੁਝ ਕਵਿਤਾਵਾਂ:-**
**(ਭਾਰਤੀ ਮੂਲ ਦੇ ਪੰਜਾਬੀ ਕਵੀ ਇਟਲੀ ਦੇ ਮੀਲਾਨ ਸ਼ਹਿਰ ਦੇ ਵਸਨੀਕ ਹਨ)**

## ਦੁਨੀਆਦਾਰੀ

ਗੁੰਮਰਾਹ ਜਦੋਂ ਗਿਆਨ ਇਥੇ
ਫੇਰ ਕੀ ਕਰੂ ਵਿਗਿਆਨ ਇਥੇ।
ਧਰਮੀ ਬਣਦੇ ਫਿਰਦੇ ਸਾਰੇ
ਕੌਣ ਬਣੂ ਇਨਸਾਨ ਇਥੇ।
ਮਜ੍ਹਬੀ ਜ਼ਹਿਰ ਮਨਾਂ 'ਤੇ ਛਾਈ
ਵੰਡ ਲਏ ਭਗਵਾਨ ਇਥੇ।
ਮੁੱਕੀ ਕੁਰਵਤ ਦੁਸ਼ਮਣ ਲੱਗਣ
ਬਾਈਬਲ ਅਤੇ ਕੁਰਾਨ ਇਥੇ।
ਮੌਤ ਦੇ ਸੌਦੇ ਕਰਨ ਹੈ ਲੱਗੀ
ਧਰਮਾਂ ਵਾਲੀ ਦੁਕਾਨ ਇਥੇ।
ਆਖਰੀ ਸਾਹ ਸ਼ਰਾਫ਼ਤ ਲੈਂਦੀ
ਐਸ਼ ਕਰਨ ਸ਼ੈਤਾਨ ਇਥੇ।
ਭੁੱਖੇ ਢਿੱਡ ਨੂੰ ਪੈਂਦੀਆਂ ਲੁੱਤਾਂ
ਰੱਜਿਆਂ ਲਈ ਪੁੰਨ ਦਾਨ ਇਥੇ।
ਸੱਚ ਸਿਦਕ ਦਾ ਹੋਇਆ ਸੌਦਾ
ਬਣ ਗਿਆ ਝੂਠ ਮਹਾਨ ਇਥੇ।
ਪਰਵਚਨਾ ਵਿੱਚ ਉਲਝੇ ਲੋਕੀ
ਡੇਰਿਆਂ ਵਾਲਾ ਤੂਫ਼ਾਨ ਇਥੇ।
ਲੋਕਤੰਤਰ ਲੋਕਾਂ ਦਾ ਦੁਸ਼ਮਣ
ਮੁੱਲ ਵਿਕਦਾ ਮਤਦਾਨ ਇਥੇ।
ਕਲਾ ਰੁੱਲ ਰਹੀ ਕੁੱਖਾਂ ਵਾਂਗਰ
ਸਿਫਾਰਸ਼ੀ ਹਰ ਸਨਮਾਨ ਇਥੇ।
ਮਰਦ ਜਾਤ ਦੀ ਫੋਕੀ ਚੌਧਰ
ਰੁੱਲਦੀ ਫਿਰੇ ਰਕਾਨ ਇਥੇ।
ਜੋ ਹੀਰਿਆਂ ਦੀ ਡੋਲੀ ਆਵੇ
ਉਹ ਦੁਲਹਨ ਪਰਵਾਨ ਇਥੇ।
ਖ਼ਾਹਿਸ਼ਾਂ ਵਾਲੇ ਘਰ ਨਾ ਦਿਸਦੇ
ਇੱਟ ਪੱਥਰ ਦੇ ਮਕਾਨ ਇਥੇ।
ਬਿੰਦਰਾ ਜਾਤ ਦੇ ਕਰਨ ਵਿਖਾਵੇ
ਖੋਖਲੇ ਸਭ ਖਾਨਦਾਨ ਇਥੇ।

• • •

## ਪੈਸਾ

ਧਰਤੀ ਦਾ ਰੱਬ ਲੋਕੋ ਅੱਜ ਪੈਸਾ ਹੋ ਗਿਆ
ਏਸ ਰੱਬ ਵਿਚ ਜੱਗ ਲੱਗੇ ਸਾਰਾ ਖੋ ਗਿਆ।
ਜ਼ੁਲਮ ਤੇ ਮੌਤ ਦੀ ਫਸਲ ਜੰਮੀ ਚਾਰੇ ਪਾਸੇ
ਮਾਰੂ ਹਥਿਆਰਾਂ ਵਾਲੇ ਬੀਜ ਕੋਈ ਬੋ ਗਿਆ।
ਔਰਤ ਦੀ ਇੱਜ਼ਤ ਵੀ ਬਣੀ ਏ ਵਣਜ ਅੱਜ
ਬੇਵਸੀ ਦਾ ਨੀਰ ਕੌੜਾ ਨੈਣਾ ਵਿਚੋਂ ਚੋ ਗਿਆ।
ਰਿਸ਼ਵਤਖੋਰੀ ਨੇ ਖਰੀਦ ਸੰਵਿਧਾਨ ਲਿਆ
ਪੰਨੇ ਉਤੇ ਲਿਖਿਆ ਕਾਨੂੰਨ ਕੋਈ ਧੋ ਗਿਆ।
ਧਰਤੀ ਖਰੀਦੀ ਸਾਰੀ ਸਾਧਾਂ ਸੰਤਾਂ ਡੇਰਿਆਂ ਨੇ
ਰੂਹ ਵਾਲਾ ਰੱਬ ਦਿਲ ਅੰਦਰੋਂ ਹੀ ਮੋ ਗਿਆ।
ਮਿਹਨਤ ਦਾ ਮੁੱਲ ਅੱਜ ਮਿਟੀ ਵਿਚ ਮਿਲਿਆ
ਖਾ ਗਿਆ ਕਮਾਈ ਕੋਈ ਬੋਝਾ ਕੋਈ ਢੋ ਗਿਆ।
ਕਿਰਤੀ ਵਿਚਾਰਾਂ ਦੋ ਰੋਟੀਆਂ ਨੇ ਰੋਲ ਦਿੱਤਾ
ਭੁੱਖੇ ਪੇਟ ਬਿੰਦਰਾ ਗਰੀਬ ਕੋਈ ਸੋ ਗਿਆ?

• • •

## ਤਰਕ

ਚੁੱਕ ਲੈ ਸਾਧਾ ਟਿੰਡ ਫੌੜੀ ਹੁਣ
ਸਦੀ ਇੱਕੀਵੀਂ ਚੜ੍ਹ ਗਈ।
ਹੁਣ ਨਾ ਗਲ਼ਣੀ ਦਾਲ ਭਰਮ ਦੀ
ਬੜੀ ਕਾੜਨੀ ਕੜ੍ਹ ਗਈ।
ਗੁੱਲ ਸਮਝ ਦੀ ਹੋਣ ਲੁੱਗੀ ਹੁਣ
ਨਵੀਂ ਪਨੀਰੀ ਪੜ੍ਹ ਗਈ।
ਧਰਮ ਦੇ ਨਾਂ 'ਤੇ ਗੱਪ ਨਾ ਚੱਲਣੇ
ਤਰਕ ਤੇ ਦੁਨੀਆਂ ਖੜ੍ਹ ਗਈ।
ਇਤਿਹਾਸ ਅਤੇ ਮਿਥਿਹਾਸ ਦੇ ਉਤੇ
ਵੇਖ ਗਰਾਰੀ ਅੜ ਗਈ।
ਸ਼ੁਕਰਾਤ ਦੀ ਲਾਈ ਵੇਖ ਪਨੀਰੀ
ਹੋਲੀ ਹੋਲੀ ਜੜ ਗਈ।
ਗੱਲ ਅਕਲ ਦੀ ਹੁਣ ਤਾਂ ਬਿੰਦਰਾ
ਖਾਨੇ ਦੇ ਵਿਚ ਵੜ ਗਈ।

• • •

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਐਨ.ਆਰ.ਆਈ. ਇਨਕਲਾਬੀ ਮੰਚ ਦੇ ਕੈਨੇਡਾ ਕੌਮੀ ਪ੍ਰਧਾਨ ਜਗਰੂਪ ਸਿੰਘ ਧਾਲੀਵਾਲ ਬਣੇ



ਜੋਸ਼ੋ ਬੀ (ਜਪਾਨ) : ਇਨਕਲਾਬੀ ਵਿਚਾਰਾਂ ਨੂੰ ਪ੍ਰਣਾਈ ਪਰਵਾਸੀ ਭਾਰਤੀਆਂ ਦੀ ਕੌਮਾਂਤਰੀ ਜਥੇਬੰਦੀ ਐਨ. ਆਰ. ਆਈ. ਇਨਕਲਾਬੀ ਮੰਚ ਨੇ ਕੈਨੇਡਾ ਦੇ ਕੌਮੀ ਪ੍ਰਧਾਨ ਜਗਰੂਪ ਧਾਲੀਵਾਲ ਨੂੰ ਚੁਣਿਆ ਹੈ।

ਪ੍ਰੈਸ ਨੂੰ ਜਾਣਕਾਰੀ ਦਿੰਦੇ ਮੰਚ ਦੇ ਕੌਮਾਂਤਰੀ ਜਨਰਲ ਸਕੱਤਰ ਰੁਪਿੰਦਰ ਜੋਧਾਂ ਨੇ ਦੱਸਿਆ ਕਿ ਭਾਰਤ ਪੰਜਾਬ ਦੇ ਪਿੰਡ ਲੋਪੋ ਮੋਗਾ ਦੇ ਜੰਮਪਲ ਜਗਰੂਪ ਤੀਹ ਸਾਲ ਪਹਿਲਾਂ ਕੈਨੇਡਾ ਦੇ ਬੀ.ਸੀ. ਐਬਸਫੋਰਡ ਵਸਨੀਕ ਬਣੇ। ਸਰਕਾਰੀ ਕਾਲਜ ਰੋਡੇ 'ਤੇ ਢੁੱਡੀਕੇ ਪੜ੍ਹਦੇ ਇਨਕਲਾਬੀ ਵਿਦਿਆਰਥੀ ਜਥੇਬੰਦੀ ਪੀ.ਐਸ.ਯੂ. ਦੇ ਆਗੂ, ਮਜ਼ਦੂਰ ਕਿਸਾਨ ਜਥੇਬੰਦੀਆਂ ਦੇ ਇਲਾਕਾ ਆਗੂ ਰਹੇ। ਪਿੰਡ ਦੀ ਸਮਾਜ ਸੇਵਾ ਦੇ ਨਾਲ ਨਾਲ ਲੋਪੋ ਸਪੋਰਟਸ ਕਲੱਬ ਦੇ ਸਕੱਤਰ ਵੀ ਰਹੇ। ਕੈਨੇਡਾ ਵਿਚ ਵੀ ਸਰਗਰਮ ਸਮਾਜ ਸੇਵੀ ਤਰਕਸ਼ੀਲ ਆਗੂ ਹਨ। ਉਨ੍ਹਾਂ ਦੀ ਚੋਣ ਲਈ ਮੰਚ ਦੇ ਚੇਅਰਪਰਸਨ ਸ੍ਰੀਮਤੀ ਰਣਬੀਰ ਕੌਰ ਬੱਲ ਯੂ. ਐਸ. ਏ. ਵਾਈਸ-ਚੇਅਰਮੈਨ ਬਲਹਿਰ ਸੰਧੂ ਆਸਟ੍ਰੇਲੀਆ, ਸਰਪ੍ਰਸਤ ਪ੍ਰਦੀਪ ਜੋਧਾਂ ਕੈਨੇਡਾ, ਪ੍ਰਧਾਨ ਦਵਿੰਦਰ ਸਿੰਘ ਪੱਪੂ ਬੈਲਜੀਅਮ, ਜਨਰਲ ਸਕੱਤਰ ਰੁਪਿੰਦਰ ਜੋਧਾਂ ਜਪਾਨ ਮੀਤ ਪ੍ਰਧਾਨ ਮਲਕੀਤ ਸਿੰਘ ਇੰਗਲੈਂਡ, ਬਿੰਦਰ ਜਾਨ-ਏ-ਸਾਹਿਤ ਇਟਲੀ, ਜਥੇਬੰਦਕ ਸਕੱਤਰ ਡਾ. ਹਰਦੀਪ ਸਿੰਘ ਕੈਨੇਡਾ, ਕੋਆਰਡੀਨੇਟਰ ਰੋਮੀ ਘੜਾਮਾਂ ਵਾਲੇ, ਵਿੱਤ ਸਕੱਤਰ ਮਨਦੀਪ ਸਿੰਘ ਕੈਨੇਡਾ, ਮੈਂਬਰ ਸਲਾਹਕਾਰ ਡਾ. ਸਰਬਜੀਤ ਸਿੰਘ ਨਾਰੰਗਵਾਲ, ਸ੍ਰੀਮਤੀ ਇੰਦੂ ਧਵਨ ਨੇ ਉਨ੍ਹਾਂ ਦਾ ਸਵਾਗਤ ਵਿਸ਼ੇਸ਼ ਤੌਰ 'ਤੇ ਕੀਤਾ।


ਦਸ ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

**ਸਰੋਕਾਰਾਂ ਦੀ ਆਵਾਜ਼**

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ ਅਤੇ ਕੈਲਗਰੀ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ।


ਹਰਬੰਸ ਸਿੰਘ
(ਟੋਰਾਂਟੋ)
416-817-7142


ਦੇਵਿੰਦਰ ਤੂਰ
(ਟੋਰਾਂਟੋ)
416 902 9372


ਮਾਸਟਰ ਭਜਨ
(ਕੈਲਗਰੀ)
403-455-4220


ਪਰਮਿੰਦਰ ਕੌਰ ਸਵੈਚ
(ਵੈਨਕੂਵਰ)
604 760 4794



**Reliance Immigration**

Reliance Immigration Inc

K.P. Singh
RCIC




#205 - 13737 72 Ave
Surrey, BC, V3W 2P2
kp@relianceimmigration.ca

Off. : 604-597-0440
Fax : 604-597-2332



**SHAAN CONSTRUCTION LTD.**

25+ years of experience

Call for a Free Estimate
MALKIT SWAICH
778.889.9526



- General Contracting
- Quality Custom Homes
- Quality Framing
- 2-5-10 Year Warranty

2-5-10 Year Warranty



**A Class Granite Ltd.**

A CLASS GRANITE
PRICED RIGHT AND DONE RIGHT



WWW.ACLASSGRANITE.ORG

- KITCHEN COUNTERS
- VANITIES
- FIRE PLACES
- STAIRCASES
- INSTALLATIONS
- REPAIRS

CALL FOR A FREE ESTIMATE
MALKIT
778 889 9526
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com



**WEST COAST HOME & TRUSS LTD.**

Manufacturers of Quality Pre-Engineered Metal Plate Connected Wood Trusses

CUSTOM PRODUCTS AND SERVICES OFFERED :

- Pre-Engineered Roof and Floor Trusses
- Metal Web Floor Trusses
- Custom Heavy Timber Trusses and Timber Framing Kits
- Curved Roof and Ceiling Trusses
- Curved Timber and Laminated Joists
- Curved Fascias and Trims
- Pre-Fab Barreled and Double Barreled Vaulted Ceilings
- Pre-Fab Dome and Elliptical Ceilings
- Structural Engineering and Inspection Services (BC, Alberta & Saskatchewan)



10230-120 Street Surrey, BC, V3V 4G1
www.westcoasttruss.ca | info@westcoasttruss.ca
(604) 580-3275
(778) 896-7194

# HOMELIFE SILVERCITY

REALTY INC.,BROKERAGE

(Independently Owned and Operated)

HOMELIFE HIGHER STANDARDS

# #7 CANADA WIDE

## BROKERAGE WITH HOMELIFE BRAND

## 2017 GROSS COMMISSION WISE

**New Head Office**

**905-913-8500**

50 COTTRELLE BLVD., UNIT 29, BRAMPTON

TEAM OF OVER 600 REALTORS

# HOMELIFE SILVERCITY

REALTY INC.,BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS

*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY

**905.913.8500**

www.HomelifeSilvercityTeam.com

**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500

Address:
11775 Bramalea Rd. Brampton






AMAR
Developments
-Fully serviced 1/4, 1/2 Acre lots.
-Watch For upcoming Commercial Retail
CAMBRIDGE
Cambridge Park - Phase 3
Map & Lot Pricing
Manjit Dubra : 403-690-2885
Rani Dubra : 403-612-7881
Amar Dubra : 403-470-2627
#2 park Drive
T. 403-272-7665 |
F. 403-235-1977
www.amarltd.com
Box 36, Site 6, RR6 | Calgary, Alberta. T2M 4L5


KOH-I-NOOR JEWELLERS & Diamond Center
1005 5075 Falconridge Blvd. N.E. Calgary AB
Ph. : 403-280-1111
Bridal Jewellery Specialists
GOLD
BUY • SELL • TRADE
Since 1975
Western Canad's Most Comprehensive
X-ray Machine


Calgary Carpet Empire
PROVIDING BEST AND AFFORDABLE FLOORING
2935 19 St NE, Calgary, AB T2E 7A2 | sales@carpetempire.ca | www.carpetempire.ca
CALL FOR FREE ESTIMATES
(403) 510 1515
CARPET • HARDWOOD • LAMINATE • TILES
VINYL PLANKS • CARPET TILES • LINO • ETC.